The terms Mughal and '*turk*' are used interchangeably, apparently for the Muslims associated with the administration. Occasionally, the term *malechh* (impure), another stereotype, is used by some characters in the novel. The author refers to the weakening power of the Mughal emperors, underlines the lack of stability due to quick change of governors at Lahore, and highlights the terror and repression unleashed by the local administrators. Common people were forcibly converted, women were abducted, Brahmans were obliged to carry the palanquin of the Mulla, and the *darogha* had to be bribed. The administrators collected revenues but did not protect the subjects, let alone provide justice. The Mughal and Afghan soldiers are characterised as treacherous and bigoted: one abducting Sundari who nursed him to health, and the

other, a gravely wounded Afghan, attacking her because she was a 'Singhni' even though she had given him water.

Bhai Vir Singh goes out of his way to praise Kaura Mal who was not only sympathetic to the Khalsa, but who actually guided them and sent information, money and rations in times of need. He was considered a 'Khulasa' or 'Sahajdhari' Sikh and the Khalsa called him 'Mitha' (sweet, opposed to bitter or '*kaura*') Mal and regarded his contribution as a bloodless victory. Kaura Mal cleansed the sacred tank of Harmandir Sahib (filled in by Lakhpat Rai) at his own expense. After the conquest of Multan by Kaura Mal he was given the title of 'Maharaja' by Mir Mannu.[39] Significantly, Kaura Mal did not want the 'foreigner' (*badeshi*) Pathan, Ahmad Shah Abdali, to find roots in this land. Therefore, Kaura Mal persuaded Mir Mannu to take the help of the Sikhs against the Afghan invaders. Kaura Mal died fighting against the Afghans in 1752. Bhai Vir Singh says that he kept the Sikhs safe from Mir Mannu as the 'tongue between teeth' (*dandaan vikhe jeebh*).[40] Thus, Kaura Mal is presented as rendering crucial help to the Sikh struggle against the Mughals and Afghans. It is pertinent to recall that Kaura Mal was the author's ancestor.

However, projection and propagation of Sikh faith seems to be the primary concern of the novel. There are references to Guru Granth Sahib as the basic source of Sikh ideology and ethics. Belief in One God, with no room for empty rituals (*fokat karam*) is emphasized. Sundari's *jatha* carries a copy of Guru Granth Sahib and its daily worship (*prakash*) is done presumably when not in warfare or transit. Sundari spends her spare time reading the Granth Sahib, reciting the *Japu Ji* and the *Shabad Hazare*, and meditating on God's Name (*nam simran*). The recitation (*path*) of the scripture before sleep and the *Ardaas* and *Aarti* also figure in the life in the jungle. When possible, the *jatha* partakes of the sacred food and the community meal (*langar*) There is reference also to the *mahaprashaad*. The Harmandir Sahib is the premier sacred space of the Sikhs, and bathing (*ishnan*) in the sacred tank is a source of merit. In spite of the trying times, the Sikh men, women and children visit the Darbar Sahib on the Gurpurab and other occasions. A widow braved Mughal repression to have the *darshan* of the Harmandir Sahib. Furthermore, Sikh faith is open to all, though Bhai Vir Singh refers to the conversion of Hindus alone. The novel lays emphasis on the transformative impact of the initiation of the double-edged sword on both men and women. At the time of her initiation, Sundari is called the daughter of Guru Gobind Singh and Mata Sahib Devi. Later on, Sundari is also compared to Mai Bhago. The willing sacrifice of the Sikhs for their faith and values is underlined.[41]

Certain ethical values are built into the Sikh ideology. At the individual level welfare of others (*par-upkar)* emerges as the dominant ethical concern in the novel. Sundari attends to the wounded irrespective of their faith and the side to which they belong. Her humanistic concern and deep compassion are regarded as springing from her faith. A Sikh is instructed to remember God's Name and act in a detached manner (*nirlep*). (Right) action (*karni*) but not wealth (*dhan*) is important in life. Sundari's

request to her brethren that some money should be sent to the Nawab towards the expenses incurred by him for her treatment suggests that a Sikh should discharge her/his debt before death. Sundari entreats each one of them to treat his wife with respect (*satkar*) and as an equal (*sathi*). They should not look at other women with lust. Killing one's daughter is mentioned as a punishable act. Despair, or ending one's life out of despair, is disapproved. Sundari admonishes a Hindu Khatri whose wife had been abducted, from killing himself out of helplessness; optimism underlies faith in God which makes committing suicide a sin. Dying for a cause, on the other hand, is construed as martyrdom.[42]

At another level, as warriors, the Sikhs are instructed not to harm women and children. Foraging is considered inappropriate; the Sikhs should pay for food and fodder. When in power they should not regard any Sikh as inferior. Nor should they discriminate between Hindus and Muslims, nor between castes. It is also emphasized that their enmity is against the oppressive rulers and not against Muslims *per se*.[43] Justice and protection of all the subjects, including poor Muslims, is the duty of the ruler. He should not oppress anyone in the name of religion.

Turning to social relations in the novel, there are indications of hostility between Muslim villagers and Sikhs and of the Hindu villagers favouring the Sikhs. By and large, however, there is peaceful coexistence in villages, with a general consideration for one another's religious sensibilities. The Muslim women who come to plead (through a boy of 14) for the release of their men, get food cooked for the *jatha* by the Hindu women of their village. In another situation, the Nawab places Sundari on a Rajput soldier's horse; has her treated by a Brahman *vaid* and attended by a Hindu woman. However, the Khatris and Brahmans of the village of the abducted Khatri woman (later Dharam Kaur) refuse to have her back into the Hindu fold, because their time honoured tradition does not allow. Their argument is that: Hindu *dharma* is like a weak thread (*kachaa dhaaga*) which breaks quickly. Thus, even though she merely ate the food of the '*turk*', she becomes a fruit fallen from the tree which cannot be put back! Sardar Sham Singh gets angry over this response and orders preparation of the sacred food (*karah parshad*) and its distribution among Brahmans. Interestingly, at Sundari's suggestion, husband of the woman first gives a gold coin (*muhar*), each to the Brahmans, also touching their feet, followed by his wife distributing the *parshad*. Opportunism and meekness of the Brahmans become evident when they all accept the sacred food from the 'fallen' Khatri woman and leave after giving blessings to the couple. However, the Khatri and his wife now decide to reject the Hindu fold. They plead with the Sardar to let them become Sikhs and join the *jatha*, also putting all their wealth at its disposal.[44]

Bhai Vir Singh typecasts the Sikhs, Muslims and Hindus respectively as brave, oppressive and submissive. The Hindu Khatri and his wife are initially meek and helpless, but they become confident and resourceful after taking *amrit* and joining Sundari's *jatha* as Dharam Singh and Dharam Kaur. For fear of the Mughal abductor's

wrath, Sundari's family prefers not to have her back, but her brother Balwant Singh becomes a tough and dedicated warrior after taking *amrit*. A Hindu is depicted as soft as butter, and a Khalsa Sikh as hard as stone. Among other social categories that figure in the novel is a Mulla who decrees that Balwant Singh should either be killed or converted to Islam; the Bania trader who stealthily carries rations for the Khalsa when they are besieged by Lakhpat Rai; the Chuhra who executes a tyrannical Mughal administrator at the behest of Sardar Sham Singh; and the outcaste or working (*kamin*) women who can do anything for money. When the Nawab entreats Sundari to agree to marry him, he says that he is not a rustic (*jatt ganwaar*) but a poet (*shaayar*).[45]

The novel highlights the mutual relations between men and women in the Sikh Panth. Just before her death Sundari addresses the men present that they should not regard their wives as inferiors (*nich*); they should not be treated harshly. Further, in the Shastras women are treated as the Shudras, but Guru Granth Sahib treats them with respect and appreciation. Like men, the women have the right to remember God's Name and strive for liberation. The Sikh Gurus praise women. The tenth Guru entitles them to take initiation of the double-edged sword. Rather, his mother puts sugar (*pataasha*s) into the *amrit* being prepared. Sundari exhorts her brethren to respect their wives, maintain purity in the Panth, and have the same consideration for women as they have for her. In other words, they should be treated as equal and with respect. Addressing the Sikh women, she says that the Sikh Panth would be strong so long as they remain pure in their faith and loyal towards their husbands. If out of love for their children women turn away from the injunctions of Guru Gobind Singh, worship 'others', and adopt the forbidden practices, they would be akin to the Shudras. Their children would become jackals and the women themselves would be condemned, losing respect in society.[46]

The character of Sundari is a class apart. She combines in herself the qualities of religiosity, purity, modesty, compassion and service generally associated with women, along with fearlessness, endurance, courage and bravery commonly considered manly virtues. Bhai Vir Singh seems to regard commitment to Sikh faith as the core virtue which Sundari has in ample measure. In fact, with her total dedication to Sikh faith which is projected as the foundation of these qualities, Sundari is intended to become the model for the Sikh women (probably also the Sikh men) of Bhai Vir Singh's day.

Addressing the Sikh women in the present, Bhai Vir Singh appeals to them to become true Sikhs like Sundari: 'O gold laden Sikhnis with faces painted red, look at the plight and steadfastness of your *vadehri* (ancestor) Sundari'. Despite the great difficulties she encountered she did not forsake her faith. She put her life in peril but never compromised her good qualities. In moments of great trouble, she remained firm in Sikh faith. The author prefers the Sikh women to wear the 'thickly woven' clothes in place of 'flimsy garments'. He admonishes the Sikh women for sending their husbands and sons on the wrong path. The Sikh community (*qaum*) is losing because

of the un-Sikh religious practices and drift of the Sikh women. The author goes on to give a long list of such undesirable practices. He tells the Sikh women that after forsaking your God and the Gurus you are worshipping stones, trees, idols, graves, and *pirs.* Out of your ignorance of the Sikh faith, you drift towards other religions. You instruct your children also in other religions. Here, the author uses an interesting expression. He tells the Sikh women that their children would grow to be half-baked (*kachghatad*) like you: Sikh from the head, Brahman from the throat, and Muslim from below the stomach; the torso of mulberry and the legs of china berry! For you, *dharam* is forsaking the Guru's *amrit* and eating the leftovers of the sham *sadhus*. You make your sons turn away from *amrit* and in its place wear the sacred thread (*janju)* and *dhotis.* You observe the marriage and death rituals of others. You forsake the living God and give sweetmeats (*poore*) to snakes.[47]

Moreover, continues the author, through loud ritualistic mourning (*siyapa*) you make your bodies and mind sick. In your greed for money you should not marry your daughters to non-Sikhs. They make fun of you even in *siyapa* and you still sit amongst them to be treated contemptuously, moving away from your own religion. Furthermore, by keeping untidy homes and wearing dirty clothes you make your husbands detest their homes; you make your sons and husbands travel by ship to distant lands and be pushed around; you scrape your homes to feed self-seeking people; and you weaken your intellect by incantations instead of reading Sri Guru Granth Sahib. By forsaking the One True Eternal God you pave the way to hell not only for yourselves but also for your husbands and sons. Bhai Vir Singh exhorts the Sikh women to get rid of the mixture of useless ideas and become pure Sikhs. Finally, they are asked to look at the enormous difficulties faced by Sundari and think of what all the initiated Sikh women (Singhnis) bore to preserve their faith. Therefore, in their own interest and that of their progeny they should become true Singhnis like Sundari: brave, virtuous and chaste, and make their sons true Singhs. Otherwise, for their husbands they would be like the *amar vel* (a thread-like twining parasitic weed around a plant) which dries up the plant and kills it eventually.

Bhai Vir Singh also addresses the Sikh men directly. His critique of the present is the obverse of the idealised Sikh past in the novel. In the eighteenth century, the Khalsa Panth is presented as brothers solidly united: there were no animosities and factions. In times of need the leaders took decisions through Gurmatas (collective decisions in the presence of Guru Granth Sahib), underpinned by the doctrines of Guru Granth and Guru Panth (Granth Sahib and the Panth as the Guru).[48] The author presents a contrast when he talks about his contemporary times. Referring probably to the ideological differences between the Lahore and the Amritsar Singh Sabhas at the time of writing *Sundari,*[49] he says that our disunity is the cause of our miseries. With a harmonious community life, the Sikhs could come out of the present morass and strengthen their faith. He laments that like other nations the Sikhs have not raised

a memorial to their brave martyrs of the *chhota ghallughara*. Nor have they preserved their own history. Elsewhere, he expresses his deep concern about stone idols being worshipped in the Darbar Sahib at Amritsar.[50] By recalling the ideology of the Gurus and laying stress on the Sikh way of life, Bhai Vir Singh seems keen on underlining the distinctiveness of Sikh identity.[51] Incidentally, in consonance with the objectives of the Singh Sabha movement, he avoids a direct reference to British rule, but there is seems to be no appreciation for it.

To conclude, Bhai Vir Singh interprets the political struggle of the Sikhs in the eighteenth century in the light of his contemporary concerns. He borrows the historical context and uses the medium of novel to project the Sikh ideology, its ethical concerns and the problems faced by the Sikhs in the present. Cumulatively, his novel makes up for loss of self-esteem under colonial rule. It is not historically accurate always but the author is careful about avoiding any anachronisms. The idealized picture of the past and his engaging style and graphic description, along with dramatic twists and turns, have contributed towards its continuing appeal among the Sikh men and women. It also remains a lasting contribution to Punjabi literature.

## V

*Bhagyavati* and *Sundari* have some interesting similarities and significant differences, connected respectively with the broadly shared historical context of the authors and their ideologies and purposes. Both the novels are didactic in nature. Both respond to the Arya Samaj, though in case of Shraddha Ram Phillauri the influence of Brahmo Samaj (established at Lahore in 1863) is palpable. Both were written in colonial Punjab but the locale of *Bhagyavati* is Benaras and that of *Sundari* is central Punjab. Both are centered on a particular woman and both aim at empowering women. Both underline religiosity, humility, virtuosity, grit, effort, and optimism of the two women. Both the women born in high caste and well to do Hindu families are beautiful, sober, stable, intelligent and skillful.

However, while the source of Bhagyavati's strength lies in her education, that of Sundari lies in her faith; she experiences transformation after taking the initiation of the double-edged sword. If Bhagyavati is adept in domestic economy and management, Sundari learned to wield a sword, ride a horse and nurse the wounded in the battlefield. She also provided food to her fighting band. Compassion, service (*seva*) and welfare of others (*parupkar*), are her important characteristics. Bhagyavati's life is confined to the family and household, but Sundari's field of action is the jungle, and her concerns are for the community and humanity at large. Bhagyavati does not protest against being turned out of the home by her in-laws and husband. Rather she calls herself slave and servant (*dasi* and *tahlan*) of her in-laws and regards her husband as

her lord (*swami parmeshwar*). Sundari, however, refuses to go back to her husband who failed in his duty to protect her. She unequivocally rejects the *grihasth ashram* for herself in favour of a life dedicated to the Sikh faith. She asks the men in her *jatha* to regard the wife as a partner or companion (*saathi*) worthy of respect as enjoined in Guru Granth Sahib.

In fact, there are significant differences in the social vision of the two authors. Umadutt expresses a pronounced anti-Muslim sentiment in *Bhagyavati*, but *Sundari's* characters do not display any animus against those with whom they are engaged in a life and death struggle. Pandit Shraddha Ram unambiguously upholds the four-fold order and superiority of Brahmans who alone can initiate socio-religious reforms. Bhai Vir Singh, on the other hand, shows Brahmans as meek, greedy and hypocritical. When they refuse to take an abducted Hindu Khatri woman back into the fold saying that it is not permitted in their religion, they are obliged by the Sardar of the *jatha* to accept *karah parsad* from her hands. The two abducted women in *Sundari* are well regarded by the *jatha*. Furthermore, *Bhagyavati* makes disparaging references to the outcastes and the lower sections of the society but Bhai Vir Singh does not use derogatory terms for them. Bhai Vir Singh's value of humanism, is in all probability, inspired by his deep faith in the teachings of the Gurus. Social issues are thus intertwined with the religious and the political in *Sundari.*

As a whole, both the novels try to preach in accordance with their authors' ideological positions. *Bhagyavati* attempts to preserve the traditional social order and the patriarchal family, with mild socio-religious reforms, but a pronounced emphasis on women's education, albeit of a traditional variety. *Sundari,* however, provides a vision in which women can play an important role in the regeneration of society, especially in the contemporary context. There is a marked appreciation of colonial rulers and western medicine in Pandit Shraddha Ram's work. Bhai Vir Singh chooses to ignore them though his indirect disapproval of the colonial situation is discernible.

Finally, in their own ways, the two novels proved to be influential. *Bhagyavati* became an essential item in the dowry of Hindu girls. *Sundari* was included in the curriculum of the Sikh Kanya Mahavidyala, and came to be looked upon with reverence as a *pothi* which inspired people to take initiation of the double-edged sword. Significantly, 'Nanak Chand' became (Master) 'Tara Singh' after reading *Sundari.*[52]

## References


1. For example, Meenakshi Mukherjee, 'Reality and Realism: Indian Women as Protagonists in Four Nineteenth Century Novels', *Social Transformation and Creative Imagination*, ed., Sudhir Chandra, New Delhi: Allied Publishers, 1984, pp. 201-29. See also Sudhir Chandra, 'Literature and the Colonial Connection', ibid., pp. 145-99. J.S. Grewal, 'The Emergence of Punjabi Drama: A Cultural Response to Colonial Rule', *Journal of Regional History*, vol v, 1984, pp.115-55.
2. Kenneth W. Jones, *Socio-Religious Reform Movements in British India,* (The New Cambridge History of India, III.1), New Delhi: Cambridge University Press, (rpt.) 1999, first Indian edition in 1994, pp.95-114.
3. Pandit Shraddha Ram was the first outstanding protagonist of Sanatan Dharm movement in the Punjab. For him the sacred scriptures like the Vedas, the Puranas, and the epics were above human reasoning. The Puranas sanctioned the worship of gods like Brahma, Vishnu, Shiv, Indra, Agni, the Sun and the Moon, the incarnations like Krishna and Rama and the religious rituals like idol worship, pilgrimages, fasts, Shraddh, Hom and Yagya. For Shraddha Ram the *varna* order and the notion of pollution were integral to Sanatan Dharm. The position of women largely remains traditional. Later protagonists of the Sanatan Dharm movement in the Punjab were Pandit Din Dayalu Sharma and Goswami Ganesh Dutt who established institutions and conducted activities for the promotion of Sanatan Dharm. Sheena Pall, 'The Sanatan Dharm Movement in the Colonial Punjab: Religious, Social and Political Dimensions', Chandigarh: Panjab University, 2009, pp. 288-97.
4. For life of Shraddha Ram, see Tulsi Deva, *Shraddha Prakash*, ed., Harmohinder Singh Bedi, (*Shraddha Ram Phillauri Granthawali*, vol. I), Delhi: Nirmal Publications, 1997.
5. Ibid., pp.120-6.
6. Shraddha Ram Phillauri, *Bhagyavati*, 1877, New Delhi: Sharda Prakashan, 1973, (rpt.), pp. 55-7, 67, 85.
7. Ibid., pp. Ibid., pp. 14, 15, 34, 38, 45, 72, 95, 96-98, 114-15. According to Geraldine Forbes, female education was informal and largely limited to practical matters. Women from respectable families often studied classical or vernacular literature as "a pious recreation", and girls from propertied families received some education in keeping accounts. But most females learned only the household arts. *The New Cambridge History of India IV.2, Women in Modern India*, New Delhi: Cambridge University Press, 1999 (rpt.), p. 36.
8. Shraddha Ram Phillauri, *Bhagyavati*, 1877, pp. 58-60, 81-3, 118-19.
9. Ibid., pp. 8, 9-10.
10. Ibid., pp. 11, 26-7.
11. Ibid., pp. 119-20.
12. Ibid., pp. 13-14.
13. Ibid., pp. 54, 71, 105-07.
14. Ibid., pp. 38-39, 40, 41, 71.
15. Ibid., pp. Ibid., pp. 15, 41, 49, 53-4, 55-7, 67, 85, 111, 114.
16. Ibid., pp. Ibid, pp. 9, 11, 28-29, 36-7. Geetanjali Pandey also says that the Brahman was the 'recognized leader of the society and the nation', not on account of his wealth or physical prowess but because of the strength of his wisdom: 'The North Indian Intelligentsia and the Hindu-Muslim Question: A Study of Premchand's Writings', in *Social Transformation and Creative Imagination*, ed., Sudhir Chandra, New Delhi: Allied Publishers, 1984, p. 258.
17. Shraddha Ram Phillauri, *Bhagyavati*, 1877, pp. 16, 26, 61, 75,78, 86, 88, 112, 118-19.

18. Ibid., pp. pp. 1, 20, 22, 52, 53, 84, 92, 108, 122.
19. Ibid., pp. 92-3.
20. Ibid., pp. 52-3.
21. Ibid., pp. 93-4.
22. Ibid., pp. 7, 20, 108.
23. Ibid., pp. 22, 83, 84, 92, 93, 98, 122.
24. Ibid., pp. 122-3.
25. Ibid., p. 122.
26. Ibid., pp. 9-10, 45.
27. Ibid., p. 80.
28. Ibid., pp. 117-18.
29. Sant Singh Sekhon, *Bhai Vir Singh te UhnaN di Rachna* (Punjabi), Ludhiana: Lahore Book Shop, 1976 [1962], pp. 9-17. Also see, Giani Mahan Singh, *Bhai Sahib Bhai Vir Singh Ji da Gurmukh Jiwan* (Punjabi), Amritsar: Minerva Press,1969, pp. 8-10, 11, 13, 284.
30. Harbans Singh, *Bhai Vir Singh: Makers of Indian Literature,* New Delhi: Sahitya Akademi, 1984 [1972], pp. 37-88.
31. For the text of *Sundari*, *Bijai Singh, Satwant Kaur* and *Baba Naudh Singh,* see *Bhai Vir Singh Rachnavali: Naval* (Punjabi), Patiala: Punjab Language Department, vol.II, pp. 5-53, 57-118, 121-219, 221-449 respectively.
32. Gurcharan Singh, 'Panjabi Tract Tradition and Bhai Vir Singh' in *Bhai Vir Singh: Life, Times & Works,* ed., Gurbachan Singh Talib and Attar Singh, Chandigarh: Panjab University, 1973, p. 140.
33. S.S. Kohli, 'Bhai Vir Singh's Novels', in ibid., p.148.
34. Harbans Singh, *Bhai Vir Singh: Makers of Indian Literature*, p. 52.
35. Bhai Vir Singh, *Sundari,* Antika-I, p.47.
36. By 1885, the Aryas began to condemn contemporary Sikhism. In 1888, Pandit Gurudatt and Pandit Lekh Ram attacked Sikhs and Sikhism on the 11th anniversary of the Arya Samaj at Lahore. Bhagat Lakshman Singh*, Autobiography*, ed., and ann., Ganda Singh, Calcutta: The Sikh Cultural Centre, 1965, pp.135-6. Also see, Kenneth W. Jones, *Arya Dharam: Hindu Consciousness in the 19th Century Punjab,* New Delhi: Manohar,1976, pp.136-39. For the concern of the Sanatanist-Hindu leaders for treating Sikhs as 'Hindus', see Sheena Pall, 'The Sanatan Dharm Movement in the Colonial Punjab: Religious, Social and Political Dimensions', Ph.D Thesis, Chandigarh, Panjab University. 2008, pp.260-86.
37. Bhai Vir Singh, *Sundari,* Antika-I, p.47.
38. Ibid., pp. 5-46.
39. Ibid., pp. 24-5, 31-2, 36, 38, 39, 41.
40. Ibid., p. 41.
41. Ibid., pp. 9, 10, 12, 13-14, 16, 25, 28.
42. For this and the following paragraph, see, *Sundari,* pp. 12, 13, 14, 15, 18-19, 20, 22, 23, 24, 29, 37, 39, 45.
43. Cf. S.S. Kohli, 'Bhai Vir Singh's Novels', p.150.
44. Ibid., pp. 12, 19, 41.

45. Ibid., pp. 9, 19, 22, 29, 31.

46. Ibid., p.45.

47. Ibid., p.40.

48. Ibid., p.30. For the doctrines of Guru Granth and Guru Panth, see Karamjit K. Malhotra, *The Eighteenth Century in Sikh History: Political Resurgence, Religious and Social Life, and Cultural Articulation,* New Delhi: Oxford University Press, 2016, pp. 104-110.

49. J.S. Grewal, *The Sikhs: Ideology, Institutions, and Identity,* New Delhi: Oxford University Press, 2009, pp. 270-5.

50. *Sundari,* p.28. The *Khalsa Akhbar* showed a serious concern over the issue of idols in the Darbar Sahib. See, for example, the *Khalsa Akhbar*, 20 November 1893, p.1; 5 March 1897; 29 January 1887, pp. 3-4; 5 March 1897, pp.5-6.

51. Bhai Kahn Singh's *Ham Hindu Nahin* (published in Devnagri in 1897 and in Gurmukhi in 1898) defended the distinct religious identity of the Sikhs which remained one of the basic concerns of the Lahore Singh Sabha. *Ham Hindu Nahin* is a tract originally carrying 109 pages. Its 5th edition was reprinted in 1981 from Amritsar by the Dharam Prachar Committee of the SGPC.

52. This is stated by Bhai Jodh Singh. See his 'Bhai Vir Singh te Singh Sabha Lehar', in *Bhai Vir Singh: Jivan, SamaN te Rachna* (Punjabi), ed., Surinder Singh Kohli and Harnam Singh Shan, Chandigarh: Panjab University, 2000 [1973], p.48.

# ਗੁਰੂ ਨਾਨਕ ਬਾਣੀ ਦਾ ਸੁਹਜ ਸ਼ਾਸਤਰ

*ਮਨਜਿੰਦਰ ਸਿੰਘ

---

ਗਿਆਨ ਦੀਆਂ ਤਿੰਨ ਬੁਨਿਆਦੀ ਦਿਸ਼ਾਵਾਂ ਵਿਗਿਆਨ, ਦਰਸ਼ਨ ਅਤੇ ਕਲਾ ਹਨ। ਇਉਂ ਵੀ ਕਿਹਾ ਜਾ ਸਕਦਾ ਹੈ ਕਿ ਮਨੁੱਖ ਦੁਆਰਾ ਗਿਆਨ ਨੂੰ ਗ੍ਰਹਿਣ ਕਰਨ ਦੀਆਂ ਇਹ ਤਿੰਨ ਵੱਖ-ਵੱਖ ਪਹੁੰਚ-ਵਿਧੀਆਂ ਹਨ। ਸਥੂਲ ਪੱਧਰ 'ਤੇ ਇਹਨਾਂ ਦੀ ਹੋਂਦ ਵੱਖੋ-ਵੱਖਰੀ ਹੈ ਪਰ ਸੂਖਮ ਪੱਧਰ 'ਤੇ ਇਹਨਾਂ ਦਾ ਗਹਿਰਾ ਸਬੰਧ ਹੈ। ਇਸ ਸਬੰਧੀ ਵਿਲ ਡਿਊਰਾਂਟ ਨੇ ਆਪਣੀ ਪੁਸਤਕ ***The Story of Pholosophy*** ਵਿਚ ਬੜਾ ਅਰਥਪੂਰਨ ਸੂਤਰ ਦਿੱਤਾ ਹੈ। ਉਸ ਦਾ ਕਥਨ ਹੈ:

> There is a pleasure in philosophy and a lure even in the mirages of metaphysics, which every student feels until the coarse necessities of physical existence drag him from the heights of thought into the mart of economic strife and gain…Every science begins as philosophy and ends as art; it arises in hypothesis and flows in to achievement. Philosophy is a hypothetical interpretation of the unknown (as in metaphysics), or of the inexactly known (as in ethics or political philosophy); it is the front trench in the siege of truth. Science is the captured territory; and behind it are those secure regions in which knowledge and art build our imperfect and marvelous world.[1]

ਸੋ ਵਿਗਿਆਨ, ਦਰਸ਼ਨ ਅਤੇ ਕਲਾ ਗਿਆਨ ਦੇ ਵਿਭਿੰਨ ਧਰਾਤਲ ਹਨ। ਇਹਨਾਂ ਵਿਭਿੰਨ ਧਰਾਤਲਾਂ ਉਤੇ ਗਿਆਨ ਦੀ ਹੋਂਦ-ਵਿਧੀ ਅਤੇ ਪ੍ਰਕਿਰਤੀਮੂਲਕ ਪ੍ਰਾਥਮਿਕਤਾ ਬਦਲਦੀ ਹੈ। ਦਰਸ਼ਨ ਵਿਚਾਰ ਨੂੰ ਪ੍ਰਾਥਮਿਕਤਾ ਦਿੰਦਾ ਹੈ। ਵਿਗਿਆਨ ਵਿਚ ਪ੍ਰਯੋਗ ਸਿੱਧ ਸੂਚਨਾ ਨੂੰ ਪ੍ਰਾਥਮਿਕਤਾ ਪ੍ਰਾਪਤ ਹੁੰਦੀ ਹੈ ਅਤੇ ਕਲਾ ਵਿਚ ਸੁਹਜ ਦਾ ਸਥਾਨ ਪ੍ਰਾਥਮਿਕ ਹੁੰਦਾ ਹੈ। ਵਿਚਾਰ, ਸੂਚਨਾ ਅਤੇ ਸੁਹਜ ਇਹ ਤਿੰਨੋਂ ਤੱਤ ਵਿਗਿਆਨ, ਦਰਸ਼ਨ ਅਤੇ ਕਲਾ ਵਿਚ ਹੁੰਦੇ ਹਨ ਪਰ ਇਹਨਾਂ ਦੀ ਪ੍ਰਾਥਮਿਕਤਾ ਤਿੰਨਾਂ ਵਿਚ ਵੱਖ-ਵੱਖ ਹੁੰਦੀ ਹੈ। ਵਿਗਿਆਨ ਵਿਚ ਵੀ ਵਿਚਾਰ ਅਤੇ ਸੁਹਜ ਹੁੰਦਾ ਹੈ ਪਰ ਪਹਿਲ ਪ੍ਰਯੋਗ ਸਿੱਧ ਸੂਚਨਾ ਨੂੰ ਪ੍ਰਾਪਤ ਹੁੰਦੀ ਹੈ। ਇਸੇ ਤਰ੍ਹਾਂ ਦਰਸ਼ਨ ਵਿਚ ਵੀ ਸੂਚਨਾ ਅਤੇ ਸੁਹਜ ਦੇ ਤੱਤ ਹੁੰਦੇ ਹਨ ਪਰ ਕੇਂਦਰੀ ਮਹੱਤਵ ਵਿਚਾਰ ਨੂੰ ਪ੍ਰਾਪਤ ਹੁੰਦਾ ਹੈ। ਕਲਾ ਵਿਚ ਵੀ ਵਿਚਾਰ ਅਤੇ ਸੂਚਨਾ ਹੋਂਦ ਰੱਖਦੇ ਹਨ ਪਰ ਇਥੇ ਸੁਹਜ ਦੀ ਪ੍ਰਾਥਮਿਕਤਾ ਦੇ ਮੁਕਾਬਲੇ ਇਹਨਾਂ ਦਾ ਸਥਾਨ ਦੁਜੈਲਾ ਹੁੰਦਾ ਹੈ। ਸੋ ਕਲਾ ਦੀ ਨਿਵੇਕਲੀ ਹੋਂਦ ਨੂੰ ਨਿਰਧਾਰਤ ਕਰਨ ਵਾਲਾ ਬੁਨਿਆਦੀ ਤੱਤ ਸੁਹਜ ਹੈ।

ਸਾਹਿਤ ਇਕ ਅਜਿਹੀ ਕਲਾ ਹੈ ਜਿਸ ਵਿਚ ਸੁਹਜ ਅਤੇ ਵਿਚਾਰ ਦਾ ਸੁਮੇਲ ਹੁੰਦਾ ਹੈ। ਸਾਹਿਤ ਵਿਚ ਵਿਚਾਰ ਸੁਹਜ ਨਾਲ ਲਬਰੇਜ਼ ਹੋ ਕੇ ਸੰਚਾਰਤ ਹੁੰਦੇ ਹਨ। ਇਥੇ ਬੌਧਿਕਤਾ ਭਾਵਨਾਤਮਿਕਤਾ ਵਿਚੋਂ ਗੁਜ਼ਰ ਕੇ ਪ੍ਰਕਾਸ਼ਤ ਹੁੰਦੀ ਹੈ। ਸੋ ਸੁਹਜ ਸਾਹਿਤ ਦਾ ਹੋਂਦ-ਨਿਰਧਾਰਕ ਤੱਤ ਹੈ। ਸਾਹਿਤਕ ਰਚਨਾ ਦੀ ਪ੍ਰਕਿਰਤੀ ਇਸ ਗੱਲ ਉਤੇ ਨਿਰਭਰ ਕਰਦੀ ਹੈ ਕਿ ਉਹ ਕਿਸ ਕਿਸਮ ਦੇ ਸੁਹਜ-ਭਾਵ ਨੂੰ ਸੰਚਾਰਿਤ ਕਰਦੀ ਹੈ। ਸਾਰੀਆਂ ਸਾਹਿਤਕ ਰਚਨਾਵਾਂ ਅਤੇ ਧਾਰਾਵਾਂ ਵਿਚ ਸੁਹਜ ਦੀ ਦਸ਼ਾ ਅਤੇ ਦਿਸ਼ਾ ਇਕੋ ਜਿਹੀ ਨਹੀਂ ਹੁੰਦੀ।

---

***ਮੁਖੀ, ਪੰਜਾਬੀ ਅਧਿਐਨ ਸਕੂਲ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ।**

ਮਸਲਨ ਮੱਧਕਾਲੀਨ ਪੰਜਾਬੀ ਸਾਹਿਤ ਵਿਚ ਗੁਰਬਾਣੀ, ਸੂਫ਼ੀ ਕਾਵਿ ਅਤੇ ਕਿੱਸਾ ਕਾਵਿ ਦਾ ਸੁਹਜ ਇਕੋ ਜਿਹਾ ਨਹੀਂ। ਇਹਨਾਂ ਧਾਰਾਵਾਂ ਦੀ ਸੁਹਜ-ਸੰਵੇਦਨਾ ਦੇ ਧਰਾਤਲ ਵੱਖੋ-ਵੱਖਰੇ ਹਨ। ਹੱਥਲੇ ਖੋਜ-ਪੱਤਰ ਦਾ ਮਨੋਰਥ ਗੁਰੂ ਨਾਨਕ ਬਾਣੀ ਦੇ ਵਿਸ਼ੇਸ਼ ਸੰਦਰਭ ਵਿਚ ਗੁਰਬਾਣੀ ਦੇ ਨਿਵੇਕਲੇ ਸੁਹਜ ਸ਼ਾਸਤਰ ਦੀ ਪਛਾਣ ਕਰਨਾ ਹੈ। ਇਸ ਪ੍ਰਯੋਜਨ ਹਿਤ ਇਥੇ ਨਾ ਕੇਵਲ ਗੁਰੂ ਨਾਨਕ ਬਾਣੀ ਦੇ ਸੁਹਜ-ਭਾਵ ਦੀ ਪ੍ਰਕਿਰਤੀ ਨੂੰ ਨਿਰਧਾਰਤ ਕੀਤਾ ਜਾਵੇਗਾ ਬਲਕਿ ਇਸ ਦੀ ਹੋਰ ਸਮਕਾਲੀ ਕਾਵਿ-ਧਾਰਾਵਾਂ ਦੇ ਸੁਹਜ-ਭਾਵ ਤੋਂ ਵੱਖਰਤਾ ਦੇ ਪਛਾਣ-ਚਿੰਨ੍ਹ ਵੀ ਉਜਾਗਰ ਕਰਕੇ ਇਹ ਦੇਖਣ ਦਾ ਯਤਨ ਕੀਤਾ ਜਾਵੇਗਾ ਕਿ ਗੁਰੂ ਨਾਨਕ ਬਾਣੀ ਕਿਸ ਕਿਸਮ ਦੀ ਨਿਵੇਲੀ ਸੁਹਜ-ਦਿਸ਼ਾ ਪੈਦਾ ਕਰਦੀ ਹੈ। ਸੁਹਜ ਦਾ ਅਰਥ ਹੈ ਸੁੰਦਰਤਾ। ਸੁੰਦਰਤਾ ਇੰਦ੍ਰਿਆਵੀ ਅਤੇ ਮਨੋਵਿਗਿਆਨਕ ਅਨੁਭਵ ਹੈ। ਸੁਹਜ ਸ਼ਾਸਤਰ ਸੁੰਦਰਤਾ ਦਾ ਬੌਧਿਕ ਸੰਕਲਪੀ ਪ੍ਰਬੰਧ ਹੈ। ਇਹ ਸੁਹਜ ਸੁਆਦ ਦੇ ਦਾਰਸ਼ਨਿਕ ਅਧਿਐਨ ਦਾ ਸਿਧਾਂਤ ਹੈ।

ਇਸ ਪਰਿਪੇਖ ਵਿਚ ਗੁਰੂ ਨਾਨਕ ਬਾਣੀ ਦੇ ਸੁਹਜ ਸ਼ਾਸਤਰ ਨੂੰ ਦੋ ਤਰੀਕਿਆਂ ਨਾਲ ਛੋਹਿਆ ਜਾ ਸਕਦਾ ਹੈ।ਇਕ— ਪ੍ਰਾਪਤ ਕਾਵਿ ਸ਼ਾਸਤਰੀ ਅਤੇ ਸੁਹਜ ਸ਼ਾਸਤਰੀ ਸਿਧਾਂਤਾਂ ਅਨੁਸਾਰ ਗੁਰੂ ਨਾਨਕ ਬਾਣੀ ਦੀ ਸੁਹਜ ਭਾਵਨਾ ਨੂੰ ਸਮਝਿਆ ਜਾਵੇ। ਇਸ ਵਿਧੀ ਵਿਚ ਬਾਣੀ ਅਧਿਐਨ ਦੀ ਵਸਤੂ ਹੋਵੇ ਗੀ ਅਤੇ ਅਧਿਐਨ ਸਿਧਾਂਤ ਭਾਰਤੀ, ਪੱਛਮੀ ਕਾਵਿ ਸ਼ਾਸਤਰ ਜਾਂ ਆਧੁਨਿਕ ਸਾਹਿਤ ਸਿਧਾਂਤ ਹੋ ਸਕਦੇ ਹਨ।ਦੂਜਾ— ਗੁਰੂ ਨਾਨਕ ਬਾਣੀ ਨੂੰ ਇਕ ਗਿਆਨ ਸਰੋਤ ਵਜੋਂ ਗ੍ਰਹਿਣ ਕਰਕੇ ਬਾਣੀ ਦੇ ਗਿਆਨ-ਪ੍ਰਬੰਧ ਦੇ ਅੰਤਰਗਤ ਸੁਹਜ ਦੀ ਜੋ ਸੰਕਲਪਨਾ ਨਿਹਿਤ ਹੈ ਉਸ ਤੋਂ ਗੱਲ ਛੋਹੀ ਜਾਵੇ। ਮੈਂ ਦੂਜੇ ਤਰੀਕੇ ਨਾਲ ਆਪਣੀ ਗੱਲ ਆਰੰਭ ਕਰਨੀ ਵਧੇਰੇ ਉਚਿਤ ਸਮਝਦਾ ਹਾਂ। ਗੁਰੂ ਨਾਨਕ ਬਾਣੀ ਇਕ ਵਿਧਾ ਨਹੀਂ, ਇਕ ਧਾਰਾ ਦਾ ਪ੍ਰਤੀਨਿਧ ਪਾਠ ਹੈ। ਹਰ ਧਾਰਾ, ਹਰ ਵਿਧਾ ਦੀ ਆਪਣੀ ਸੁਹਜ ਸ਼ਾਸਤਰੀ ਮੌਲਿਕਤਾ ਹੈ।ਗੁਰੂ ਨਾਨਕ ਬਾਣੀ ਦਾ ਸੁਹਜ ਸੂਫ਼ੀ ਅਤੇ ਕਿੱਸਾ-ਕਾਵਿ ਦੇ ਸੁਹਜ ਤੋਂ ਵੱਖਰਾ ਹੈ।

ਸਾਮਾਨਯ ਸਾਹਿਤ/ਕਾਵਿ ਵਿਚ ਸੁਹਜ ਨੂੰ ਪ੍ਰਾਥਮਿਕਤਾ ਪ੍ਰਾਪਤ ਹੁੰਦੀ ਹੈ ਅਤੇ ਗਿਆਨ ਦਾ ਸਥਾਨ ਦੁਜੈਲਾ ਹੁੰਦਾ ਹੈ। ਇਹ ਸੁਹਜ ਇੰਦ੍ਰਿਆਵੀ ਅਤੇ ਮਾਨਸਿਕ ਹੁੰਦਾ ਹੈ। ਸਾਮਾਨਯ ਸਾਹਿਤ ਦੇ ਮੁਕਾਬਲੇ ਗੁਰੂ ਨਾਨਕ ਬਾਣੀ ਦਾ ਸੁਹਜ ਅਨੁਭਵ ਗਿਆਨ ਕੇਂਦਰਤ ਹੈ। ਇਹ ਇੰਦ੍ਰਿਆਵੀ ਅਤੇ ਮਾਨਸਿਕ ਧਰਾਤਲਾਂ ਤੋਂ ਪਾਰ ਗਿਆਨ ਮੰਡਲ ਵਿਚ ਨਿਹਿਤ ਅਤਿ ਗਹਿਰ-ਗੰਭੀਰ ਸੁਹਜ ਭਾਵ ਹੈ ਜੋ ਸੁਹਜ ਪ੍ਰਤੀ ਸਾਧਾਰਨ ਪ੍ਰਤੱਖਣ ਦਾ ਨਿਰੰਤਰ ਭੰਜਨ ਕਰਦਾ ਚਲਾ ਜਾਂਦਾ ਹੈ। ਇਸ ਪ੍ਰਸੰਗ ਵਿਚ 'ਸਿਰੀਰਾਗੁ' ਵਿਚ ਦਰਜ ਗੁਰੂ ਨਾਨਕ ਬਾਣੀ ਦਾ ਪਹਿਲਾ ਚਉਪਦਾ ਬਹੁਤ ਮਹੱਤਵਪੂਰਨ ਹੈ:

ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ॥
ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ॥
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ॥
ਹਰਿ ਬਿਨੁ ਜੀਉ ਜਲਿ ਬਲਿ ਜਾਉ॥
ਮੈ ਆਪਣਾ ਗੁਰੁ ਪੂਛਿ ਦੇਖਿਆ ਅਵਰੁ ਨਾਹੀ ਥਾਉ॥ [2]

ਉਪਰੋਕਤ ਪ੍ਰਸੰਗ ਵਿਚ ਗੁਰੂ ਨਾਨਕ ਬਾਣੀ ਦੀ ਸੁਹਜ ਦਿਸ਼ਾ ਦੇ ਸੰਕੇਤ ਸਪੱਸ਼ਟ ਪਛਾਣੇ ਜਾ ਸਕਦੇ ਹਨ। ਇਸ ਦੀਆਂ ਪਹਿਲੀਆਂ ਦੋ ਤੁਕਾਂ ਸੁਹਜ ਦੇ ਸਾਧਾਰਨ ਮਾਨਵੀ ਪ੍ਰਤੱਖਣ ਨੂੰ ਬਿਆਨ ਕਰਦੀਆਂ ਹਨ ਜਿਥੇ ਸੁੰਦਰਤਾ ਦਾ ਭਾਵ ਪਦਾਰਥਕ ਹੈ ਅਤੇ ਇੰਦ੍ਰਿਆਵੀ ਆਨੰਦ ਨਾਲ ਜੁੜਿਆ ਹੈ। ਇਥੇ ਪਹਿਲਾਂ ਅਜਿਹੇ ਮੋਤੀਆਂ ਅਤੇ ਰਤਨਾਂ ਨਾਲ ਜੜੇ ਹੋਏ ਮਹਿਲ ਦਾ ਦ੍ਰਿਸ਼ ਚਿਤਰਿਆ ਗਿਆ ਹੈ ਜੋ ਕਸਤੂਰੀ, ਕੇਸਰ ਅਤੇ ਚੰਦਨ ਦੇ ਲੇਪ ਨਾਲ ਸੁਗੰਧਿਤ ਹੋਵੇ ਅਤੇ ਜੋ ਮਨ ਵਿਚ ਤੀਬਰ ਉਮੰਗਾਂ ਪੈਦਾ ਕਰ ਦੇਵੇ। ਇਹ ਦ੍ਰਿਸ਼ ਦੇਹ ਅਤੇ ਦੇਹ ਕੇਂਦਰਤ ਮਨ ਦੀ ਸੁਹਜ ਦਿਸ਼ਾ ਦਾ ਸੂਚਕ ਹੈ ਪਰ ਅਗਲੀਆਂ ਤਿੰਨ ਤੁਕਾਂ ਵਿਚ ਇਸ ਸੁਹਜ ਦਿਸ਼ਾ ਨੂੰ ਜ਼ਬਰਦਸਤ ਯੂ-ਟਰਨ (u-turn) ਦੇ ਦਿੱਤਾ ਗਿਆ ਹੈ। ਇਹ ਤੁਕਾਂ

ਦਰਸਾਉਂਦੀਆਂ ਹਨ ਕਿ ਅਜਿਹਾ ਨਾ ਹੋਵੇ ਕਿ ਇਸ ਪਦਾਰਥਕ ਸੁੰਦਰਤਾ ਦੇ ਆਕਰਸ਼ਣ ਵਿਚ ਫਸ ਕੇ ਮਨੁੱਖ ਪਰਮਾਤਮਾ ਦੇ ਨਾਮ ਨੂੰ ਵਿਸਾਰ ਦੇਵੇ। ਹਰਿ ਤੋਂ ਬਿਨਾ ਆਤਮਾ ਜਲ-ਬਲ ਜਾਂਦੀ ਹੈ। ਗੁਰੂ ਤੋਂ ਇਸ ਯਥਾਰਥ ਦਾ ਬੋਧ ਹੁੰਦਾ ਹੈ ਕਿ ਪਰਮਾਤਮਾ ਤੋਂ ਬਿਨਾ ਹੋਰ ਕੋਈ ਥਾਂ ਟਿਕਾਣਾ ਨਹੀਂ ਹੈ।ਸੋ ਇਥੇ ਅਰਥ ਦਾ ਅਸਲ ਸਫੋਟ ਆਖਰੀ ਤਿੰਨ ਪੰਕਤੀਆਂ ਵਿਚ ਹੈ। ਗੁਰੂ ਨਾਨਕ ਬਾਣੀ ਅਨੁਸਾਰ ਉਹ ਸੁਹਜ ਵਿਅਰਥ ਹੈ ਜਿਹੜਾ ਨਾਮ, ਹਰਿ ਅਤੇ ਗੁਰੂ ਦੇ ਗਿਆਨ ਅਨੁਭਵ ਤੋਂ ਰਹਿਤ ਹੈ। ਬਾਣੀ ਵਿਚ ਨਾਮ ਦੇ ਮਜੀਠ ਰੰਗ ਵਿਚ ਰੰਗੇ ਹੋਏ ਮਨ ਨੂੰ ਹੀ ਸੁੰਦਰ ਮੰਨਿਆ ਗਿਆ ਹੈ:

ਇਹੁ ਮਨੁ ਸੁੰਦਰਿ ਆਪਣਾ ਹਰਿ ਨਾਮਿ ਮਜੀਠੈ ਰੰਗਿ ਰੀ॥[3]

ਨਾਮ ਅਨੁਭਵ ਤੋਂ ਬਿਨਾਂ ਮਨ ਸੁੰਦਰ ਨਹੀਂ ਹੋ ਸਕਦਾ। ਨਾਮ ਅਨੁਭਵ ਮਨ ਦੀ ਜਾਗ੍ਰਿਤ ਅਵਸਥਾ ਦਾ ਸੂਚਕ ਹੈ। ਗੁਰੂ ਨਾਨਕ ਬਾਣੀ ਵਿਚ ਨਾਮ ਲਈ ਦੀਵੇ ਦਾ ਰੂਪਕ ਵਰਤਿਆ ਗਿਆ ਹੈ। ਭਾਰਤੀ ਧਰਮ ਦਰਸ਼ਨ ਦੀ ਪਰੰਪਰਾ ਵਿਚ ਦੀਵਾ ਗਿਆਨ ਦਾ ਮੈਟਾਫ਼ਰ ਹੈ। ਨਾਮ ਦਾ ਦੀਵਾ ਮਨ ਨੂੰ ਗਿਆਨ ਦਾ ਚਾਨਣ ਬਖ਼ਸ਼ਦਾ ਹੈ। ਨਾਮ ਦੇ ਚਾਨਣ ਨਾਲ ਜਾਗ੍ਰਿਤ ਹੋਏ ਮਨ ਨੂੰ ਹੀ ਬਾਣੀ ਵਿਚ ਸੁੰਦਰ ਤੇ ਸੁਹਜਾਤਮਕ ਮੰਨਿਆ ਗਿਆ ਹੈ ਪਰ ਇਹ ਨਾਮ ਦਾ ਦੀਵਾ ਦੁਖ ਦੇ ਤੇਲ ਨਾਲ ਜਗਦਾ ਹੈ। ਰਾਗ ਆਸਾ ਵਿਚ ਗੁਰੂ ਨਾਨਕ ਸਾਹਿਬ ਦਾ ਕਥਨ ਹੈ:

ਦੀਵਾ ਮੇਰਾ ਏਕੁ ਨਾਮੁ ਦੁਖੁ ਵਿਚਿ ਪਾਇਆ ਤੇਲੁ॥[4]

ਇਹ ਬੜਾ ਵਚਿੱਤਰ ਕਥਨ ਹੈ। ਸਾਧਾਰਨ ਮਾਨਵੀ ਪ੍ਰਤੱਖਣ ਵਿਚ ਸੁਹਜ ਸੁਖਦਾਈ ਅਨੁਭਵ ਹੈ। ਸੁਹਜ ਦਾ ਭਾਵ ਮਾਨਸਿਕ  ਆਨੰਦ ਬਖਸ਼ਦਾ ਹੈ ਪਰ ਬਾਣੀ ਦਾ ਉਪਰੋਕਤ ਪ੍ਰਸੰਗ ਇਸ ਨੂੰ ਦੁਖ ਦੇ ਅਨੁਭਵ ਨਾਲ ਜੋੜ ਰਿਹਾ ਹੈ। ਦਰਅਸਲ ਜਿਵੇਂ ਸਿਰੀ ਰਾਗ ਵਿਚ "ਮੋਤੀ ਤ ਮੰਦਰ ਊਸਰਹਿ" ਵਾਲਾ ਪ੍ਰਸੰਗ ਸਾਧਾਰਨ ਮਾਨਵੀ ਪ੍ਰਤੱਖਣ ਤੋਂ ਉਲਟ ਅਰਥਾਂ ਦਾ ਸੰਚਾਰ ਕਰਦਾ ਹੈ, ਉਸੇ ਤਰ੍ਹਾਂ ਇਹ ਪ੍ਰਸੰਗ ਵੀ ਸਾਧਾਰਨ ਮਾਨਵੀ ਪ੍ਰਤੱਖਣ ਦੇ ਵਿਪਰੀਤ ਭਾਵਾਂ ਨੂੰ ਸੰਚਾਰਿਤ ਕਰਦਾ ਹੈ। ਸਾਮਾਨਯ ਮਾਨਵੀ ਪ੍ਰਤੱਖਣ ਦਾ ਸੁਹਜ ਅਨੁਭਵ ਮਨ ਅਤੇ ਚੇਤਨਾ ਦੀ ਅਣਜਾਗ੍ਰਿਤ ਅਵਸਥਾ ਦੇ ਪ੍ਰਸੰਗ ਵਿਚ ਪਰਿਭਾਸ਼ਤ ਹੁੰਦਾ ਹੈ। ਇਥੇ ਸੁਹਜ ਪ੍ਰਾਥਮਿਕ ਤੌਰ ਉਤੇ ਸੁਖ ਅਤੇ ਆਨੰਦ ਨਾਲ ਜੁੜਿਆ ਹੈ ਪਰ ਬਾਣੀ ਦੀ ਸੁਹਜ ਯਾਤਰਾ ਦਾ ਆਰੰਭ ਹੀ ਦੇਹ ਅਤੇ ਦੇਹ ਕੇਂਦਰਤ ਮਨ ਤੋਂ ਪਾਰ ਨਾਮ ਅਤੇ ਗਿਆਨ ਦੇ ਮੰਡਲ ਤੋਂ ਹੁੰਦਾ ਹੈ। ਇਸ ਲਈ ਮਨ ਨੂੰ ਅਸਲ ਸੁੰਦਰਤਾ ਬਖਸ਼ਣ ਵਾਲੇ ਨਾਮ ਦਾ ਦੀਵਾ ਦੇਹ ਕੇਂਦਰਤ ਮਨ ਦੇ ਸੁਖਾਂ ਦੀ ਬਜਾਇ ਦੁਖ ਦੇ ਤੇਲ ਨਾਲ ਜਗਦਾ ਹੈ। ਸੋ ਬਾਣੀ ਦੇ ਸੁਹਜ ਅਨੁਭਵ ਦਾ ਆਰੰਭ ਪ੍ਰਾਥਮਿਕ ਤੌਰ ਉਤੇ ਦੁਨਿਆਵੀ ਅਤੇ ਪਦਾਰਥਕ ਸੁਖਾਂ ਦੀ ਬਜਾਇ ਦੁਖ, ਵੇਦਨਾ ਅਤੇ ਵੈਰਾਗ ਵਿਚੋਂ ਹੁੰਦਾ ਹੈ। ਬਾਣੀ ਵਿਚ ਇਸ ਨੂੰ 'ਰਸਿਕ ਬੈਰਾਗ'[5] ਦਾ ਨਾਮ ਦਿੱਤਾ ਗਿਆ ਹੈ।

ਬਾਣੀ ਦੇ ਸੁਹਜ ਨੂੰ ਮਾਣਨ ਲਈ ਦੁਖ ਦਾ ਇਹ ਅਹਿਸਾਸ ਜ਼ਰੂਰੀ ਹੈ। ਦੁਖ ਦਾ ਭਾਵ ਮਨੁੱਖ ਨੂੰ ਗੰਭੀਰਤਾ ਅਤੇ ਇਕਾਗਰਤਾ ਵੱਲ ਤੋਰਦਾ ਹੈ। ਇਸੇ ਲਈ ਗੁਰੂ ਨਾਨਕ ਬਾਣੀ ਵਿਚ ਦੁਖ ਨੂੰ ਦਾਰੂ ਅਤੇ ਸੁਖ ਨੂੰ ਰੋਗ ਕਿਹਾ ਗਿਆ ਹੈ:

ਦੁਖੁ ਦਾਰੂ ਸੁਖੁ ਰੋਗੁ ਭਇਆ ਜਾ ਸੁਖ ਤਾਮ ਨ ਹੋਈ॥[6]

ਗੁਰੂ ਨਾਨਕ ਬਾਣੀ ਦਾ ਸੁਹਜ ਸ਼ਾਸਤਰ ਨਖ਼ਸ਼ਿਸ਼ ਸੁੰਦਰਤਾ ਤੋਂ ਪਾਰਗਾਮੀ ਹੈ। ਇਸ ਲਈ ਇਹ ਬੁਨਿਆਦੀ ਤੌਰ ਉਤੇ ਦੇਹ ਦੀ ਬਜਾਇ ਮਨ 'ਤੇ ਕੇਂਦਰਤ ਹੈ। ਬਾਣੀ ਸੁਹਜ ਮਨ ਦੀ ਜਿਸ ਦਿਸ਼ਾ ਨਾਲ ਇਕਸੁਰ ਹੈ, ਉਹ ਪਾਸ਼ਵਿਕ ਨਾ ਹੋ ਕੇ ਮਨ ਦੇ 'ਜੋਤਿ ਸਰੂਪ'[7] ਵਾਲੀ ਹੈ। ਬਾਣੀ ਦੇ ਸੁਹਜ ਸ਼ਾਸਤਰ ਦੇ ਇਸ ਪ੍ਰਕਿਰਤੀਮੂਲਕ ਲੱਛਣ ਨੂੰ ਪੰਜਾਬੀ ਕਿੱਸਾ ਕਾਵਿ ਦੇ ਤੁਲਨਾਤਮਕ ਪਰਿਪੇਖ ਵਿਚ ਸਮਝਿਆ ਜਾ ਸਕਦਾ ਹੈ। ਪੰਜਾਬੀ ਕਿੱਸਾ ਕਾਵਿ ਦਾ ਸੁਹਜ ਅਨੁਭਵ ਪ੍ਰਾਥਮਿਕ ਤੌਰ ਉਤੇ ਦੇਹ ਕੇਂਦਰਤ ਹੈ। ਇਥੇ ਦੇਹ

ਦੇ ਅਰਥ ਵਸਤੂਗਤ ਨਹੀਂ ਬਲਕਿ ਪ੍ਰਤੀਕਾਤਮਕ ਹਨ। ਦੇਹ ਤੋਂ ਭਾਵ ਪਦਾਰਥਕਤਾ ਅਤੇ ਲੌਕਿਕਤਾ ਹੈ। ਮੱਧਕਾਲੀ ਪੰਜਾਬੀ ਕਾਵਿ ਵਿਚ ਕਿੱਸਾ ਕਾਵਿ ਹੀ ਇਕ ਅਜਿਹਾ ਅਪਵਾਦ ਹੈ ਜਿਥੇ ਲੌਕਿਕ ਪਿਆਰ ਅਤੇ ਦੇਹ ਕੇਂਦਰਤ ਸੁਹਜ ਨੂੰ ਮਾਨਤਾ ਪ੍ਰਾਪਤ ਹੋਈ ਹੈ। ਇਸ ਦੇ ਮੁਕਾਬਲੇ ਸੂਫ਼ੀ ਕਾਵਿ ਵਿਚ ਇਸ਼ਕ ਹਕੀਕੀ ਦਾ ਸਥਾਨ ਪ੍ਰਾਥਮਿਕ ਹੈ ਅਤੇ ਇਸ਼ਕ ਮਿਜ਼ਾਜੀ ਕੇਵਲ ਉਸ ਦਾ ਪ੍ਰਵੇਸ਼ ਦੁਆਰ ਜਾਂ ਪਹਿਲੀ ਪੌੜੀ ਹੈ। ਕਿੱਸਾ ਕਾਵਿ ਦਾ ਪਿਆਰ ਅਨੁਭਵ ਲੌਕਿਕ ਅਤੇ ਸੁਹਜ ਦੇਹ ਕੇਂਦਰਤ ਹੈ। ਇਸ ਲਈ ਕਿੱਸਾ ਕਾਵਿ ਵਿਚ ਨਕਸ਼ਾਂ ਦੇ ਸੁਹਜ ਦਾ ਗਾਇਨ ਹੈ। ਵਾਰਿਸ ਸ਼ਾਹ ਦੀ 'ਹੀਰ' ਵਿਚ ਇਸ ਨਖਸ਼ਿਸ਼ ਸੁਹਜ ਦੀ ਸਿਖਰ ਦੇ ਦੀਦਾਰ ਹੁੰਦੇ ਹਨ:

ਹੋਠ ਸੁਰਖ ਯਾਕੂਤ ਜਿਉਂ ਲਾਲ ਚਮਕਣ,
ਠੋਡੀ ਸੇਬ ਵਲਾਇਤੀ ਸਾਰ ਵਿਚੋਂ।
ਦੰਦ ਚੰਬੇ ਦੀ ਲੜੀ ਕਿ ਹੰਸ ਮੋਤੀ ,
ਦਾਣੇ ਨਿਕਲੇ ਹੁਸਨ ਅਨਾਰ ਵਿਚੋਂ।
ਨੱਕ ਅਲਫ਼ ਹੁਸੈਨੀ ਦਾ ਪਿਪਲਾ ਏ,
ਜ਼ੁਲਫ਼ ਨਾਗ ਖ਼ਜ਼ਾਨੇ ਦੀ ਬਾਰ ਵਿਚੋਂ।
ਲਿਖੀ ਚੀਨ ਤਸਵੀਰ ਕਸ਼ਮੀਰ ਜੱਟੀ,
ਕਦ ਸਰੂ ਬਹਿਸ਼ਤ ਗੁਲਜ਼ਾਰ ਵਿਚੋਂ।
ਗਰਦਨ ਕੂੰਜ ਦੀ ਉਂਗਲੀਆਂ ਰਵ੍ਹਾਂ ਫਲੀਆਂ,
ਹੱਥ ਕੂਲੜੇ ਬਰਗ ਚੁਨਾਰ ਵਿਚੋਂ।
ਛਾਤੀ ਠਾਠ ਦੀ ਉੱਭਰੀ ਪੱਟ ਖਿਹਨੂੰ,
ਸੇਉ ਬਲਖ ਦੇ ਚੁਣੇ ਅੰਬਾਰ ਵਿਚੋਂ।
ਧੁੰਨੀ ਭਿਸ਼ਤ ਦੇ ਹੌਜ਼ ਦਾ ਮੁਸ਼ਕ ਕੁੱਪਾ,
ਪੇਡੂ ਮਖ਼ਮਲੀ ਖ਼ਾਸ ਸਰਕਾਰ ਵਿਚੋਂ।
ਕਾਫ਼ੂਰ ਸ਼ਹਨਾਇ ਸੁਰੀਨ ਬਾਂਕੇ,
ਹੁਸਨ ਸਾਕ ਸਤੂਨ ਮੀਨਾਰ ਵਿਚੋਂ।
ਸੁਰਖੀ ਹੋਠਾਂ ਦੀ ਲੋੜ੍ਹ ਦੰਦਾਸੜੇ ਦਾ,
ਖੋਜੇ ਖੱਤਰੀ ਕਤਲ ਬਾਜ਼ਾਰ ਵਿਚੋਂ।
ਬਾਹਾਂ ਵੇਲਣੇ ਵੇਲੀਆਂ ਗੁੰਨ੍ਹ ਮੱਖਣ,
ਛਾਤੀ ਸੰਗ ਮਰਮਰ ਗੰਗਧਾਰ ਵਿਚੋਂ।
ਸ਼ਾਹ ਪਰੀ ਦੀ ਭੈਣ ਪੰਜ ਫ਼ੂਲ ਰਾਣੀ,
ਗੁਝੀ ਰਹੇ ਨਾ ਹੀਰ ਹਜ਼ਾਰ ਵਿਚੋਂ।[8]

ਸੁਹਜ ਦਾ ਉਪਰੋਕਤ ਭਾਵ ਦੇਹ ਕੇਂਦਰਤ ਹੈ। ਇਹ ਸੁਹਜ ਦਾ ਸਰਗੁਣ ਅਨੁਭਵ ਹੈ। ਨਿਰਗੁਣਤਾ ਇਸ ਦਾ ਮੂਲ ਸਰੋਕਾਰ ਨਹੀਂ। ਕਿੱਸਾ ਕਾਵਿ ਦੇ ਵਿਪਰੀਤ ਗੁਰੂ ਨਾਨਕ ਬਾਣੀ ਦਾ ਸੁਹਜ ਭਾਵ ਨਿਰਗੁਣਤਾ ਦੀ ਪ੍ਰਾਥਮਿਕਤਾ ਵਾਲਾ ਹੈ। ਕੇਵਲ ਦੇਹ ਕੇਂਦਰਤ ਹੁਸਨ ਦੇ ਪਾਸਾਰਾਂ ਨੂੰ ਇਥੇ ਅਰਥਹੀਨ ਮੰਨਿਆ ਗਿਆ ਹੈ। ਬਾਣੀ ਵਿਚ ਸਰੀਰਕ ਸੁੰਦਰਤਾ ਦੀ ਨਾਸ਼ਵਾਨਤਾ ਦੇ ਪ੍ਰਸੰਗ ਵਿਚ ਦੇਹ ਕੇਂਦਰਤ ਹੁਸਨ ਦੇ ਹੰਕਾਰ ਦਾ ਭੰਜਨ ਕੀਤਾ ਗਿਆ ਹੈ। ਇਸ ਪ੍ਰਸੰਗ ਵਿਚ 'ਸਲੋਕ ਵਾਰਾਂ ਤੇ ਵਧੀਕ' ਵਿਚ ਦਰਜ ਗੁਰੂ ਨਾਨਕ ਸਾਹਿਬ ਦਾ ਨਿਮਨਲਿਖਤ ਸਲੋਕ ਬੜਾ ਅਰਥਪੂਰਨ ਹੈ:

ਸਲੋਕ ਵਾਰਾਂ ਤੇ ਵਧੀਕ॥ ਮਹਲਾ 1 ॥
ਉਤੰਗੀ ਪੈਓਹਰੀ ਗਹਿਰੀ ਗੰਭੀਰੀ॥
ਸਸੁੜਿ ਸੁਹੀਆ ਕਿਵ ਕਰੀ ਨਿਵਣੁ ਨ ਜਾਇ ਥਣੀ॥
ਗਚੁ ਜਿ ਲਗਾ ਗਿੜਵੜੀ ਸਖੀਏ ਧਉਲਹਰੀ॥
ਸੇ ਭੀ ਢਹਦੇ ਡਿਠੁ ਮੈ ਮੁੰਧ ਨ ਗਰਬੁ ਥਣੀ॥[9]

ਉਪਰੋਕਤ ਪ੍ਰਸੰਗ ਵਿਚ ਗੁਰੂ ਸਾਹਿਬ ਨੇ ਪਹਿਲਾਂ ਇਕ ਜੋਬਨਵੰਤੀ ਇਸਤਰੀ ਦੇ ਸਰੀਰਕ ਹੁਸਨ ਦਾ ਅਤਿ ਸੁਹਜੀਲਾ ਬਿੰਬ ਸਿਰਜਿਆ ਹੈ। ਫਿਰ ਇਸ ਦੇਹ ਕੇਂਦਰਤ ਸੁਹਜ ਦਾ ਭੰਜਨ ਕਰਕੇ ਨਿਮਰਤਾ ਅਤੇ ਗੰਭੀਰਤਾ ਦੇ ਅਨੁਭਵ ਵਾਲੇ ਸਹਿਜ ਦਿਸ਼ਾਵੀ ਸੁਹਜ ਭਾਵ ਦਾ ਸੰਚਾਰਤ ਕੀਤਾ ਹੈ। ਉਪਰੋਕਤ ਪ੍ਰਸੰਗ ਵਿਚ ਪਹਿਲਾਂ ਸੁੰਦਰ ਭਰਵੇਂ ਸਰੀਰ ਵਾਲੀ ਜੋਬਨਵੰਤੀ ਦੁਲਹਨ ਦਾ ਦ੍ਰਿਸ਼ ਉੱਭਰਦਾ ਹੈ ਜੋ ਕਹਿੰਦੀ ਹੈ ਕਿ ਮੈਂ ਨਮਸਕਾਰ ਕਿਸ ਤਰ੍ਹਾਂ ਕਾਂ? ਮੇਰੇ ਭਰਵੇਂ ਥਣਾਂ ਦੇ ਉਭਾਰ ਮੈਨੂੰ ਝੁਕਨ ਨਹੀਂ ਦਿੰਦੇ। ਇਥੇ ਭਰਵੇਂ ਥਣਾਂ ਦੇ ਉਭਾਰ ਜੋ ਝੁਕਣ ਨਹੀਂ ਦਿੰਦੇ, ਜੋਬਨ ਦੇ ਹੰਕਾਰ ਦਾ ਸੂਚਕ ਹਨ। ਇਸ ਸਬੰਧੀ ਗੁਰੂ ਸਾਹਿਬ ਅੱਗੇ ਵਿਚਾਰ ਦਿੰਦੇ ਹਨ ਕਿ ਹੇ ਸਖੀਏ! ਚੂਨੇ-ਗਚ ਕੀਤੇ ਹੋਏ ਪਹਾੜ ਜਿੱਡੇ ਉੱਚੇ ਮੰਦਰ ਵੀ ਮੈਂ ਡਿੱਗਦੇ ਵੇਖੇ ਹਨ। ਇਸ ਲਈ ਹੇ ਮੁਟਿਆਰੇ! ਤੂੰ ਆਪਣੇ ਥਣਾਂ ਦਾ ਹੰਕਾਰ ਨਾ ਕਰ। ਇਸ ਸਲੋਕ ਵਿਚ ਗੁਰੂ ਨਾਨਕ ਬਾਣੀ ਦੇ ਸੁਹਜ ਸ਼ਾਸਤਰ ਦਾ ਕੁੰਜੀ ਸੰਕੇਤ ਨਿਹਿਤ ਹੈ। ਬਾਣੀ ਨਾਸ਼ਵਾਨ ਸਰੀਰਕ ਹੁਸਨ ਉਤੇ ਕੇਂਦਰਤ ਸੁਹਜ ਦਾ ਨਿਰੰਤਰ ਭੰਜਨ ਕਰਕੇ ਮਨ ਦੀ ਗਿਆਨ ਆਧਾਰਿਤ ਦਿਸ਼ਾ ਦਾ ਸੁਹਜ ਭਾਵ ਉਸਾਰਦੀ ਹੈ। ਬਾਣੀ ਦੇਹ ਦੇ ਹੁਸਨ ’ਤੇ ਆਧਾਰਿਤ ਸੁਹਜ ਦੇ ਜਿਸ ਭਾਵ ਅਤੇ ਸੰਕਲਪ ਨੂੰ ਤੋੜਦੀ ਹੈ ਕਿੱਸਾ ਕਾਵਿ ਵਿਚ ਉਸੇ ਨਕਸ਼ਿਸ਼ ਹੁਸਨ ਦਾ ਜਸ਼ਨ ਹੈ। ਮਸਲਾ ਇਥੇ ਇਹ ਨਹੀਂ ਕਿ ਇਹਨਾਂ ਦੋਨਾਂ ਵਿਚੋਂ ਕਿਹੜੀ ਸੁਹਜ ਦਿਸ਼ਾ ਠੀਕ ਹੈ। ਮਸਲਾ ਠੀਕ ਜਾਂ ਗ਼ਲਤ ਦਾ ਨਾ ਹੋ ਕੇ ਕੇਵਲ ਇਸ ਤੱਥ ਨੂੰ ਪਛਾਣਨ ਦਾ ਹੈ ਕਿ ਬਾਣੀ ਅਤੇ ਕਿੱਸਾ ਕਾਵਿ ਦੇ ਸੁਹਜ ਧਰਾਤਲ ਵੱਖੋ-ਵੱਖਰੇ ਹਨ। ਕਿੱਸਾ ਕਾਵਿ ਦਾ ਸੁਹਜ ਪ੍ਰਾਥਮਿਕ ਤੌਰ ਉਤੇ ਦੇਹ ਕੇਂਦਰਤ ਹੈ ਅਤੇ ਬਾਣੀ ਦਾ ਸੁਹਜ ਬੁਨਿਆਦੀ ਤੌਰ ’ਤੇ ਮਨ ਕੇਂਦਰਤ। ਇਉਂ ਵੀ ਕਿਹਾ ਜਾ ਸਕਦਾ ਹੈ ਕਿ ਕਿੱਸਾ ਕਾਵਿ ਦਾ ਸੁਹਜ ਅਨੁਭਵ ਬੁਨਿਆਦੀ ਤੌਰ ’ਤੇ ਸਰਗੁਣਤਾ ’ਤੇ ਕੇਂਦਰਤ ਹੈ ਅਤੇ ਬਾਣੀ ਦਾ ਸੁਹਜ ਭਾਵ ਮੂਲ ਰੂਪ ਵਿਚ ਨਿਰਗੁਣਤਾ ’ਤੇ। ਦੋਹਾਂ ਧਾਰਾਵਾਂ ਵਿਚ ਨਿਰਗੁਣਤਾ ਅਤੇ ਸਰਗੁਣਤਾ ਦੋਵੇਂ ਭਾਵ ਪ੍ਰਵਾਹਿਤ ਹਨ ਪਰ ਸਵਾਲ ਪ੍ਰਾਥਮਿਕਤਾ ਦਾ ਹੈ। ‘ਸਲੋਕ ਵਾਰਾਂ ਤੇ ਵਧੀਕ’ ਵਿਚੋਂ ਉਧਰਿਤ ਗੁਰੂ ਨਾਨਕ ਬਾਣੀ ਦੇ ਉਪਰੋਕਤ ਸਲੋਕ ਵਿਚੋਂ ਸਪੱਸ਼ਟ ਹੁੰਦਾ ਹੈ ਕਿ ਇਥੇ ਸਰਗੁਣਤਾ ਨਿਰਗੁਣਤਾ ਦੇ ਵੱਡੇ ਪਰਿਪੇਖ ਵਿਚ ਜਜ਼ਬ ਹੋ ਜਾਂਦੀ ਹੈ। ਗੁਰੂ ਨਾਨਕ ਬਾਣੀ ਦੇਹ ਦੀ ਬਜਾਇ ਮਨ ਦੀ ਸੁੰਦਰਤਾ ਦਾ ਬ੍ਰਹਿਮੰਡੀ ਸੁਹਜ ਪ੍ਰਵਚਨ ਉਸਾਰਦੀ ਹੈ। ਇਥੇ ਮਨ ਦੀ ਸੁੰਦਰਤਾ ਦੀ ਨਿਸ਼ਾਨੀ ਨਾਮ ਅਤੇ ਗਿਆਨ ਅਨੁਭਵ ਹੈ।ਇਹਨਾਂ ਕਾਰਨਾ ਕਰਕੇ ਕਿੱਸਾ ਕਾਵਿ ਦੇ ਸੁਹਜ ਭਾਵ ਦੀ ਪ੍ਰਕਿਰਤੀ ਗੁਰਬਾਣੀ ਤੋਂ ਭਿੰਨ ਹੈ। ਦੇਹ ਕੇਂਦਰਤ ਸੁਹਜ ਨਸਲੀ ਚੇਤਨਾ ਤੋਂ ਮੁਕਤ ਨਹੀਂ ਹੋ ਸਕਦਾ ਕਿਉਂਕਿ ਦੇਹ ਦੇ ਪਾਸਾਰ ਨਸਲੀ ਅਤੇ ਵੰਸ਼ਗਤ ਹੁੰਦੇ ਹਨ। ਹਰ ਨਸਲ ਦੇ ਰੰਗ ਅਤੇ ਨਕਸ਼ਾਂ ਦੀ ਬਣਤਰ ਪ੍ਰਤੀ ਸੁੰਦਰਤਾ ਦੇ ਸਭਿਆਚਾਰਕ ਮਾਪਦੰਢ ਵੱਖੋ-ਵੱਖਰੇ ਹੁੰਦੇ ਹਨ। ਦੁਨੀਆਂ ਵਿਚ ਵੱਸਦੀਆਂ ਨਸਲਾਂ ਦੇ ਰੰਗਾਂ ਅਤੇ ਨਕਸ਼ਾਂ ਦੀ ਪ੍ਰਕਿਰਤਕ ਵੰਨ-ਸੁਵੰਨਤਾ ਵਿਵਿਧ ਹੈ। ਅਸਲ ਵਿਚ ਸੁੰਦਰਤਾ ਅਤੇ ਸੁੰਦਰਤਾ ਦੇ ਸੰਕਲਪ ਵਿਚ ਅੰਤਰ ਹੁੰਦਾ ਹੈ। ਕੌਣ ਸੁੰਦਰ ਹੈ ਅਤੇ ਕੌਣ ਨਹੀਂ? ਇਹ ਗੱਲ ਵਿਅਕਤੀ ਜਾਂ ਵਸਤੂ ਦੇ ਰੂਪ, ਰੰਗ ਜਾਂ ਆਕਾਰ ’ਤੇ ਨਿਰਭਰ ਨਹੀਂ ਕਰਦੀ ਸਗੋਂ ਇਹ ਇਸ ਗੱਲ ਉਤੇ ਨਿਰਭਰ ਕਰਦਾ ਹੈ ਕਿ ਦੇਖਣ ਵਾਲੇ ਕੋਲ ਸੁੰਦਰਤਾ ਦਾ ਸੰਕਲਪ ਕਿਹੋ ਜਿਹਾ ਹੈ। ਜੇਕਰ ਵਸਤੂ ਜਾਂ ਵਿਅਕਤੀ ਦਾ ਰੂਪ, ਰੰਗ, ਆਕਾਰ ਦੇਖਣ ਵਾਲੇ ਦੇ ਮਨ ਵਿਚ ਪਏ ਸੁੰਦਰਤਾ ਦੇ ਸੰਕਲਪ ਦੇ ਮੁਤਾਬਕ ਹੋਵੇ ਤਾਂ ਉਸ ਨੂੰ ਸਬੰਧਤ ਵਸਤੂ ਜਾਂ ਵਿਅਕਤੀ ਸੁੰਦਰ ਲੱਗਣ ਗੇ ਅਤੇ ਜੇਕਰ ਅਜਿਹਾ ਨਾ ਹੋਵੇ ਤਾਂ ਉਹ ਉਸ ਨੂੰ ਸੁੰਦਰ ਨਹੀਂ ਲੱਗਣ ਗੇ।ਹਰ ਸਮਾਜ ਸਭਿਆਚਾਰ ਕੋਲ ਸੁੰਦਰਤਾ ਦਾ ਇਕ ਨਿਵੇਕਲਾ ਸੰਕਲਪ ਹੁੰਦਾ ਹੈ। ਸੁਹਜ ਕੇਵਲ ਇਕ ਕੁਦਰਤੀ ਮੂਲ ਪ੍ਰਵਿਰਤੀ ਨਹੀਂ ਹੈ। ਇਸ ਦੀ ਮੂਲ ਊਰਜਾ ਪ੍ਰਕਿਰਤਕ ਹੈ ਪਰ ਇਸ ਦਾ ਸਮਾਜ ਮਨੋਵਿਗਿਆਨਕ ਉਸਾਰ ਸਭਿਆਚਾਰਕ ਹੈ।

ਦਰਅਸਲ ਸੁਹਜ ਦੇ ਪੈਟਰਨ ਵੀ ਸਮਾਜ ਦੁਅਰਾ ਨਿਯੰਤ੍ਰਤ ਹੁੰਦੇ ਹਨ। ਤੁਹਾਨੂੰ ਕਿਹੜੀ ਚੀਜ਼ ਸੁੰਦਰ ਲੱਗਣੀ ਹੈ ਅਤੇ ਕਿਹੜੀ ਨਹੀਂ ਇਹ ਸਮਾਜ ਨਿਸ਼ਚਤ ਕਰ ਦਿੰਦਾ ਹੈ। ਸੁਹਜ ਦੇ ਇਹਨਾਂ ਨਿਯੰਤ੍ਰਤ ਸਭਿਆਚਾਰਕ ਪੈਟਰਨਾਂ ਵਿਚ ਅਨਿਆਂ ਰਾਜਨੀਤੀ ਅਤੇ ਜ਼ੁਲਮ ਵੀ ਪਿਆ ਹੁੰਦਾ ਹੈ। ਇਕ ਖਾਸ ਸਭਿਆਚਾਰ ਵਿਚ ਖਾਸ ਤਰ੍ਹਾਂ ਦੇ ਰੰਗ ਅਤੇ ਨਕਸ਼ਾਂ ਵਿਚੋਂ ਸੁਹਜ ਦੀ ਸੰਕਲਪਨਾ ਸਿਰਜੀ ਜਾਂਦੀ ਹੈ । ਮਸਲਨ ਪੰਜਾਬੀ ਸਮਾਜ ਸਭਿਆਚਾਰ ਵਿਚ ਸਰੀਰਕ ਸੁੰਦਰਤਾ ਦਾ ਸੰਕਲਪ ਪ੍ਰਾਥਮਿਕ ਤੌਰ ’ਤੇ ਗੋਰੇ ਰੰਗ ਨਾਲ ਜੁੜਿਆ ਹੈ। ਇਸ ਲਈ ਪੰਜਾਬੀ ਗੀਤਾਂ ਵਿਚ ਗੋਰੇ ਰੰਗ ਦੇ ਸੋਹਲੇ ਗਾਏ ਜਾਂਦੇ ਹਨ। ਜਿਥੇ ਕਿਤੇ ਕਾਲੇ ਰੰਗ ਨੂੰ ਥੋੜੀ ਬਹੁਤ ਪ੍ਰਵਾਨਗੀ ਮਿਲੀ ਹੈ, ਉਹ ਕੇਵਲ ਮਰਦ ਦੇ ਪ੍ਰਸੰਗ ਵਿਚ ਹੀ ਮਿਲੀ ਹੈ। ਇਸਤਰੀ ਹੁਸਨ ਦੇ ਪਾਸਾਰ ਗੋਰੇ ਰੰਗ ਵਿਚ ਹੀ ਪ੍ਰਵਾਨ ਹੋਏ ਹਨ। ਗੁਰੂ ਨਾਨਕ ਬਾਣੀ ਦਾ ਸੁਹਜ ਭਾਵ ਦੇਹ ਦੇ ਗੋਰੇ ਜਾਂ ਕਾਲੇ ਰੰਗ ਤੋਂ ਪਾਰ ਨਾਮ ਦੇ ਰੰਗ ਨਾਲ ਸਬੰਧਤ ਹੈ। ਪੰਜਾਬੀ ਸਮਾਜ ਸਭਿਆਚਾਰ ਵਿਚ ਮਨੁੱਖੀ ਦੇਹ ਦਾ ਇਹ ਸੁਹਜ ਸੰਕਲਪ ਨਸਲੀ ਅਤੇ ਖੇਤਰੀ ਹੈ। ਇਹ ਵਿਸ਼ਵ ਵਿਆਪੀ ਨਹੀਂ। ਹੋ ਸਕਦਾ ਹੈ ਪੰਜਾਬੀ ਸਮੂਹਕ ਮਨ ਵਿਚ ਪਏ ਸੁਹਜ ਸੰਕਲਪ ਮੁਤਾਬਕ ਪੰਜਾਬੀ ਬੰਦੇ ਨੂੰ ਅਫ਼ਰੀਕਾ ਦੇ ਹਬਸ਼ੀ ਸੋਹਣੇ ਨਾ ਲੱਗਣ ਪਰ ਹਬਸ਼ੀ ਸਮਾਜ ਸੇ ਸੁਹਜ ਸੰਕਲਪ ਮੁਤਾਬਕ ਉਹ ਸੋਹਣੇ ਹੀ ਹੁੰਦੇ ਹਨ। ਸੋ ਵਾਰਿਸ ਸ਼ਾਹ ਵੱਲੋਂ ਹੀਰ ਦੇ ਨਖਸ਼ਿਸ਼ ਹੁਸਨ ਦਾ ਜੋ ਸੁਹਜ ਬਿੰਬ ਚਿਤਰਿਆ ਗਿਆ ਹੈ, ਉਹ ਦਰਅਸਲ ਪੰਜਾਬ ਦੀਆਂ ਜੱਟੀਆਂ ਦਾ ਹੁਸਨ ਹੈ (ਲਿਖੀ ਚੀਨ ਤਸਵੀਰ ਕਸ਼ਮੀਰ ਜੱਟੀ, ਕਦ ਸਰੂ ਬਹਿਸ਼ਤ ਗੁਲਜ਼ਾਰ ਵਿਚੋਂ)। ਪੰਜਾਬੀ ਕਿੱਸਾ ਕਾਵਿ ਵਿਚ ਇਕ ਖਾਸ ਜਾਤੀ ਦੇ ਨਸਲੀ ਨਾਇਕਤਵ ਦਾ ਸੁਹਜ ਭਾਵ ਉੱਭਰਦਾ ਹੈ। ‘ਹੀਰ ਰਾਂਝਾ’ ਅਤੇ ‘ਮਿਰਜ਼ਾ ਸਾਹਿਬਾਂ’ ਦੇ ਕਿੱਸੇ ਇਸ ਦੀਆਂ ਪ੍ਰਤੀਨਿਧ ਮਿਸਾਲਾਂ ਹਨ।‘ਹੀਰ ਵਾਰਿਸ ਸ਼ਾਹ’ ਵਿਚ ਰਾਂਝੇ ਦਾ ਬਾਲਨਾਥ ਨਾਲ ਨਿਮਨਲਿਖਤ ਸੰਵਾਦ ਰਾਂਝੇ ਦੀ ਨਸਲੀ ਹਉਮੈਂ ਦਾ ਸੂਚਕ ਹੈ:

ਅਸੀਂ ਜੱਟ ਹਾਂ ਨਾਹੜੀਆਂ ਕਰਨ ਵਾਲੇ,
ਅਸੀਂ ਕਚਕੜੇ ਨਾਂਹ ਪਰੋਵਣੇ ਨੇ।
ਰੰਨਾਂ ਦੇਣ ਗਾਲ੍ਹੀਂ, ਅਸੀਂ ਚੁਪ ਕਰੀਏ,
ਐਡੇ ਸਬਰ ਦੇ ਪੈਰ ਕਿਸ ਧੋਵਣੇ ਨੇ।
ਸਾਥੋਂ ਖੱਪਰੀ ਨਾਦ ਨਾ ਜਾਣਿ ਸਾਂਭੇ,
ਸਾਥੋਂ ਨਹੀਂ ਹੁੰਦੇ ਏਡੇ ਛੋਵਣੇ ਨੇ।
ਰੰਨਾਂ ਨਾਲੋਂ ਜੋ ਵਰਜਦੇ ਚੇਲਿਆਂ ਨੂੰ,
ਓਹੁ ਗੁਰੂ ਨਾ ਬੰਨ੍ਹ ਕੇ ਚੋਵਣੇ ਨੇ।[10]

ਜਾਂ

ਸਾਬਤ ਹੋਵੇ ਲੰਗੋਟੜੀ, ਸੁਣੀ, ਨਾਥਾ
ਕਾਹੇ ਝੁਗੜਾ ਚਾਇ ਉਜਾੜਦਾ ਮੈਂ?...
ਜੇ ਮੈਂ ਜਾਣਦਾ ਕੰਨ ਤੂੰ ਪਾੜ ਦੇਣੇ,
ਇਹੁ ਮੁੰਦਰਾਂ ਮੂਲਨਾ ਸਾੜਦਾ ਮੈਂ।
ਜੇ ਮੈਂ ਜਾਣਦਾ ਇਸ਼ਕ ਥੀਂ ਮਨਾ ਕਰਨਾ,
ਤੇਰੇ ਟਿੱਲੇ ’ਤੇ ਧਾਰ ਨਾ ਮਾਰਦਾ ਮੈਂ।[11]

ਕਿੱਸਾ ਕਾਵਿ ਦੀਆਂ ਉਪਰੋਕਤ ਉਦਾਹਰਣਾਂ ਨਸਲੀ ਸੁਹਜ ਸੰਵੇਦਨਾ ਦਾ ਪ੍ਰਵਚਨ ਹਨ। ਇਸੇ ਲਈ ਬਾਣੀ ਦੇ ਬ੍ਰਹਿਮੰਡੀ ਸੁਹਜ ਪ੍ਰਵਚਨ ਵਿਚ ਹੀਰ, ਰਾਂਝਾ ਆਦਿ ਪੰਜਾਬੀ ਲੋਕ ਗਾਥਾਵਾਂ ਦੇ ਨਾਇਕ ਪ੍ਰਤੀਕ ਨਹੀਂ ਬਣਦੇ। ਇਕ ਤਾਂ ਇਹਨਾਂ ਦੁਆਲੇ ਉਸਰਿਆ ਸੁਹਜ-ਭਾਵ ਮਰਯਾਦਾ ਭੰਜਕ ਹੈ। ਦੂਜਾ ਇਹ ਨਸਲੀ ਵੀ ਹੈ। ਗੁਰੂ ਨਾਨਕ ਬਾਣੀ ਇਹਨਾਂ ਨਸਲੀ ਰੂਪਾਂ ’ਤੇ ਉਸਰੇ ਸੁਹਜ ਸੰਕਲਪ ਨੂੰ ਨਕਾਰ ਕੇ

ਨਾਮ, ਬ੍ਰਹਮ, ਗੁਰੂ ਅਤੇ ਗਿਆਨ ਦੇ ਪਰਿਪੇਖ ਵਿਚ ਸਮਾਜ ਸਭਿਆਚਾਰਕ ਅਨਿਆਂ ਵਾਲੀ ਨਸਲੀ ਚੇਤਨਾ ਤੋਂ ਪਾਰ ਦੇ ਨਾਇਕਤਵ ਦਾ ਸੁਹਜ ਸਿਰਜਦੀ ਹੈ:

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥
ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥
ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ॥ [12]

ਇਕ ਵਿਸ਼ੇਸ਼ ਧਰਾਤਲ ਅਤੇ ਸੀਮਤ ਦਾਇਰੇ ਵਿਚ ਸੁਹਜ ਦੇ ਅਜਿਹੇ ਰੂਪਾਂ ਦਾ ਆਪਣਾ ਮਹੱਤਵ ਹੁੰਦਾ ਹੈ। ਇਹ ਨਸਲੀ ਅਤੇ ਸਭਿਆਚਾਰਕ ਵੰਨ-ਸੁਵੰਨਤਾ ਦਾ ਸੁਹਜ ਹੈ ਪਰ ਜਦ ਇਸ ਨਸਲੀ ਭਿੰਨਤਾ ਵਿਚੋਂ ਕੋਈ ਇਕ ਨਸਲੀ ਸਮੂਹ ਆਪਣੀ ਤਾਨਤਸ਼ਾਹੀ ਸਥਾਪਤ ਕਰਕੇ ਅਪਣੇ ਨਸਲੀ ਲੱਛਣਾਂ ਨੂੰ ਦੂਜਿਆਂ ਤੋਂ ਸ੍ਰੇਸ਼ਟ ਦਰਸਾਉਣ ਲੱਗਦਾ ਹੈ ਅਤੇ ਦੂਜਿਆਂ ਨੂੰ ਹਾਸ਼ੀਆਗ੍ਰਸਤ ਕਰਦਾ ਹੈ ਤਾਂ ਅਜਿਹੀ ਭਾਵਨਾ ਵਿਚੋਂ ਉਪਜੇ ਕਲਾ ਰੂਪਾਂ ਦੀ ਸੁਹਜਾਤਮਕ ਦਿਸ਼ਾ ਵੀ ਅਨਿਆਂਪੂਰਨ ਹੋ ਨਿਬੜਦੀ ਹੈ। ਗੁਰੂ ਨਾਨਕ ਬਾਣੀ ਸੁਹਜ ਦੀ ਅਜਿਹੀ ਨਸਲੀ ਅਤੇ ਅਨਿਆਂਪੂਰਨ ਸੰਕਲਪਨਾ ਨੂੰ ਤੋੜਦੀ ਹੈ। ਦਰਅਸਲ ਇਹ ਸਭਿਅਚਾਰਕ ਮਾਨਵ ਵਿਗਿਆਨਕ ਵਿਭਿੰਨਤਾ (cultural anthropological variety) ਦਾ ਸੁਹਜ ਅਨੁਭਵ ਹੈ। ਗੁਰੂ ਨਾਨਕ ਬਾਣੀ ਦਾ ਸੁਹਜ ਇਸ ਮਾਨਵ ਵਿਗਿਆਨਕ ਧਰਾਤਲ ਤੋਂ ਪਾਰ ਭਿੰਨਤਾ ਵਿਚ ਏਕਤਾ ਦੇ ਅਨੁਭਵ ਵਾਲਾ, ਬ੍ਰਹਿਮੰਡੀ ਅਤੇ ਸਰਬਵਿਆਪੀ (cosmological and universal) ਸੁਹਜ ਅਨੁਭਵ ਹੈ।

ਜੀਵਨ ਅਤੇ ਜਗਤ ਦੇ ਸਧਾਰਨ ਪ੍ਰਤੱਖਣ ਲਈ ਗੁਰੂ ਨਾਨਕ ਬਾਣੀ ਸਹਿਜ ਰੂਪ ਵਿਚ ਸੁਹਜਾਤਮਕ ਪਾਠ ਨਹੀਂ ਹੈ। ਆਪਣੀ ਵਿਸ਼ੇਸ਼ ਗਿਆਨਮੂਲਕ ਪ੍ਰਕਿਰਤੀ ਕਾਰਨ ਹੈ ਗੁਰੂ ਨਾਨਕ ਬਾਣੀ ਦਾ ਸੁਹਜ ਆਪਣੇ ਸੰਚਾਰ ਲਈ ਵਿਸ਼ੇਸ਼ ਭਾਂਤ ਦੀ ਗਿਆਨਮੂਲਕ ਚੇਤਨਾ ਦੀ ਮੰਗ ਕਰਦਾ ਹੈ। ਬਾਣੀ ਦੇ ਸੁਹਜ ਸ਼ਾਸਤਰ ਨੂੰ ਸਮਝਣ ਲਈ ਆਨੰਦ ਦੇ ਸੰਕਲਪ ਨੂੰ ਸਮਝਣਾ ਜ਼ਰੂਰੀ ਹੈ। ਬਾਣੀ ਅਨੁਸਾਰ ਆਨੰਦ ਦਾ ਸਰੋਤ ਗੁਰੂ ਹੈ। ਗੁਰੂ ਭਾਰਤੀ ਧਰਮ ਦਰਸ਼ਨ ਦੀ ਪਰੰਪਰਾ ਦਾ ਸੰਕਲਪ ਹੈ ਜੋ ਬੁਨਿਆਦੀ ਤੌਰ ’ਤੇ ਗਿਆਨ ਨਾਲ ਜੁੜਿਆ ਹੈ। ਸੋ ਗੁਰੂ ਤੋਂ ਪ੍ਰਾਪਤ ਆਨੰਦ ਵੀ ਗਿਆਨਮੂਲਕ ਹੈ। ਇਹ ਸਾਮਾਨਯ ਕਾਵਿਕ ਆਨੰਦ ਤੋਂ ਵੱਖਰੀ ਭਾਂਤ ਦਾ ਆਨੰਦ ਹੈ। ਇਸ ਸਬੰਧੀ ਡਾ. ਹਰਿਭਜਨ ਸਿੰਘ ਅਪਣੇ ਇਕ ਲੇਖ “ਗੁਰਬਾਣੀ ਦੀ ਸੁਹਜ ਭਾਵਨਾ” ਵਿਚ ਲਿਖਦੇ ਹਨ:

> ਕਵਿਤਾ ਮਨੁੱਖ ਲੋਕ ਦੀ ਭਾਵੁਕ ਏਕਤਾ ਦੀ ਰਚਨਾ ਕਰਦੀ ਹੈ ਅਤੇ ਏਦਾਂ ਅਨੰਦ ਦੀ ਅਵਸਥਾ ਪੈਦਾ ਕਰਦੀ ਹੈ। ਇਹ ਅਨੰਦ ਭਾਵ ਸਾਂਝ ਦਾ ਅਨੰਦ ਹੈ ਅਤੇ ਇਸ ਦੀ ਪ੍ਰਕਿਰਤੀ ਆਪਮੁਹਾਰਤਾ (spontaneity) ਵਾਲੀ ਹੈ।... ਬਾਣੀ ਦਾ ਅਨੰਦ ਇਸ ਤੋਂ ਵੱਖਰਾ ਹੈ। ਇਹ ਸਤਿਗੁਰੂ ਪਾਉਣ ਦਾ ਆਨੰਦ ਹੈ। ਸਤਿਗੁਰੂ ਭਾਵੁਕਤਾ ਦਾ ਨਹੀਂ ਸਗੋਂ ‘ਸਤਿ’ ਦੇ ਗਿਆਨ ਦਾ ਪ੍ਰਤੀਕ ਹੈ। ਬਾਣੀ ਗੁਰੂ ਹੈ ਅਤੇ ਗੁਰੂ ਦੀ ਪ੍ਰਾਪਤੀ ਗਿਆਨ ਦੀ ਪ੍ਰਾਪਤੀ ਹੈ। ਸੋ ਬਾਣੀ ਦਾ ਅਨੰਦ ਲੋਕਾਈ ਨਾਲ ਭਾਵੁਕ ਇਕਮਿਕਤਾ ਦਾ ਅਨੰਦ ਨਹੀਂ ਗਿਆਨ ਦਾ ਅਨੰਦ ਹੈ। ਏਥੇ ਯਾਦ ਰੱਖਣਾ ਚਾਹੀਦਾ ਹੈ ਕਿ ਪ੍ਰਥਮ ਬਾਣੀਕਾਰ ਗੁਰੂ ਨਾਨਕ ਨੇ ਵੀ ਗਿਆਨ ਤੋਂ ਪ੍ਰਾਪਤ ਹੋਣ ਵਾਲੇ ਅਨੰਦ ਦਾ ਜ਼ਿਕਰ ਕੀਤਾ ਹੈ[13] :

ਗਿਆਨ ਖੰਡ ਮਹਿ ਗਿਆਨ ਪਰਚੰਡ॥

ਤਿਥੈ ਨਾਦ ਬਿਨੋਦ ਕੋਡ ਅਨੰਦ॥ [14]

ਸਾਮਾਨਯ ਕਾਵਿ ਵਿਚ ਭਾਵਨਾਤਮਕ ਸੁਹਜ ਨੂੰ ਪ੍ਰਾਥਮਿਕਤਾ ਪ੍ਰਾਪਤ ਹੁੰਦੀ ਹੈ ਅਤੇ ਗਿਆਨ ਨੂੰ ਦੁਜੈਲਾ ਸਥਾਨ ਪ੍ਰਾਪਤ ਹੁੰਦਾ ਹੈ ਜਦਕਿ ਬਾਣੀ ਵਿਚ ਸੁਹਜ-ਭਾਵ ਗਿਆਨ ਅੰਕੁਸ਼ ਦੀ ਮਰਯਾਦਾ ਅਧੀਨ ਵਿਚਰਦਾ ਹੈ। ਸਾਧਾਰਨ ਕਾਵਿ ਦਾ ਬੁਨਿਆਦੀ ਪ੍ਰਯੋਜਨ ਸੁਹਜ ਦਾ ਸੰਚਾਰ ਕਰਨਾ ਹੁੰਦਾ ਹੈ ਜਿਸ ਦਾ

ਪ੍ਰਮਾਣ 'ਹੀਰ ਵਾਰਿਸ ਸ਼ਾਹ' ਵਿਚੋਂ ਵੀ ਦ੍ਰਿਸ਼ਟੀਗੋਚਰ ਹੁੰਦਾ ਹੈ। ਵਾਰਿਸ ਸ਼ਾਹ ਨੇ 'ਹੀਰ' ਦੀ ਰਚਨਾ ਦਾ ਪ੍ਰਯੋਜਨ ਇਉਂ ਦਰਸਾਇਆ ਹੈ:

ਯਾਰਾਂ ਅਸਾਂ ਨੂੰ ਆਣ ਸਵਾਲ ਕੀਤਾ,
ਕਿੱਸਾ ਹੀਰ ਦਾ ਨਵਾਂ ਬਣਾਈਏ ਜੀ।
ਏਸ ਪ੍ਰੇਮ ਦੀ ਝੋਕ ਦਾ ਸਭ ਕਿੱਸਾ,
ਜੀਭ ਸੋਹਣੀ ਦੇ ਨਾਲ ਸੁਣਾਈਏ ਜੀ।
ਨਾਲ ਅਜਬ ਬਹਾਰ ਦੇ ਸ਼ਿਅਰ ਕਰਕੇ,
ਹੀਰ ਰਾਂਝੇ ਦਾ ਮੇਲ ਮਿਲਾਈਏ ਜੀ।
ਯਾਰਾਂ ਨਾਲ ਬਹਿ ਕੇ ਵਿਚ ਮਜਲਿਸਾਂ ਦੇ,
ਮਜ਼ਾ ਹੀਰ ਦੇ ਇਸ਼ਕ ਦਾ ਪਾਈਏ ਜੀ।[15]

ਉਪਰੋਕਤ ਬੰਦ ਵਿਚ ਵਾਰਿਸ ਸ਼ਾਹ ਨੇ ਆਪਣੇ ਕਿੱਸੇ ਦਾ ਪ੍ਰਯੋਜਨ ਭਾਵਨਾਤਮਕ ਆਨੰਦ (ਮਜ਼ਾ) ਦੀ ਪ੍ਰਾਪਤੀ ਦਰਸਾਇਆ ਹੈ। ਸਾਮਾਨਯ ਸਾਹਿਤ ਦਾ ਪ੍ਰਯੋਜਨ ਇਹੀ ਹੁੰਦਾ ਹੈ। ਇਸ ਦੇ ਮੁਕਾਲਬੇ ਬਾਣੀ ਦੀ ਪ੍ਰਕਿਰਤੀ ਅਤੇ ਪ੍ਰਯੋਜਨ ਬਾਰੇ ਗੁਰੂ ਨਾਨਕ ਦਾ ਸਵੈ ਕਥਨ ਇਸ ਪ੍ਰਕਾਰ ਹੈ:

ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨ ਵੇ ਲਾਲੋ॥[16]

ਗਿਆਨਮੂਲਕ ਪ੍ਰਕਿਰਤੀ ਹੋਣ ਕਾਰਨ ਬਾਣੀ ਦੇ ਆਨੰਦ ਵਿਚ ਭਾਵਨਾਤਮਕ ਭੜਕੀਲਾਪਣ ਨਹੀਂ ਹੈ। ਇਹ ਭਾਵਨਾਤਮਕ ਉਤੇਜਨਾ ਦਾ ਸੁਹਜ ਨਹੀਂ ਹੈ। ਇਹ ਸਹਿਜ ਆਨੰਦ ਹੈ। ਇਸ ਸਬੰਧੀ ਗੁਰੂ ਅਮਰਦਾਸ ਜੀ ਦਾ ਕਥਨ ਹੈ:

ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ॥
ਸਤਿਗੁਰੁ ਤ ਪਾਇਆ ਸਹਿਜ ਸੇਤੀ ਮਨਿ ਵਜੀਆ ਵਾਧਾਈਆ॥[17]

ਸੋ ਬਾਣੀ-ਆਨੰਦ ਸਤਿਗੁਰੂ ਨੂੰ ਪਾਉਣ ਦਾ ਆਨੰਦ ਹੈ। ਸਤਿਗੁਰੂ ਸਚ ਅਤੇ ਗਿਆਨ ਦਾ ਚਿਹਨ ਹੈ। ਇਵੇਂ ਬਾਣੀ-ਆਨੰਦ ਸਚ ਅਤੇ ਅਤੇ ਗਿਆਨ ਦਾ ਆਨੰਦ ਹੈ। ਇਸੇ ਗੱਲ ਵਿਚ ਇਸ ਦੀ ਕਾਵਿ-ਆਨੰਦ ਤੋਂ ਵੱਖਰਤਾ ਦਾ ਸੂਤਰ ਨਿਹਿਤ ਹੈ। ਡਾ. ਹਰਿਭਜਨ ਸਿੰਘ ਅਨੁਸਾਰ, "ਕਾਵਿ-ਅਨੰਦ ਦੀ 'ਆਪਮੁਹਾਰਤਾ' ਅਤੇ ਬਾਣੀ-ਅਨੰਦ ਦੇ ਸਹਿਜ ਵਿਚਕਾਰ ਬੁਨਿਆਦੀ ਫ਼ਰਕ ਹੈ।...ਆਪਮੁਹਾਰਤਾ ਛਿਣ ਭਰ ਦਾ ਤਿੱਖਾ ਆਵੇਗ (powerful overflow) ਹੈ, ਕਵਿਤਾ ਦਾ ਵੇਗ ਏਨਾ ਪ੍ਰਬਲ ਵੀ ਹੋ ਸਕਦਾ ਹੈ ਕਿ ਪਾਠਕ ਦੇ ਪੈਰ ਉਖੜ ਜਾਣ। ਮਨੁੱਖ ਆਮ ਅਕਾਵਿਕ ਜ਼ਿੰਦਗੀ ਵਿਚ ਯਥਾਰਥ ਦੇ ਭਾਰ ਹੇਠ ਬੜਾ ਔਖਾ ਔਖਾ ਮਹਿਸੂਸ ਕਰਦਾ ਹੈ। ਕਾਵਿ-ਅਨੁਭਵ ਵਿਚ ਉਹ ਇਸ ਔਖ ਤੋਂ , ਯਥਾਰਥ ਦੇ ਬੋਝ ਤੋਂ ਹੌਲਾ ਹੌਲਾ ਮਹਿਸੂਸ ਕਰਦਾ ਹੈ। ਇਸ ਤਰ੍ਹਾਂ ਨਾਲ ਕਾਵਿ-ਅਨੁਭਵ, ਜੀਵਨ-ਅਨੁਭਵ ਤੋਂ ਵੱਖਰਾ ਜੇਹਾ ਉਲਾਰ ਜੇਹਾ ਅਨੁਭਵ ਹੈ। ਸਹਿਜ ਛਿਣ ਭਰ ਦਾ ਵੇਗ ਨਹੀਂ, ਇਕ ਨਵੀਂ ਪ੍ਰਕਾਰ ਦੀ ਜੀਵਨ-ਚੇਤਨਾ ਦਾ ਉਦੈ ਹੈ। ਮਨੁੱਖ ਛਿਣ ਭਰ ਲਈ ਜੀਵਨ ਦੇ ਬੋਝ ਤੋਂ ਮੁਕਤ ਨਹੀਂ ਹੁੰਦਾ, ਸਗੋਂ ਉਸ ਵਿਚ ਜੀਵਨ ਸਬੰਧੀ ਨਵੀਂ ਚੇਤਨਾ ਜਾਗਦੀ ਹੈ ਅਤੇ ਫੇਰ ਲਗਾਤਾਰ ਬਣੀ ਰਹਿੰਦੀ ਹੈ। 'ਸਤਿਗੁਰੁ ਤ ਪਾਇਆ ਸਹਿਜ ਸੇਤੀ ਮਨਿ ਵਜੀਆ ਵਾਧਾਈਆ' ਵਿਚ ਤਿੰਨ ਤੱਤ ਧਿਆਨਯੋਗ ਹਨ। ਸਤਿਗੁਰੂ ਸਹਿਜ ਦੇ ਨਾਲ ਪ੍ਰਾਪਤ ਹੁੰਦਾ ਹੈ ਤੇ ਮਨ ਵਿਚ ਵਧਾਈਆਂ ਵਜਦੀਆਂ ਹਨ। ਵਧਾਈ ਵਜਣ ਦਾ ਅਰਥ ਹੈ ਅਨੰਦ ਦੀ ਪ੍ਰਾਪਤੀ। ਇਹ ਅਨੰਦ ਸਤਿਗੁਰੂ (ਗਿਆਨ) ਪ੍ਰਾਪਤ ਹੋਣ ਦਾ ਸਹਿਜ ਅਨੰਦ ਹੈ।"[18]

ਗੁਰੂ ਨਾਨਕ ਬਾਣੀ ਦੀ ਇਸ ਵਿਸ਼ੇਸ਼ ਸੁਹਜ ਭਾਵਨਾ ਕਰਕੇ ਹੀ ਇਹ ਸਾਮਾਨਯ ਕਵਿਤਾ ਤੋਂ ਵੱਖਰੀ ਭਾਂਤ ਦਾ ਪ੍ਰਵਚਨ ਹੈ। ਸੰਤ ਸਿੰਘ ਸੇਖੋਂ ਨੇ ਜਦੋਂ ਬਾਣੀ ਨੂੰ 'ਪਰਾ ਸਾਹਿਤ'[19] ਕਿਹਾ, ਉਹ ਸ਼ਾਇਦ

ਏਸੇ ਕਰਕੇ ਸੀ ਕਿਉਂਕਿ ਬਾਣੀ ਦੀ ਇਹ ਪ੍ਰਕਿਰਤੀ ਸਾਧਾਰਨ ਲੌਕਿਕ ਕਾਵਿ ਤੋਂ ਵੱਖਰੀ ਭਾਂਤ ਦੀ ਹੈ। ਇਥੇ ਮਹੱਤਵ ਸੰਤ ਸਿੰਘ ਸੇਖੋਂ ਦੇ ਮੱਤ ਨਾਲ ਸਹਿਮਤ ਹੋਣ ਜਾਂ ਨਾ ਹੋਣ ਦਾ ਨਹੀਂ, ਮਹੱਤਵ ਇਸ ਗੱਲ ਦਾ ਹੈ ਕਿ ਬਾਣੀ ਦਾ ਸੁਹਜ ਸਾਮਾਨਯ ਸਾਹਿਤ ਤੋਂ ਪਾਰਗਾਮੀ ਹੈ ਜਿਸ ਦਾ ਅਸਿੱਧਾ ਅਤੇ ਅਚੇਤ ਸੰਕੇਤ ਬਾਣੀ ਬਾਰੇ ਸੰਤ ਸੇਖੋਂ ਦੀ ਟਿੱਪਣੀ ਵਿਚ ਨਿਹਿਤ ਹੈ। ਇਸ ਤੋਂ ਵੀ ਪਹਿਲਾਂ ਪ੍ਰੋ. ਪੂਰਨ ਸਿੰਘ ਨੇ ***The Spirit of Oriental Poetry*** ਵਿਚ ਬਾਣੀ ਅਤੇ ਕਾਵਿ ਦਾ ਅੰਤਰ-ਨਿਖੇੜ ਕੀਤਾ ਹੈ। ਇਸ ਪੁਸਤਕ ਵਿਚ ਉਸ ਨੇ ਦੈਵੀ ਕਵਿਤਾ, ਭਗਤ ਜਨਾਂ ਦੀ ਕਵਿਤਾ ਅਤੇ ਸਾਮਾਨਯ ਕਾਵਿ ਦਾ ਅੰਤਰ-ਭੇਦ ਦਰਸਾਇਆ ਹੈ। ਇਸੇ ਸੰਦਰਭ ਵਿਚ ਪ੍ਰੋ. ਪੂਰਨ ਸਿੰਘ ਨੇ ਕਿਹਾ ਕਿ ਨਿਰਾ ਸਾਹਿਤ ਨਿਰੀ ਭੁੱਖ ਨੰਗ ਹੈ। ਜਦੋਂ ਤਕ ਵਣ ਵਿਚ ਪ੍ਰੀਤਮ ਦੇ ਡੇਰੇ ਦਾ ਨਿਸ਼ਾਨ ਨਾ ਮਿਲੇ, ਉਦੋਂ ਤਕ ਸਾਰਾ ਦ੍ਰਿਸ਼ ਮੰਡਲ ਸੁੰਨਸਾਨ ਹੁੰਦਾ ਹੈ। ਉਸ ਦੇ ਸ਼ਬਦਾਂ ਵਿਚ:

> Mere literature is starvation. Unless we see His tent somewhere in the forest the landscape is empty.[20]

ਗੁਰੂ ਨਾਨਕ ਬਾਣੀ ਦਾ ਬਾਹਰੀ ਰੂਪ-ਆਕਾਰ ਅਤੇ ਭਾਸ਼ਾਈ ਮੁਹਾਵਰਾ ਸਾਮਾਨਯ ਕਵਿਤਾ ਵਰਗਾ ਹੈ ਪਰ ਇਸ ਦੀ ਵਜੂਦਾਤਮਕ ਪ੍ਰਕਿਰਤੀ ਕਵਿਤਾ ਤੋਂ ਭਿੰਨ ਹੈ। ਸਾਧਾਰਨ ਮਾਨਵੀ ਪ੍ਰਤੱਖਣ ਇਸ ਦੇ ਬਾਹਰੀ ਰੂਪ-ਆਕਾਰ ਦੇ ਆਧਾਰ ਉਤੇ ਇਸ ਨੂੰ ਕਵਿਤਾ ਸਮਝਦਾ ਹੈ ਪਰ ਵਾਸਤਵ ਵਿਚ ਇਹ 'ਬ੍ਰਹਮ ਵਿਚਾਰ' ਹੈ। ਬਾਣੀ ਦੀ ਇਸ ਪ੍ਰਕਿਰਤੀ ਨੂੰ ਭਗਤ ਕਬੀਰ ਜੀ ਨੇ ਸਪੱਸ਼ਟ ਅਤੇ ਸੂਤ੍ਰਿਕ ਰੂਪ ਵਿਚ ਇਉਂ ਦਰਸਾਇਆ ਹੈ:

ਲੋਗ ਜਾਨੈ ਇਹੁ ਗੀਤੁ ਹੈ ਇਹੁ ਤਉ ਬ੍ਰਹਮ ਬੀਚਾਰ॥ [21]

ਗੀਤ ਕਾਵਿ, ਕਲਾ ਅਤੇ ਸੁਹਜ ਦਾ ਚਿਹਨਕ ਹੈ ਜਦਕਿ 'ਬ੍ਰਹਮ ਬੀਚਾਰ' ਗਿਆਨ ਅਤੇ ਦਰਸ਼ਨ ਦਾ। ਕਬੀਰ ਜੀ ਅਨੁਸਾਰ ਬਾਣੀ ਮੂਲ ਰੂਪ ਵਿਚ 'ਬ੍ਰਹਮ ਬੀਚਾਰ' ਹੈ ਪਰ ਲੋਕ ਇਸ ਨੂੰ ਗੀਤ ਸਮਝਦੇ ਹਨ। ਇਸ ਪ੍ਰਥਾਇ ਗੁਰੂ ਨਾਨਕ ਬਾਣੀ ਵਿਚ ਨਿਮਨਲਿਖਤ ਸੰਕੇਤ ਨਿਹਿਤ ਹੈ:

ਗਾਵਹੁ ਗੀਤੁ ਨ ਬਿਰਹੜਾ ਨਾਨਕ ਬ੍ਰਹਮ ਬੀਚਾਰੋ॥ [22]

ਬ੍ਰਹਮ ਵਿਚਾਰ ਦਾ ਕਥਨ ਕੇਵਲ ਕਾਵਿਕ ਧਰਾਤਲ ਉਤੇ ਸੰਭਵ ਨਹੀਂ। ਇਹ ਕਾਵਿਕ ਸੁਹਜ ਤੋਂ ਪਾਰ ਦਾ ਮੰਡਲ ਹੈ। ਗੁਰੂ ਨਾਨਕ ਸਾਹਿਬ ਅਨੁਸਾਰ ਸੌ ਸ਼ਾਇਰ (ਸਾਮਾਨਯ ਕਵੀ) ਮਿਲ ਕੇ ਵੀ 'ਬ੍ਰਹਮ ਬੀਚਾਰ' ਦੇ ਇਸ ਧਰਾਤਲ ਤਕ ਜ਼ਰੇ ਦੇ ਮਾਤ੍ਰ ਵੀ ਨਹੀਂ ਪਹੁੰਚ ਸਕਦੇ:

ਤੇਰਾ ਹੁਕਮ ਨਾ ਜਾਪੀ ਕੇਤੜਾ ਲਿਖਿ ਨ ਜਾਣੈ ਕੋਇ॥<br>
ਜੇ ਸਉ ਸਾਇਰ ਮੇਲੀਅਹਿ ਤਿਲੁ ਨ ਪੁਜਾਵਹਿ ਰੋਇ॥ [23]

ਕਵਿਤਾ (ਗੀਤ) ਅਤੇ ਬਾਣੀ (ਬ੍ਰਹਮ ਬੀਚਾਰ) ਦਾ ਇਹ ਭੇਦ ਹੀ ਦਰਅਸਲ ਪੋਇਟਿਕ ਟੈਕਸਟ ਅਤੇ ਸੇਕਰਡ ਟੈਕਸਟ ਦਾ ਭੇਦ ਹੈ।

ਗਰੂ ਨਾਨਕ ਬਾਣੀ ਦੇ ਸੁਹਜ ਸ਼ਾਸਤਰ ਨੂੰ ਸੂਤਰਬੱਧ ਕਰਨ ਲਈ ਇਸ ਦੇ ਸੰਗੀਤ ਸ਼ਾਸਤਰ ਦੀ ਸਮਝ ਵੀ ਲਾਜ਼ਮੀ ਤੌਰ 'ਤੇ ਲੋੜੀਂਦੀ ਹੈ। ਪੰਜਾਬੀ ਬੌਧਿਕ ਜਗਤ ਵਿਚ ਹੁਣ ਤਕ ਜਿੰਨ੍ਹੀ ਵੀ ਚਰਚਾ ਬਾਣੀ ਦੇ ਸੁਹਜ ਸ਼ਾਸਤਰ ਬਾਰੇ ਹੋਈ ਹੈ, ਉਹ ਕਾਵਿ ਸ਼ਾਸਤਰ 'ਤੇ ਆਧਾਰਿਤ ਹੈ। ਇਸ ਵਿਚ ਬਾਣੀ ਦੀ ਸੰਗੀਤ ਸ਼ਾਸਤਰੀ ਸਮਝ ਮਨਫ਼ੀ ਹੈ।ਬਾਣੀ ਦਾ ਉਚਾਰਨ ਰਾਗਾਂ ਵਿਚ ਹੋਇਆ ਹੈ। 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚ ਬਾਣੀ ਨੂੰ ਵਿਸ਼ੇਸ਼ ਰਾਗ, ਤਾਲ, ਧੁਨ ਅਤੇ ਗਾਇਨ ਸ਼ੈਲੀ ਅਨੁਸਾਰ ਗਾਇਨ ਕਰਨ ਦੇ ਨਿਰਦੇਸ਼ ਅੰਕਿਤ ਹਨ। ਇਹਨਾਂ ਸੰਗੀਤ ਸ਼ਾਸਤਰੀ ਨਿਰਦੇਸ਼ਾਂ ਵਿਚ ਵੀ ਇਕ ਵਿਸੇਸ਼ ਭਾਂਤ ਦਾ ਸੁਹਜ ਦਰਸ਼ਨ ਨਿਹਿਤ ਹੈ। ਗੁਰੂ ਨਾਨਕ ਬਾਣੀ ਦਾ ਰਾਗ ਬੱਧ ਹੋਣਾ ਵੀ ਇਸ ਦੇ ਮਰਯਾਦਾ ਆਧਾਰਿਤ ਸੁਹਜ

ਅਨੁਭਵ ਦੀ ਨਿਸ਼ਾਨੀ ਹੈ। ਰਾਗਾਂ ਦਾ ਸ਼ਾਸਤਰੀ ਵਿਧਾਨ ਸੰਗੀਤ ਨੂੰ ਗਿਆਨ ਤਪੱਸਿਆ ਅਤੇ ਸਾਧਨਾ ਨਾਲ ਜੋੜ ਕੇ ਇਸ ਨੂੰ ਆਪਹੁਦਰਾ ਨਹੀਂ ਹੋਣ ਦਿੰਦਾ। ਬਾਣੀ ਦੇ ਰਾਗਾਂ ਦੀ ਦਰਬਾਰੀ ਰਾਗਾਂ ਨਾਲੋਂ ਪ੍ਰਕਿਰਤੀਮੂਲਕ ਭਿੰਨਤਾ ਹੈ। ਬਾਣੀ ਦੇ ਦਰਸ਼ਨ ਵਾਂਗ ਹੀ ਬਾਣੀ ਦਾ ਸੰਗੀਤ ਸ਼ਾਸਤਰ ਵੀ ਭਿੰਨਤਾ ਵਿਚ ਏਕਤਾ ਦੇ ਭਾਵ ਉਤੇ ਆਧਾਰਿਤ ਹੈ। ਗੁਰੂ ਨਾਨਕ ਬਾਣੀ ਵਿਚ ਉੱਤਰ ਭਾਰਤੀ ਸ਼ਾਸਤਰੀ ਸੰਗੀਤ ਸ਼ੈਲੀ ਦੇ ਨਾਲ-ਨਾਲ ਦੱਖਣ ਭਾਰਤੀ ਜਾਂ ਕਰਨਾਟਕੀ ਸ਼ਾਸਤਰੀ ਸੰਗੀਤ ਸ਼ੈਲੀ ਦੇ ਰਾਗ ਵੀ ਆਏ ਹਨ।ਗੁਰੂ ਨਾਨਕ ਬਾਣੀ ਵਿਚ 'ਗਉੜੀ ਦਖਣੀ', 'ਵਡਹੰਸੁ ਦਖਣੀ', 'ਬਿਲਾਵਲੁ ਦਖਣੀ', 'ਰਾਮਕਲੀ ਦਖਣੀ', 'ਮਾਰੂ ਦਖਣੀ' ਅਤੇ 'ਪ੍ਰਭਾਤੀ ਦਖਣੀ' ਰਾਗ ਉੱਤਰ ਭਾਰਤੀ ਜਾਂ ਹਿੰਦੁਸਤਾਨੀ ਸ਼ਾਸਤਰੀ ਸੰਗੀਤ ਸ਼ੈਲੀ ਵਿਚ ਦੱਖਣ ਭਾਰਤੀ ਜਾਂ ਕਰਨਾਟਕੀ ਸੰਗੀਤ ਸ਼ੈਲੀ ਦੇ ਸੁਮੇਲ ਦੀਆਂ ਪ੍ਰਤੱਖ ਉਦਾਹਰਣਾਂ ਹਨ। ਕਲਾਸਕੀ ਸੰਗੀਤ ਸ਼ੈਲੀਆਂ ਦਾ ਇਹ ਸਮਨਵੈ ਦਰਸਾਉਂਦਾ ਹੈ ਕਿ ਗੁਰੂ ਨਾਨਕ ਬਾਣੀ ਦਾ ਸੰਗੀਤਕ ਸੁਹਜ ਕਿਸੇ ਇਕ ਵਿਸ਼ੇਸ਼ ਸਭਿਆਚਾਰ ਤਕ ਸੀਮਤ ਨਾ ਹੋ ਕੇ ਬਹੁ-ਸਭਿਆਚਾਰਕ (multicultural) ਹੈ। ਗੁਰੂ ਨਾਨਕ ਬਾਣੀ ਵਿਚ ਕਲਾਸਕੀ ਸੰਗੀਤ ਅਤੇ ਲੋਕ ਸੰਗੀਤ ਦਾ ਸੰਯੋਜਨ ਵੀ ਇਸ ਦੀ ਨਿਵੇਕਲੇ ਸੁਹਜ ਸ਼ਾਸਤਰ ਦਾ ਪ੍ਰਮਾਣ ਹੈ। ਲੋਕ ਸੰਗੀਤ ਵਿਚ ਆਪਮੁਹਾਰਾਪਨ ਹੁੰਦਾ ਹੈ ਅਤੇ ਸ਼ਾਸਤਰੀ ਸੰਗੀਤ ਵਿਚ ਕਲਾਸਕੀ ਨਿਯਮ-ਪ੍ਰਬੰਧ ਦੀ ਮਰਯਾਦਾ। ਲੋਕ ਸੰਗੀਤ ਅਤੇ ਕਲਾਸਕੀ ਸੰਗੀਤ ਕ੍ਰਮਵਾਰ ਮਰਯਾਦਾ ਮੁਕਤ ਅਤੇ ਮਰਯਾਦਾ ਬੱਧ ਸੰਗੀਤ ਦੇ ਦੋ ਵੱਖ-ਵੱਖ ਅਨੁਭਵੀ ਧਰਾਤਲ ਹਨ। ਇਹਨਾਂ ਦੋਵਾਂ ਦਾ ਸੁਮੇਲ ਅਸਲੋਂ ਨਿਵੇਕਲੀ ਸੁਹਜ ਭਾਵਨਾ ਦਾ ਸੂਚਕ ਹੈ।'ਆਸਾ ਦੀ ਵਾਰ' ਵਿਚ 'ਟੁੰਡੇ ਅਸਰਾਜੇ ਦੀ ਧੁਨੀ' (ਲੋਕ ਸੰਗੀਤਕ ਧੁਨ) ਨੂੰ ਰਾਗ ਆਸਾ (ਸ਼ਾਸਤਰੀ ਸੰਗੀਤ) ਦੇ ਨਾਲ ਰੱਖਿਆ ਗਿਆ ਹੈ। ਭਾਵੇਂ ਕਿ ਸ਼ਾਸਤਰੀ ਸੰਗੀਤ ਮੁੱਢਲੇ ਰੂਪ ਵਿਚ ਲੋਕ ਸੰਗੀਤ ਵਿਚੋਂ ਹੀ ਉਪਜਦਾ ਹੈ ਪਰ ਇਸ ਦੀ ਕਲਾਸਕੀ ਨਫ਼ਾਸਤ ਅਤੇ ਵਸ਼ਿਸ਼ਟਤਾ ਕਾਰਨ ਇਸ ਨੂੰ ਲੋਕ ਸੰਗੀਤ ਤੋਂ ਉੱਚਾ ਸਮਝਿਆ ਜਾਂਦਾ ਹੈ। ਗੁਰੂ ਨਾਨਕ ਬਾਣੀ ਵਿਚ ਪਹਿਲੀ ਵਾਰ ਲੋਕ ਸੰਗੀਤ ਦੀ ਧੁਨ ਅਤੇ ਸ਼ਾਸਤਰੀ ਰਾਗ ਨੂੰ ਇਕੱਠਾ ਕੀਤਾ ਗਿਆ ਹੈ। ਇਹ ਸੁਹਜ ਦੇ ਲੋਕ-ਅਨੁਭਵ ਅਤੇ ਵਸ਼ਿਸ਼ਟ-ਅਨੁਭਵ ਦਾ ਕਰਾਮਾਤੀ ਸੰਯੋਜਨ ਹੈ ਜੋ ਵਿਸ਼ਵ ਦੇ ਇਤਿਹਾਸ ਵਿਚ ਪਹਿਲੀ ਵਾਰ ਗੁਰੂ ਨਾਨਕ ਬਾਣੀ ਵਿਚ ਵਾਪਰਿਆ ਹੈ। ਇਥੇ ਲੋਕ ਸੰਗੀਤ ਦੀ ਧੁਨ ਨੂੰ ਰਾਗ ਦੀ ਸ਼ਾਸਤਰੀ ਮਰਯਾਦਾ ਨਾਲ ਜੋੜ ਦਿੱਤਾ ਗਿਆ ਹੈ।ਇਹ ਸੰਗੀਤਕ ਸੁਹਜ ਦੇ ਲੋਕ-ਅਨੁਭਵ ਅਤੇ ਵਸ਼ਿਸ਼ਟ-ਅਨੁਭਵ ਦਾ ਸੰਯੋਜਨ ਹੈ।

ਉਪਰੋਕਤ ਵਰਣਨ ਵਿਸ਼ਲੇਸ਼ਣ ਦਰਸਾਉਂਦਾ ਹੈ ਕਿ ਗੁਰੂ ਨਾਨਕ ਬਾਣੀ ਦੇ ਸੁਹਜ ਨਿਯਮ ਦੀ ਤਲਾਸ਼ ਲਈ ਬਾਣੀ ਨੂੰ ਕੇਵਲ ਇਕ ਅਧਿਐਨ ਵਸਤੂ ਵਜੋਂ ਦੇਖਣ ਦੀ ਬਜਾਇ ਇਸ ਨੂੰ ਇਕ ਗਿਆਨ ਸਰੋਤ ਵਜੋਂ ਗ੍ਰਹਿਣ ਕਰਨ ਦੀ ਜ਼ਰੂਰਤ ਹੈ। ਇਸ ਦੀਆਂ ਸੁਹਜਾਤਮਕ ਦਿਸ਼ਾਵਾਂ ਸਾਮਾਨਯ ਕਾਵਿ ਸ਼ਾਸਤਰੀ ਸੁਹਜ ਸਿਧਾਂਤ ਤੋਂ ਨਾ ਕੇਵਲ ਪਾਰਗਾਮੀ ਹਨ ਬਲਕਿ ਇਕ ਨਵੇਕਲੇ ਸੁਹਜ ਸਿਧਾਂਤ ਦੀਆਂ ਸਿਰਜਕ ਹਨ। ਗੁਰੂ ਨਾਨਕ ਬਾਣੀ ਦਾ ਸੁਹਜ ਸਿਧਾਂਤ ਦੇਹਮੂਲਕ ਭਿੰਨਤਾ ਤੋਂ ਪਾਰ ਚੇਤਨਾ ਮੂਲਕ ਮਾਨਵ ਅਸਤਿੱਤਵੀ ਏਕਤਾ 'ਤੇ ਕੇਂਦਰਤ ਹੈ। ਇਹ ਸੁਹਜ ਦੇਹ ਕੇਂਦਰਤ ਕੁਦਰਤੀ ਮੂਲ ਪ੍ਰਵਿਰਤੀਆਂ ਉਤੇ ਆਧਾਰਿਤ ਨਾ ਹੋ ਕੇ ਮਨ ਦੀ ਗਿਆਨਮੂਲਕ ਅਵਸਥਾ ਨਾਲ ਸਬੰਧਤ ਹੈ। ਇਹ ਸੁਹਜ ਦਵੰਦਾਂ ਦੀ ਰਗੜ ਵਿਚੋਂ ਉਪਜਦੀਆਂ ਚਿਣਗਾਂ ਦਾ ਸੁਹਜ ਨਹੀਂ ਬਲਕਿ ਇਹ ਸਮਾਜਿਕ ਅਤੇ ਚੇਤਨਾ ਮੂਲਕ ਦਵੰਦਾਂ ਤੋਂ ਪਾਰ ਦਵੰਦ-ਮੁਕਤਤਾ ਦੇ ਗਿਆਨ ਆਧਾਰਿਤ ਚਾਨਣ ਦਾ ਸੁਹਜ ਹੈ।

## ਹਵਾਲੇ ਅਤੇ ਟਿੱਪਣੀਆਂ


1. Will Durant, *The Story of Philosophy*, Garden City Publishing Co., INC, New York, 1933, p 1-2-3
2. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 14

3. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 400
4. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 358
5. "ਹਰਿ ਰਸਿਕ ਬੈਰਾਗੀ ਨਾਮਿ ਲਿਵ ਲਾਗੀ ਕਤਹੁ ਨ ਜਾਇ ਨਿਖੇਧਿਆ॥", *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 1122
6. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 469
7. "ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣ", *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 441
8. *ਹੀਰ ਵਾਰਿਸ ਸ਼ਾਹ*, (ਸੰਪ.) ਸੰਤ ਸਿੰਘ ਸੇਖੋਂ, ਸਾਹਿਤ ਅਕਾਦੇਮੀ, ਦਿੱਲੀ, 2006, ਪੰਨੇ 48-49
9. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 1410
10. *ਹੀਰ ਵਾਰਿਸ ਸ਼ਾਹ*, ਪੰਨਾ 147
11. ਉਹੀ, ਪੰਨਾ ਪੰਨੇ 145-146
12. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 15
13. ਹਰਿਭਜਨ ਸਿੰਘ, *ਸਾਹਿਤ ਵਿਗਿਆਨ*, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2002, ਪੰਨੇ 107-108
14. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 7
15. *ਹੀਰ ਵਾਰਿਸ ਸ਼ਾਹ*, ਪੰਨਾ 30
16. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 722
17. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 917
18. ਹਰਿਭਜਨ ਸਿੰਘ, *ਸਾਹਿਤ ਵਿਗਿਆਨ*, ਪੰਨਾ 108
19. ਸੰਤ ਸਿੰਘ ਸੇਖੋਂ, *ਪੰਜਾਬੀ ਕਾਵਿ ਸ਼ਿਰੋਮਣੀ*, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1964, ਪੰਨਾ 133
20. Puran Singh, *The Spirit of Oriental Poetry*, Kegan Paul, Trench, Trubner & Co. Ltd., London, 1926, p 1
21. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 335
22. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 581
23. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 53

# ਗੁਰੂ ਨਾਨਕ, ਤੌਹੀਦ ਅਤੇ ਵਹਿਦਤ-ਉਲ-ਵਜੂਦ

***ਅਕਰਮ ਸ਼ੇਖ਼**

ਤਵਾਰੀਖ਼ੀ ਪਿਛੋਕੜ ਵਿਚ ਇਹ ਵੀ ਗੱਲ ਖੋਜ ਪਰਖ ਵਿਚ ਸਾਹਮਣੇ ਆਉਂਦੀ ਹੈ ਕਿ ਸਭ ਤੋਂ ਪਹਿਲਾਂ ਮਜ਼ਹਬੀ ਨਜ਼ਰੀਆ (ਧਾਰਮਿਕ ਦ੍ਰਿਸ਼ਟੀਕੋਣ) ਧਰਤੀ ਮਾਂ ਦੇ ਹਵਾਲੇ ਨਾਲ਼ ਸੀ, ਜਿਹੜਾ ਅੱਜ ਵੀ ਕਿਸੇ ਨਾ ਕਿਸੇ ਸ਼ਕਲ ਵਿਚ ਮੌਜੂਦ ਹੈ।ਇਕ ਜ਼ਮਾਨਾ ਸੀ ਜਦੋਂ ਇਨਸਾਨ ਖ਼ੁਰਾਕ ਦੀ ਤਲਾਸ਼ ਵਿਚ ਗ਼ਾਰਾਂ ਤੋਂ ਬਾਹਰ ਨਿਕਲ ਜੰਗਲਾਂ, ਵੀਰਾਨੀਆਂ ਵਿਚ ਧੱਕੇ ਖਾਂਦਾ ਸੀ। ਉਹਨੂੰ ਕਈ ਤਰ੍ਹਾਂ ਦੀਆਂ ਔਕੜਾਂ ਦਾ ਸਾਹਮਣਾ ਕਰਨਾ ਪੈਂਦਾ ਸੀ, ਕਈ ਥਾਈਂ ਉਹਨੂੰ ਦਰਿੰਦੇ ਤੇ ਮਾਰੂ ਜਨੌਰ ਵੀ ਮੱਥੇ ਲਗਦੇ ਸਨ। ਅੱਜ ਇਨਸਾਨ ਆਪਣੀ ਖ਼ੁਰਾਕ ਜ਼ਮੀਨ ਤੋਂ ਆਪ ਪੈਦਾ ਕਰਦਾ ਹੈ।ਖੇਤੀਬਾੜੀ ਕਰਦਾ ਹੈ। ਜਿਥੇ ਜ਼ਿਆਦਾ ਫ਼ਸਲ ਹੁੰਦੀ ਹੈ, ਓਥੇ ਉਹਨੂੰ ਖ਼ੁਰਾਕ ਤੋਂ ਇਲਾਵਾ ਲੋੜਾਂ ਥੁੜ੍ਹਾਂ ਪੂਰੀਆਂ ਕਰਨ ਲਈ ਵਰਤਿਆ ਜਾਂਦਾ ਹੈ।

ਇਹ ਸਭ ਕੁੱਛ ਇਨਸਾਨ ਦੀ ਮਿਹਨਤ ਦਾ ਨਤੀਜਾ ਹੈ।ਅੱਜ ਤਾਂ ਇਹ ਮਾਮਲਾ ਚਾਰ ਹੱਥ ਹੋਰ ਅੱਗੇ ਵੱਧ ਗਿਆ ਏ। ਮਿਹਨਤ ਦੇ ਨਾਲ਼ ਮਸ਼ੀਨਰੀ ਵੀ ਆ ਗਈ ਏ। ਬਾਰਿਸ਼ ਈ ਪਾਣੀ ਦਾ ਵਸੀਲਾ ਨਹੀਂ ਰਹਿ ਗਈ। ਇਹਦਾ ਪ੍ਰਬੰਧ ਵੀ ਇਨਸਾਨੀ ਸੂਝ ਤੇ ਨਹਿਰਾਂ ਨੇ ਖਾਲਾਂ ਰਾਹੀਂ ਕਰ ਲਿਆ ਏ। ਸਗੋਂ ਬਾਰਿਸ਼ ਮੌਸਮ ਵਿਚ ਪਾਣੀ ਇਕੱਠਾ ਕਰ ਕੇ ਉਹਦੀ ਬੇਮੌਸਮੀ ਵਰਤੋਂ ਲਈ ਡੈਮ ਤੇ ਬੰਧ ਵੀ ਬਣਾਏ ਨੇ।

ਫ਼ਸਲਾਂ ਨੂੰ ਲੋੜ ਮੂਜਬ ਬੀਜਣ ਤੇ ਉਹਦੇ ਤੋਂ ਫ਼ਾਇਦੇ ਚੁੱਕਣ ਲਈ ਬੇਮੌਸਮੀ ਕਾਸ਼ਤ ਵੀ ਹੁੰਦੀ ਹੈ ਤੇ ਹਰ ਫ਼ਸਲ ਲਈ ਜ਼ਮੀਨ ਚੋਂ ਉਹਦੀ ਵੱਖਰੀ ਪੈਦਾਵਾਰੀ ਸਲਾਹੀਅਤ (ਯੋਗਤਾ) ਨੂੰ ਖਾਦਾਂ ਪਾ ਕੇ ਬਾਹਰ ਖਿੱਚਿਆ ਜਾਂਦਾ ਹੈ। ਤੇ ਫ਼ਿਰ ਉਹਨੂੰ ਕੀੜਿਆਂ ਤੋਂ ਬਚਾਉਣ ਲਈ ਦਵਾਈਆਂ ਦਾ ਇਸਤੇਮਾਲ ਵੀ ਕੀਤਾ ਜਾਂਦਾ ਹੈ। ਸਾਰੇ ਜਤਨਾਂ ਦੇ ਬਾਵਜੂਦ ਮੁਢਲਾ ਕਿਰਦਾਰ ਜ਼ਮੀਨ ਦਾ ਹੁੰਦਾ ਹੈ, ਜਿਹਦੇ ਵਿਚ ਧਰਤੀ ਮਾਂ ਲੁਕੀ ਹੁੰਦੀ ਏ, ਜਿਹੜੀ ਆਪਣੇ ਬੱਚਿਆਂ ਨੂੰ ਔਲਾਦ ਵਾਂਗੂੰ ਪਿਆਰ ਕਰਦੀ ਹੈ ਤੇ ਫ਼ਿਰ ਇਹ ਮਾਂ ਵੀ ਆਪਣੀ ਔਲਾਦ ਕੋਲੋਂ ਮੁਹੱਬਤ ਤੇ ਰੱਖਿਆ ਦੀ ਮੰਗ ਕਰਦੀ ਹੈ। ਉਹਦੇ ਪੁੱਤਰ ਕਿਸੇ ਨਾ ਕਿਸੇ ਸ਼ਕਲ ਵਿਚ ਫ਼ਰਜ਼ ਸਮਝਦੇ ਇਹਨੂੰ ਪੂਰਾ ਕਰਦੇ ਨੇ। ਉਨ੍ਹਾਂ ਨੂੰ ਸਮਾਜ ਵਿਚ ਵੀ ਉਚਿਆਈ ਤੇ ਵਡਿਆਈ ਦਿੱਤੀ ਜਾਂਦੀ ਹੈ।

ਬਹਿਰਹਾਲ ਖ਼ੁਰਾਕ ਨਾਲ਼ ਜੁੜੀ ਹੋਈ ਇਹ ਕਹਾਣੀ ਭਾਵੇਂ ਢਿੱਡ ਤੋਂ ਸ਼ੁਰੂ ਹੁੰਦੀ ਇਨਸਾਨ ਨੂੰ ਗ਼ਾਰਾਂ ਤੋਂ ਬਾਹਰ ਕੱਢਦੀ ਬਸਤੀਆਂ, ਝੋਕਾਂ ਤੇ ਸ਼ਹਿਰ ਆਬਾਦ ਕਰਨ ਵਾਲੇ ਪਾਸੇ ਲੈ ਕੇ ਜਾਂਦੀ ਹੈ, ਇਹਦੇ ਨਾਲ਼ ਉਹਨੂੰ ਮਿਹਨਤ ਵੱਲ ਟੋਰਾ ਵੀ ਦਿੰਦੀ ਹੈ। ਇੰਜ ਈ ਦੁਨੀਆ ਦੀ ਸ਼ਕਲ ਸੂਰਤ, ਰੰਗ ਰੂਪ ਪਤਾਲਾਂ ਵਿਚ ਲੁਕਦੀ ਛੁਪਦੀ, ਸਮੁੰਦਰਾਂ ਵਿਚ ਟੁਰਦੀ ਫਿਰਦੀ ਅਸਮਾਨਾਂ ਨੂੰ ਛੂੰਹਦੀ ਇਨਸਾਨੀ ਸੂਝ ਤੇ ਮਿਹਨਤ ਦੀ ਸਾਂਝ ਨੇ ਸਭ ਕੁੱਛ ਬਦਲ ਕੇ ਰੱਖ ਦਿੱਤਾ ਏ।

ਨਾ ਉਹ ਇਨਸਾਨ ਰਿਹਾ ਏ ਨਾ ਉਹ ਸੰਸਾਰ, ਨਾ ਉਹ ਰੱਬ ਤੇ ਨਾ ਉਹਦੇ ਬਾਰੇ ਵਿਚਾਰ।

ਅੱਜ ਇਨਸਾਨ ਵੀ ਨਵਾਂ ਹੈ ਤੇ ਰੱਬ ਦੇ ਰੂਪ ਰੰਗ ਵੀ ਵੱਖਰੇ ਨੇ। ਇਨਸਾਨ ਨੇ ਈ ਉਹਨੂੰ ਆਪਣੀਆਂ ਲੋੜਾਂ ਥੁੜ੍ਹਾਂ ਬੇਵਸੀਆਂ ਤੇ ਲਾਚਾਰੀਆਂ ਚੋਂ ਦਰਿਆਫ਼ਤ ਕੀਤਾ ਸੀ ਤੇ ਫ਼ਿਰ ਉਹਨੂੰ ਸਭ ਤੋਂ ਵੱਡੀ ਤਾਕਤ ਬਣਾ ਕੇ ਅਰਸ਼ਾਂ ਤੇ ਵੀ ਬਿਠਾਇਆ। ਇਹ ਇਨਸਾਨ ਹੀ ਹੈ ਜਿਹਨੇ ਰੱਬ ਨੂੰ ਅਰਸ਼ਾਂ ਤੋਂ ਥੱਲੇ ਲਾਹਿਆ। ਉਹਨੂੰ ਸੰਸਾਰ ਦੇ ਰੰਗ ਢੰਗ ਤੇ ਰੂਪ ਸਰੂਪ ਵਿਚ ਬਿਠਾਇਆ ।

---

***579, ਪੈਰਾਗੌਣ ਸਿਟੀ, ਬਰਕੀ ਰੋਡ ਲਾਹੌਰ, ਲਿੱਪੀਅੰਤਰ: ਡਾ. ਅਨਵਰ ਚਿਰਾਗ਼, ਪੰਜਾਬੀ ਯੂਨੀਵਰਸਿਟੀ, ਪਟਿਆਲਾ।**

ਉਹਦਾ ਬਾਹਰ ਵਿਖਾਲਾ ਕੀਤਾ ਫ਼ਿਰ ਆਪ ਉਹਨੂੰ ਆਪਣੀ ਜ਼ਾਤ, ਆਪਣੀ ਹਸਤੀ, ਆਪਣੇ ਵਜੂਦ ਦਾ ਹਿੱਸਾ ਬਣਾਇਆ। ਅੱਜ ਇਨਸਾਨ ਤੇ ਰੱਬ ਦੋਵੇਂ ਇਕ ਦੂਜੇ ਦੀ ਜ਼ਾਤ ਦਾ ਹਿੱਸਾ ਨੇ। ਦੋਵੇਂ ਇਕ ਦੂਜੇ ਨਾਲ਼ ਜੁੜੇ ਹੋਏ ਨੇ। ਦੋਵਾਂ ਦਾ ਇਕ ਦੂਜੇ ਤੋਂ ਬਿਨਾਂ ਗੁਜ਼ਾਰਾ ਨਹੀਂ। ਦੋਵੇਂ ਈ ਇਕ ਦੂਜੇ ਦੀ ਪਛਾਣ ਨੇ। ਬੱਸ ਇਹਦੇ ਲਈ ਸੋਚ ਸਿਆਣਪ ਤੇ ਸੂਝ ਦਾ ਫ਼ਰਕ ਏ। ਇਹ ਫ਼ਰਕ ਭਾਵੇਂ ਕਿੰਨਾ ਵੀ ਹੋਵੇ, ਰੱਬ ਰੂਹਾਨੀਅਤ ਦੀ ਸ਼ਕਲ ਵਿਚ ਕੱਲ੍ਹ ਵੀ ਏਸ ਫ਼ਰਕ ਨੂੰ ਪੂਰ ਰਿਹਾ ਸੀ, ਅੱਜ ਵੀ ਰੱਬ ਈ ਇਹ ਪਾੜਾ ਮੇਲ ਰਿਹਾ ਏ।ਸੂਝ ਸਿਆਣਪ ਭਾਵੇਂ ਥੋੜ੍ਹੀ ਏ ਭਾਵੇਂ ਬਹੁਤੀ ਏ। ਉਹਦੀ ਪਹੁੰਚ ਜ਼ਮੀਨ ਦੀ ਪੈਦਾਵਾਰ, ਖ਼ੁਰਾਕ ਤੇ ਮਿਹਨਤ ਤਾਈਂ ਹੈ।ਯਾ ਫ਼ਿਰ ਇਨਸਾਨੀ ਸੂਝ ਅਸਮਾਨਾਂ ਨੂੰ ਹੱਥ ਪਾਉਂਦੀ ਹੈ।ਹਵਾਵਾਂ, ਫ਼ਿਜ਼ਾਵਾਂ ਨੂੰ ਆਪਣੇ ਜੱਫੇ ਵਿਚ ਲੈਣ ਦੀ ਕੋਸ਼ਿਸ਼ ਕਰ ਰਹੀ ਏ।

ਸਿਤਾਰਿਆਂ ਨੂੰ ਜ਼ਮੀਨ ਤੇ ਲਿਆਣ ਦੇ ਦਾਵੇ ਕਰ ਰਹੀ ਏ। ਜ਼ਮੀਨੀ ਪੈਦਾਵਾਰ ਵਿਚ ਇਨਸਾਨੀ ਸੂਝ ਨੇ ਵਾਧੇ ਘਾਟੇ ਦੇ ਸਾਰੇ ਕਾਰਨ ਤਲਾਸ਼ ਕਰ ਲਏ ਨੇਂ ਪਰ ਫ਼ਿਰ ਵੀ ਰੱਬ ਅਜੇ ਵੀ ਕਿਸਮਤ ਦੀ ਸ਼ਕਲ ਵਿਚ ਮੌਜੂਦ ਹੈ। ਜਾਂ ਫ਼ਿਰ ਅਨ੍ਹੇਰ ਯਾ, ਤੂਫ਼ਾਨਾਂ, ਬਾਰਿਸ਼ਾਂ ਤੇ ਹੜ੍ਹਾਂ ਵਿਚ ਉਹ ਤਕਦੀਰ ਬਣ ਕੇ ਲੁਕਿਆ ਹੋਇਆ ਏ।

ਇਨਸਾਨ ਉਹਨੂੰ ਮੰਨਣ ਤੇ ਮਜਬੂਰ ਹੈ ਯਾ ਫ਼ਿਰ ਇਕ ਵਿਚਾਰਧਾਰਾ ਵਿਚ ਉਹ ਇਨਸਾਨ ਨੂੰ ਅਪਣਾ ਆਪ ਮੰਨਵਾ ਰਿਹਾ ਏ। ਭਾਵੇਂ ਉਹਦੇ ਕੋਲ਼ ਸੋਚ ਤੇ ਫ਼ਿਕਰ ਦੀ ਆਜ਼ਾਦੀ ਹੈ ਜਾਂ ਏਸ ਆਜ਼ਾਦੀ ਨੇ ਈ ਉਹਨੂੰ ਗੁਸਤਾਖ਼ ਬਣਾ ਛੱਡਿਆ ਏ। ਉਹ ਆਪਣੇ ਤੋਂ ਸਿਵਾ ਕਿਸੇ ਹੋਰ ਨੂੰ ਮੰਨਣ ਲਈ ਤਿਆਰ ਨਹੀਂ। ਪਰ ਫ਼ਿਜ਼ਾਵਾਂ ਤੇ ਹਵਾਵਾਂ, ਮੌਸਮਾਂ ਤੇ ਰੁੱਤਾਂ ਵਿਚ ਅਚਨਚੇਤ ਤਬਦੀਲੀਆਂ ਰਾਹੀਂ ਏਸ ਗੁਸਤਾਖ਼ ਇਨਸਾਨ ਤੋਂ ਅਪਣਾ ਆਪ ਮਨਾਵੰਦਾ ਹੈ।

ਭਾਵੇਂ ਇਨਸਾਨੀ ਖੋਜ ਇਨ੍ਹਾਂ ਸਭ ਤਬਦੀਲੀਆਂ ਦੇ ਕਾਰਨ ਤਲਾਸ਼ ਕਰ ਚੁੱਕੀ ਏ, ਹੁਣ ਤਾਂ ਗੱਲ ਏਸ ਤੋਂ ਵੀ ਚਾਰ ਹੱਥ ਅੱਗੇ ਚਲੀ ਗਈ ਏ। ਇਨਸਾਨ ਦੀ ਖ਼ੁਦਮੁਖ਼ਤਾਰੀ ਤੇ ਸੋਚ ਦੀ ਆਜ਼ਾਦੀ ਨੇ ਨਵੇਂ ਰੱਬ ਬਣਾ ਲਏ ਨੇ।ਜਾਂ ਫ਼ਿਰ ਮੁਤਬਾਦਲ ਬਣਾ ਕੇ ਨਵੀਂ ਵਿਚਾਰਧਾਰਾ ਨੂੰ ਜਨਮ ਦਿੱਤਾ ਹੈ। ਆਪੇ ਈ ਸਵਾਲ ਬਣਾਏ ਨੇ ਤੇ ਆਪ ਈ ਉਹਦੇ ਜਵਾਬ ਤਲਾਸ਼ ਕੀਤੇ ਨੇ ਤੇ ਫ਼ਿਰ ਉਨ੍ਹਾਂ ਚੋਂ ਤਵਾਨਾਈ (ਊਰਜਾ) ਨੂੰ ਸਭ ਤੋਂ ਉਤਲੇ ਹੱਥ ਕਰ ਕੇ ਉਹਦੇ ਵਿਚ ਪਨਾਹ ਲਈ। ਪਰ ਇਹ ਗੱਲ ਪਰੋਖੇ ਕੀਤੀ ਗਈ ਕਿ ਤਵਾਨਾਈ ਦੀ ਵਰਤੋਂ ਲਈ ਇਨਸਾਨੀ ਹੱਥ ਦੀ ਜ਼ਰੂਰਤ ਹੁੰਦੀ ਹੈ। ਉਂਗਲੀ ਸਵਿੱਚ ਆਨ ਕਰੇਗੀ ਤੇ ਤਵਾਨਾਈ ਦੀ ਤਿਆਰੀ ਤੇ ਤਕਸੀਮ ਸ਼ੁਰੂ ਹੋਵੇਗੀ। ਜਦ ਕੁਦਰਤ ਦਾ ਬਣਾਇਆ ਹੋਇਆ ਨਿਜ਼ਾਮ, ਆਪਣੀ ਮਖ਼ਸੂਸ (ਵਿਸ਼ੇਸ਼) ਬੰਦਸ਼ ਵਿਚ ਲੱਖਾਂ, ਕਰੋੜਾਂ ਸਾਲ ਤੋਂ ਚੱਲ ਰਿਹਾ ਹੈ ਜੋ ਇਕ ਹੁਕਮ ਦੀ ਮਾਨਤਾ ਵਿਚ ਇਕ ਪਲ ਵਿਚ ਤਿਆਰ ਹੋਇਆ ਜਿਹੜਾ ਹੁਣ ਤੀਕਰ ਆਪਣੇ ਤਸੱਲਸੁਲ (ਲਗਾਤਾਰਤਾ) ਵਿਚ ਚੱਲ ਰਿਹਾ ਏ। ਸੂਰਜ, ਚੰਨ ਸਿਤਾਰੇ, ਗ੍ਰਹਿ, ਜ਼ਮੀਨ ਸਭ ਆਪਣੀ ਆਪਣੀ ਰਫ਼ਤਾਰ ਵਿਚ ਅਪਣਾ ਕਿਰਦਾਰ ਅਦਾ ਕਰ ਰਹੇ ਨੇ। ਜਿਥੇ ਕਿੱਤੇ ਜਦੋਂ ਵੀ ਕੋਈ ਦਖ਼ਲ ਅੰਦਾਜ਼ੀ ਹੋਈ ਏ ਯਾ ਫ਼ਿਰ ਇਨਸਾਨ ਨੇ ਮਸ਼ੀਨ ਦੇ ਕਿਸੇ ਇਕ ਪੁਰਜ਼ੇ ਨੂੰ ਵੀ ਛੇੜਨ ਦੀ ਕੋਸ਼ਿਸ਼ ਕੀਤੀ ਏ, ਉਹਦਾ ਸਖ਼ਤ ਰੱਦ-ਏ-ਅਮਲ (ਪ੍ਰਤੀਕਰਮ) ਵੀ ਸਾਹਮਣੇ ਆਇਆ ਹੈ। ਇਹ ਤੂਫ਼ਾਨ, ਇਹ ਭੂਚਾਲ ਸਭ ਰੱਦ-ਏ-ਅਮਲ ਦਾ ਨਤੀਜਾ ਨੇ।

ਇਨਸਾਨ ਨੂੰ ਚਾਹੀਦਾ ਹੈ ਕਿ ਆਪਣੀ ਹੱਦ ਵਿਚ ਰਹਵੇ, ਜਿਹੜੀ ਜ਼ਿੰਮੇਵਾਰੀ ਉਹਨੂੰ ਦਿੱਤੀ ਗਈ ਹੈ, ਉਸੇ ਨੂੰ ਈ ਬਿਹਤਰ ਤਰੀਕੇ ਨਾਲ਼ ਨਿਭਾਉਣ ਦੀ ਕੋਸ਼ਿਸ਼ ਕਰੇ। ਇਹੋ ਈ ਉਹਦਾ ਕਿਰਦਾਰ ਹੈ ਤੇ ਇਸੇ ਵਿਚ ਈ ਉਹਦੀ ਭਲਿਆਈ ਤੇ ਸੰਸਾਰ ਦੀ ਬਿਹਤਰੀ ਏ। ਨਹੀਂ ਤੇ ਫ਼ਿਰ ਜੋ ਕੁੱਛ ਹੋ ਰਿਹਾ ਏ ਉਹ ਜ਼ਿਆਦਾ ਸਖ਼ਤ ਵੀ ਹੋ ਸਕਦਾ ਹੈ। ਇਹਦਾ ਜ਼ਿੰਮੇਵਾਰ ਵੀ ਉਹ ਆਪ ਈ ਹੋਵੇਗਾ ਤੇ ਜਦੋਂ ਉਹਦਾ ਆਮਾਲਨਾਮਾ (ਕਰਮ ਪੱਤਰੀ) ਸਾਮ੍ਹਣੇ ਲਿਆਂਦਾ ਜਾਏਗਾ, ਉਹ ਉਹਦੇ ਤੋਂ ਇਨਕਾਰ ਵੀ ਨਹੀਂ ਕਰ

ਸਕੇਗਾ। ਉਹ ਮੁਜਰਿਮ ਬਣ ਕੇ ਖਲੋਤਾ ਹੋਵੇਗਾ। ਉਹਦੇ ਕੋਲ਼ ਪਛਤਾਵੇ ਤੇ ਰੋਣ ਪਿੱਟਣ ਤੋਂ ਇਲਾਵਾ ਕੁੱਝ ਨਹੀਂ ਹੋਵੇਗਾ। ਇਸੇ ਲਈ ਸਿਆਣੇ ਤੇ ਸੂਝਵਾਨ ਉਹਨੂੰ ਬੰਦਿਆਈ ਦੀ ਪ੍ਰੇਰਨਾ ਦਿੰਦੇ ਆਪਣੇ ਕਿਰਦਾਰ ਤੇ ਨਜ਼ਰਸਾਨੀ ਲਈ ਕਹਿੰਦੇ ਨੇ। ਇਹ ਵੱਖਰੀ ਗੱਲ ਹੈ ਕਿ ਇਨਸਾਨ ਆਪਣੀ ਖ਼ੁਦਮੁਖ਼ਤਾਰੀ ਦੇ ਜਾਮੇ ਵਿਚੋਂ ਬਾਹਰ ਨਿਕਲਣ ਲਈ ਤਿਆਰ ਨਹੀਂ ਜਾਂ ਫ਼ਿਰ ਉਹ ਸਿਰ ਨੀਵਾਂ ਕਰਨ ਨੂੰ ਆਪਣੀ ਤੌਹੀਨ (ਬੇਇੱਜ਼ਤੀ) ਸਮਝਦਾ ਹੈ।

ਹਾਲਾਂਕਿ ਸਿਰ ਨੀਵਾਂ ਹੋਵੇ ਤਾਂ ਸੂਝ ਸਿਆਣਪ ਦਾ ਸਫ਼ਰ ਸ਼ੁਰੂ ਹੁੰਦਾ ਹੈ। ਆਪਣੇ ਅੰਦਰ ਵੱਲ ਵੀ ਝਾਤ ਪੈਂਦੀ ਹੈ ਆਪਣੀ ਜ਼ਾਤ, ਆਪਣੀ ਹਸਤੀ, ਆਪਣੇ ਵਜੂਦ ਦੀ ਹੋਂਦ ਵੀ ਵਿਖਾਲੀ ਦਿੰਦੀ ਹੈ ਤੇ ਫ਼ਿਰ ਉਹ ਸਾਂਝ ਵੀ ਨਿੱਤਰ ਕੇ ਸਾਹਮਣੇ ਆ ਜਾਂਦੀ ਹੈ ਜਿਹੜੀ ਰੂਹਾਨੀਅਤ ਦੀ ਸ਼ਕਲ ਵਿਚ ਰੱਬ ਤੇ ਬੰਦੇ ਵਿਚ ਹੈ। ਤੇ ਫ਼ਿਰ ਉਹ ਸਾਰਾ ਸਫ਼ਰ ਵੀ ਸਾਹਮਣੇ ਆ ਜਾਂਦਾ ਹੈ ਜਿਹੜਾ ਰੱਬ ਨੂੰ ਦਰਿਆਫ਼ਤ ਕਰਨ ਤੇ ਫ਼ਿਰ ਅਸਮਾਨਾਂ ਤੋਂ ਜ਼ਮੀਨਾਂ ਤੀਕਰ ਲਿਆਉਣ, ਸੰਸਾਰ ਦੀ ਹਰ ਸ਼ੈਅ ਵਿਚ ਉਹਦੀ ਹੋਂਦ ਤੇ ਮੌਜੂਦਗੀ ਤੋਂ ਹੁੰਦਾ ਹੋਇਆ ਇਨਸਾਨ ਦੇ ਅੰਦਰ ਤੱਕ ਆਇਆ ਤੇ ਅੱਜ ਉਹ ਪੱਕੇ ਡੇਰੇ ਲਾ ਕੇ ਬੈਠਾ ਹੋਇਆ ਏ। ਇਹੋ ਈ ਸੂਫ਼ੀਆਂ ਦਾ ਰੂਪ ਹੈ ਤੇ ਇਹੋ ਈ ਗੁਰੂ ਨਾਨਕ ਦਾ ਤੇ ਇਹੋ ਈ ਇਨਸਾਨਾਂ ਦੀ ਆਖ਼ਰੀ ਪਨਾਹ ਏ।

ਤੌਹੀਦ (ਇੱਕ-ਈਸ਼ਵਰਵਾਦ) ਕੀ ਏ? ਤੇ ਇਹਦਾ ਕਿੱਸਰਾਂ ਵੇਰਵਾ ਕੀਤਾ ਜਾ ਸਕਦਾ ਹੈ?

ਇਨਸਾਨੀ ਅਕਲ ਤੇ ਸੂਝ ਸਿਆਣਪ ਕੋਲ਼ ਉਹ ਪਹੁੰਚ ਈ ਨਹੀਂ ਜਿਹੜੀ ਤੌਹੀਦ(ਇੱਕ-ਈਸ਼ਵਰਵਾਦ) ਨੂੰ ਆਪਣੇ ਪੂਰੇ ਮਾਅਨਿਆਂ (ਅਰਥਾਂ) ਵਿਚ ਬਿਆਨ ਕਰ ਸਕੇ। ਤੌਹੀਦ(ਇੱਕ-ਈਸ਼ਵਰਵਾਦ) ਦੇ ਮਤਲਬ ਨੂੰ ਅੱਖਰਾਂ ਵਿਚ ਬਿਆਨ ਈ ਨਹੀਂ ਕੀਤਾ ਜਾ ਸਕਦਾ। ਜੁਨੈਦ ਬਗ਼ਦਾਦੀ ਕਹਿੰਦੇ ਨੇ, 'ਤੌਹੀਦ ਦੀ ਤਰਕ ਤੇ ਦਲੀਲ ਨਾਲ਼ ਤਾਰੀਫ਼ ਹੋ ਈ ਨਹੀਂ ਸਕਦੀ'।ਤੇ ਫ਼ਿਰ ਉਹ ਇਹ ਵੀ ਕਹਿੰਦੇ ਨੇ,'ਤੌਹੀਦ ਉਹ ਹਕੀਕਤ ਏ ਜਿਸ ਵਿਚ ਸਾਰੇ ਇਲਮ ਤੇ ਸਭ ਨਿਸ਼ਾਨੀਆਂ ਇਕ ਦੂਜੇ ਵਿਚ ਘੁਲ ਮਿਲ ਜਾਂਦੀਆਂ ਨੇ, ਸਿਰਫ਼ ਰੱਬ ਈ ਰੱਬ ਰਹਿ ਜਾਂਦਾ ਹੈ'।

ਇਮਾਮ ਗ਼ੱਜ਼ਾਲੀ ਕਹਿੰਦੇ ਨੇ:

'ਤੌਹੀਦ ਦਾ ਇਲਮ ਸਾਰੇ ਇਲਮਾਂ ਦੀ ਆਖ਼ਰੀ ਹੱਦ ਏ'।

ਸਾਰੇ ਇਲਮਾਂ ਦੀ ਅਖ਼ੀਰ ਹੋ ਜਾਂਦੀ ਏ। ਉਨ੍ਹਾਂ ਦੀਆਂ ਸਾਰੀਆਂ, ਪਰਤਾਂ, ਸ਼ਕਲਾਂ ਤੇ ਰੰਗ ਢੰਗ ਮੁੱਕ ਜਾਂਦੇ ਨੇ। ਇਸੇ ਲਈ ਬੁੱਲ੍ਹੇ ਸ਼ਾਹ ਇਹ ਮਸ਼ਵਰਾ ਦਿੰਦਾ ਹੈ:

ਇਲਮੋਂ ਬੱਸ ਕਰੀਂ ਓ ਯਾਰ, ਇਕੋ ਅਲਿਫ਼ ਤੇਰੇ ਦਰਕਾਰ

ਇਬਨੇ ਖ਼ਲਦੂਨ ਕਹਿੰਦਾ ਹੈ:

'ਕਿਸੇ ਜ਼ੁਬਾਨ ਵਿਚ ਉਹ ਅੱਖਰ ਈ ਨਹੀਂ ਜਿਹੜੇ ਤੌਹੀਦ ਦੇ ਮਾਅਨਿਆਂ (ਅਰਥਾਂ) ਨੂੰ ਖੋਲ੍ਹ ਕੇ ਬਿਆਨ ਕਰ ਸਕਣ'।

ਏਸ ਦੀ ਤਾਈਦ (ਪ੍ਰੋੜ੍ਹਤਾ) ਮਨਸੂਰ ਹੱਲਾਜ ਦੇ ਏਸ ਆਖੇ ਚੋਂ ਵੀ ਮਿਲਦੀ ਹੈ:

'ਇਨਸਾਨੀ ਸੂਝ ਜਿੰਨੀ ਵੀ ਉਹਦੇ ਬਾਰੇ ਖੋਜ ਪਰਖ ਕਰਦੀ ਹੈ, ਉਹਨੂੰ ਹੈਰਤ ਤੋਂ ਸਿਵਾ ਕੁੱਝ ਨਹੀਂ ਲੱਭਦਾ'।

ਫ਼ਿਰ ਵੀ ਮਨਸੂਰ ਹੱਲਾਜ ਦੇ ਤੌਹੀਦ ਬਾਰੇ ਵਿਚਾਰ ਬੜੇ ਧਿਆਨ ਜੋਗ ਨੇ:

'ਉਹਦੀ ਪਛਾਣ ਉਹਦਾ ਆਮ ਹੋਣਾ ਤੇ ਉਹਦਾ ਆਮ ਹੋਣਾ ਈ ਉਹਦੀ ਹਕੀਕਤ ਏ। ਇਹ ਜ਼ਾਹਰੀ ਦੁਨੀਆ ਵੀ ਉਹਦਾ ਭੇਦ ਹੈ।'

'ਤੌਹੀਦ ਦੀ ਹੱਦਬੰਦੀ ਨਹੀਂ ਕੀਤੀ ਜਾ ਸਕਦੀ। ਉਹਦੀ ਕੋਈ ਹੱਦ ਹੈ ਈ ਨਹੀਂ'

'ਹੱਕ ਹੱਕ ਏ ਤੇ ਮਖ਼ਲੂਕ ਮਖ਼ਲੂਕ ਏ। ਉਹਨੂੰ ਇਸੇ ਤਰ੍ਹਾਂ ਈ ਮੰਨ ਲੈਣਾ ਚਾਹੀਦਾ ਏ'।

'ਉਹਦੀ ਖ਼ੂਬੀ ਇਹ ਹੈ ਕਿ ਉਹਦੀ ਖ਼ੂਬੀ ਬਿਆਨ ਨਹੀਂ ਹੋ ਸਕਦੀ'।

'ਜੇ ਮੈਂ ਇਹ ਆਖਾਂ ਕਿ ਤੌਹੀਦ ਉਹਦੇ ਤੋਂ ਪੈਦਾ ਹੋਈ ਤੇ ਮੈਂ, ਇਕ ਜ਼ਾਤ ਨੂੰ ਦੋ ਜ਼ਾਤਾਂ ਵਿਚ ਵੰਡ ਦਿੱਤਾ। ਕਿਉਂ ਜੇ ਜਦੋਂ ਜ਼ਾਤ ਪੈਦਾ ਹੋਈ ਤੇ ਜ਼ਾਤ ਦੀ ਵਹਿਦਤ ਨਾ ਰਹੀ।'

ਇਕ ਵਿਚਾਰਧਾਰਾ ਉਂਞ ਵੀ ਏਸ ਗੱਲ ਤੇ ਪੱਕ ਕਰਦੀ ਹੈ ਕਿ ਤੌਹੀਦ ਦਾ ਸਵਾਲ ਈ ਅਜੀਬ ਹੈ ਤੇ ਇਹਦੇ ਬਾਰੇ ਸੋਚਣਾ ਵੀ ਅਜਾਇਬ ਤੋਂ ਘੱਟ ਨਹੀਂ ਲਗਦਾ। ਇਨਸਾਨੀ ਅਕਲ ਮਹਿਦੂਦ (ਸੀਮਤ) ਹੈ, ਉਹ ਇਕ ਖ਼ਾਸ ਹੱਦ ਤੋਂ ਅੱਗੇ ਨਹੀਂ ਜਾ ਸਕਦੀ। ਜਦ ਕਿ ਉਹ ਹੱਦਾਂ ਤੋਂ ਬਾਹਰ ਏ। ਉਹਦਾ ਕੋਈ ਅੰਤ ਨਹੀਂ ਜਾਂ ਫ਼ਿਰ ਵੀ ਕਹਿ ਲਵੋ ਜਿੱਥੋਂ ਅੰਤ ਸਮਝ ਲਿਆ ਜਾਂਦਾ ਹੈ, ਓਥੋਂ ਤੇ ਉਹਦਾ ਆਰੰਭ ਹੁੰਦਾ ਹੈ। ਇਕ ਅੰਤ ਦਾ ਅੰਤ ਤੇ ਫ਼ਿਰ ਓਥੋਂ ਅਗਲੇ ਅੰਤ ਦਾ ਸ਼ੁਰੂ, ਇਹ ਸਿਲਸਿਲਾ ਚਾਲੂ ਰਹਿੰਦਾ ਹੁੰਦਾ ਹੈ। ਇਨਸਾਨੀ ਅਕਲ ਬੇਵੱਸ ਹੋ ਕੇ ਆਪਣੀ ਘਾਟ ਦਾ ਮਾਤਮ ਕਰਨ ਲੱਗ ਪੈਂਦੀ ਹੈ। ਉਹਦੇ ਕੋਲ਼ ਯਕੀਨ ਤੋਂ ਅੱਡ ਕੋਈ ਚਾਰਾ ਨਹੀਂ ਰਹਿੰਦਾ। ਸਾਰੀਆਂ ਸੋਚਾਂ ਤੇ ਫ਼ਿਰ ਉਨ੍ਹਾਂ ਦਾ ਅੰਤ ਵੀ ਉਹਦੇ ਬਾਰੇ ਕੋਈ ਪੱਕੀ ਪੀਡੀ ਗੱਲ ਨਹੀਂ ਕਰ ਸਕਦੀਆਂ। ਉਹ ਚੁੱਪ ਹੋਣ ਤੇ ਮਜਬੂਰ ਹੋ ਜਾਂਦੀਆਂ ਨੇ।ਜਾਂ ਫ਼ਿਰ ਉਨ੍ਹਾਂ ਦੀਆਂ ਉਂਗਲੀਆਂ ਦੰਦਾਂ ਹੇਠ ਚਲੀਆਂ ਜਾਂਦੀਆਂ ਨੇ। ਗੁਰੂ ਨਾਨਕ ਜੀ ਜਪੁ ਜੀ ਸਾਹਿਬ ਵਿਚ ਫ਼ਰਮਾਉਂਦੇ ਨੇ:

ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ।।
ਚੁਪੈ ਚੁਪ ਨ ਹੋਵਈ ਜੇ ਲਾਇ ਰਹਾ ਲਿਵ ਤਾਰ।।

ਭਾਵੇਂ ਲੱਖ ਵਾਰੀ ਸੋਚਾਂ ਉਹ ਸੋਚਾਂ ਵਿਚ ਨਹੀਂ ਆਉਂਦਾ, ਸੋਚ ਮੁੱਕ ਜਾਂਦੀ ਹੈ। ਚੁੱਪ ਰਹਾਂ ਤੇ ਚੁੱਪ ਵੀ ਨਹੀਂ ਰਹਿ ਸਕਦਾ ਭਾਵੇਂ ਉਹਦੇ ਨਾਲ਼ ਲੌ ਵੀ ਰੱਖਾਂ।

ਮੀਆਂ ਮੁਹੰਮਦ ਬਖ਼ਸ਼ ਕਹਿੰਦੇ ਨੇ :

ਜੇ ਤੂੰ ਗੁੰਮ ਹੋਵੇਂ ਵਿਚ ਉਸ ਦੇ, ਆਪਣੀ ਛੋੜ ਨਿਸ਼ਾਨੀ
ਇਹ ਤੌਹੀਦ ਮੁਹੰਮਦ ਬਖ਼ਸ਼ਾ, ਦੱਸੇ ਕੌਣ ਜ਼ੁਬਾਨੀ

ਇਬਨੇ ਅਰਬੀ ਕਹਿੰਦੇ ਨੇ:

ਅਸੀਂ ਸਾਰੇ ਆਹਦੀਅਤ (ਰੱਬੀ ਏਕਤਾ) ਚੋਂ ਨਿਕਲੇ ਹਾਂ, ਫ਼ਨਾ ਹੋ ਕੇ ਵੀ ਆਹਦੀਅਤ (ਰੱਬੀ ਏਕਤਾ) ਵਿਚ ਜਾ ਲੁਕਾਂਗੇ। ਫ਼ਿਰ ਬਕਾ (ਸਦੀਵੀ ਜੀਵਨ) ਮਿਲੇਗੀ, ਮੁੜ ਕੇ ਫ਼ਿਰ ਇਕ ਵਾਰੀ ਜ਼ਾਹਰ ਹੋਵਾਂਗੇ'।

ਇਹੋ ਈ ਉਹ ਸੂਫ਼ੀ ਨਜ਼ਰੀਆ ਹੈ ਜਿਹੜਾ ਕਤਰੇ ਦੇ ਸਮੁੰਦਰ ਵਿਚ ਰਲਦਿਆਂ ਫ਼ਿਰ ਅੰਤ ਵਿਚ ਜੁਜ਼ (ਅੰਸ਼) ਦੇ ਕੁਲ ਨਾਲ਼ ਮਿਲਣ ਦੀ ਗੱਲ ਹੈ। ਉਹ ਕੁਲ ਜਿਹਦੇ ਤੋਂ ਜੁਜ਼ ਵੱਖਰਾ ਹੋਇਆ ਸੀ। ਫ਼ਿਰ ਵੀ ਇਹਦੇ ਵਿਚ ਫ਼ਨਾ ਤੇ ਮੌਤ ਦਾ ਦਰਮਿਆਨੀ ਤਸੱਵੁਰ ਵੀ ਹੈ ਯਾਨੀ ਫ਼ਨਾ ਯਾ ਮੌਤ ਲਾਜ਼ਿਮ ਹੈ। ਏਸ ਤੋਂ ਮਗਰੋਂ ਇਕ ਵਾਰੀ ਫ਼ਿਰ ਹਯਾਤ ਮਿਲੇਗੀ ਤੇ ਇਸ ਹਯਾਤੀ ਨੂੰ ਹਮੇਸ਼ਗੀ ਹੋਵੇਗੀ।ਕਤਰਾ ਸਮੁੰਦਰ ਨਾਲ਼ ਮਿਲ ਕੇ ਸਮੁੰਦਰ ਦੀ ਵੁਸਅਤ (ਵਿਸ਼ਾਲਤਾ) ਤੇ ਹਮੇਸ਼ਗੀ ਦਾ ਹਿੱਸਾ ਬਣ ਜਾਏਗਾ।ਪਰ ਫ਼ਿਰ ਵੀ

ਇਹ ਸਵਾਲ ਬਾਕੀ ਰਹਿੰਦਾ ਹੈ ਕਿ ਇਨਸਾਨ ਦੀ ਆਪਣੀ ਹੈਸੀਅਤ ਕੀ ਹੋਵੇਗੀ ।ਇਨਸਾਨ ਰੱਬ ਤੋਂ ਵਿਛੜਿਆ ਹੋਇਆ ਜਦੋਂ ਉਹਦੀ ਜ਼ਾਤ ਵਿਚ ਗੁੰਮ ਹੋਵੇਗਾ ਤੇ ਫ਼ਿਰ ਕੀ ਉਹ ਜ਼ਾਤ-ਏ-ਕੁਲ ਦਾ ਹਿੱਸਾ ਬਣ ਜਾਏਗਾ ਤੇ ਉਹਦਾ ਨਾਮ ਕੀ ਹੋਵੇਗਾ। ਇਹਦਾ ਜਵਾਬ ਇਬਨੇ ਅਰਬੀ ਹੋਰਾਂ ਇਕ ਥਾਉਂ ਦਿੱਤਾ ਹੈ :

'ਪਰਵਰਦਿਗਾਰ ਵੀ ਹੱਕ ਏ ਤੇ ਬੰਦਾ ਵੀ ਹੱਕ ਏ '।

ਸੰਸਾਰ ਵਿਚ ਰੱਬ ਤੋਂ ਸਿਵਾ ਕਿਸੇ ਦਾ ਕੋਈ ਵਜੂਦ ਨਹੀਂ ਹੈ। ਵਜੂਦ ਸਿਰਫ਼ ਰੱਬ ਦਾ ਹੈ ਤੇ ਹਰ ਸ਼ੈਅ ਵਿਚ ਰੱਬ ਮੌਜੂਦ ਹੈ। ਇਹੋ ਈ ਵਜੂਦ ਦਾ ਮੁਢਲਾ ਨਜ਼ਰੀਆ ਹੈ।

ਪਰ ਫ਼ਿਰ ਜਦੋਂ ਇਬਨੇ ਅਰਬੀ ਕਹਿੰਦੇ ਨੇ ਕਿ :

'ਮੂਸਾ ਤੇ ਫ਼ਿਰਔਨ ਵਿਚ ਕੋਈ ਫ਼ਰਕ ਨਹੀਂ ,ਦੋਵੇਂ ਇਕ ਦੇ ਦੋ ਮੁਖ਼ਤਲਿਫ਼ ਰੂਪ ਨੇ'।

ਬਹੁਤ ਸਾਰੇ ਸਵਾਲ ਸਾਮ੍ਹਣੇ ਆਏ ਪਰ ਵਜੂਦੀ ਆਪਣੀ ਗੱਲ ਤੇ ਪੱਕੇ ਰਹੇ। ਬੁੱਲ੍ਹੇ ਸ਼ਾਹ ਵੀ ਇਸੇ ਗੱਲ ਤੇ ਪਕਿਆਈ ਵਿਖਾਈ ਆ :

ਮੋਮਿਨ ਕਾਫ਼ਿਰ ਮੈਨੂੰ ਦੋਵੇਂ ਨਾ ਦਿਸਦੇ, ਵਹਿਦਤ ਦੇ ਵਿਚ ਆ ਕੇ

ਜਦੋਂ ਵਹਿਦਤ ਇਨਸਾਨੀ ਸੂਝ ਵਿਚ ਆ ਜਾਂਦੀ ਹੈ ਤੇ ਫ਼ਿਰ ਉਹਦੀ ਵੁਸਅਤ (ਵਿਸ਼ਾਲਤਾ) ਵਿਚ ਹਰ ਸ਼ੈਅ ਸਿਮਟੀ ਹੋਈ ਨਜ਼ਰ ਆਉਂਦੀ ਹੈ। ਹਰਿ ਹਰ ਵਿਚ ਤੇ ਹਰ ਹਰਿ ਵਿਚ ਹੈ। ਮਨਸੂਰ ਹੱਲਾਜ ਕਹਿੰਦਾ ਹੈ :'ਕੋਈ ਕਾਫ਼ਿਰ ਏ ਯਾ ਮੋਮਿਨ। ਮਰਦੂਦ ਏ ਯਾ ਮਕਬੂਲ ਏ। ਇਹਦੇ ਬਾਰੇ ਤਾਂ ਉਹ ਆਪ ਈ ਜਾਣਦਾ ਹੈ। ਇਹਦਾ ਫ਼ੈਸਲਾ ਕੋਈ ਮੁੱਲਾਂ ਨਹੀਂ ਕਰ ਸਕਦਾ। ਮੋਮਿਨ ਨੂੰ ਕਾਫ਼ਿਰ ਤੇ ਕਾਫ਼ਿਰ ਨੂੰ ਮੋਮਿਨ ਨਹੀਂ ਬਣਾਇਆ ਜਾ ਸਕਦਾ। ਇਹ ਅੰਦਰ ਦਾ ਭੇਦ ਏ। ਇਹ ਦਿਲਾਂ ਦਾ ਰਾਜ਼ ਏ ਜਿਹੜਾ ਦਿਲਾਂ ਦਾ ਭੇਦੀ ਈ ਜਾਣਦਾ ਹੈ'।

ਅਸਲ ਗੱਲ ਵਹਿਦਤ ਦੀ ਸੂਝ ਤੇ ਉਹਦੇ ਤੱਕ ਪਹੁੰਚਦੀ ਹੈ। ਇਹ ਉਹ ਪੈਂਡਾ ਹੈ ਜਿਹੜਾ ਸਦੀਆਂ ਵਿਚ ਵੀ ਪੂਰਾ ਨਹੀਂ ਹੁੰਦਾ। ਜੇ ਨਜ਼ਰ-ਏ- ਕਰਮ (ਰੱਬੀ ਮਿਹਰ) ਹੋਵੇ ਤਾਂ ਇਕ ਪਲ ਵਿਚ ਸਾਰੇ ਪੰਧ ਮੁੱਕ ਜਾਂਦੇ ਨੇ।ਯਾਰ ਈ ਯਾਰ ਹੁੰਦਾ ਹੈ ਕੋਈ ਦਰਮਿਆਨ ਵਿਚ ਨਹੀਂ ਹੁੰਦਾ। ਕੋਈ ਤਮੀਜ਼ , ਕੋਈ ਇਮਤਿਆਜ਼ ਨਹੀਂ ਹੁੰਦਾ। ਨਾ ਮੋਮਿਨ ਨਾ ਕਾਫ਼ਿਰ, ਨੇਕੀ ਨਾ ਬਦੀ, ਕੋਈ ਨਫ਼ੀ ਨਹੀਂ ਹੁੰਦੀ, ਅਸਬਾਤ ਈ ਅਸਬਾਤ (ਵਜੂਦ ਅਥਵਾ ਨਫ਼ੀ ਦਾ ਵਿਪਰੀਤ) ਹੁੰਦਾ ਹੈ।

'ਰੱਬ ਈ ਸੰਸਾਰ ਏ ਤੇ ਸੰਸਾਰ ਰੱਬ ਏ। ਦੋਵੇਂ ਈ ਇਕ ਹਕੀਕਤ ਦੇ ਦੋ ਰੁਖ਼ ਨੇ '।

ਏਸ ਲਈ ਮੌਲਾਨਾ ਰੂਮ ਦੀ ਇਹ ਗੱਲ ਬੜੀ ਧਿਆਨ ਜੋਗ ਹੋ ਜਾਂਦੀ ਹੈ ਕਿ 'ਜਦੋਂ ਉਹਨੇ ਆਪਣੇ ਕਰਮ ਦੇ ਸੇਕ ਨਾਲ਼ ਆਂਡੇ ਨੂੰ ਸੀਤਾ। ਸਫ਼ੈਦੀ ਤੇ ਜ਼ਰਦੀ ਦੀ ਤਮੀਜ਼ ਖ਼ਤਮ ਹੋ ਗਈ। ਤੇ ਫ਼ਿਰ ਵਹਿਦਤ ਦਾ ਪੰਛੀ ਪਰਾਂ ਨਾਲ਼ ਜ਼ਾਹਰ ਹੋਇਆ। ਯਾਨੀ ਆਂਡੇ ਚੋਂ ਵਹਿਦਤ ਦੇ ਪੰਛੀ ਦਾ ਜ਼ਹੂਰ ਹੋਇਆ, ਸਫ਼ੈਦੀ ਤੇ ਜ਼ਰਦੀ ਇਕ ਵਜੂਦ ਵਿਚ ਢਲ ਗਈ'। ਤੇ ਫ਼ਿਰ ਮੌਲਾਨਾ ਰੂਮ ਆਖਿਆ ਏ:'ਰੱਬ ਤੇ ਬੰਦਾ ਇਕ ਦੂਜੇ ਨਾਲ਼ ਇੰਜ ਮਿਲੇ ਹੋਏ ਨੇ ਕਿ ਇਨਸਾਨੀ ਸੂਝ ਤੇ ਸਿਆਣਪ ਉਹਦਾ ਕਿਆਸ ਈ ਨਹੀਂ ਕਰ ਸਕਦੀ। ਨਾ ਈ ਉਹਨੂੰ ਵਜਦ ਵਿਚ ਆ ਕੇ ਬਿਆਨ ਕੀਤਾ ਜਾ ਸਕਦਾ ਹੈ'।

ਵਜਦ ਕੀ ਏ? ਮਸਤੀ ਏ ਸਰਸ਼ਾਰੀ ਏ। ਧਮਾਲ ਏ।
ਗਿਆਨ ਏ, ਧਿਆਨ ਏ, ਨਿਰਵਾਣ ਏ।

ਉਹ ਕੈਫ਼ੀਅਤ (ਮਨੋ-ਅਵਸਥਾ) ਏ ਜਿਹਦੇ ਵਿਚਾਲੇ ਕੋਈ ਨਹੀਂ ਹੁੰਦਾ। ਸਭ ਕੁੱਝ ਸਾਫ਼ ਵਿਖਾਲੀ ਦਿੰਦਾ ਹੈ। ਕੋਈ ਲਕੀਰ ਕੋਈ ਝਰੀਟ ਵੀ ਉਹਲੇ ਵਿਚ ਨਹੀਂ ਰਹਿੰਦੀ। ਸਭ ਕੁੱਝ ਸਾਰੇ ਭੇਦਾਂ ਨੂੰ ਤਲ਼ੀ ਤੇ

ਰੱਖ ਕੇ ਸਾਹਮਣੇ ਖਲੋਤਾ ਨਜ਼ਰ ਆਉਂਦਾ ਹੈ। ਸਿਰਫ਼ ਤੇ ਸਿਰਫ਼ ਹੈਰਤ ਈ ਹੁੰਦੀ ਹੈ। ਹੋਂਠ ਹਿਲਦੇ ਨੇ ਨਾ ਹੀ ਕੋਈ ਅੱਖਰ ਜ਼ੁਬਾਨ ਤੇ ਇਜ਼ਹਾਰ ਵਿਚ ਮਚਲਦਾ ਹੈ। ਇਕ ਜੁਗਨੂੰ ਅਨ੍ਹੇਰੇ ਵਿਚ ਚਮਕ ਰਿਹਾ ਹੁੰਦਾ ਹੈ। ਇਸ ਜੁਗਨੂੰ ਵਿਚ ਲੱਖਾਂ ਸੂਰਜ ਲੁਕੇ ਹੁੰਦੇ ਨੇ। ਇਹੋ ਈ ਵਹਿਦਤ ਏ ਤੇ ਇਹੋ ਈ ਤੌਹੀਦ ਏ ਜਿਹੜੀ ਇਕੋ ਵੇਲੇ, ਇਕ ਜੁਗਨੂੰ ਵੀ ਹੈ ਤੇ ਲੱਖਾਂ ਵੀ। ਹਜ਼ਰਤ ਮੁਜੱਦਿਦ ਅਲਿਫ਼ ਸਾਨੀ ਕਹਿੰਦੇ ਨੇ:

'ਜ਼ਹੂਰ ਯਾ ਸ਼ਹੂਦ ਜੋ ਕੁੱਝ ਵੀ ਹੈ ਸਭ ਉਸੇ ਤੋਂ ਹੈ'।

ਫ਼ਿਰ ਇਹ ਵੀ ਗੱਲ ਆਖੀ ਹੈ :

'ਰੱਬ ਦੀ ਜ਼ਾਤ, ਏਸ ਸੰਸਾਰ ਦੀ ਸ਼ਕਲ ਵਿਚ ਈ ਮੌਜੂਦ ਏ, ਕਿਧਰੇ ਹੋਰ ਨਹੀਂ।'

'ਰੱਬ ਇਕ ਹੈ ਪਰ ਉਸਨੇ ਏਸ ਸੰਸਾਰ ਨੂੰ ਆਪਣੀ ਜ਼ਾਤ ਵਿਚ ਸ਼ਾਮਿਲ ਕੀਤਾ ਹੋਇਆ ਏ'।

ਤੇ ਫ਼ਿਰ ਇਹ ਸਵਾਲ ਵੀ ਹੈ ਕਿ ਇਹਦੇ ਬਾਰੇ ਗੁਰੂ ਨਾਨਕ ਜੀ ਦੇ ਵਿਚਾਰ ਕੀ ਨੇ। ਉਪਨਿਸ਼ਦ ਕਹਿੰਦੇ ਨੇ ਇਹ ਸੰਸਾਰ ਰੱਬ ਦੀ ਜਲਵਾਗਾਹ ਏ। ਹਰ ਸ਼ੈਅ ਵਿਚੋਂ ਉਸੇ ਦਾ ਰੂਪ ਜ਼ਹੂਰ (ਪ੍ਰਗਟਾਅ) ਹੋ ਰਿਹਾ ਏ, ਉਸ ਤੋਂ ਬਿਨਾਂ ਕਿਸੇ ਨੂੰ ਹਮੇਸ਼ਗੀ ਹਾਸਲ ਨਹੀਂ।

ਇਹੋ ਈ ਤਸੱਵੁਫ਼ ਦਾ ਨੀਂਹ ਪੱਥਰ ਏ। ਪਹਿਲਾ ਕਦਮ ਏ।

ਇਹੋ ਈ ਹਕੀਕਤ ਏ। ਉਹ ਇਕੱਲਾ ਤੇ ਲਾਸ਼ਰੀਕ ਏ। ਉਹਦੀ ਵਹਿਦਤ ਵਿਚ ਕੋਈ ਕਿਸੇ ਕਿਸਮ ਦੀ ਤਬਦੀਲੀ ਨਹੀਂ ਆਉਂਦੀ। ਇਹੋ ਈ ਪੂਰਾ ਤੇ ਪੱਕਾ ਸੱਚ ਏ। ਇਸੇ ਨੂੰ ਈ ਸੂਫ਼ੀ ਹੱਕ ਤੇ ਵੇਦਾਂਤੀ ਸੱਤਿਆ ਆਖਦੇ ਨੇ। ਗੁਰੂ ਨਾਨਕ ਹੋਰਾਂ ਇਕ ਓਂਕਾਰ ਤਸਲੀਮ ਕਰਦੇ ਹੋਏ ਸਤਿਨਾਮ ਆਖਿਆ ਹੈ। ਤੇ ਫ਼ਿਰ ਇਹ ਸਤਿਨਾਮ ਕਿਸੇ ਬਿਆਨ ਤੇ ਕਿਸੇ ਲਿਖਤ ਵਿਚ ਨਹੀਂ ਆ ਸਕਦਾ। ਕੋਈ ਇਲਮ ਆਪਣੀ ਗ੍ਰਿਫ਼ਤ ਵਿਚ ਨਹੀਂ ਲੈ ਸਕਦਾ। ਇਸੇ ਲਈ ਤੇ ਬੁਲ੍ਹੇ ਸ਼ਾਹ ਤਸਲੀਮ ਵਿਚ ਈ ਪਨਾਹ ਲਈ ਤੇ ਫ਼ਿਰ ਹਰ ਪਾਸਿਓਂ ਹੱਥ ਚੁੱਕ ਕੇ ਇਹ ਐਲਾਨ ਕਰ ਦਿੱਤਾ:

ਇਲਮੋਂ ਬੱਸ ਕਰੀਂ ਓ ਯਾਰ, ਇਕੋ ਅਲਿਫ਼ ਤੇਰੇ ਦਰਕਾਰ

ਗੁਰੂ ਨਾਨਕ ਜੀ ਮਹਾਰਾਜ ਏਸ ਸੰਸਾਰ ਦੀ ਬਣਤਰ ਬਾਰੇ ਇਹ ਵਿਚਾਰ ਦਿੰਦੇ ਹਨ:

'ਬੇਗਿਣਤ ਤੇ ਬੇਸ਼ੁਮਾਰ ਜ਼ਮਾਨਿਆਂ ਤੋਂ ਅਨ੍ਹੇਰਾ ਹੀ ਅਨ੍ਹੇਰਾ ਚੁਫ਼ੇਰੇ ਛਾਇਆ ਹੋਇਆ ਸੀ। ਨਾ ਜ਼ਮੀਨ ਸੀ, ਨਾ ਅਸਮਾਨ, ਨਾ ਕੁੱਝ ਹੋਰ, ਸਿਰਫ਼ 'ਹੁਕਮ' ਈ ਸੀ'।

'ਜਿਹੜਾ ਨਜ਼ਰ ਨਹੀਂ ਆਉਂਦਾ ਸੀ, ਉਹ ਆਪ ਈ ਬੋਲਦਾ ਤੇ ਆਪ ਈ ਉਸਨੂੰ ਸੁਣਦਾ ਸੀ, ਜਿਸਦਾ ਕੋਈ ਸਰੀਰ ਵੀ ਨਹੀਂ ਸੀ। ਉਹ ਆਪੇ ਈ ਜ਼ਾਹਰ ਹੋ ਰਿਹਾ ਸੀ'।

'ਜਦੋਂ ਉਸਨੇ ਚਾਹਿਆ ਦੁਨੀਆ ਪੈਦਾ ਕੀਤੀ। ਥੰਮੀਆਂ ਤੋਂ ਬਿਨਾਂ ਅਸਮਾਨ ਖੜ੍ਹੇ ਕਰ ਦਿੱਤੇ। ਤੂੰ ਹੀ ਕਾਦਿਰ ਤੇ ਖ਼ਾਲਿਕ ਹੈਂ, ਜਿਹਦੇ ਤੀਕਰ ਪਹੁੰਚ ਨਹੀਂ ਹੋ ਸਕਦੀ। ਤੂੰ ਆਪ ਈ ਇਹ ਸੰਸਾਰ ਬਣਾਇਆ ਹੈ। ਏਸ ਰੰਗ ਬਰੰਗੇ ਸੰਸਾਰ ਵਿਚ ਬਹੁਤ ਸਾਰੀਆਂ ਸੂਰਤਾਂ ਨੇਂ ਜਿਹਨਾਂ ਨੂੰ ਤੂੰ ਬਹੁਤ ਸੋਹਣੇ ਤੇ ਮਨ ਖਿੱਚਵੇਂ ਤਰੀਕੇ ਨਾਲ਼ ਬਣਾਇਆ ਹੈ। ਤੂੰ ਈ ਜਾਣਦਾ ਹੈਂ ਕਿ ਤੂੰ ਇਨ੍ਹਾਂ ਨੂੰ ਕਿਵੇਂ ਜਨਮ ਦਿਤਾ ਹੈ'। (ਵਾਰ ਮਾਝ, ਪਉੜੀ ਨੰਬਰ 1)

'ਉਹ ਏਸ ਸੰਸਾਰ ਨੂੰ ਕਈ ਜ਼ਮਾਨਿਆਂ ਤੋਂ ਬਣਾ ਰਿਹਾ ਏ ਪਰ ਉਸਨੂੰ ਕਿਸੇ ਨਾਲ਼ ਕੋਈ ਦੁਸ਼ਮਣੀ ਨਹੀਂ ਕਿਉਂ ਜੇ ਉਹ ਨਿਰਵੈਰ ਏ। ਨਾ ਉਹ ਜਨਮ ਲੈਂਦਾ ਹੈ ਨਾ ਮਰਦਾ ਹੈ। ਏਸ ਲਈ ਉਸਨੂੰ ਕੋਈ ਧੰਦਾ ਵੀ ਨਹੀਂ ਕਰਨਾ ਪੈਂਦਾ।' (ਰਾਮਕਲੀ, ਪਉੜੀ ਨੰਬਰ 15)

ਗੁਰੂ ਜੀ ਜਪੁ ਜੀ ਸਾਹਿਬ ਪਉੜੀ ਨੰਬਰ 5 ਵਿਚ ਫ਼ਰਮਾਉਂਦੇ ਨੇ : 'ਜੇ ਮੈਂ ਜਾਣਦਾ ਤੇ ਫ਼ਿਰ ਵੀ ਮੂੰਹੋਂ ਕੁੱਝ ਨਾ ਕਹਿੰਦਾ'।

ਫ਼ਿਰ ਵੀ ਸੱਚ ਇਹੋ ਈ ਏ ਕਿ ਉਹਦੀਆਂ ਕੁਦਰਤਾਂ ਬੰਦੇ ਦੀ ਸੋਚ ਤੋਂ ਵੀ ਪਰੇ ਪਰੇਰੇ ਨੇ। ਉਹਦੀ ਵਹਿਦਤ ਲਿਖਤ ਤੇ ਬਿਆਨ ਵਿਚ ਨਹੀਂ ਆ ਸਕਦੀ। ਪਰ ਫ਼ਿਰ ਸੰਸਾਰ ਤੇ ਇਨਸਾਨ ਦੀ ਹੋਂਦ ਵੱਲ ਇਸ਼ਾਰਾ ਕਰਦੇ ਹੋਏ ਗੁਰੂ ਨਾਨਕ ਜੀ ਨੇ ਜਪੁ ਜੀ ਸਾਹਿਬ ਦੀ ਪਉੜੀ ਨੰਬਰ 16 ਵਿਚ ਆਖਿਆ ਹੈ ਕਿ,'ਵਹਿਦਤ ਦੇ ਇਸ ਇਕ ਕਤਰੇ ਵਿਚ ਬੇਸ਼ੁਮਾਰ ਦਰਿਆ ਵਗਦੇ ਨੇ'।ਇਹਦੇ ਤੋਂ ਵਹਿਦਤ ਚੋਂ ਕਸਰਤ (ਬਹੁਤਾਤ) ਦਾ ਨਜ਼ਰੀਆ ਹੀ ਸਾਹਮਣੇ ਆਉਂਦਾ ਹੈ ।ਬੁੱਲ੍ਹੇ ਸ਼ਾਹ ਆਖਦਾ ਏ:

ਇਕ ਅਲਫ਼ੋਂ ਦੋ ਤਿੰਨ ਚਾਰ ਹੋਏ

ਫ਼ਿਰ ਓਥੋਂ ਬਾਝ ਸ਼ੁਮਾਰ ਹੋਏ

ਗੁਰੂ ਨਾਨਕ ਜੀ ਅਨੁਸਾਰ ਸਭ ਉਸ ਦਾ ਹੁਕਮ ਏ:

'ਉਹਦੇ ਹੁਕਮ ਨਾ਼ਲ ਈ ਇਨਸਾਨ ਇਸ ਦੁਨੀਆ ਤੇ ਆਇਆ ਏ। ਉਹਦੇ ਹੁਕਮ ਨਾ਼ਲ ਈ ਉਸਨੇ ਵਾਪਸ ਜਾਣਾ ਏ। ਇਹ ਸਾਰੇ ਜਹਾਨ ਵੀ ਉਹਦੇ ਹੁਕਮ ਨਾ਼ਲ ਈ ਜ਼ਾਹਰ ਹੋਏ ਨੇ। ਉਹਦੇ ਹੁਕਮ ਨਾ਼ਲ ਈ ਜੰਨਤ, ਪਤਾਲ ਤੇ ਇਹ ਦੁਨੀਆ ਦੀ ਰਚਨਾ ਹੋਈ ਏ।ਉਹਦੇ ਹੁਕਮ ਦੀ ਸ਼ਕਤੀ ਹੀ ਦੁਨੀਆ ਦਾ ਭਾਰ ਆਪਣੇ ਸਿਰ ਤੇ ਚੁੱਕਿਆ ਹੋਇਆ ਏ। ਉਹਦੇ ਹੁਕਮ ਨਾ਼ਲ ਅਸਮਾਨ ਬਣੇ ਨੇ। ਹਵਾ ਤੇ ਪਾਣੀ ਨੇ ਜ਼ਮੀਨ ਨੂੰ ਆਪਣੀ ਗ੍ਰਿਫ਼ਤ ਵਿਚ ਲਿਆ ਹੋਇਆ ਏ। ਉਹਦੇ ਹੁਕਮ ਨਾ਼ਲ ਰੂਹ ਇਨਸਾਨੀ ਜਿਸਮ ਵਿਚ ਆਬਾਦ ਹੋਣ ਦਾ ਨਾਟਕ ਕਰਦੀ ਹੈ।'

'ਉਹਦੇ ਹੁਕਮ ਨਾ਼ਲ ਅਸਮਾਨ ਬਿਨਾਂ ਕਿਸੇ ਸਹਾਰੇ ਦੇ ਖਲੋਤੇ ਹੋਏ ਨੇ। ਤਿੰਨਾਂ ਲੋਕਾਂ ਵਿਚ ਖ਼ੁਸ਼ਕੀ ਤੇ ਤਰੀ ਵਿਚ ਰਹਿਣ ਵਾਲੇ, ਉਹਦੇ ਹੁਕਮ ਨਾ਼ਲ ਈ ਜ਼ਿੰਦਗੀ ਦੇ ਦਿਨ ਪੂਰੇ ਕਰਦੇ ਨੇ। ਉਹਦੇ ਹੁਕਮ ਨਾ਼ਲ ਈ ਉਹ ਸਾਹ ਲੈਂਦੇ, ਖਾਂਦੇ ਪੈਂਦੇ ਨੇ। ਉਹਦਾ ਹੁਕਮ ਈ ਉਨ੍ਹਾਂ ਨੂੰ ਸੰਭਾਲੀ ਖਲੋਤਾ ਹੈ। ਉਹਦੇ ਹੁਕਮ ਨਾ਼ਲ ਈ ਅਵਤਾਰ, ਬੇਗਿਣਤ ਦੇਵਤਾ, ਅਤੇ ਰਾਕਸ਼ਸ ਪੈਦਾ ਹੋਏ ਜਿਹੜਾ ਉਹਦੇ ਹੁਕਮ ਨੂੰ ਤਸਲੀਮ ਕਰਦਾ ਹੈ ,ਉਸੇ ਨੂੰ ਈ ਉਹਦੀ ਬਾਰਗਾਹ (ਦਰਬਾਰ) ਵਿਚ ਇੱਜ਼ਤ ਮਿਲਦੀ ਹੈ। ਉਹਦੇ ਹੁਕਮ ਨਾ਼ਲ 36 ਜ਼ਮਾਨੇ ਗੁਜ਼ਰੇ ਨੇ, ਸਿੱਧ ਤੇ ਸਾਧਕ ਵੀ ਉਹਦੇ ਹੁਕਮ ਦੇ ਪਾਬੰਦ ਨੇ। ਉਹ ਮਾਲਿਕ ਈ ਏ ਜਿਸਨੇ ਹਰ ਥਾਉਂ ਹਰ ਸ਼ੈਅ ਨੂੰ ਆਪਣੀ ਗ੍ਰਿਫ਼ਤ ਵਿਚ ਰੱਖਿਆ ਹੋਇਆ ਏ, ਜਿਹਦੇ ਤੇ ਉਹਦੀ ਮਿਹਰ ਹੋਵੇਗੀ ਉਹੋ ਨਿਜਾਤ ਹਾਸਲ ਕਰੇਗਾ।'(ਮਾਰੂ ਸੋਹਲੇ)

'ਮਾਇਆ ਪਾਰੋਂ ਈ ਦੁਨੀਆ ਦੇ ਦਿਲ ਵਿਚ ਦੂਜ ਆਉਂਦੀ ਏ। ਹਵਸ, ਗ਼ੁੱਸੇ ਤੇ ਤਕੱਬਰ (ਹੰਕਾਰ) ਨਾ਼ਲ ਈ ਤਬਾਹੀ ਆਉਂਦੀ ਏ। ਤੇਰੇ ਬਿਨਾਂ ਦੂਜਾ ਕੌਣ ਏ ਤੇ ਕਿੱਥੇ ਹੈ? ਕੋਈ ਨਹੀਂ। ਸਭ ਵਿਚ ਉਹੋ ਇਕ ਨਿਰੰਜਣ ਮੌਜੂਦ ਏ।'

'ਮੈਂ ਤਾਂ ਚੰਨ ਤੇ ਸੂਰਜ ਦੇ ਚਿਰਾਗ਼ਾਂ ਵਿਚ ਹਰ ਵੇਲੇ ਉਸੇ ਦਾ ਚਾਨਣ ਵੇਖਦਾ ਹਾਂ, ਓਹੋ ਸੋਹਣਾ ਮਹਿਬੂਬ ਈ ਮੈਨੂੰ ਸਦਾ ਨਜ਼ਰ ਆਉਂਦਾ ਹੈ'।

'ਉਹਦੀ ਮਿਹਰ ਨਾ਼ਲ ਈ ਮੇਰਾ ਦਿਲ ਭਰਿਆ ਹੋਇਆ ਏ। ਸਤਿਗੁਰੂ ਨੇ ਈ ਮੈਨੂੰ ਇਸ ਇਕ ਦਾ ਭੇਦ ਸਮਝਾਇਆ ਏ। ਗੁਰੂ ਦੀ ਮਿਹਰਬਾਨੀ ਨਾ਼ਲ ਈ ਮੈਂ ਇਸ ਇਕੱਲੇ ਰੱਬ ਨੂੰ ਪਛਾਣਿਆ ਏ, ਸਾਰੀ ਦੂਜ ਮੁਕਾ ਕੇ ਇਸ ਸ਼ਬਦ ਨੂੰ ਜਾਣਿਆ ਹੈ। ਸਾਰੀ ਦੁਨੀਆ ਤੇ ਸੰਸਾਰ ਵਿਚ ਉਸੇ ਦਾ ਈ ਹੁਕਮ ਚਲਦਾ ਹੈ। ਇਸ ਇਕੱਲੇ ਤੋਂ ਈ ਸਭ ਜ਼ਹੂਰ ਵਿਚ ਆਇਆ ਹੈ। ਰਾਹਵਾਂ ਦੋ ਨੇ ਪਰ ਮਾਲਿਕ ਇਕ ਹੈ। ਗੁਰੂ ਦੇ ਆਖੇ ਤੋਂ ਇਸ 'ਹੁਕਮ' ਨੂੰ ਪਛਾਣ।'

ਗੁਰੂ ਨਾਨਕ ਕਹਿੰਦਾ ਹੈ, 'ਓਹੋ ਇਕੱਲਾ ਈ ਇਬਾਦਤ ਦੇ ਲਾਇਕ ਹੈ।ਰੱਬ ਨੇੜੇ ਹੈ ਉਸਨੂੰ ਦੂਰ ਨਾ ਸਮਝ। ਇਹ ਸਾਰਾ ਸੰਸਾਰ ਵੀ ਇਕ ਹੈ।ਉਸ ਪਰਵਰਦਿਗਾਰ ਤੋਂ ਬਿਨਾਂ ਦੂਜਾ ਕੋਈ ਹੋਰ ਨਹੀਂ।'

ਨਾਨਕ ਕਹਿੰਦਾ ਹੈ, 'ਉਹ ਇਕੱਲਾ ਈ ਸਭ ਵਿਚ ਸਮਾਇਆ ਹੋਇਆ ਏ।'

ਸਦਾ ਸਲਾਹੁਣਾ ਏ ਇਸ ਕਾਗ਼ਜ਼ ਦੀ ਇਸ ਕਲਮ ਦੀ, ਇਸ ਦਵਾਤ ਤੇ ਉਸ ਸਿਆਹੀ ਦੀ, ਧਨ ਏ ਉਹ ਲਿਖਾਰੀ ਜਿਹਨੇ ਉਹ 'ਸੱਚਾ ਨਾਮ ' ਲਿਖਿਆ।(ਵਾਰ ਮਲਾਰ, ਸ਼ਲੋਕ ਨੰਬਰ 1)

ਰੱਬ ਮਨ ਤੇ ਇੰਦਰੀਆਂ ਰਾਹੀਂ ਨਹੀਂ ਪਾਇਆ ਜਾ ਸਕਦਾ, ਨਾ ਉਹਦੀ ਡੂੰਘਿਆਈ ਨਾਪੀ ਜਾ ਸਕਦੀ ਏ। ਉਹ ਬੇਅੰਤ ਹੈ, ਕਾਦਿਰ, ਖ਼ਾਲਿਕ ਤੇ ਕਰੀਮ ਏ।

ਦੁਨੀਆ ਆਉਂਦੀ ਏ ਚਲੀ ਜਾਂਦੀ ਏ ਪਰ ਉਹ ਰਹੀਮ ਈ ਹਮੇਸ਼ਾ ਰਹਿਣ ਵਾਲਾ ਏ।

ਕਾਇਮ ਉਸਨੂੰ ਕਹਿੰਦੇ ਨੇ ਜਿਹਦੇ ਮੱਥੇ ਤੇ ਤਕਦੀਰ ਦੀਆਂ ਲਕੀਰਾਂ ਨਹੀਂ ਹੁੰਦੀਆਂ ।

ਜ਼ਮੀਨ ਅਸਮਾਨ, ਸਭ ਨੇ ਇਕ ਦਿਨ ਤਬਾਹ ਹੋ ਜਾਣਾ ਏ। ਪਰ ਰਹਿਣਾ ਉਸ ਇਕੱਲੇ ਨੇ ਈ ਹੈ।

ਦਿਨ ਨੂੰ ਸੂਰਜ, ਰਾਤ ਨੂੰ ਚੰਨ ਚਲਦੇ ਰਹਿੰਦੇ ਨੇ। ਲੱਖਾਂ ਤਾਰੇ ਜਗਮਗ ਕਰਦੇ ਮੁੱਕ ਜਾਂਦੇ ਨੇ, ਨਾਨਕ ਸੱਚ ਕਹਿੰਦਾ ਏ। ਉਹ ਈ ਆਪਣੇ ਮੁਕਾਮ ਉਤੇ ਹਮੇਸ਼ਾ ਰਹਿਣ ਵਾਲਾ ਹੈ।(ਸਿਰੀ ਰਾਗੁ ਅਸਟਪਦੀਆ)

'ਤੂੰ ਈ ਸੱਚਾ ਏਂ, ਤੂੰ ਨਜ਼ਰ ਹੀ ਨਹੀਂ ਆਉਂਦਾ ਤੇ ਤੇਰੀ ਕੋਈ ਹੱਦ ਵੀ ਨਹੀਂ, ਤੇਰੀਆਂ ਕੁਦਰਤਾਂ ਦਾ ਵੀ ਕੋਈ ਸ਼ੁਮਾਰ ਨਹੀਂ। ਉਹ ਪੜ੍ਹਿਆ ਲਿਖਿਆ ਇਨਸਾਨ ਵੀ ਮੂਰਖ ਏ ਜਿਹੜਾ ਲੋਭ, ਲਾਲਚ ਤੇ ਗ਼ਰੂਰ (ਹੰਕਾਰ) ਵਿਚ ਫਸਿਆ ਹੋਇਆ ਏ। ਗੁਰਮਤਿ ਦੇ ਇਹੋ ਈ ਵਿਚਾਰ ਨੇ ਕਿ ਰੱਬ ਦਾ ਨਾਉਂ ਲਵੋ, ਉਸਨੂੰ ਸਮਝਣ ਦੀ ਕੋਸ਼ਿਸ਼ ਕਰੋ। ਉਹਦੀ ਭਗਤੀ ਨਾਲ਼ ਈ ਖ਼ਜ਼ਾਨੇ ਭਰਦੇ ਨੇ।'

'ਜਿਹਨਾਂ ਇਸ ਨਾਮ ਨੂੰ ਤਸਲੀਮ ਕੀਤਾ ਉਸਨੂੰ ਸਮਝਿਆ, ਉਨ੍ਹਾਂ ਦੇ ਮਨ ਦੀ ਮੈਲ ਦੂਰ ਹੋ ਜਾਂਦੀ ਹੈ ਤੇ ਉਹ ਪਵਿੱਤਰ ਹੋ ਜਾਂਦੇ ਨੇ।ਮਾਲਿਕ ਦੇ ਬੂਹੇ, ਸਿਰਫ਼ ਸੱਚੇ ਤੇ ਪਾਕ ਲੋਕ ਈ ਖਲੋ ਸਕਦੇ ਨੇਂ।ਉਹ ਪਰਵਰਦਿਗਾਰ ਈ ਹੈ ਜੋ ਹਮੇਸ਼ਾਂ ਰਹਿਣ ਵਾਲਾ ਏ। ਉਹੋ ਈ ਹਰ ਸ਼ੈਅ ਵਿਚ ਲੁਕਿਆ ਹੋਇਆ ਏ ਜਿਵੇਂ ਜੋਤੀ ਵਿਚ ਚਾਨਣ ਹੁੰਦਾ ਹੈ। ਤੂੰ ਈ ਇਕ ਸੱਚਾ ਬਾਦਸ਼ਾਹ ਐਂ। ਇਹ ਸਾਰੀ ਦੁਨੀਆ ਤੇਰੀ ਖ਼ਰੀਦਾਰ ਬਣੀ ਹੋਈ ਏ'। (ਵਾਰ ਮਾਝ, ਪਉੜੀ ਨੰਬਰ 6)

ਉਹੋ ਈ ਹਮੇਸ਼ਾ ਰਹਿਣ ਵਾਲਾ ਤੇ ਜੀਂਦਾ ਜਾਗਦਾ ਹੈ, ਉਹ ਅਜ਼ਲਾਂ ਤੋਂ ਮੌਜੂਦ ਹੈ, ਓਹੋ ਸੱਚਾ ਹੈ, ਸਭ ਦਾ ਦਾਤਾ ਹੈ।

ਜਿਹੜੇ ਗੋਰਖ ਨੇ ਅੱਖਰ ਪੜ੍ਹਾਏ ਹੋਣ ਉਨ੍ਹਾਂ ਨਾਲ਼ ਈ ਆਲਮ ਫ਼ਾਜ਼ਲ ਬਣਦਾ ਹੈ।

ਜੇ ਕੋਈ ਪੰਡਤ ਏਸ ਗਿਆਨ ਦਾ ਭੇਦ ਜਾਣ ਲਵੇ।ਉਸ ਨੂੰ ਹਰ ਇਕ ਵਿਚ ਇਕੋ ਜਾਣੇ, ਆਪਣੀ ਮੈਂ ਮਾਰ ਦੇਵੇ। ਮੈਂ ਮੇਰੀ ਨਾ ਕਰੇ, ਏਸ ਇਲਮ ਨਾਲ਼ ਬਾਕੀ ਸਾਰੇ ਇਲਮ ਮੁੱਕ ਜਾਂਦੇ ਨੇ।(ਆਸਾ ਕੀ ਵਾਰ)

ਜੇ ਸਾਰੇ ਹਵਾਸ ਇਕੱਠੇ ਕਰ ਕੇ ਗਹੁ ਕਰੀਏ ਤਾਂ ਫ਼ਿਰ ਇਹ ਗੱਲ ਵੀ ਖੁੱਲ ਕੇ ਸਾਹਮਣੇ ਹੈ ਕਿ ਗੁਰੂ ਜੀ ਮਹਾਰਾਜ ਹੋਰਾਂ ਦਾ ਰੱਬ ਤੇ ਰੱਬੀ ਤਸੱਵੁਰ ਕੋਈ ਨਵਾਂ ਜਾਂ ਨਿਵੇਕਲਾ ਨਹੀਂ ਸੀ। ਇਹ ਉਹੋ ਈ ਸੀ ਜਿਹੜਾ ਇਨਸਾਨ ਨੇ ਅਜ਼ਲਾਂ ਤੋਂ ਅਪਣਾਇਆ ਹੋਇਆ ਸੀ। ਜਿਹਦੇ ਵਿਚ ਰੱਬ ਇਨਸਾਨ ਦੀ ਲੋੜ ਵੀ ਸੀ ਤੇ ਮਜਬੂਰੀ ਵੀ। ਰੱਬ ਈ ਉਹਦਾ ਰਾਖਾ ਤੇ ਆਖ਼ਰੀ ਪਨਾਹ ਸੀ।ਰੱਬ ਈ ਉਹਦੀਆਂ ਲੋੜਾਂ ਬੇਵਸੀਆਂ ਤੇ ਲਾਚਾਰੀਆਂ ਨੂੰ ਪੂਰਾ ਕਰ ਸਕਦਾ ਸੀ। ਇਹ ਵੱਖਰੀ ਗੱਲ ਹੈ ਕਿ ਇਨਸਾਨ ਦੀ ਸੂਝ ਤੇ

ਉਹਦੇ ਇਰਤਕਾਈ (ਸ਼ੁਰੂਆਤੀ) ਅਮਲ ਵਿਚ ਜਿਹੜੀਆਂ ਤਬਦੀਲੀਆਂ ਆਉਂਦੀਆਂ ਰਹੀਆਂ, ਉਹਦੀ ਮਾਨਤਾ ਦੀ ਸ਼ਕਲ ਸੂਰਤ ਵੀ ਤਬਦੀਲ ਹੁੰਦੀ ਰਹੀ।

ਇਨਸਾਨੀ ਸੂਝ ਨੇ ਹੀ ਰੱਬ ਅਰਸ਼ਾਂ ਉੱਤੇ ਬਿਠਾਇਆ। ਉਸਨੂੰ ਆਪਣੀ ਪਹੁੰਚ ਮੁਤਾਬਿਕ ਸ਼ਕਲ ਸੂਰਤ ਵੀ ਦਿੱਤੀ। ਇਹ ਵੱਖਰੀ ਵੱਖਰੀ ਸੀ। ਕਿਉਂ ਜੋ ਇਨਸਾਨੀ ਸੂਝ ਆਪਣੇ ਆਪਣੇ ਤਹਿਜ਼ੀਬੀ ਸਫ਼ਰ ਵਿਚ ਵੱਖਰੀ ਵੱਖਰੀ ਸੀ। ਉਹਦੇ ਸੋਚਣ ਸਮਝਣ ਤੇ ਵੇਖਣ ਦੇ ਅੰਦਾਜ਼ ਤੇ ਜ਼ਾਵੀਏ ਮਾਹੌਲ ਚੋਂ ਪੰਘਰੇ ਸਨ। ਏਸ ਲਈ ਕਿਧਰੇ ਉਹਦਾ ਨਾਉਂ ਕੁੱਝ ਸੀ ਕਿਧਰੇ ਕੁੱਝ। ਪਰ ਫ਼ਿਰ ਵੀ ਇਹ ਸਵਾਲ ਆਪਣੀ ਥਾਉਂ ਮੌਜੂਦ ਰਿਹਾ ਕਿ ਰੱਬ ਦਾ ਵਜੂਦ ਤਾਂ ਹੈ ਪਰ ਉਹਦੀ ਖੋਜ ਕਿਵੇਂ ਹੋ ਸਕਦੀ ਹੈ। ਉਹਦਾ ਰੰਗ ਰੂਪ ਤੇ ਸ਼ਕਲ ਸੂਰਤ ਕੀ ਹੈ? ਏਸ ਸਵਾਲ ਦਾ ਕੋਈ ਵਾਜ਼ਿਹ (ਸਪੱਸ਼ਟ) ਜਵਾਬ ਨਹੀਂ ਮਿਲਿਆ। ਉਹਦੀਆਂ ਸਿਫ਼ਤਾਂ ਜਦੋਂ ਕਿਸੇ ਗਿਣਤੀ ਵਿਚ ਨਹੀਂ ਆਈਆਂ ਤੇ ਉਹਦਾ ਖਲ੍ਹਾਰ ਤੇ ਪਸਾਰ, ਸਾਹਮਣੇ ਆਇਆ। ਉਸਨੂੰ ਵੇਖਿਆ ਨਹੀਂ ਜਾ ਸਕਦਾ ਸੀ ਪਰ ਉਹ ਹਰ ਥਾਉਂ ਹਰ ਸ਼ੈਅ ਵਿਚ ਮੌਜੂਦ ਸੀ, ਉਹ ਇਕੱਲਾ ਵੀ ਸੀ ਤੇ ਓਂਕਾਰ ਵੀ। ਉਸਨੂੰ ਵੇਖਿਆ ਨਹੀਂ ਸਿਰਫ਼ ਮਹਿਸੂਸ ਕੀਤਾ ਜਾ ਸੀ।ਏਸ ਸੰਸਾਰ ਵਿਚ ਉਹਦੀਆਂ ਕੁਦਰਤਾਂ ਤੇ ਸਿਫ਼ਤਾਂ ਮੌਜੂਦ ਸੀ।ਉਸਨੂੰ ਵੇਖਣ ਲਈ ਕਿਸੇ ਇਲਮ ਦੀ ਨਹੀਂ ਸਿਰਫ਼ ਯਕੀਨ ਦੀ ਲੋੜ ਸੀ। ਦੁਨੀਆ ਦੇ ਸਾਰੇ ਇਲਮ ਤੇ ਉਨ੍ਹਾਂ ਦੀ ਪਹੁੰਚ ਬਹੁਤ ਮਹਿਦੂਦ (ਸੀਮਤ) ਸੀ। ਇਸੇ ਪਿਛੋਕੜ ਵਿਚ ਈ ਫ਼ਿਰ ਗਿਆਨ, ਧਿਆਨ, ਵਜਦਾਨ ਤੇ ਇਰਫ਼ਾਨ (ਰੱਬੀ ਗਿਆਨ, ਮਾਰਫ਼ਤ) ਦੀ ਗੱਲ ਹੋਈ। ਸੂਫ਼ੀਆਂ ਤੇ ਭਗਤਾਂ ਇਸੇ ਨੂੰ ਈ ਸਭ ਤੋਂ ਵਧੀਆ ਤਰੀਕਾ ਅਖਿਆ।

# ਪੰਜਾਬੀ ਸਿੱਖ ਅਤੇ ਬਾਲਲਿੰਗ ਅਨੁਪਾਤ: ਭੂਗੋਲਿਕ ਵਿਸ਼ਲੇਸ਼ਣ

***ਡਾ. ਬਲਜੀਤ ਕੌਰ, ** ਹਰਪ੍ਰੀਤ ਸਿੰਘ**

ਮੁੱਖ ਤੌਰ ਤੇ ਇਹ ਖੋਜ-ਪਰਚਾ 2011 ਦੀ ਜਨ-ਗਣਨਾ ਦੇ ਅੰਕੜਿਆਂ ਤੇ ਅਧਾਰਿਤ ਹੈ। ਇਸ ਵਿਸ਼ਲੇਸ਼ਣ ਵਿੱਚ ਸਿੱਖ ਆਬਾਦੀ ਦੇ 0-6 ਸਾਲ ਤੱਕ ਦੇ ਬੱਚਿਆਂ ਨੂੰ ਸ਼ਾਮਿਲ ਕੀਤਾ ਗਿਆ ਹੈ। ਭਾਰਤੀ ਜਨ-ਗਣਨਾ ਮੁਤਾਬਿਕ ਲਿੰਗ-ਅਨੁਪਾਤ ਆਂਕਣ ਲਈ ਕਿਸੇ ਜਨ ਸੰਖਿਆ ਵਿੱਚ ਪ੍ਰਤੀ ਇੱਕ ਹਜ਼ਾਰ ਮਰਦਾਂ ਪਿੱਛੇ ਔਰਤਾਂ ਦੀ ਗਿਣਤੀ ਆਂਕੀ ਜਾਦੀ ਹੈ। ਬਾਲ-ਲਿੰਗ ਅਨੁਪਾਤ ਨੂੰ ਆਂਕਣ ਲਈ ਵੀ ਇਸੇ ਮਾਪ-ਦੰਡ ਦੀ ਵਰਤੋਂ ਕੀਤੀ ਗਈ ਹੈ। ਇਸ ਸੰਦਰਭ ਵਿੱਚ ਸੰਬੰਧਿਤ ਤੱਥਾਂ ਨੂੰ ਵਿਸਥਾਰ ਨਾਲ ਜਾਚਣ ਲਈ ਤਹਿਸੀਲ ਪੱਧਰ ਤੇ ਅਧਿਐਨ ਕੀਤਾ ਗਿਆ ਹੈ। ਜੇਕਰ ਪੰਜਾਬ ਦੀ 2011 ਦੀ ਜਨ-ਗਣਨਾ ਦੇ ਅੰਕੜਿਆਂ ਦੀ ਲੋਅ ਵਿੱਚ ਗੱਲ ਕਰੀਏ ਤਾਂ ਸੂਬੇ ਦੇ ਕੁੱਲ ਵੀਹ ਜਿਲ੍ਹੇ ਅਤੇ ਸਤੱਤਰ ਤਹਿਸੀਲਾਂ ਹਨ। ਪੰਜਾਬ ਦੇ ਤਿੰਨ ਰਵਾਇਤੀ ਭੂਗੋਲਿਕ ਖਿੱਤੇ 'ਮਾਝਾ', 'ਮਾਲਵਾ' ਅਤੇ 'ਦੋਆਬਾ' ਵੀ ਇਸ ਖੋਜ-ਚਰਚਾ ਦਾ ਅਧਾਰ ਬਣਾਏ ਗਏ ਹਨ।

ਲੱਗਭਗ ਪਿਛਲੇ ਸੱਤਰ ਵਰਿਆਂ ਦੌਰਾਨ ਹਿੰਦੋਸਤਾਨ ਵਿੱਚ ਹੋਣ ਵਾਲੀ ਸਮਾਜਿਕ ਅਤੇ ਆਰਥਿਕ ਤਰੱਕੀ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ। ਨੇੜਲੇ ਭਵਿੱਖ ਵਿੱਚ ਇੰਸ ਵਿੱਚ ਹੋਰ ਵੀ ਤੇਜ਼ੀ ਨਾਲ ਤਰੱਕੀ ਦੀ ਤਵੱਕੋਂ ਕੀਤੀ ਜਾ ਰਹੀ ਹੈ। ਏਨਾਂ ਸਭ ਹੋਣ ਦੇ ਬਾਵਜੂਦ ਵੀ ਇੱਥੇ ਅਣਜੰਮੀਆਂ ਬਾਲੜੀਆਂ ਦਾ ਭਵਿੱਖ ਬੜਾ ਬੇਰੰਗ ਹੁੰਦਾ ਭਾਸਦਾ ਹੈ (Hatti et al., 2004)। ਬੇਸ਼ੱਕ ਹੱਥਲੇ ਖੋਜ ਅਧਿਐਨ ਲਈ ਚੁਣਿਆ ਗਿਆ ਸੂਬਾ ਇਸ ਸੰਦਰਭ ਵਿੱਚ ਦੇਸ਼ ਦੇ ਮੋਹਰੀ ਖਿੱਤਿਆਂ ਵਿੱਚ ਸ਼ਾਮਿਲ ਹੈ। ਇਸ ਪ੍ਰਦੇਸ਼ ਵਿੱਚ ਬਹੁ-ਗਿਣਤੀ ਸਿੱਖ ਮੱਤ ਦੇ ਅਨੁਯਾਈਆਂ ਦੀ ਹੈ। ਏਸੇ ਵਜ੍ਹਾ ਵੱਸ ਇਸ ਪ੍ਰਦੇਸ਼ ਦੀ ਜਨ ਸੰਖਿਆ ਦੇ ਇਸ ਮੁੱਖ ਹਿੱਸੇ ਨੂੰ ਹੱਥਲੇ ਖੋਜ-ਪਰਚੇ ਦੇ ਵਿਸ਼ੇ ਵਜੋਂ ਚੁਣਿਆ ਗਿਆ ਹੈ। ਇਸ ਦਾ ਮੁੱਖ ਮੰਤਵ ਸਿੱਖ ਭਾਈਚਾਰੇ ਵਿੱਚ ਇਸ ਗੰਭੀਰ ਵਰਤਾਰੇ ਦਾ ਸੰਜੀਦਗੀ ਨਾਲ ਵਿਸ਼ਲੇਸ਼ਣ ਕਰਕੇ ਇਸ ਵਰਤਾਰੇ ਦੇ ਮਾਰੂ ਸਿੱਟਿਆਂ ਪ੍ਰਤੀ ਜਾਗਰੂਕਤਾ ਵਿੱਚ ਵਾਧਾ ਕਰਨਾ ਹੈ।

ਭਾਰਤ ਦੀ ਉੱਤਰ-ਪੱਛਮ ਦਿਸ਼ਾ ਵਿੱਚ ਸਥਿੱਤ ਪੰਜਾਬ ਰਾਜ ਉੱਤਰ ਵਲੋਂ ਜੰਮੂ ਅਤੇ ਕਸ਼ਮੀਰ, ਪੂਰਬ ਵਲੋਂ ਹਿਮਾਚਲ, ਦੱਖਣ ਵਲੋਂ ਹਰਿਆਣਾ ਅਤੇ ਰਾਜਸਥਾਨ ਅਤੇ ਪੱਛਮ ਵਲੋਂ ਗੁਆਂਢੀ ਦੇਸ਼ ਪਾਕਿਸਤਾਨ ਨਾਲ ਘਿਰਿਆ ਹੋਇਆ ਹੈ। ਇਸ ਦਾ ਖੇਤਰਫਲ 50,362 ਵਰਗ ਕਿਲੋਮੀਟਰ ਅਤੇ ਆਬਾਦੀ 27,764,236 ਹੈ (2011 ਦੀ ਜਨ-ਗਣਨਾ ਅਨੁਸਾਰ)। ਦੇਸ਼ ਦੀ ਸਮੁੱਚੀ ਆਬਾਦੀ ਵਿੱਚ ਸਿੱਖਾ ਦੀ ਪ੍ਰਤੀਸ਼ਤਤਾ ਕੇਵਲ ਦੋ ਪ੍ਰਤੀਸ਼ਤ ਦੇ ਲਗਭੱਗ ਦਰਜ ਕੀਤੀ ਗਈ ਹੈ। ਦੇਸ਼ ਭਰ ਵਿੱਚ ਸਿਰਫ਼ ਪੰਜਾਬ ਹੀ ਅਜਿਹਾ ਸੂਬਾ ਹੈ ਜਿੱਥੇ ਸਿੱਖ ਬਹੁ-ਗਿਣਤੀ ਵਿੱਚ ਹਨ। ਇੱਥੇ ਚਾਰ ਮੁੱਖ ਧਰਮਾਂ ਦੇ ਲੋਕ ਵਸਦੇ ਹਨ। ਜਿਨ੍ਹਾਂ ਵਿੱਚ ਸਿੱਖ ਧਰਮ ਦੇ ਅਨੁਯਾਈਆਂ ਦੀ ਗਿਣਤੀ ਸਭ ਤੋਂ ਵਧੇਰੇ (ਲੱਗਭਗ 58 ਪ੍ਰਤੀਸ਼ਤ) ਹੈ ਜਦ ਕਿ ਕੁੱਲ ਆਬਾਦੀ ਦਾ 38.49 ਪ੍ਰਤੀਸ਼ਤ ਹਿੱਸਾ ਹਿੰਦੂ ਧਰਮ ਨਾਲ ਸੰਬੰਧ ਰੱਖਦਾ ਹੈ।

***ਅਸਿਸਟੈਂਟ ਪ੍ਰੋਫੈਸਰ, ਜੌਗਰਫ਼ੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ ।**
****ਖੋਜਾਰਥੀ, ਜੌਗਰਫ਼ੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ ।**

ਇਸ ਸੰਦਰਭ ਵਿੱਚ ਕ੍ਰਮਵਾਰ ਤੀਸਰਾ ਤੇ ਚੌਥਾ ਸਥਾਨ ਮੁਸਲਮਾਨਾਂ (1.93 ਪ੍ਰਤੀਸ਼ਤ) ਅਤੇ ਈਸਾਈਆਂ (1.26 ਪ੍ਰਤੀਸ਼ਤ) ਦਾ ਹੈ। ਇਸ ਤੋਂ ਇਲਾਵਾ ਬੁੱਧ (0.12 ਪ੍ਰਤੀਸ਼ਤ) ਅਤੇ ਜੈਨ (0.16 ਪ੍ਰਤੀਸ਼ਤ) ਮੱਤ ਦੇ ਅਨੁਯਾਈ ਮੁਕਾਬਲਤਨ ਬਹੁਤ ਹੀ ਘੱਟ ਗਿਣਤੀ ਵਿੱਚ ਹਨ। ਸੂਬੇ ਦੇ ਕੁੱਲ ਵੀਹ ਜਿਲ੍ਹਿਆਂ ਵਿੱਚੋਂ ਸੋਲ੍ਹਾਂ ਵਿੱਚ ਬਹੁ-ਗਿਣਤੀ ਆਬਾਦੀ ਸਿੱਖਾਂ ਦੀ ਹੈ। ਨਿਰਸੰਦੇਹ ਪੰਜਾਬ ਵਿੱਚ ਸਿੱਖ ਆਬਾਦੀ ਦੀ ਇੱਥੋਂ ਦੇ ਸਮਾਜਿਕ, ਆਰਥਿਕ ਅਤੇ ਰਾਜਨੀਤਕ ਢਾਂਚੇ ਵਿੱਚ ਹਮੇਸ਼ਾ ਪ੍ਰਮੁੱਖ ਭੂਮਿਕਾ ਰਹੀ ਹੈ ਪ੍ਰੰਤੂ ਇਸ ਦੇ ਬਾਵਜੂਦ ਵੀ ਸਿੱਖਾਂ ਵਿੱਚ ਲਿੰਗਿਕ ਪਾੜਾ ਖਤਮ ਨਹੀਂ ਹੋ ਸਕਿਆ। ਇਸ ਖੋਜ-ਪਰਚੇ ਦਾ ਸਾਰਾ ਵਿਸ਼ਲੇਸ਼ਣ ਇਸੇ ਖੋਜ ਪ੍ਰਸ਼ਨ ਦੇ ਇਰਦ ਗਿਰਦ ਘੁੰਮਦਾ ਹੈ।

ਅੰਕੜਿਆਂ ਦੇ ਵਿਸ਼ਲੇਸ਼ਣ ਦੇ ਅਧਾਰ ਤੇ ਨਿੱਕਲੇ ਸਿੱਟਿਆਂ ਦੀ ਮਦਦ ਨਾਲ ਇਸ ਸਥਿੱਤੀ ਲਈ ਜਿੰਮੇਵਾਰ ਕਾਰਨਾਂ ਨੂੰ ਉਜਾਗਰ ਕਰਨ ਦੀ ਕੋਸ਼ਿਸ ਕੀਤੀ ਗਈ ਹੈ।

ਦੱਖਣੀ ਏਸ਼ੀਆ ਦੀ ਲਿੰਗ ਅਨੁਪਾਤ ਸੰਬੰਧੀ ਚਿੰਤਾਜਨਕ ਸਥਿੱਤੀ ਨੇ ਵੀਹਵੀਂ ਸਦੀ ਦੇ ਅੰਤਲੇ ਦਹਾਕਿਆਂ ਵਿੱਚ ਬੁੱਧੀ ਜੀਵੀਆਂ ਦੀਆਂ ਸੱਥਾਂ ਵਿੱਚ ਇਸ ਬਾਰੇ ਗੰਭੀਰਤਾ ਨਾਲ ਚਰਚਾ ਛੇੜ ਦਿੱਤੀ ਸੀ (Sen,1987)। ਵੱਖ-ਵੱਖ ਖਿੱਤਿਆਂ ਵਿਚੋਂ ਭਾਰਤੀ ਉਪ-ਮਹਾਂਦੀਪ (Indian Subcontiment) ਵਿੱਚ ਇਹ ਸਥਿਤੀ ਵਧੇਰੇ ਪ੍ਰਗਟ ਰੂਪ ਵਿੱਚ ਉੱਭਰ ਕੇ ਸਾਹਮਣੇ ਆਈ। ਭਾਰਤ ਦੇ ਉੱਤਰ-ਪੱਛਮੀ ਸੂਬਿਆਂ ਵਿੱਚ ਇਹ ਸਥਿੱਤੀ ਹੋਰ ਵੀ ਪ੍ਰਤੀਕੂਲ ਨਜ਼ਰ ਆਉਣ ਦੇ ਨਾਲ-ਨਾਲ ਇਹ ਦੇਸ਼ ਦੇ ਹੋਰਨਾਂ ਖਿੱਤਿਆਂ ਨੂੰ ਵੀ ਆਪਣੀ ਲਪੇਟ ਵਿੱਚ ਲੈਂਦੀ ਨਜ਼ਰ ਆਈ (Agnihotri, 1995)। ਇਸ ਮਹਾਂਦੀਪ ਦੇ ਉੱਤਰੀ ਤੇ ਉੱਤਰ-ਪੱਛਮੀ ਖੇਤਰ ਪੱਛਮੀ ਏਸ਼ੀਆ ਦੇ ਸੱਭਿਆਚਾਰਿਕ ਖਿੱਤੇ ਦਾ ਹੀ ਵਿਸਥਾਰ ਹਨ। ਇਸ ਖਿੱਤੇ ਵਿੱਚ ਲੰਬੇ ਸਮੇਂ ਤੱਕ ਮੁਗਲ ਹਕੂਮਤ ਹੋਣ ਕਰਕੇ ਇੱਥੇ ਇਸਲਾਮੀ ਸੱਭਿਆਚਾਰ ਦਾ ਪਰਿਪੱਕ ਪ੍ਰਭਾਵ ਹੈ (Agnihotri, 1995)। ਇੱਕ ਅੰਦਾਜ਼ੇ ਅਨੁਸਾਰ ਔਰਤਾਂ ਦਾ ਮੁਕਾਬਲਤਨ ਨੀਵਾਂ ਸਮਾਜਕ ਰੁਤਬਾ ਕਿਤੇ ਨਾ ਕਿਤੇ ਬਾਲੜੀਆਂ ਦੀ ਉਚੇਰੀ ਮੌਤ ਦਰ ਦਾ ਕਾਰਨ ਰਿਹਾ ਹੈ। ਹਾਲਾਂਕਿ ਅੰਕੜਿਆਂ ਦੀ ਅਣਹੋਂਦ ਕਰਕੇ ਇਸ ਅਧਾਰ ਤੇ ਇਹ ਸਿੱਧ ਕਰਨਾਂ ਸੰਭਵ ਨਹੀਂ ਹੈ। ਇਹ ਆਮ ਰਾਏ ਹੈ ਕਿ ਕਿਸੇ ਸਮਾਜ ਦੀ ਉੱਨਤੀ ਦਾ ਅੰਦਾਜ਼ਾ ਉਸ ਸਮਾਜ ਵਿੱਚ ਔਰਤ ਦੇ ਸਮਾਜਿਕ ਦਰਜੇ ਤੋਂ ਸਹਿਜੇ ਹੀ ਲਾਇਆ ਜਾ ਸਕਦਾ ਹੈ।

ਸਿੱਖ ਧਰਮ ਵਿੱਚ ਹਮੇਸ਼ਾ ਔਰਤ-ਮਰਦ ਦੀ ਬਰਾਬਰੀ ਤੇ ਜ਼ੋਰ ਦਿੱਤਾ ਗਿਆ ਹੈ ਜੋ ਔਰਤ ਨੂੰ ਸਮਾਜਿਕ ਅਤੇ ਆਰਥਿਕ ਅਜ਼ਾਦੀ ਦਿਵਾਉਣ ਵਿੱਚ ਸਹਾਈ ਹੁੰਦਾ ਹੈ (Gobind Singh,1965)। ਇੱਥੇ ਇਹ ਕਹਿਣਾ ਅਤਿਕਥਨੀ ਨਹੀਂ ਹੋਵੇਗਾ ਕਿ ਔਰਤ ਦੀ ਅਜ਼ਾਦੀ ਦੀ ਨੀਂਹ ਸਿੱਖ ਧਰਮ ਦੁਆਰਾ ਹੀ ਰੱਖੀ ਗਈ ਹੈ। ਸਿੱਖ ਮੱਤ ਵਿੱਚ ਔਰਤ ਨੂੰ ਬਹੁਤ ਹੀ ਸਤਿਕਾਰਿਤ ਅਤੇ ਬਰਾਬਰੀ ਦਾ ਦਰਜਾ ਪਰਦਾਨ ਕੀਤਾ ਗਿਆ ਹੈ (Parveen Kaur as cited in Kaur and Moghal, 2014)।

ਆਦਿ ਕਾਲ ਤੋਂ ਹੀ ਸਮਾਜ ਨੂੰ ਸਿਰਜਣ ਵਿੱਚ ਇਸਤਰੀ ਦਾ ਮਹੱਤਵਪੂਰਨ ਯੋਗਦਾਨ ਰਿਹਾ ਹੈ। ਇਸ ਗੱਲ ਤੋਂ ਵੀ ਮੂੰਹ ਨਹੀਂ ਮੋੜਿਆ ਜਾ ਸਕਦਾ ਕਿ ਅਕਸਰ ਉਸਦੀ ਇਸ ਭੂਮਿਕਾ ਨੂੰ ਸਹੀ ਪਛਾਣ ਨਹੀਂ ਮਿਲੀ ਅਤੇ ਨਾ ਹੀ ਉਸਨੂੰ ਬਣਦਾ ਮਾਣ-ਸਨਮਾਨ ਮਿਲਿਆ ਹੈ। ਪੰਜਾਬੀ ਸਿੱਖ ਭਾਈਚਾਰਾ ਵੀ ਇਸਤਰੀ ਪ੍ਰਤੀ ਹੋਣ ਵਾਲੀਆਂ ਅਜਿਹੀਆਂ ਕੁਤਾਹੀਆਂ ਤੋਂ ਵਾਂਝਾ ਨਹੀਂ। ਸਿੱਖ ਧਰਮ-ਚਿੰਤਨ ਦੇ ਬਾਨੀ ਸ਼੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ "ਸੋ ਕਿਉ ਮੰਦਾ ਆਖਿਐ, ਜਿਤ ਜੰਗਹਿ ਰਾਜਾਨੁ" (ਸ਼੍ਰੀ

ਗੁਰੂ ਗ੍ਰੰਥ ਸਾਹਿਬ, ਪੰਨਾ 473) ਪੰਕਤੀਆਂ ਵਿੱਚ ਗੁਰੂ ਜੀ ਨੇ ਇਸਤਰੀ ਨੂੰ ਇੱਕ ਇਨਸਾਨ ਦਾ ਦਰਜਾ ਦਿੰਦੇ ਹੋਏ ਉਸ ਦੀ ਸਮਾਜ ਵਿੱਚ ਗਿਰੀ ਹੋਈ ਅਵਸਥਾ ਨੂੰ ਸੁਧਾਰਨ ਲਈ ਪੁਰਸ਼ ਦੇ ਬਰਾਬਰ ਦਾ ਦਰਜਾ ਦੇਣ ਵੱਲ ਸੰਕੇਤ ਕੀਤਾ ਹੈ। ਉਨ੍ਹਾਂ ਨੇ ਪ੍ਰਾਚੀਨ ਗ੍ਰੰਥਾਂ ਵਿੱਚ ਇਸਤਰੀ ਵਿਰੋਧੀ ਦਿੱਤੇ ਅਨੇਕ ਪ੍ਰਸੰਗਾਂ ਦਾ ਖੰਡਨ ਕੀਤਾ ਹੈ (ਕੌਰ, 2002)। ਗੁਰਬਾਣੀ ਅਨੁਸਾਰ ਇਸਤਰੀ ਸਮਾਜ ਦਾ ਮਹੱਤਵਪੂਰਨ ਅੰਗ ਹੈ। ਇਸਤਰੀ ਦੀ ਮੰਦੀ ਹਾਲਤ ਦੀਆਂ ਸੂਚਕ ਸਥਾਪਿਤ ਕਦਰਾਂ ਕੀਮਤਾਂ ਨੂੰ ਗੁਰੂ ਜੀ ਨੇ ਸਪੱਸ਼ਟ ਤੌਰ ਤੇ ਵੰਗਾਰਿਆ ਹੈ।

ਆਬਾਦੀ ਦੀ ਬਣਤਰ ਦੇ ਅਨੇਕਾਂ ਤੱਤਾਂ ਵਿਚੋਂ ਇਸਤਰੀ-ਪੁਰਸ਼ ਅਨੁਪਾਤ ਦੀ ਆਪਣੀ ਹੀ ਇੱਕ ਮਹੱਤਵਪੂਰਣ ਥਾਂ ਹੈ। ਖੇਤਰੀ ਖੁਸ਼ਹਾਲੀ ਲਈ ਕੀਤੀ ਜਾਣ ਵਾਲੀ ਸਫ਼ਲ ਯੋਜਨਾਬੰਦੀ ਲਈ ਸਮੁੱਚੇ ਤੌਰ ਤੇ ਔਰਤਾਂ ਅਤੇ ਮਰਦਾਂ ਦਾ ਸਹਿਯੋਗ ਲੋੜੀਂਦਾ ਹੈ। ਦੋਵੇਂ ਲਿੰਗਾਂ ਵਿੱਚਲਾ ਸੰਤੁਲਨ ਸਮਾਜਿਕ ਅਤੇ ਆਰਥਿਕ ਪੱਖੋਂ ਭਾਈਚਾਰਕ ਸਾਂਝ ਨੂੰ ਪ੍ਰਭਾਵਿਤ ਕਰਦਾ ਹੈ। ਕਿਸੇ ਖਿੱਤੇ ਦੇ ਆਰਥਿਕ ਢਾਂਚੇ ਨੂੰ ਸਹੀ ਪਰਿਖੇਪ ਵਿੱਚ ਸਮਝਣ ਲਈ ਉਸ ਖਿੱਤੇ ਦੀ ਜਨ ਸੰਖਿਆਂ ਵਿੱਚ ਪਾਏ ਜਾਣ ਵਾਲੇ ਲਿੰਗ ਅਨੁਪਾਤ ਦੀ ਮਹੱਤਵਪੂਰਣ ਭੂਮਿਕਾ ਹੁੰਦੀ ਹੈ (Franklin, 1956)। ਮਨੁੱਖੀ ਸਮਾਜ ਵਿੱਚ ਇਸਤਰੀ ਤੇ ਪੁਰਸ਼ ਖਿੱਤੇ ਦੀ ਨੁਹਾਰ ਨੂੰ ਦਰਸਾਉਣ ਦੇ ਨਾਲ-ਨਾਲ ਜਨ ਸੰਖਿਆ ਸਬੰਧੀ ਹੋਰਨਾ ਤੱਤਾਂ ਨੂੰ ਵੀ ਪ੍ਰਭਾਵਿਤ ਕਰਦੇ ਹਨ (Trewartha, 1953)। ਰਾਸ਼ਟਰੀ ਪੱਧਰ ਤੇ ਔਰਤ ਨੂੰ ਸਮਾਜਿਕ ਅਤੇ ਰਾਜਨੀਤਿਕ ਖੇਤਰਾਂ ਵਿੱਚ ਮਰਦ ਦੇ ਬਰਾਬਰ ਦਾ ਦਰਜਾ ਦਿਵਾਉਣ ਲਈ ਉੱਨੀਵੀਂ ਸਦੀ ਦੇ ਦੂਜੇ ਅੱਧ ਵਿੱਚ ਸਮਾਜਿਕ ਪੁਨਰ-ਜਾਗਰਿਤੀ ਅਤੇ ਰਾਸ਼ਟਰਵਾਦੀ ਲਹਿਰਾਂ ਦੁਆਰਾ ਯਤਨ ਸ਼ੁਰੂ ਹੋ ਗਏ ਸਨ। ਜਿਵੇਂ ਕਿ 'ਸਿੰਘ ਸਭਾ' ਲਹਿਰ ਦੀ ਇਸ ਸੰਦਰਭ ਵਿੱਚ ਸਿੱਖ ਅਤੇ ਸਮੁੱਚੀਆਂ ਪੰਜਾਬੀ ਔਰਤਾਂ ਲਈ ਨਿਭਾਈ ਗਈ ਭੂਮਿਕਾ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ (ਅਰੋੜਾ, 1996)। ਪ੍ਰੰਤੂ 21 ਵੀਂ ਸਦੀ ਵਿੱਚ ਵੀ ਔਰਤ ਦੀ ਸਥਿੱਤੀ ਸਭ ਨੂੰ ਹੈਰਾਨ ਹੀ ਨਹੀਂ ਬਲਕਿ ਭੈਭੀਤ ਵੀ ਕਰ ਦਿੰਦੀ ਹੈ ਜਦੋਂ ਬੱਚੀਆਂ ਨੂੰ ਜਨਮ ਤੋਂ ਪਹਿਲਾਂ ਮਾਂ ਦੇ ਗਰਭ ਵਿੱਚ ਹੀ ਖਤਮ ਕਰਨ ਦੇ ਘਿਨੌਣੇਂ ਤੱਥ ਸਾਹਮਣੇ ਆਉਂਦੇ ਹਨ।

**ਖਿੱਤੇਵਾਰ ਬਾਲ-ਲਿੰਗ ਅਨੁਪਾਤ ਦਾ ਵਿਸ਼ਲੇਸ਼ਣ:**

ਹੱਥਲੇ ਖੋਜ-ਪਰਚੇ ਲਈ ਚੁਣੇ ਗਏ ਜਨ-ਗਣਨਾ ਦਹਾਕੇ ਦੌਰਾਨ ਬੱਚਿਆਂ ਦੇ ਲਿੰਗ ਅਨੁਪਾਤ ਦੀ ਸਥਿਤੀ ਚਿੰਤਾਜਨਕ ਰਹੀ। ਪ੍ਰਦੇਸ਼ ਦਾ ਔਸਤਨ ਬਾਲ-ਲਿੰਗ ਅਨੁਪਾਤ 846 ਰਿਹਾ (ਪ੍ਰਤੀ ਇੱਕ ਹਜ਼ਾਰ ਨਰ ਬਾਲਾਂ ਦੇ ਮੁਕਾਬਲੇ ਮਾਦਾ ਬਾਲਾਂ ਦੀ ਗਿਣਤੀ)। ਜਨ-ਗਣਨਾ ਦੇ ਅੰਕੜਿਆਂ ਅਨੁਸਾਰ 20 ਵੀਂ ਸਦੀ ਦੇ ਪਹਿਲੇ ਦਹਾਕੇ ਤੋਂ ਲੈ ਕੇ ਭਾਰਤ ਵਿੱਚ ਲਿੰਗ ਅਨੁਪਾਤ ਘਟਦਾ ਹੀ ਰਿਹਾ ਹੈ। ਸਿਰਫ਼ 1981 ਦੇ ਦਹਾਕੇ ਵਿੱਚ ਸਥਿੱਤੀ ਮਾਮੂਲੀ ਜਿਹੀ ਬੇਹਤਰ ਦਿਖਾਈ ਦਿੱਤੀ । ਇਸ ਬਾਰੇ ਵਿਸ਼ਾ ਮਾਹਿਰਾਂ ਵੱਲੋਂ ਇਨ੍ਹਾਂ ਅੰਕੜਿਆਂ ਦੇ ਮਿਆਰ ਦੇ ਤਸੱਲੀਬਖਸ਼ ਨਾ ਹੋਣ ਦਾ ਖਦਸ਼ਾ ਜ਼ਾਹਿਰ ਕੀਤਾ ਗਿਆ (Bhalla, 2004)। ਜੇਕਰ ਪੂਰੇ ਹਿੰਦੋਸਤਾਨ ਦੇ ਲਿੰਗ ਅਨੁਪਾਤ ਦੇ ਅੰਕੜਿਆਂ ਤੇ ਨਜ਼ਰ ਮਾਰੀਏ ਤਾਂ ਸਾਫ਼ ਜਾਹਿਰ ਹੈ ਕਿ 20ਵੀਂ ਸਦੀ ਦੇ ਅਰੰਭ ਤੋਂ ਅੰਤ ਤੱਕ ਲਿੰਗ-ਅਨੁਪਾਤ ਲਗਾਤਾਰ ਘਟਦਾ ਰਿਹਾ। ਪੰਜਾਬ ਦੀ ਸਥਿੱਤੀ ਇਸ ਮਾਮਲੇ ਵਿੱਚ ਹਮੇਸ਼ਾ ਹੀ ਚਿੰਤਾਜਨਕ ਰਹੀ ਹੈ (ਸਾਰਣੀ 1)।

**ਸਾਰਣੀ 1**

**ਲਿੰਗ ਅਨੁਪਾਤ: 1901–2011**

| **ਦਹਾਕਾ** | **ਭਾਰਤ** | **ਪੰਜਾਬ** |
|---|---|---|
| 1901 | 972 | 832 |
| 1911 | 964 | 780 |
| 1921 | 955 | 799 |
| 1931 | 950 | 815 |
| 1941 | 945 | 836 |
| 1951 | 944 | 844 |
| 1961 | 941 | 834 |
| 1971 | 930 | 865 |
| 1981 | 934 | 879 |
| 1991 | 927 | 882 |
| 2001 | 933 | 876 |
| 2011 | 943 | 895 |

**ਸਰੋਤ**: ਭਾਰਤ ਦੀ ਜਨ-ਗਣਨਾ, 1901–2011.

**ਸਾਰਣੀ 2**

**ਬਾਲ-ਲਿੰਗ ਅਨੁਪਾਤ: 1961–2011**

| **ਦਹਾਕਾ** | **ਭਾਰਤ** | **ਪੰਜਾਬ** |
|---|---|---|
| 1961 | 976 | 901 |
| 1971 | 964 | 901 |
| 1981 | 962 | 908 |
| 1991 | 945 | 875 |
| 2001 | 927 | 798 |
| 2011 | 914 | 846 |

**ਸਰੋਤ**: ਭਾਰਤ ਦੀ ਜਨ-ਗਣਨਾ, 1961–2011.

ਜਿੱਥੋਂ ਤੱਕ 20 ਵੀਂ ਸਦੀ ਦੇ ਦੂਜੇ ਅੱਧ ਅਤੇ 21 ਵੀਂ ਸਦੀ ਦੇ ਆਰੰਭ (ਬਾਲ-ਲਿੰਗ ਅਨੁਪਾਤ ਸੰਬੰਧੀ ਅੰਕੜਿਆਂ ਦੀ ਜਨ-ਗਣਨਾ ਵਿੱਚ ਸ਼ਮੂਲੀਅਤ ਦਾ ਸਮਾਂ) ਵਿੱਚ ਬਾਲ-ਲਿੰਗ ਅਨੁਪਾਤ ਸਥਿਤੀ ਦਾ ਸਵਾਲ ਹੈ ਇਨ੍ਹਾਂ ਦਹਾਕਿਆਂ ਵਿੱਚ ਰਾਸ਼ਟਰੀ ਪੱਧਰ ਦੇ ਲਗਾਤਾਰ ਘਟਦੀ ਹੋਈ ਨਜ਼ਰ ਆਈ। ਏਸੇ ਤਰ੍ਹਾਂ ਪੰਜਾਬ ਵਿੱਚ ਵੀ ਇਨ੍ਹਾਂ ਦਹਾਕਿਆਂ ਦੌਰਾਨ ਬਾਲ-ਲਿੰਗ ਅਨੁਪਾਤ ਦੀ ਸਥਿੱਤੀ ਕੋਈ ਸੁਲਾਹੁਣਯੋਗ ਨਜ਼ਰ ਨਹੀਂ ਆਈ। ਇਸ ਲੰਬੇ ਅਰਸੇ ਦੌਰਾਨ ਪੰਜਾਬ ਵਿੱਚ ਬਾਲ-ਲਿੰਗ ਅਨੁਪਾਤ ਹਮੇਸ਼ਾ ਰਾਸ਼ਟਰੀ ਪੱਧਰ ਤੇ ਆਂਕੇ ਗਏ ਅੰਕੜਿਆਂ ਤੋਂ ਘੱਟ ਰਿਹਾ। 1991-2001 ਦੇ ਦਹਾਕੇ ਦੌਰਾਨ ਇਹ ਅਨੁਪਾਤ ਕੇਵਲ 798 ਸੀ ਜਦ ਕਿ 2011 ਵਿੱਚ ਇਸ ਅਨੁਪਾਤ ਵਿੱਚ ਮਾਮੂਲੀ ਸੁਧਾਰ ਦਰਜ ਕੀਤਾ ਗਿਆ (ਸਾਰਣੀ 2)।

ਜਿੱਥੋਂ ਤੱਕ ਪੰਜਾਬ ਦੀ ਸਿੱਖ ਅਬਾਦੀ ਦਾ ਸਵਾਲ ਹੈ ਉਸ ਵਿੱਚ ਇਹ ਅਨੁਪਾਤ ਰਾਜ ਦੇ ਔਸਤਨ ਬਾਲ-ਲਿੰਗ ਅਨੁਪਾਤ ਤੋਂ 16 ਅੰਕ ਹੋਰ ਵੀ ਘੱਟ ਰਿਹਾ। ਜਦ ਕਿ ਸੂਬੇ ਦੇ ਬਾਕੀ ਮੁੱਖ ਧਰਮਾਂ ਦੀ ਆਬਾਦੀ ਵਿੱਚ ਇਹ ਅਨੁਪਾਤ ਪ੍ਰਦੇਸ਼ ਦੇ ਔਸਤਨ ਅਨੁਪਾਤ ਦੇ ਮੁਕਾਬਲੇ ਉਚੇਰਾ ਨਜ਼ਰ ਆਇਆ। ਸਾਰੇ ਮੁੱਖ ਧਰਮਾਂ ਦੀ ਜਨ ਸੰਖਿਆ ਨੇ ਇਸ ਮਾਮਲੇ ਵਿੱਚ ਪੇਂਡੂ ਤੇ ਸ਼ਹਿਰੀ ਵੱਖਰੇਵੇਂ ਦਰਜ ਕੀਤੇ। ਇਸ ਖੋਜ ਦਾ ਇੱਕ ਦਿਲਚਸਪ ਪਹਿਲੂ ਇਹ ਵੀ ਰਿਹਾ ਕਿ ਸਾਰੇ ਮੁੱਖ ਧਰਮਾਂ ਵਿਚੋਂ ਈਸਾਈ ਜਨ ਸੰਖਿਆ ਪੇਂਡੂ ਖਿੱਤਿਆਂ ਵਿੱਚ ਸਭ ਤੋਂ ਵਧੇਰੇ ਬਾਲ-ਲਿੰਗ ਅਨੁਪਾਤ (907) ਦਰਜ ਕਰਾਉਂਦੀ ਹੋਈ ਮੋਹਰੀ ਰਹੀ। ਮੁਸਲਮਾਨਾਂ ਵਿੱਚ ਇਹ ਅਨੁਪਾਤ 895, ਹਿੰਦੂਆਂ ਵਿੱਚ 869 ਅਤੇ ਸਿੱਖਾਂ ਵਿੱਚ 830 ਦਰਜ ਕੀਤਾ ਗਿਆ। ਪ੍ਰਦੇਸ਼ ਦੇ ਸ਼ਹਿਰੀ ਇਲਾਕਿਆਂ ਵਿੱਚ ਮੁਸਲਮਾਨ ਆਬਾਦੀ ਇਸ ਸੰਬੰਧ ਵਿੱਚ 956 ਦੇ ਅਨੁਪਾਤ ਨਾਲ ਪਹਿਲੇ ਸਥਾਨ ਤੇ ਰਹੀ।

ਇਸ ਖੋਜ ਵਿਸ਼ਲੇਸ਼ਣ ਦੇ ਮੁੱਖ ਦਹਾਕੇ (2011) ਦੌਰਾਨ ਪੰਜਾਬ ਦੇ ਤਿੰਨ ਰਵਾਇਤੀ ਭੂਗੋਲਿਕ ਖੇਤਰਾਂ 'ਮਾਝਾ', 'ਮਾਲਵਾ' ਅਤੇ 'ਦੋਆਬਾ' ਵਿੱਚ ਸਿੱਖ ਅਬਾਦੀ ਦੁਆਰਾ 850 ਤੋਂ ਵੀ ਘੱਟ ਬਾਲ-ਲਿੰਗ ਅਨੁਪਾਤ ਦਰਜ ਕੀਤਾ ਗਿਆ। ਇਸ ਮਾਮਲੇ ਵਿੱਚ ਮਾਝਾ ਖੇਤਰ ਵਿੱਚ ਕੁੱਲ, ਪੇਂਡੂ ਅਤੇ ਸ਼ਹਿਰੀ ਤਿੰਨੋ ਕਿਸਮ ਦੇ ਇਲਾਕਿਆਂ ਵਿੱਚ ਇਹ ਅਨੁਪਾਤ 'ਮਾਲਵਾ' ਅਤੇ 'ਦੋਆਬਾ' ਨਾਲੋਂ ਘੱਟ ਆਂਕਿਆ ਗਿਆ (ਸਾਰਣੀ 3)।

**ਸਾਰਣੀ 3**

**ਰਵਾਇਤੀ ਭੂਗੋਲਿਕ ਖੇਤਰਾਂ ਵਿੱਚ ਬਾਲ-ਲਿੰਗ ਅਨੁਪਾਤ: 2011**

| ਖੇਤਰ | ਕੁੱਲ | ਪੇਂਡੂ | ਸ਼ਹਿਰੀ |
|---|---|---|---|
| ਮਾਝਾ | 810 | 809 | 813 |
| ਮਾਲਵਾ | 835 | 835 | 835 |
| ਦੋਆਬਾ | 846 | 848 | 836 |

**ਸਰੋਤ:** ਭਾਰਤ ਦੀ ਜਨ-ਗਣਨਾ, 2011.

**ਗਰਾਫ਼ 1**




**ਸਰੋਤ**: ਭਾਰਤ ਦੀ ਜਨ-ਗਣਨਾ, 2011.

ਇਸ ਸਮੇਂ ਦੌਰਾਨ ਸਿੱਖ ਆਬਾਦੀ ਵਿੱਚ ਪਾਏ ਜਾਣ ਵਾਲੇ ਨਿਊਨਤਮ ਅਨੁਪਾਤ ਦਾ ਅਫ਼ਸੋਸਜਨਕ ਤੱਥ ਉੱਭਰ ਕੇ ਸਾਹਮਣੇ ਆਇਆ (ਗਰਾਫ਼ 1)। ਪ੍ਰਦੇਸ਼ ਦੇ ਸਿੱਖ ਭਾਈਚਾਰੇ ਵਿੱਚ ਜਨ-ਗਣਨਾ ਦੇ ਅੰਕੜਿਆਂ ਤੇ ਅਧਾਰਿਤ ਪਾਏ ਜਾਣ ਵਾਲੇ ਬਾਲ-ਲਿੰਗ ਅਨੁਪਾਤ ਦਾ ਵਿਸਥਾਰ ਨਾਲ ਅਧਿਐਨ ਕਰਨ ਲਈ ਪੰਜਾਬ ਨੂੰ ਹੇਠ ਲਿਖੇ ਤਿੰਨ ਪ੍ਰਕਾਰ ਦੇ ਖਿੱਤਿਆਂ ਵਿੱਚ ਵੰਡਿਆ ਜਾ ਸਕਦਾ ਹੈ।

I. ਮੁਕਾਬਲਤਨ ਉਚੇਰੇ ਬਾਲ-ਲਿੰਗ ਅਨੁਪਾਤ ਵਾਲੇ ਖਿੱਤੇ (900 ਤੋਂ ਵੱਧ);
II. ਦਰਮਿਆਨੇਂ ਬਾਲ-ਲਿੰਗ ਅਨੁਪਾਤ ਵਾਲੇ ਖਿੱਤੇ (850-900 ਦੇ ਵਿਚਕਾਰ);
III. ਮੁਕਾਬਲਤਨ ਘੱਟ ਬਾਲ-ਲਿੰਗ ਅਨੁਪਾਤ ਵਾਲੇ ਖਿੱਤੇ (850 ਤੋਂ ਘੱਟ)।

**(i) ਮੁਕਾਬਲਤਨ ਉਚੇਰੇ ਬਾਲ-ਲਿੰਗ ਅਨੁਪਾਤ ਵਾਲੇ ਖਿੱਤੇ (900 ਤੋਂ ਵੱਧ):**

ਸਮੁੱਚੇ ਪੰਜਾਬ ਪ੍ਰਦੇਸ਼ ਦੀਆਂ ਕੁੱਲ ਤਹਿਸੀਲਾਂ (77) ਵਿਚੋਂ ਸਿਰਫ ਦੋ ਤਹਿਸੀਲਾਂ (ਧਾਰ ਕਲਾਂ ਤੇ ਨਵਾਂ ਸ਼ਹਿਰ) ਵਿੱਚ ਸਿੱਖ ਅਬਾਦੀ ਵਿੱਚ ਬਾਲ-ਲਿੰਗ ਅਨੁਪਾਤ ਮੁਕਾਬਲਤਨ ਉਚੇਰਾ ਰਿਹਾ (ਸਾਰਣੀ 4)। ਇਹ ਦੋਵੇਂ ਤਹਿਸੀਲਾਂ ਕ੍ਰਮਵਾਰ 'ਮਾਝਾ' ਅਤੇ 'ਦੋਆਬਾ' ਵਿੱਚ ਸਥਿੱਤ ਹਨ। 'ਮਾਲਵਾ' ਇਸ ਉਚੇਰੇ ਅਨੁਪਾਤ ਵਾਲੀ ਸ਼੍ਰੇਣੀ ਵਿੱਚ ਆਪਣੀਂ ਹਾਜ਼ਰੀ ਵੀ ਦਰਜ ਨਹੀਂ ਕਰਵਾ ਸਕਿਆ।

ਜੇਕਰ ਉਚੇਚੇ ਤੌਰ ਤੇ ਪੰਜਾਬ ਦੇ ਪੇਂਡੂ ਇਲਾਕਿਆਂ ਦੀ ਸਿੱਖ ਅਬਾਦੀ ਵਿੱਚ ਬਾਲ-ਲਿੰਗ ਅਨੁਪਾਤ ਦੇ ਸੰਦਰਭ ਵਿੱਚ ਗੱਲ ਕਰੀਏ ਤਾਂ ਕੇਵਲ ਨਵਾਂ ਸ਼ਹਿਰ ਤਹਿਸੀਲ ਵਿੱਚ ਮੁਕਾਬਲਤਨ ਉਚੇਰਾ ਬਾਲ ਲਿੰਗ ਅਨੁਪਾਤ (909) ਨਜ਼ਰ ਆਇਆ। ਏਥੇ ਇਹ ਗੱਲ ਖਾਸ ਤੌਰ ਤੇ ਵਰਨਣਯੋਗ ਹੈ ਕਿ ਮਾਝਾ ਅਤੇ ਮਾਲਵਾ ਇਸ ਸ਼੍ਰੇਣੀ ਵਿੱਚ ਆਪਣੀਂ ਭਾਗੀਦਾਰੀ ਦਰਜ ਕਰਾਉਣ ਵਿੱਚ ਅਸਫ਼ਲ ਰਹੇ।

ਸ਼ਹਿਰੀ ਇਲਾਕਿਆਂ ਵਿੱਚ ਵੱਸਦੀ ਸਿੱਖ ਆਬਾਦੀ ਪੇਂਡੂ ਖਿੱਤਿਆਂ ਤੋਂ ਇਸ ਸੰਦਰਭ ਵਿੱਚ ਮੁਕਾਬਲਤਨ ਮੋਹਰੀ ਰਹੀ। ਅੰਕੜਿਆਂ ਅਨੁਸਾਰ ਧਾਰ ਕਲਾਂ ਤਹਿਸੀਲ ਬਹੁਤ ਹੀ ਉਚੇਰਾ ਤੇ ਹੈਰਾਨੀਜਨਕ ਬਾਲ-ਲਿੰਗ ਅਨੁਪਾਤ ਦਰਸਾ ਰਹੀ ਹੈ। ਇਸ ਦਾ ਮੁੱਖ ਕਾਰਨ ਇੱਥੇ ਸਿੱਖਾਂ ਦੀ ਅਬਾਦੀ ਦੀ ਪ੍ਰਤੀਸ਼ਤਤਾ ਬਹੁਤ ਹੀ ਘੱਟ (1.58 ਪ੍ਰਤੀਸ਼ਤ) ਹੈ। ਇਸ ਤੋਂ ਇਲਾਵਾ ਮਾਲਵੇ ਦੀਆਂ ਪੰਜ ਤਹਿਸੀਲਾਂ ਵਿੱਚ ਮੁਕਾਬਲਤਨ ਵਧੇਰੇ ਸ਼ਹਿਰੀ ਬਾਲ-ਲਿੰਗ ਅਨੁਪਾਤ ਆਂਕਿਆ ਗਿਆ। ਫਾਜ਼ਿਲਕਾ ਤਹਿਸੀਲ ਇਸ ਮਾਮਲੇ ਵਿੱਚ ਸਭ ਤੋਂ ਵਧੇਰੇ ਬਾਲ-ਲਿੰਗ ਅਨੁਪਾਤ ਦਰਜ ਕਰਕੇ ਪਹਿਲੇ ਸਥਾਨ ਤੇ ਰਹੀ। ਜਦਕਿ ਬਾਕੀ ਦੀਆਂ ਚਾਰ ਤਹਿਸੀਲਾਂ ਬਸੀ ਪਠਾਣਾਂ (907), ਲੁਧਿਆਣਾ ਵੈੱਸਟ (905), ਸਮਾਣਾ (905) ਅਤੇ ਅਨੰਦਪੁਰ ਸਾਹਿਬ (903) ਬਹੁਤ ਹੀ ਘੱਟ ਆਪਸੀ ਅੰਤਰ ਨਾਲ ਕ੍ਰਮਵਾਰ ਇਸ ਮਾਮਲੇ ਵਿੱਚ ਪਿਛਾਂਅ ਰਹੀਆਂ (ਨਕਸ਼ਾ 3)। ਪ੍ਰਦੇਸ਼ ਦੇ ਤਿੰਨੋਂ ਰਵਾਇਤੀ ਭੂਗੋਲਿਕ ਖੇਤਰ ਮਾਝਾ, ਮਾਲਵਾ ਅਤੇ ਦੋਆਬਾ ਕ੍ਰਮਵਾਰ 8 ਪ੍ਰਤੀਸ਼ਤ, 10 ਪ੍ਰਤੀਸ਼ਤ ਅਤੇ 13 ਪ੍ਰਤੀਸ਼ਤ

## ਸਾਰਣੀ 4
## ਪੰਜਾਬ ਦੇ ਸਿੱਖਾਂ ਦਾ ਬਾਲ-ਲਿੰਗ ਅਨੁਪਾਤ: 2011

| ਲੜੀ ਨੰ. | ਜਿਲ੍ਹੇ ਦਾ ਨਾਂ | ਤਹਿਸੀਲ | ਸਿੱਖ | | |
|---|---|---|---|---|---|
| | | | **ਕੁੱਲ** | **ਪੇਂਡੂ** | **ਸ਼ਹਿਰੀ** |
| 1 | **ਅੰਮ੍ਰਿਤਸਰ** | | **819** | **823** | **812** |
| | | (i) ਅਜਨਾਲਾ | 839 | 840 | 831 |
| | | (ii )ਅੰਮ੍ਰਿਤਸਰ-I | 813 | 812 | 819 |
| | | (iii )ਅੰਮ੍ਰਿਤਸਰ- II | 816 | 827 | 810 |
| | | (iv)ਬਾਬਾ ਬਕਾਲਾ | 805 | 803 | 816 |
| 2 | ਬਰਨਾਲਾ | | **845** | **842** | **856** |
| | | (i) ਬਰਨਾਲਾ | 847 | 846 | 850 |
| | | (ii) ਤਪਾ | 842 | 836 | 879 |
| 3 | ਬਠਿੰਡਾ | | **847** | **848** | **840** |
| | | (i) ਰਾਮਪੁਰਾ ਫੂਲ | 853 | 855 | 843 |
| | | (ii ) ਬਠਿੰਡਾ | 849 | 853 | 840 |
| | | (iii)ਤਲਵੰਡੀ ਸਾਬੋਂ | 834 | 833 | 839 |
| 4 | ਫਰੀਦਕੋਟ | | **846** | **848** | **840** |
| | | ਫਰੀਦਕੋਟ | 844 | 847 | 834 |
| | | ਜੈਤੋ | 852 | 850 | 872 |
| 5 | ਫਤਿਹਗੜ੍ਹ ਸਾਹਿਬ | | **824** | **823** | **832** |
| | | ਬੱਸੀ ਪਠਾਣਾ | 869 | 865 | 907 |
| | | ਫਤਿਹਗੜ੍ਹ ਸਾਹਿਬ | 812 | 805 | 845 |
| | | ਅਮਲੋਹ | 815 | 824 | 786 |
| | | ਖਮਾਣੋਂ | 820 | 813 | 892 |
| 6 | ਫਿਰੋਜ਼ਪੁਰ | | 858 | 854 | 875 |
| | | ਜੀਰਾ | **829** | **830** | **822** |
| | | ਫਿਰੋਜ਼ਪੁਰ | 829 | 830 | 822 |
| | | ਜਲਾਲਾਬਾਦ | 833 | 837 | 784 |
| | | ਫਾਜ਼ਿਲਕਾ | 877 | 872 | 947 |
| | | ਅਬੋਹਰ | 819 | 811 | 856 |
| 7 | ਗੁਰਦਾਸਪੁਰ | | **783** | **781** | **804** |
| | | ਧਾਰ ਕਲਾਂ | 903 | 806 | 3000 |
| | | ਪਠਾਨਕੋਟ | 787 | 776 | 803 |
| | | ਗੁਰਦਾਸਪੁਰ | 783 | 784 | 773 |
| | | ਬਟਾਲਾ | 787 | 783 | 810 |
| | | ਡੇਰਾ ਬਾਬਾ ਨਾਨਕ | 762 | 755 | 894 |

| | | | | | |
|---|---|---|---|---|---|
| 8 | ਹੁਸ਼ਿਆਰਪੁਰ | | **831** | **833** | **822** |
| | | ਦਸੂਹਾ | 790 | 784 | 851 |
| | | ਮੁਕੇਰੀਆਂ | 787 | 793 | 748 |
| | | ਹੁਸ਼ਿਆਰਪੁਰ | 859 | 872 | 811 |
| | | ਗੜ੍ਹਸ਼ੰਕਰ | 897 | 896 | 909 |
| 9 | ਜਲੰਧਰ | | **852** | **859** | **838** |
| | | ਸ਼ਾਹਕੋਟ | 837 | 839 | 816 |
| | | ਨਕੋਦਰ | 877 | 873 | 929 |
| | | ਫ਼ਿਲੌਰ | 874 | 877 | 857 |
| | | ਜਲੰਧਰ-I | 839 | 849 | 836 |
| | | ਜਲੰਧਰ-II | 853 | 858 | 819 |
| 10 | ਕਪੂਰਥਲਾ | | **835** | **834** | **840** |
| | | ਭੁਲੱਥ | 761 | 765 | 737 |
| | | ਕਪੂਰਥਲਾ | 870 | 866 | 888 |
| | | ਸੁਲਤਾਨਪੁਰ ਲੋਧੀ | 819 | 822 | 775 |
| | | ਫਗਵਾੜਾ | 852 | 857 | 844 |
| 11 | ਲੁਧਿਆਣਾ | | **850** | **855** | **841** |
| | | ਸਮਰਾਲਾ | 836 | 838 | 824 |
| | | ਖੰਨਾ | 823 | 849 | 780 |
| | | ਪਾਇਲ | 841 | 846 | 805 |
| | | ਲੁਧਿਆਣਾ ਪੂਰਬੀ | 839 | 839 | 839 |
| | | ਲੁਧਿਆਣਾ ਪੱਛਮੀ | 866 | 858 | 905 |
| | | ਰਾਏਕੋਟ | 858 | 856 | 869 |
| | | ਜਗਰਾਓਂ | 880 | 881 | 873 |
| 12 | ਮਾਨਸਾ | | **826** | **832** | **785** |
| | | ਸਰਦੂਲਗੜ੍ਹ | 823 | 822 | 828 |
| | | ਬੁਢਲਾਡਾ | 829 | 833 | 781 |
| | | ਮਾਨਸਾ | 826 | 836 | 776 |
| 13 | ਮੋਗਾ | | **861** | **864** | **844** |
| | | ਨਿਹਾਲ ਸਿੰਘ ਵਾਲਾ | 866 | 869 | 756 |
| | | ਬਾਘਾ ਪੁਰਾਣਾ | 857 | 859 | 838 |
| | | ਮੋਗਾ | 861 | 865 | 848 |
| 14 | ਪਟਿਆਲਾ | | **816** | **806** | **848** |
| | | ਸਮਾਣਾ | 810 | 797 | 905 |
| | | ਪਾਤੜਾਂ | 835 | 830 | 870 |
| | | ਨਾਭਾ | 798 | 792 | 837 |
| | | ਪਟਿਆਲਾ | 815 | 801 | 839 |

| | | | | | |
|---|---|---|---|---|---|
| | | ਰਾਜਪੁਰਾ | 825 | 818 | 870 |
| 15 | ਰੂਪਨਗਰ | | **844** | **844** | **843** |
| | | ਆਨੰਦਪੁਰ ਸਾਹਿਬ | 864 | 859 | 903 |
| | | ਨੰਗਲ | 861 | 860 | 864 |
| | | ਰੂਪਨਗਰ | 840 | 831 | 865 |
| | | ਚਮਕੌਰ ਸਾਹਿਬ | 832 | 840 | 786 |
| 16 | ਐਸ.ਏ. ਐਸ. ਨਗਰ ਮੁਹਾਲੀ | | **804** | **798** | **813** |
| | | ਖਰੜ | 820 | 815 | 829 |
| | | ਐਸ.ਏ. ਐਸ. ਨਗਰ, ਮੁਹਾਲੀ | 807 | 796 | 818 |
| | | ਡੇਰਾ ਬੱਸੀ | 776 | 775 | 778 |
| 17 | ਸੰਗਰੂਰ | | **819** | **817** | **830** |
| | | ਮਲੇਰਕੋਟਲਾ | 839 | 832 | 890 |
| | | ਧੂਰੀ | 810 | 811 | 799 |
| | | ਸੰਗਰੂਰ | 816 | 811 | 831 |
| | | ਸੁਨਾਮ | 808 | 808 | 810 |
| | | ਲਹਿਰਾ | 836 | 831 | 893 |
| | | ਮੂਨਕ | 807 | 811 | 776 |
| 18 | ਐਸ.ਬੀ. ਐਸ. ਨਗਰ | | **895** | **902** | **845** |
| | | ਨਵਾਂ ਸ਼ਹਿਰ | 903 | 909 | 868 |
| | | ਬਲਾਚੌਰ | 870 | 883 | 762 |
| 19 | ਮੁਕਤਸਰ | | **819** | **822** | **801** |
| | | ਮਲੋਟ | 826 | 827 | 813 |
| | | ਗਿੱਦੜਬਾਹਾ | 810 | 811 | 797 |
| | | ਮੁਕਤਸਰ | 820 | 826 | 798 |
| 20 | ਥਰਨਤਾਰਨ | | **819** | **818** | **828** |
| | | ਪੱਟੀ | 808 | 808 | 807 |
| | | ਤਰਨਤਾਰਨ | 836 | 834 | 853 |
| | | ਖਡੂਰ ਸਾਹਿਬ | 803 | 803 | A.R.* |
| **ਪੰਜਾਬ** | | | **830** | **830** | **830** |

**ਸਰੋਤ:** ਭਾਰਤ ਦੀ ਜਨ-ਗਣਨਾ, 2011. **A.R*** ਸਾਰੀ ਪੇਂਡੂ ਜਨਸੰਖਿਆ (ਖਡੂਰ ਸਾਹਿਬ ਤਹਿਸੀਲ ਵਿੱਚ ਸ਼ਹਿਰੀ ਜਨਸੰਖਿਆ ਮੌਜੂਦ ਨਹੀਂ ਹੈ)।

**ਨਕਸ਼ਾ 1**




**ਸਰੋਤ:** ਭਾਰਤ ਦੀ ਜਨ-ਗਣਨਾ, 2011.

## ਨਕਸ਼ਾ 2




**ਸਰੋਤ:** ਭਾਰਤ ਦੀ ਜਨ-ਗਣਨਾ, 2011.

## ਨਕਸ਼ਾ 3




**ਸਰੋਤ**: ਭਾਰਤ ਦੀ ਜਨ-ਗਣਨਾ, 2011.

ਤਹਿਸੀਲਾਂ ਵਿੱਚ ਮੁਕਾਬਲਤਨ ਉਚੇਰਾ ਬਾਲ-ਲਿੰਗ ਅਨੁਪਾਤ ਦਰਜ ਕਰਵਾਉਂਦੇ ਹੋਏ ਨਜ਼ਰ ਆਏ। ਇਸ ਸਬੰਧ ਵਿੱਚ ਸ਼ਹਿਰੀ ਖਿੱਤੇ ਪੇਂਡੂ ਖਿੱਤਿਆਂ ਤੋਂ ਮੋਹਰੀ ਰਹੇ। ਦੋਆਬਾ ਖੇਤਰ ਉੱਚਤਮ ਬਾਲ-ਲਿੰਗ ਅਨੁਪਾਤ ਦਰਜ ਕਰਵਾਉਂਦਾ ਹੋਇਆ ਮੋਹਰੀ ਰਿਹਾ (ਸਾਰਣੀ 3)। ਦੋਆਬੇ ਦੇ ਸਿੱਖਾਂ ਵਿੱਚ ਪਾਏ ਜਾਣ ਵਾਲੇ ਬਾਲ ਲਿੰਗ ਅਨੁਪਾਤ ਨੂੰ ਮੁਕਾਬਲਤਨ ਉਚੇਰੀ ਸਾਖ਼ਰਤਾ ਦਰ ਨਾਲ ਜੋੜਕੇ ਵੇਖਿਆ ਜਾਂਦਾ ਹੈ। ਔਰਤਾਂ ਦੀ ਸਾਖ਼ਰਤਾ ਦਰ ਦੀ ਭੂਮਿਕਾ ਇਸ ਸਬੰਧ ਵਿੱਚ ਉਚੇਚੇ ਤੌਰ ਤੇ ਵਰਨਣਯੋਗ ਹੈ। ਉਚੇਰੀ ਸਾਖ਼ਰਤਾ ਦਰ ਲੋਕਾਂ ਵਿੱਚ ਲਿੰਗਿਕ ਸਮਾਨਤਾ ਪ੍ਰਤੀ ਜਾਗਰੂਕਤਾ ਲਿਆਉਂਦੀ ਨਜ਼ਰ ਆਈ। ਇਸ ਖੇਤਰ ਦੀਆਂ ਔਰਤਾਂ ਵਿੱਚ ਉਚੇਰੇ ਸਾਖ਼ਰਤਾ ਪੱਧਰ ਤੋਂ ਇਲਾਵਾ ਸਿੱਖਿਆ ਦਾ ਮਿਆਰ ਵੀ ਮੁਕਾਬਲਤਨ ਉਚੇਰਾ ਹੈ। ਜੋ ਅੱਗੇ ਚੱਲਕੇ ਇਸਤਰੀ-ਪੁਰਸ਼ ਦੀ ਸਮਾਜ ਵਿੱਚ ਸਮਾਨਤਾ ਤੇ ਜ਼ੋਰ ਦਿੰਦਾ ਹੈ। ਇਸ ਤੋਂ ਇਲਾਵਾ ਇਸ ਖੇਤਰ ਦੇ ਲੋਕਾਂ ਦਾ ਲੰਬੇ ਸਮੇਂ ਤੋਂ ਬਹੁ-ਗਿਣਤੀ ਵਿੱਚ ਵਿਕਸਿਤ ਦੇਸ਼ਾਂ ਵੱਲ ਪ੍ਰਵਾਸ ਕਰਨਾ ਵੀ ਇਸ ਸੰਬੰਧ ਵਿੱਚ ਜ਼ਿਕਰਯੋਗ ਹੈ। ਇਸ ਪ੍ਰਵਾਸ ਦੇ ਪ੍ਰਭਾਵ ਥੱਲੇ ਇਹ ਖਿੱਤਾ ਆਰਥਿਕ ਅਤੇ ਸਮਾਜਿਕ ਪੱਖੋਂ ਮੁਕਾਬਲਤਨ ਬਹੁਤ ਪ੍ਰਫੁੱਲਤ ਹੋਇਆ। ਸਮਾਜਿਕ ਅਤੇ ਆਰਥਿਕ ਤੌਰ ਤੇ ਆਈ ਸੋਝੀ ਵੀ ਇਸ ਖੇਤਰ ਦੇ ਲੋਕਾਂ ਨੂੰ ਕੁੜੀ-ਮੁੰਡੇ ਦੀ ਬਰਾਬਰੀ ਦਾ ਅਹਿਸਾਸ ਕਰਵਾਉਣ ਵਿੱਚ ਮੱਦਦਗਾਰ ਰਹੀ। ਸਿੱਟੇ ਵਜੋਂ ਬਾਲ-ਲਿੰਗ ਅਨੁਪਾਤ ਦੇ ਸੰਦਰਭ ਵਿੱਚ ਨਰ-ਮਾਦਾ ਦਾ ਪਾੜਾ ਬਾਕੀ ਖੇਤਰਾਂ ਤੋਂ ਘੱਟ ਮਿਲਦਾ ਹੈ। ਇਸ ਤੋਂ ਇਲਾਵਾ ਲਿੰਗ ਅਨੁਪਾਤ ਤੇ ਪ੍ਰਭਾਵ ਪਾਉਣ ਵਾਲੇ ਕਾਰਕਾਂ ਵਿੱਚ ਇਸ ਖੇਤਰ ਦੀ ਸਿੱਖ ਜਨ ਸੰਖਿਆ ਦਾ ਸੁਰੱਖਿਆ ਬਲਾਂ ਵਿੱਚ ਕਾਰਜਗਤ ਹੋਣਾ ਅਤੇ ਇਸ ਰੁਝਾਨ ਦਾ ਬਰਕਰਾਰ ਰਹਿਣਾ ਵਿਸ਼ੇਸ਼ ਤੌਰ ਤੇ ਵਰਨਣਯੋਗ ਹੈ। ਸੁਰੱਖਿਆ ਬਲਾਂ ਵਿੱਚ ਸੇਵਾ ਅਵਧੀ ਦੌਰਾਨ ਪਏ ਬਾਹਰੀ ਪ੍ਰਭਾਵ ਨੇ ਇਸ ਸੰਬੰਧ ਵਿੱਚ ਲੋਕਾਂ ਦੀ ਸੌੜੀ ਸੋਚ ਨੂੰ ਦਰੁਸਤ ਕਰਨ ਵਿੱਚ ਸਹਾਇਤਾ ਕੀਤੀ। ਫ਼ਲਸਰੂਪ ਇਸ ਪ੍ਰਤੀ ਲੋਕਾਂ ਦੀ ਮਾਨਸਿਕਤਾ ਵਿੱਚ ਬਦਲਾਅ ਆਇਆ ਜੋ ਅੱਗੇ ਚੱਲਕੇ ਅੰਕੜਿਆਂ ਦੇ ਰੂਪ ਵਿੱਚ ਇਸ ਘਟਦੇ ਪਾੜ੍ਹੇ ਦਾ ਗਵਾਹ ਬਣਿਆ (Kaur, 2015)। ਇਸ ਦਾ ਸਮੁੱਚੇ ਤੌਰ ਤੇ ਲਿੰਗ ਅਨੁਪਾਤ ਤੇ ਪ੍ਰਭਾਵ ਪਿਆ। ਵਕਤ ਦੀਆਂ ਬਦਲਦੀਆਂ ਕਦਰਾਂ ਕੀਮਤਾਂ ਨਾਲ ਇਹ ਪ੍ਰਭਾਵ ਬਾਲ-ਲਿੰਗ ਅਨੁਪਾਤ ਤੇ ਜ਼ਾਹਿਰ ਤੌਰ ਤੇ ਨਜ਼ਰ ਆਉਂਦਾ ਹੈ।

**(ii) ਦਰਮਿਆਨੇ ਬਾਲ-ਲਿੰਗ ਅਨੁਪਾਤ ਵਾਲੇ ਖਿੱਤੇ (850-900 ਦੇ ਵਿਚਕਾਰ):**

ਪੰਜਾਬ ਪ੍ਰਦੇਸ਼ ਦੀਆਂ ਸਮੁੱਚੀਆਂ ਤਹਿਸੀਲਾਂ ਵਿਚੋਂ ਇੱਕੀ ਤਹਿਸੀਲਾਂ ਵਿੱਚ ਸਿੱਖ ਆਬਾਦੀ ਵਿੱਚ ਦਰਮਿਆਨੇ ਦਰਜੇ ਦਾ ਬਾਲ-ਲਿੰਗ ਅਨੁਪਾਤ ਦਰਜ ਕੀਤਾ ਗਿਆ। ਦੋਆਬਾ ਖੇਤਰ ਦੀਆਂ ਤਰਵੰਜਾ ਪ੍ਰਤੀਸ਼ਤ ਅਤੇ ਮਾਲਵੇ ਦੀਆਂ ਲੱਗਭਗ ਛੱਬੀ ਪ੍ਰਤੀਸ਼ਤ ਤਹਿਸੀਲਾਂ ਵਿੱਚ ਦਰਮਿਆਨੇ ਦਰਜੇ ਦਾ ਬਾਲ-ਲਿੰਗ ਅਨੁਪਾਤ ਦੇਖਣ ਨੂੰ ਮਿਲਿਆ ਜਦਕਿ ਮਾਝਾ ਖਿੱਤਾ ਇਸ ਸ਼੍ਰੇਣੀਂ ਵਿੱਚੋ ਗੈਰਹਾਜ਼ਰ ਰਿਹਾ। ਰਾਜ ਦੇ ਉੱਤਰ-ਪੂਰਬ ਤੋਂ ਸ਼ੁਰੂ ਹੋ ਕੇ ਮੱਧ ਤੱਕ ਦੇ ਲੱਗਭਗ ਵਧੇਰੇ ਖੇਤਰ ਇਸ ਸ਼੍ਰੇਣੀ ਵਿੱਚ ਸ਼ਾਮਿਲ ਰਹੇ (ਨਕਸ਼ਾ 1)। ਇਸ ਸ਼੍ਰੇਣੀ ਦੀਆਂ ਤਹਿਸੀਲਾਂ ਵਿਚੋਂ ਹੁਸ਼ਿਆਰਪੁਰ ਜ਼ਿਲ੍ਹੇ ਦੀ ਗੜਸ਼ੰਕਰ ਤਹਿਸੀਲ ਪ੍ਰਤੀ ਇੱਕ ਹਜ਼ਾਰ ਨਰ ਬਾਲਾਂ ਪਿੱਛੇ 897 ਮਾਦਾ ਬੱਚੀਆਂ ਦਰਜ ਕਰਾ ਕੇ ਪਹਿਲੇ ਸਥਾਨ ਤੇ ਕਾਬਿਜ਼ ਰਹੀ।

ਪੇਂਡੂ ਇਲਾਕਿਆਂ ਵਿੱਚ ਰਹਿਣ ਵਾਲੀ ਸਿੱਖ ਆਬਾਦੀ ਨੇ ਤੀਹ ਪ੍ਰਤੀਸ਼ਤ ਤਹਿਸੀਲਾਂ ਵਿੱਚ ਦਰਮਿਆਨੇ ਦਰਜ਼ੇ ਦਾ ਬਾਲ-ਲਿੰਗ ਅਨੁਪਾਤ ਦਰਜ ਕਰਾਇਆ। ਗੜਸ਼ੰਕਰ ਤਹਿਸੀਲ ਇਸ ਸੰਦਰਭ ਵਿੱਚ ਪ੍ਰਤੀ ਹਜ਼ਾਰ ਨਰ ਬਾਲਾਂ ਪਿੱਛੇ 896 ਮਾਦਾ ਬਾਲ ਦਰਜ ਕਰਵਾ ਕੇ ਮੋਹਰੀ ਰਿਹਾ। ਇਸ ਸ਼੍ਰੇਣੀ ਵਿੱਚ ਰਾਜ ਦੇ ਉੱਤਰ-ਪੂਰਬੀ ਇਲਾਕਿਆਂ ਸਮੇਤ ਕੇਂਦਰੀ ਖੇਤਰ ਅਤੇ ਕੁਝ ਕੁ ਦੱਖਣ-ਪੱਛਮੀ ਖੇਤਰ ਸ਼ਾਮਿਲ ਹਨ (ਨਕਸ਼ਾ 2)।

ਦੂਜੇ ਪਾਸੇ ਸ਼ਹਿਰੀ ਇਲਾਕਿਆਂ ਵਿੱਚ ਵਸਦੀ ਸਿੱਖ ਅਬਾਦੀ ਨੇ ਛੱਬੀ ਪ੍ਰਤੀਸ਼ਤ ਤਹਿਸੀਲਾਂ ਵਿੱਚ ਦਰਮਿਆਨੇ ਦਰਜ਼ੇ ਦਾ ਬਾਲ-ਲਿੰਗ ਅਨੁਪਾਤ ਦਰਜ ਕਰਵਾਇਆ। ਇਨ੍ਹਾਂ ਤਹਿਸੀਲਾਂ ਵਿੱਚੋਂ ਡੇਰਾ ਬਾਬਾ ਨਾਨਕ ਪ੍ਰਤੀ ਹਜ਼ਾਰ ਨਰ ਬਾਲਾਂ ਪਿੱਛੇ 894 ਮਾਦਾ ਬਾਲ ਦਰਜ ਕਰਕੇ ਪਹਿਲੇ ਸਥਾਨ ਤੇ ਰਿਹਾ। ਇਸ ਤੋਂ ਇਲਾਵਾ ਮਾਲਵਾ ਖੇਤਰ ਦੀਆਂ ਚੌਦਾਂ, ਦੋਆਬਾ ਖੇਤਰ ਦੀ ਚਾਰ ਅਤੇ ਮਾਝਾ ਦੀਆਂ ਦੋ ਤਹਿਸੀਲਾਂ ਵਿੱਚ ਦਰਮਿਆਨੇ ਦਰਜੇ ਦਾ ਸ਼ਹਿਰੀ ਬਾਲ-ਲਿੰਗ ਅਨੁਪਾਤ ਆਂਕਿਆ ਗਿਆ। ਜੇਕਰ ਇਸ ਸੰਦਰਭ ਵਿੱਚ ਸਮੁੱਚੇ ਪੰਜਾਬ ਪ੍ਰਦੇਸ਼ ਤੇ ਪੰਛੀ ਝਾਤ ਮਾਰੀਏ ਤਾਂ ਇਸ ਸ਼੍ਰੇਣੀ ਦੀਆਂ ਤਹਿਸੀਲਾਂ ਸਾਰੇ ਖੇਤਰ ਵਿੱਚ ਵਿੱਖਰੀਆਂ ਪਈਆਂ ਨਜ਼ਰ ਆਉਂਦੀਆਂ ਹਨ (ਨਕਸ਼ਾ 3)।

### (iii) ਮੁਕਾਬਲਤਨ ਘੱਟ ਬਾਲ-ਲਿੰਗ ਅਨੁਪਾਤ ਵਾਲੇ ਖਿੱਤੇ (850 ਤੋਂ ਘੱਟ):

ਪੰਜਾਬ ਰਾਜ ਦੀਆਂ ਲੱਗਭਗ ਸੱਤਰ ਪ੍ਰਤੀਸ਼ਤ ਤਹਿਸੀਲਾਂ ਵਿੱਚ ਸਿੱਖ ਅਬਾਦੀ ਮੁਕਾਬਲਤਨ ਘੱਟ ਬਾਲ-ਲਿੰਗ ਅਨੁਪਾਤ ਵਾਲੀ ਸ਼੍ਰੇਣੀ ਵਿੱਚ ਸ਼ਾਮਿਲ ਹਨ। ਘੱਟ ਬਾਲ-ਲਿੰਗ ਅਨੁਪਾਤ ਵਾਲੀਆਂ ਸਮੁੱਚੀਆਂ ਤਹਿਸੀਲਾਂ ਵਿੱਚੋਂ ਭੁਲੱਥ ਤਹਿਸੀਲ ਪ੍ਰਤੀ ਹਜ਼ਾਰ ਨਰ ਬਾਲਾ ਪਿੱਛੇ 761 ਮਾਦਾ ਬਾਲ ਦਰਜ ਕਰਵਾ ਕੇ ਇਸ ਸੰਦਰਭ ਵਿੱਚ ਸਭ ਤੋਂ ਪਿੱਛੇ ਰਹੀ। ਇਸ ਖੋਜ ਵਿੱਚ ਅਣਕਿਆਸਿਆ ਤੇ ਹੈਰਾਨੀਜਨਕ ਤੱਥ ਇਹ ਰਿਹਾ ਕਿ ਮਾਝਾ ਖੇਤਰਾਂ ਵਿੱਚ ਸਿੱਖਾਂ ਦਾ ਧਾਰਮਿਕ ਦਬਦਬਾ ਹੋਣ ਦੇ ਬਾਵਜੂਦ ਵੀ ਬਾਕੀ ਰਵਾਇਤੀ ਭੂਗੋਲਿਕ ਖੇਤਰਾਂ ਦੇ ਮੁਕਾਬਲੇ ਬਾਲ-ਲਿੰਗ ਅਨੁਪਾਤ ਦਾ ਪੱਧਰ ਨੀਵਾਂ ਰਿਹਾ। ਘੋਖਣ ਤੇ ਇਸ ਨਾਲ ਸਬੰਧਤ ਹੈਰਾਨੀਜਨਕ ਤੱਥਾਂ ਵਿਚੋਂ ਸਭ ਤੋਂ ਝੰਜੋੜਨ ਵਾਲਾ ਕਾਰਨ ਇਹ ਰਿਹਾ ਕਿ ਪੂਰੇ ਮੁਲਕ ਵਿੱਚੋਂ ਸਭ ਤੋਂ ਪਹਿਲਾ ਲਿੰਗ ਨਿਰਧਾਰਣ ਕਲੀਨਿਕ ਇਸੇ ਖੇਤਰ ਵਿੱਚ ਖੁੱਲਿਆ। ਮਾਝਾ ਖੇਤਰ ਵਿੱਚ 1970 ਦੇ ਅਖੀਰ ਵਿੱਚ ਖੁੱਲਣ ਵਾਲਾ ਇਹ ਕਲੀਨਿਕ "ਨਿਊ ਭੰਡਾਰੀ ਐਂਟੀ-ਨੈਟਲ ਐਸ.ਡੀ ਕਲੀਨਿਕ" ਦੇ ਨਾਂ ਨਾਲ ਜਾਣਿਆ ਜਾਂਦਾ ਸੀ (Purewal, 2010)। ਵੀਹਵੀਂ ਸਦੀ ਦੇ ਆਖਰੀ ਦਹਾਕੇ ਅਤੇ ਇੱਕੀਵੀ ਸਦੀ ਦੇ ਸ਼ੁਰੂਆਤੀ ਦੌਰ ਵਿੱਚ ਵਕਤ ਦੀ ਰਫ਼ਤਾਰ ਨਾਲ ਅਜਿਹੇ ਕਲੀਨਿਕ ਰਾਜ ਦੇ ਬਾਕੀ ਖਿੱਤਿਆਂ ਵਿੱਚ ਵੀ ਖੁੰਬਾਂ ਵਾਂਗ ਉੱਠ ਖਲੋਏ। ਇੰਝ ਵੇਖਦਿਆਂ ਵੇਖਦਿਆਂ ਨਾਲ ਲੱਗਦੇ ਰਾਜਾਂ ਵਿੱਚ ਵੀ ਇਨ੍ਹਾਂ ਕੇਦਰਾਂ ਦਾ ਪ੍ਰਭਾਵ ਵਧਣ ਲੱਗਿਆ। ਇੰਝ ਪੂਰੇ ਰਾਜ ਵਿੱਚ ਤੇ ਖਾਸ ਤੌਰ ਤੇ ਮਾਝਾ ਖੇਤਰ ਵਿੱਚ ਭਰੂਣ ਹੱਤਿਆ ਦਿਨੋਂ ਦਿਨ ਵਧਦੀ ਗਈ। ਫ਼ਲਸਰੂਪ ਮਾਝਾ ਖੇਤਰ ਦੀ ਸਿੱਖ ਅਬਾਦੀ ਵਿੱਚ ਬਾਲ-ਲਿੰਗ ਅਨੁਪਾਤ ਦਾ ਪਾੜਾ ਵਧਾਉਣ ਵਿੱਚ ਇਸਦੀ ਮੁੱਖ ਭੂਮਿਕਾ ਰਹੀ।

ਜੇਕਰ ਰਾਜ ਦੇ ਪੇਂਡੂ ਖੇਤਰਾਂ ਵਿੱਚ ਵਸਦੀ ਸਿੱਖ ਅਬਾਦੀ ਦੀ ਗੱਲ ਕਰੀਏ ਤਾਂ ਇਸ ਸਮੇਂ ਦੌਰਾਨ ਪ੍ਰਦੇਸ਼ ਦੀਆਂ ਸਮੁੱਚੀਆਂ ਤਹਿਸੀਲਾਂ ਵਿਚੋਂ ਸੱਤਰ ਪ੍ਰਤੀਸ਼ਤ ਤਹਿਸੀਲਾਂ ਵਿੱਚ ਮੁਕਾਬਲਤਨ ਘੱਟ ਬਾਲ-ਲਿੰਗ ਅਨੁਪਾਤ ਦਰਜ ਕੀਤਾ ਗਿਆ। ਗੁਰਦਾਸਪੁਰ ਜਿਲ੍ਹੇ ਦੀ ਡੇਰਾ ਬਾਬਾ ਨਾਨਕ ਤਹਿਸੀਲ ਦੀ ਸਥਿੱਤੀ ਇਸ ਸੰਬੰਧ ਵਿੱਚ ਵਧੇਰੇ ਨਾਜ਼ੁਕ ਰਹੀ। ਇਸ ਤਹਿਸੀਲ ਵਿੱਚ ਪ੍ਰਤੀ ਹਜ਼ਾਰ ਨਰ ਬਾਲਾਂ ਪਿੱਛੇ ਕੇਵਲ 755 ਮਾਦਾ ਬੱਚੇ ਦਰਜ ਕੀਤੇ ਗਏ ਜੋ ਕਿ ਸਮੁੱਚੇ ਅਧਿਐਨ ਅਧੀਨ ਖੇਤਰ ਵਿੱਚ ਸਭ ਤੋਂ ਘੱਟ ਸੀ। ਮਾਝਾ ਖੇਤਰ ਦੇ ਸਾਰੇ ਪੇਂਡੂ ਇਲਾਕਿਆਂ ਦੀ ਸਿੱਖ ਆਬਾਦੀ ਵਿੱਚ ਮੁਕਾਬਲਤਨ ਘੱਟ ਬਾਲ-ਲਿੰਗ ਅਨੁਪਾਤ ਦਰਜ਼ ਕੀਤਾ ਗਿਆ। ਰਾਜ ਦੇ ਕੁੱਝ ਕੁ ਉੱਤਰ-ਪੂਰਬੀ ਅਤੇ ਕੇਂਦਰੀ ਇਲਾਕਿਆਂ ਤੋਂ ਇਲਾਵਾ ਬਾਕੀ ਖੇਤਰਾਂ ਵਿੱਚ ਨਰ-ਮਾਦਾ ਬਾਲਾਂ ਦੇ ਅਨੁਪਾਤ ਵਿਚਾਲੇ ਪਾੜਾ ਵਧੇਰੇ ਰਿਹਾ (ਨਕਸ਼ਾ 2)।

ਸਿੱਖਾਂ ਦੀ ਸ਼ਹਿਰੀ ਆਬਾਦੀ ਨੇ ਰਾਜ ਦੀਆਂ ਛਿਆਲੀ ਤਹਿਸੀਲਾਂ ਵਿੱਚ ਮੁਕਾਬਲਤਨ ਨੀਵਾਂ ਬਾਲ-ਲਿੰਗ ਅਨੁਪਾਤ ਦਰਜ ਕੀਤਾ ਗਿਆ। ਕਪੂਰਥਲਾ ਜਿਲ੍ਹੇ ਦੀ ਭੁਲੱਥ ਤਹਿਸੀਲ ਵਿੱਚ ਨਰ ਬਾਲਾਂ ਦੇ ਮੁਕਾਬਲੇ ਮਾਦਾ ਬਾਲਾਂ ਦੀ ਗਿਣਤੀ (737) ਬਹੁਤ ਹੀ ਘੱਟ ਆਂਕੀ ਗਈ (ਸਾਰਣੀ 1)। ਇਸ ਤਰ੍ਹਾਂ ਮਾਝਾ ਖੇਤਰ ਦੀਆਂ ਸਤਾਹਟ ਪ੍ਰਤੀਸ਼ਤ, ਦੋਆਬਾ ਦੀਆਂ ਸੱਠ ਪ੍ਰਤੀਸ਼ਤ ਅਤੇ ਮਾਲਵਾ ਦੀਆਂ ਅੱਠਵੰਜਾ

ਪ੍ਰਤੀਸ਼ਤ ਤਹਿਸੀਲਾਂ ਦੀ ਸ਼ਹਿਰੀ ਸਿੱਖ ਆਬਾਦੀ ਵਿੱਚ ਮੁਕਾਬਲਤਨ ਘੱਟ (850 ਤੋਂ ਘੱਟ) ਬਾਲ-ਲਿੰਗ ਅਨੁਪਾਤ ਦਰਜ਼ ਕੀਤਾ ਗਿਆ।

ਇੰਝ ਸੂਬੇ ਦੇ ਲੱਗਭਗ ਸਾਰੇ ਉੱਤਰੀ, ਉੱਤਰ-ਪੱਛਮੀ, ਦੱਖਣੀ ਅਤੇ ਦੱਖਣ-ਪੱਛਮੀ ਅਤੇ ਦੱਖਣ-ਪੂਰਬੀ ਖੇਤਰ ਇਸ ਸ਼੍ਰੇਣੀ ਅਧੀਨ ਆਉਂਦੇ ਹਨ (ਨਕਸ਼ਾ 2 ਅਤੇ 3)।

ਇਸ ਵਿਸ਼ਲੇਸ਼ਣ ਤੋਂ ਇਹ ਗੱਲ ਸਪੱਸ਼ਟ ਤੌਰ ਤੇ ਉੱਭਰ ਕੇ ਸਾਹਮਣੇ ਆਈ ਹੈ ਕਿ ਪਿੰਡਾਂ ਦੀ ਸਿੱਖ ਆਬਾਦੀ ਵਿੱਚ ਬਾਲ-ਲਿੰਗ ਅਨੁਪਾਤ ਸ਼ਹਿਰੀ ਖਿੱਤਿਆਂ ਦੇ ਮੁਕਾਬਲੇ ਘੱਟ ਰਿਹਾ। ਪੇਂਡੂ ਇਲਾਕਿਆਂ ਵਿੱਚ ਸ਼ਹਿਰੀ ਇਲਾਕਿਆਂ ਦੇ ਮੁਕਾਬਲੇ ਪਿਤਾ-ਪੁਰਖੀ ਨਿਯਮਾਂ ਅਤੇ ਮਾਨਸਿਕਤਾ ਦਾ ਤਾਣਾ-ਬਾਣਾ ਵਧੇਰੇ ਮਜ਼ਬੂਤ ਤੇ ਗੁੰਝਲਦਾਰ ਹੈ। ਪੇਂਡੂ ਇਲਾਕਿਆਂ ਦੀ ਵਧੇਰੇ ਸਿੱਖ ਅਬਾਦੀ ਖੇਤੀਬਾੜੀ ਦੇ ਕਿੱਤੇ ਤੇ ਨਿਰਭਰ ਹੈ। ਇਸ ਗੱਲ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਵਧੇਰੇ ਗਿਣਤੀ ਅਜਿਹੀ ਮਾਨਸਿਕਤਾ ਦੀ ਮਾਲਿਕ ਹੈ ਜੋ ਇਹ ਯਕੀਨ ਕਰਦੀ ਹੈ ਕਿ ਜੱਦੀ ਪੁਸ਼ਤੀ ਜ਼ਮੀਨ ਜਾਇਦਾਦ ਦੀ ਸਾਂਭ-ਸੰਭਾਲ ਕਰਨ ਲਈ ਪਰਿਵਾਰ ਵਿੱਚ ਇੱਕ ਪੁੱਤਰ ਦਾ ਹੋਣਾ ਬੜਾ ਜ਼ਰੂਰੀ ਹੈ। ਜਿਸਨੂੰ ਭਵਿੱਖ ਵਿੱਚ ਖਾਨਦਾਨ ਦੇ ਵਾਰਿਸ ਵਜੋਂ ਜਾਣਿਆ ਜਾਵੇ। ਇਸ ਤੋਂ ਇਲਾਵਾ ਪੀੜੀ-ਦਰ-ਪੀੜੀ ਪ੍ਰਚੱਲਤ ਇਹ ਵੀ ਧਾਰਨਾ ਹੈ ਕਿ ਖੇਤੀਬਾੜੀ ਦੇ ਧੰਦੇ ਨੂੰ ਮਰਦ ਹੀ ਸਫ਼ਲਤਾਪੂਰਵਕ ਚਲਾ ਸਕਦੇ ਹਨ। ਸਿੱਟੇ ਵਜੋਂ ਖੇਤੀਬਾੜੀ ਦੇ ਕਿੱਤੇ ਵਿੱਚ ਔਰਤਾਂ ਨਾਲੋਂ ਮਰਦਾਂ ਦੀ ਵਧੇਰੇ ਸ਼ਮੂਲੀਅਤ ਨਾਲ ਮਰਦਾਂ ਦੀ ਆਰਥਿਕ ਸਥਿੱਤੀ ਔਰਤਾਂ ਦੇ ਮੁਕਾਬਲੇ ਵਧੇਰੇ ਮਜ਼ਬੂਤ ਰਹਿੰਦੀ ਹੈ (Hesketh and King, 2006)। ਸਿੱਟੇ ਵਜੋਂ ਸਾਰਾ ਪਰਿਵਾਰਿਕ ਤੇ ਸਮਾਜਿਕ ਤਾਣਾ-ਬਾਣਾ ਮੁੱਖ ਤੌਰ ਤੇ ਮਰਦਾਂ ਦੁਆਲੇ ਘੁੰਮਦਾ ਹੈ। ਆਰਥਿਕ ਪੱਖ ਤੋਂ ਲੈ ਕੇ ਮਾਪਿਆਂ ਦੀ ਬੁਢਾਪੇ ਵਿੱਚ ਲਾਠੀ ਬਣਨ ਤੱਕ ਦੀਆਂ ਸਾਰੀਆਂ ਆਸਾਂ ਉਮੀਦਾਂ ਪੁੱਤਰਾਂ ਤੋਂ ਪੂਰੀਆਂ ਹੋਣ ਦੀ ਤਵੱਕੋ ਵਾਲੀ ਮਾਨਸਿਕਤਾ ਹੋਰ ਵੀ ਵਧੇਰੇ ਮਜ਼ਬੂਤ ਹੈ। ਇਸ ਤੋਂ ਇਲਾਵਾ ਆਮ ਤੌਰ ਤੇ ਨਰ ਬੱਚਿਆਂ ਨੂੰ ਸੰਭਾਵੀ ਆਰਥਿਕ ਸਹਿਯੋਗ ਦਾ ਸਰੋਤ ਸਮਝਿਆ ਜਾਂਣ ਕਰਕੇ ਮਾਪਿਆ ਦਾ ਧਿਆਨ ਇਨ੍ਹਾਂ ਦੇ ਪਾਲਣ-ਪੋਸ਼ਣ ਵਿੱਚ, ਲੜਕੀਆਂ ਦੇ ਮੁਕਾਬਲੇ ਵਧੇਰੇ ਹੁੰਦਾ ਹੈ (Bardan, 1982)। ਸਿੱਟੇ ਵਜੋਂ ਪੇਂਡੂ ਖਿੱਤਿਆਂ ਵਿੱਚ ਵੱਸਦੀ ਸਿੱਖ ਆਬਾਦੀ ਨਾਲ ਸੰਬੰਧਿਤ ਪਰਿਵਾਰਾਂ ਵਿੱਚ ਪੁੱਤਰ ਪ੍ਰਾਪਤੀ ਦੀ ਇੱਛਾ ਹੋਰ ਵੀ ਤੀਬਰ ਹੋ ਜਾਂਦੀ ਹੈ। ਇਸ ਤਰ੍ਹਾਂ ਰਾਜ ਦੀ ਪੇਂਡੂ ਸਿੱਖ ਆਬਾਦੀ ਵਿੱਚ ਮਾਦਾ ਬਾਲਾਂ ਦੀ ਗਿਣਤੀ ਨਰ ਬਾਲਾਂ ਦੇ ਮੁਕਾਬਲੇ ਘਟਣ ਵਿੱਚ ਇਹ ਮਾਨਸਿਕਤਾ ਜ਼ਾਹਿਰ ਤੌਰ ਤੇ ਮੁੱਖ ਭੂਮਿਕਾ ਵਜੋਂ ਸਾਹਮਣੇ ਆਈ ਹੈ। ਇੱਥੇ ਇਹ ਦੱਸਣਾ ਵੀ ਜ਼ਰੂਰੀ ਸਮਝਿਆ ਜਾਂਦਾ ਹੈ ਕਿ ਅਸਲ ਵਿੱਚ ਜਾਗਰੂਕ ਲੜਕੀਆਂ ਨੇ ਇਸ ਧਾਰਨਾ ਨੂੰ ਅਜੋਕੇ ਸਮੇਂ ਵਿੱਚ ਕਾਫੀ ਹੱਦ ਤੱਕ ਗਲਤ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਹੈ। ਪ੍ਰੰਤੂ ਵਧੇਰੇ ਗਿਣਤੀ ਅਜੇ ਵੀ ਅਜਿਹੀ ਮਾਨਸਿਕਤਾ ਤੋਂ ਆਪਣੇ ਆਪ ਨੂੰ ਆਜ਼ਾਦ ਨਹੀਂ ਕਰ ਸਕੀ। ਸਿੱਟੇ ਵਜੋਂ ਪੁੱਤਰ ਪ੍ਰਾਪਤੀ ਦੀ ਇੱਛਾ ਮੱਧਮ ਨਹੀਂ ਪੈ ਸਕੀ। ਜਿਸ ਦੇ ਫ਼ਲਸਰੂਪ ਵਧੇਰੇ ਲੋਕ ਵੱਖ-ਵੱਖ ਤਰ੍ਹਾਂ ਦੇ ਗੈਰ ਕਾਨੂੰਨੀ ਤੇ ਅਨੈਤਿਕ ਹੱਥ ਕੰਡੇ ਅਪਣਾ ਕੇ ਇਸ ਇੱਛਾ ਨੂੰ ਪੂਰੀ ਕਰਨ ਲਈ ਆਪਣੀ ਪੂਰੀ ਵਾਹ ਲਾਉਂਦੇ ਹਨ। ਸੋ ਸੂਬੇ ਵਿੱਚ ਬਾਲ-ਲਿੰਗ ਅਨੁਪਾਤ ਦੇ ਘੱਟ ਹੋਣ ਦੇ ਕਾਰਨਾਂ ਵਿਚੋਂ ਬਾਲੜੀਆਂ ਦਾ ਜਨਮ ਤੋਂ ਪਹਿਲਾਂ ਹੀ ਖਾਤਮਾਂ ਕਰਨਾ ਵੀ ਇੱਥੇ ਖਾਸ ਤੌਰ ਤੇ ਵਰਨਣਯੋਗ ਹੈ (Registrar Genreal, 2003)। ਸਿਹਤ ਸੰਬੰਧੀ ਵਰਤੀਆਂ ਜਾਣ ਵਾਲੀਆਂ ਤਕਨੀਕਾਂ ਦੀ ਦੁਰਵਰਤੋਂ ਕਰਕੇ ਭਰੂਣ ਹੱਤਿਆ ਦਾ ਬਾਲ-ਲਿੰਗ ਅਨੁਪਾਤ ਤੇ ਪ੍ਰਭਾਵ ਜੱਗ ਜ਼ਾਹਿਰ ਹੈ (Bhat and Zavier, 2010)। ਪੁੱਤਰਾਂ ਨੂੰ ਧੀਆਂ ਦੇ ਮੁਕਾਬਲੇ ਵਧੇਰੇ ਤਰਜ਼ੀਹ ਦੇਣ ਦੇ ਕਾਰਨਾਂ ਵਿਚੋਂ ਇਨ੍ਹਾਂ ਨੂੰ ਵਧੇਰੇ ਕਮਾਈ ਕਰਨ ਦੇ ਸਮੱਰਥ ਸਮਝਿਆ ਜਾਣਾ, ਖਾਨਦਾਨ ਨੂੰ ਅੱਗੇ ਚਲਾਉਣ ਵਾਲਾ ਅਤੇ ਪੁਸ਼ਤੀ ਵਿਰਾਸਤ ਨੂੰ ਸੰਭਾਲਣ ਵਾਲਾ, ਮੁੱਖ ਹੈ (Hesketh and Xing,2006)। ਸਿੱਖ ਸਮਾਜ ਵਿੱਚ ਪੂਰਣ ਤੌਰ ਤੇ ਕਦੇ ਵੀ ਲਿੰਗਿਕ ਭੇਦ-ਭਾਵ ਦੀ ਅਣਹੋਂਦ ਨਹੀਂ ਰਹੀਂ ਪ੍ਰੰਤੂ ਵਕਤ ਦੇ ਨਾਲ-ਨਾਲ ਇਸ ਦੇ ਤੌਰ

ਤਰੀਕਿਆਂ ਵਿੱਚ ਤਬਦੀਲੀ ਜ਼ਰੂਰ ਆਈ ਹੈ (Mooney, 2020)। ਇਹ ਪੁੱਤਰ ਪ੍ਰਾਪਤੀ ਦੀ ਇੱਛਾ ਦੀ ਅੱਗੇ ਚੱਲ ਕੇ ਨਰ ਅਤੇ ਮਾਦਾ ਬੱਚਿਆਂ ਦੇ ਅਨੁਪਾਤ ਦੇ ਪਾੜੇ ਨੂੰ ਵਧਾ ਦਿੰਦੀ ਹੈ। ਸਿੱਟੇ ਵਜੋਂ ਭਵਿੱਖ ਵਿੱਚ ਇਹ ਸੁਮੁੱਚੇ ਸਮਾਜਿਕ ਅਤੇ ਆਰਥਿਕ ਤਾਣੇ-ਬਾਣੇ ਨੂੰ ਉਲਝਾਉਣ ਦੇ ਖਦਸ਼ੇ ਪੈਦਾ ਕਰਦੀ ਹੈ।

ਪੰਜਾਬ ਦੀ ਸਿੱਖ ਆਬਾਦੀ ਵਿੱਚ ਬਾਲ-ਲਿੰਗ ਅਨੁਪਾਤ ਦੇ ਵਧੇਰੇ ਹੋਂਣ ਵਿੱਚ ਦਾਜ ਪ੍ਰਥਾ ਦੀ ਭੂਮਿਕਾ ਨੂੰ ਨਿਕਾਰਿਆ ਨਹੀਂ ਜਾ ਸਕਦਾ। ਦਾਜ ਦੀ ਵਿਰਾਸਤੀ ਭੂਮਿਕਾ ਨੂੰ ਬਹੁਤ ਸਾਰੇ ਖੋਜਾਰਥੀਆਂ ਨੇ ਵਿਸਥਾਰ ਨਾਲ ਘੋਖਿਆ ਹੈ (Oldenburg 2002; Singh 1983; Randeria and Visari 1984, ਆਦਿ)। ਪ੍ਰਦੇਸ਼ ਦੇ ਪੇਂਡੂ ਇਲਾਕਿਆਂ ਦੀ ਸਿੱਖ ਅਬਾਦੀ ਜਿਨ੍ਹਾਂ ਦਾ ਮੁੱਖ ਧੰਦਾ ਖੇਤੀਬਾੜੀ ਹੈ ਇਸ ਪ੍ਰਥਾ ਤੋਂ ਵਧੇਰੇ ਪ੍ਰਭਾਵਿਤ ਹਨ। ਵਧੇਰੇ ਦਾਜ ਦੇਣਾ ਤੇ ਲੈਣਾ ਦੋਵੇਂ ਸਮਾਜਿਕ ਸ਼ਾਨ ਦੇ ਪ੍ਰਤੀਕ ਸਮਝੇ ਜਾਂਣ ਕਰਕੇ ਇਸ ਦਾ ਖੇਤੀ ਪ੍ਰਧਾਨ ਸਿੱਖ ਸਮਾਜ ਤੇ ਬੜਾ ਚਿੰਤਾਜਨਕ ਪ੍ਰਭਾਵ ਪਿਆ ਹੈ। ਬਾਕੀ ਸਾਰੇ ਧਰਮਾਂ ਵਾਂਗ ਸਿੱਖਾਂ ਵਿੱਚ ਵੀ ਦਾਜ ਪ੍ਰਥਾ ਦੀ ਸਮੱਸਿਆ ਬੜੀ ਗੰਭੀਰ ਹੈ। ਇਹ ਮਾਪਿਆਂ ਦਾ ਲੜਕੀਆਂ ਦੇ ਜਨਮ ਨੂੰ ਨਾ ਚਾਹੁਣ ਦਾ ਸਭ ਤੋਂ ਵੱਡਾ ਕਾਰਨ ਖਾਸ ਤੌਰ ਤੇ ਉੱਭਰ ਕੇ ਸਾਹਮਣੇ ਆਇਆ ਹੈ। ਬੇਸ਼ਕ ਸਿੱਖ ਮੱਤ ਦੀ ਰਹਿਤ ਮਰਿਆਦਾ ਅਨੁਸਾਰ ਬਾਲੜੀਆਂ ਨੂੰ ਮਾਰਨ ਤੋਂ ਸਖਤੀ ਨਾਲ ਵਰਜਿਤ ਕੀਤਾ ਗਿਆ ਹੈ। ਅਜਿਹਾ ਗੁਨਾਹ ਕਰਨ ਵਾਲੇ ਨੂੰ ਭਾਈਚਾਰੇ ਵਿੱਚੋਂ ਛੇਕਣ ਤੱਕ ਦੀ ਵਿਵਸਥਾ ਹੈ। ਏਸੇ ਤਰ੍ਹਾਂ ਸਿੱਖ ਮੱਤ ਵਿੱਚ ਦਾਜ ਪ੍ਰਥਾ ਦਾ ਵੀ ਖੰਡਨ ਕੀਤਾ ਗਿਆ ਹੈ (ਕੌਰ, 2002)। ਇਸ ਦੇ ਬਾਵਜੂਦ ਵੀ ਲੜਕੇ ਵਾਲਿਆਂ ਵਲੋਂ ਦਾਜ ਲੈ ਕੇ ਸਮਾਜਿਕ ਅਤੇ ਆਰਥਿਕ ਪੱਖੋਂ ਖੁਸ਼ਹਾਲ ਹੋਣ ਦੇ ਯਤਨ ਰੁਕਣ ਦਾ ਨਾਂ ਨਹੀਂ ਲੈ ਰਹੇ। ਇਹ ਵੀ ਵੇਖਣ ਵਿੱਚ ਆਇਆ ਹੈ ਕਿ ਲੜਕੇ ਦੀ ਵਿੱਦਿਅਕ ਯੋਗਤਾ, ਆਮਦਨ, ਅਤੇ ਪਰਿਵਾਰ ਦਾ ਸਮਾਜਿਕ ਰੁਤਬਾ ਜਿੰਨ੍ਹਾਂ ਉਚੇਰਾ ਹੁੰਦਾ ਹੈ ਉਨ੍ਹੀ ਹੀ ਵਧੇਰੇ ਦਾਜ ਲੈਣ ਦੀ ਇੱਛਾ ਪ੍ਰਬਲ ਹੁੰਦੀ ਹੈ। ਫ਼ਲਸਰੂਪ ਮਾਪੇ ਇਸ ਆਰਥਿਕ ਬੋਝ ਤੋਂ ਕਿਨਾਰਾ ਕਰਨ ਲਈ ਲੜਕੀਆਂ ਨੂੰ ਜਨਮ ਤੋਂ ਪਹਿਲਾਂ ਹੀ ਮਾਰ ਮੁਕਾਉਂਣ ਦਾ ਫ਼ੈਸਲਾ ਲੈਣ ਲਈ ਮਜ਼ਬੂਰ ਹੋ ਜਾਂਦੇ ਹਨ (Bhalla, 2004)। ਵਧੇਰੇ ਗਿਣਤੀ ਵਿੱਚ ਦਾਜ ਘੱਟ ਲੈ ਕੇ ਆਉਣ ਵਾਲੀਆਂ ਲੜਕੀਆਂ ਨੂੰ ਨਿੱਤ ਦਿਨ ਜਲਾਲਤ ਝੱਲਣੀਂ ਪੈਂਦੀ ਹੈ। ਦਾਜ ਦੀ ਮੰਗ ਪੂਰੀ ਨਾ ਹੋਣ ਤੇ ਲੜਕੀਆਂ ਨੂੰ ਕੁੱਟ ਮਾਰ ਸਹਿਣੀ ਪੈਂਦੀ ਹੈ। ਕਈ ਦਾਜ ਦੇ ਲੋਭੀ ਪਰਿਵਾਰ ਤਾਂ ਲੜਕੀ ਨੂੰ ਅੱਗ ਤੱਕ ਲਾਉਣ ਤੋਂ ਵੀ ਗਰੇਜ਼ ਨਹੀਂ ਕਰਦੇ। ਆਪਣੇਂ ਆਲੇ-ਦੁਆਲੇ ਅਜਿਹੀਆਂ ਘਟਨਾਵਾਂ ਵਾਪਰਦੀਆ ਵੇਖ ਲੋਕਾਂ ਦੇ ਮਨਾਂ ਵਿੱਚ ਖੌਫ ਵਧਣ ਨਾਲ ਉਹ ਧੀ ਨੂੰ ਜਨਮ ਲੈਣ ਤੋਂ ਰੋਕਣ ਦਾ ਯਤਨ ਕਰਦੇ ਹਨ ਤਾਂ ਕਿ ਭਵਿੱਖ ਵਿੱਚ ਉਨ੍ਹਾਂ ਨੂੰ ਅਤੇ ਜੰਮਣ ਵਾਲੀ ਧੀ ਨੂੰ ਅਜਿਹੀਆਂ ਸਮੱਸਿਆਵਾਂ ਦਾ ਸਾਹਮਣਾ ਨਾ ਕਰਨਾ ਪਵੇ। ਫ਼ਲਸਰੂਪ ਬਾਲ-ਲਿੰਗ ਅਨੁਪਾਤ ਦਾ ਪਾੜਾ ਘਟਾਉਣ ਦੇ ਯਤਨ ਅਸਫ਼ਲ ਹੋ ਜਾਂਦੇ ਹਨ।

ਇਸ ਪ੍ਰੱਚਲਤ ਪ੍ਰਥਾ ਦੇ ਪ੍ਰਭਾਵ ਥੱਲੇ ਜਿਆਦਾਤਰ ਸਿੱਖ ਪਰਿਵਾਰ ਆਪਣੇ ਆਰਥਿਕ ਸਾਧਨਾਂ ਨੂੰ ਧਿਆਨ ਵਿੱਚ ਨਾ ਰੱਖਦੇ ਹੋਏ ਵਿਆਹ ਸਮੇਂ ਆਪਣੀਂ ਆਰਥਿਕ ਹੈਸੀਅਤ ਤੋਂ ਵਧੇਰੇ ਖਰਚਾ ਕਰਨ ਦੇ ਨਾਲ-ਨਾਲ ਲੜਕੇ ਵਾਲਿਆਂ ਨੂੰ ਕੀਮਤੀ ਤੋਹਫਿਆਂ ਨਾਲ ਨਿਵਾਜ਼ਦੇ ਹਨ। ਜਿਸ ਵਿੱਚ ਮਹਿੰਗੀਆਂ ਗੱਡੀਆਂ ਅਤੇ ਸੋਨੇ ਦੇ ਗਹਿਣੇ ਆਮ ਹੀ ਸ਼ਾਮਿਲ ਹਨ। ਫ਼ਲਸਰੂਪ ਵਧੇਰੇ ਗਿਣਤੀ ਵਿੱਚ ਖੇਤੀ ਦੇ ਧੰਦੇ ਤੇ ਨਿਰਭਰ ਮੱਧ-ਵਰਗੀ ਪਰਿਵਾਰ ਆਪਣਾ ਆਰਥਿਕ ਅਧਾਰ ਕਮਜ਼ੋਰ ਕਰ ਬੈਠਦੇ ਹਨ। ਨਤੀਜੇ ਵਜੋਂ ਲੜਕੀਆਂ ਪਰਿਵਾਰ ਲਈ ਆਰਥਿਕ ਬੋਝ ਦਾ ਰੂਪ ਧਾਰਣ ਕਰ ਲੈਂਦੀਆਂ ਹਨ। ਇਸ ਬੋਝ ਤੋਂ ਬਚਣ ਲਈ ਬਹੁ-ਗਿਣਤੀ ਪਰਿਵਾਰ ਬਾਲੜੀ ਨੂੰ ਜਨਮ ਲੈਂਣ ਤੋਂ ਰੋਕਣ ਲਈ ਕਈ ਕਿਸਮ ਦੇ ਅਨੈਤਿਕਤਾ ਭਰੇ ਹੀਲੇ-ਵਸੀਲੇ ਵੀ ਵਰਤਦੇ ਹਨ। ਇੰਝ ਦਾਜ ਪ੍ਰਥਾ ਲਿੰਗ ਅਨੁਪਾਤ ਦੇ ਪਾੜੇ ਨੂੰ ਬਰਕਰਾਰ ਰੱਖਣ ਵਿੱਚ ਨਕਾਰਾਤਮਿਕ ਭੂਮਿਕਾ ਦਾ ਕੰਮ ਕਰਦੀ ਹੈ (Das as cited in Kaur and Moghal, 2014)। ਇਹ ਸਮੁੱਚਾ ਵਰਤਾਰਾ ਮਾਨਵ ਜਾਤੀ ਵਿੱਚ ਲਿੰਗਿਕ ਅਸੰਤੁਲਨ ਦੇ ਭਿਆਨਕ ਸਿੱਟਿਆਂ ਵੱਲ ਸੰਕੇਤ ਕਰਦਾ

ਹੈ। ਇਹ ਕਹਿਣ ਵਿੱਚ ਕੋਈ ਅਤਿਕਥਨੀ ਨਹੀਂ ਕਿ ਸਿੱਖ ਧਰਮ ਵਿੱਚ ਅਰੰਭ ਕਾਲ ਤੋਂ ਹੀ ਔਰਤ ਅਤੇ ਮਰਦ ਨੂੰ ਸਮਾਨਤਾ ਦਾ ਦਰਜਾ ਦਿੱਤਾ ਗਿਆ ਹੈ। ਪ੍ਰੰਤੂ ਪੁਰਾਤਨ ਸਮੇਂ ਤੋਂ ਪ੍ਰਚੱਲਤ ਪਿਤਾ-ਪੁਰਖੀ ਪ੍ਰਥਾ ਤੋਂ ਸਿੱਖ ਸਮਾਜ ਮੁਕੰਮਲ ਤੌਰ ਤੇ ਮੁਕਤ ਨਹੀਂ ਹੋ ਸਕਿਆ। ਇੰਝ ਮਰਦ ਪ੍ਰਧਾਨ ਸਿੱਖ ਸਮਾਜ ਵਿੱਚ ਔਰਤਾਂ ਨਾਲ ਵਿਤਕਰਾ ਹੋਣਾ ਕੋਈ ਅਚੰਭੇ ਵਾਲੀ ਗੱਲ ਨਹੀਂ (Wani, 2019 and Bains,2020)। ਔਰਤ ਨੂੰ ਬਰਾਬਰੀ ਦਾ ਦਰਜਾ ਅਤੇ ਇਨਸਾਫ਼ ਦਿੱਤੇ ਜਾਣ ਤੋਂ ਬਿਨ੍ਹਾਂ ਮੁੱਖ ਚੁਣੌਤੀਆਂ (ਗਣਤੰਤਰਤਾ ਦੀ ਬਹਾਲੀ, ਧਰਮ ਨਿਰਪੱਖਤਾ ਅਤੇ ਕੌਮੀ ਏਕਤਾ) ਦਾ ਮੁਕਾਬਲਾ ਕਰਨਾ ਔਖਾ ਹੀ ਨਹੀਂ ਬਲਕਿ ਅਸੰਭਵ ਜਾਪਦਾ ਹੈ (Bumiller, 1991)। ਸਿੱਟੇ ਵਜੋਂ ਬਹੁ-ਗਿਣਤੀ ਸਿੱਖ ਪਰਿਵਾਰਾਂ ਵਿੱਚ ਪਾਇਆ ਜਾਣ ਵਾਲਾ ਪਿਤਾ-ਪੁਰਖੀ ਰਵੱਈਆਂ ਵੀ ਬਾਲ-ਲਿੰਗ ਅਨੁਪਾਤ ਦੇ ਪਾੜੇ ਨੂੰ ਵਧਾਉਣ ਵਿੱਚ ਜ਼ਿੰਮੇਵਾਰ ਹੈ। ਜਿਵੇ ਕਿ ਪਹਿਲੇ ਵਕਤਾਂ ਵਿੱਚ ਨਵੀਂ ਜੰਮੀ ਬਾਲੜੀ ਨੂੰ ਜਿਉਂਦੇ ਜੀਅ ਘੜੇ ਵਿੱਚ ਬੰਦ ਕਰਕੇ ਦੱਬਣ ਦੀ ਪ੍ਰਥਾ ਤੋਂ ਮੂੰਹ ਨਹੀਂ ਮੋੜਿਆ ਜਾ ਸਕਦਾ। ਬੱਚੀਆਂ ਨੂੰ ਇੰਝ ਬੇਕਦਰੀ ਨਾਲ ਮਾਰਨ ਵਿੱਚ ਜਾਹਿਰ ਤੌਰ ਤੇ ਮਾਂ ਦੀ ਵੀ ਭਾਗੀਦਾਰੀ ਹੁੰਦੀ ਸੀ। ਅਜਿਹੀ ਪ੍ਰਥਾ ਦੇ ਸਬੂਤ ਅੱਜ ਵੀ ਹਿੰਦੋਸਤਾਨ ਦੇ ਕੁਝ ਹਿੱਸਿਆ ਵਿੱਚ ਮਿਲਦੇ ਹਨ (Aravmudan, 2007)। ਪ੍ਰੰਤੂ ਪੰਜਾਬ ਵਰਗੇ ਵਿਕਸਿਤ ਪ੍ਰਾਂਤ ਵਿੱਚ ਤਕਨੀਕੀ ਵਿਕਾਸ ਦੇ ਪ੍ਰਭਾਵ ਕਰਕੇ ਇਸਦੇ ਤੌਰ ਤਰੀਕੇ ਜ਼ਰੂਰ ਬਦਲ ਗਏ ਹਨ। ਹੁਣ ਬਾਲੜੀ ਨੂੰ ਜਨਮ ਤੋਂ ਬਾਅਦ ਜਿਉਂਦੇ ਜੀਅ ਦੱਬਣ ਦੀ ਥਾਂ ਮਾਂ ਦੀ ਕੁੱਖ ਵਿੱਚ ਹੀ ਭਰੂਣ ਦੇ ਰੂਪ ਵਿੱਚ ਹੱਤਿਆ ਕਰ ਦਿੱਤੀ ਜਾਂਦੀ ਹੈ। ਸਿੱਖਾਂ ਵਿੱਚ ਲਗਾਤਾਰ ਬਰਕਰਾਰ ਭਰੂਣ ਹੱਤਿਆਂ ਇਸ ਗੱਲ ਦੀ ਪੁਸ਼ਟੀ ਕਰਦੀ ਹੈ ਸ੍ਰੀ ਅਕਾਲ ਤਖਤ ਸਾਹਿਬ ਨੇ ਕੰਨਿਆਂ ਭਰੂਣ ਹੱਤਿਆਂ ਬਾਰੇ ਡੂੰਘੀ ਚਿੰਤਾ ਪ੍ਰਗਟ ਕਰਦੇ ਹੋਏ ਸਾਫ ਲਫਜਾਂ ਵਿੱਚ ਕਿਹਾ ਹੈ ਕਿ "ਇੱਕ ਸਿੱਖ ਨੂੰ ਆਪਣੀ ਧੀ ਨਹੀਂ ਮਾਰਨੀ ਚਾਹੀਦੀ ਅਤੇ ਨਾਂ ਹੀ ਉਸ ਨੂੰ ਕਿਸੇ ਧੀ ਦੇ ਕਾਤਿਲ ਨਾਲ ਕੋਈ ਸਬੰਧ ਰੱਖਣਾ ਚਾਹੀਦਾ ਹੈ" (Union of Catholic Asian News April 29, 2001)। ਇਸ ਬੜੇ ਹੈਰਾਨੀ ਭਰੇ ਭਾਵੁਕ ਕਰ ਦੇਂਣ ਵਾਲੇ ਬਿਆਨ ਤੋਂ ਇੰਝ ਜਾਪਦਾ ਹੈ ਕਿ ਘਰ ਵਿੱਚ ਨਰ ਬੱਚੇ ਦੀ ਅਣਹੋਂਦ ਅਸਹਿਣਸ਼ੀਲ ਹੈ ਪ੍ਰੰਤੂ ਕੰਨਿਆਂ ਭਰੂਣ ਹੱਤਿਆ ਸਿੱਖਾ ਵਿੱਚ ਕੇਵਲ ਬੇਚੈਨੀ ਵਾਲੀ ਗੱਲ ਹੈ। ਇਸ ਬਿਆਨ ਵਿੱਚ ਸਿੱਖ ਸਮਾਜ ਵਿੱਚਲੀ ਪੁੱਤਰ ਤਰਜ਼ੀਹ ਨੂੰ ਨਿਕਾਰਿਆ ਨਹੀਂ ਗਿਆ।

ਪੰਜਾਬੀ ਸਮਾਜ ਵਿੱਚ ਲੜਕੀਆਂ ਨੂੰ ਦਿੱਤੇ ਜਾਣ ਵਾਲੇ ਬਹੁਤ ਸਾਰੇ ਨਾਂਮ ਵੀ ਸਮਾਜ ਦੀ ਬੱਚੀਆਂ ਪ੍ਰਤੀ ਮਾਨਸਿਕਤਾ ਦਾ ਪ੍ਰਗਟਾਵਾ ਕਰਦੇ ਹਨ। ਜਿਵੇਂ ਕਿ 'ਰੱਜੀ' (ਅਰਥ ਇਹ ਕਿ ਅਸੀਂ ਲੜਕੀਆ ਨਾਲ ਰੱਜ ਗਏ ਹਾਂ), 'ਅੱਕੀ' (ਲੜਕੀਆਂ ਤੋਂ ਅੱਕ ਗਏ ਹਾਂ) ਅਤੇ 'ਕੌੜੀ' (ਲੜਕੀ ਸਾਨੂੰ ਪਿਆਰੀ ਨਹੀਂ ਬਲਕਿ ਬੁਰੀ ਲੱਗਦੀ ਹੈ))। ਇਸ ਤੋਂ ਇਲਾਵਾਂ ਇਸ ਗੱਲ ਤੋਂ ਵੀ ਇਨਕਾਰੀ ਨਹੀਂ ਹੋਇਆ ਜਾ ਸਕਦਾ ਕਿ ਪੰਜਾਬੀ ਸਮਾਜ ਵਿੱਚ ਪੁੱਤਾਂ ਦੀ ਮਾਂ ਨੂੰ ਮੁਕਾਬਲਤਨ ਵਧੇਰੇ ਸਤਿਕਾਰ ਮਿਲਦਾ ਹੈ। ਪੁੱਤ ਜੰਮਣ ਤੇ ਘਰ ਵਿੱਚ ਖੁਸ਼ੀ ਦਾ ਆਲਮ ਹੁੰਦਾ ਹੈ। ਜਦ ਕਿ ਇਸ ਦੇ ਉਲਟ ਧੀ ਜੰਮਣ ਤੇ ਮਹੌਲ ਅਫ਼ਸੋਸਜਨਕ ਨਜ਼ਰ ਆਉਂਦਾ ਹੈ। ਖਾਸ ਕਰਕੇ ਉਦੋਂ ਜਦ ਦੂਸਰਾ ਬੱਚਾ ਵੀ ਲੜਕੀ ਜੰਮੇ। ਪੁੱਤ ਜੰਮਣ ਤੇ ਮਾਂ ਨੂੰ ਉਚੇਚੇ ਤੌਰ ਤੇ ਸਤਿਕਾਰ ਨਾਲ ਨਿਹਾਰਿਆ ਜਾਂਦਾ ਹੈ ਅਤੇ ਜਨਮ ਤੋਂ ਬਾਅਦ ਕਈ ਮਹੀਨਿਆਂ ਤੱਕ ਉਸ ਦੀ ਸਿਹਤ ਤੇ ਖਾਧ ਖੁਰਾਕ ਦਾ ਵਿਸ਼ੇਸ਼ ਤੌਰ ਤੇ ਧਿਆਨ ਰੱਖਿਆ ਜਾਂਦਾ ਹੈ। ਇੱਥੇ ਇਹ ਵੀ ਖਾਸ ਤੌਰ ਤੇ ਵਰਨਣਯੋਗ ਹੈ ਕਿ ਜਿਸ ਔਰਤ ਦੇ ਕੇਵਲ ਧੀਆਂ ਹੀ ਜੰਮੀਆਂ ਹੋਣ, ਕਈ ਵਾਰ ਉਸਦੇ ਤਲਾਕ ਦਾ ਕਾਰਨ ਬਣਦਾ ਹੈ।

ਰੋਜ਼ਮਰ੍ਹਾ ਦੀ ਸਮਾਜਿਕ ਜ਼ਿੰਦਗੀ ਵਿੱਚ ਬਹੁਤ ਸਾਰੇ ਬੋਲੇ ਜਾਣ ਵਾਲੇ ਅਖਾਣ/ਫ਼ਿਕਰੇ/ਬੋਲ ਅਜਿਹੇ ਹਨ ਜੋ ਜਾਣੇ-ਅਣਜਾਣੇ ਸਮਾਜ ਦੀ ਮਾਨਸਿਕਤਾ ਵਿੱਚ ਲੜਕੀਆਂ ਪ੍ਰਤੀ ਨਕਾਰਾਤਮਿਕ ਸੋਚ ਨੂੰ ਹੋਰ ਵੀ ਪਰਿਪੱਖ ਕਰਦੇ ਹਨ। ਉਦਾਹਰਣ ਦੇ ਤੌਰ ਤੇ "ਧੀਆਂ ਤਾਂ ਬੇਗਾਨਾ ਧੰਨ ਹੈ", "ਪੱਥਰ ਜੰਮ ਪਿਆ", "ਵੰਸ਼ ਤਾਂ ਪੁਤਾਂ ਨਾਲ ਹੀ ਚਲਦੇ ਨੇ", "ਧੀ ਨੂੰ ਤਾਂ ਜੰਮਦੀ ਨੂੰ ਤਿੰਨ ਕੱਪੜੇ ਚਾਹੀਦੇ ਨੇ ਪੁੱਤ ਭਾਵੇ ਨੰਗਾਂ

ਫਿਰੇ", "ਜੱਗ ਸਾਂਝ ਤਾ ਰੱਬ ਸਭ ਨੂੰ ਦੇਵੇ", "ਬਿਨੁ ਪੁੱਤੀ ਮਾਂ ਅੰਨ੍ਹੀ ਤੇ ਇੱਕ ਦੀ ਕਾਣੀ", ਆਦਿ। ਅਜਿਹੇ ਸਮਾਜਿਕ ਤਾਣੇ-ਬਾਣੇ ਵਿੱਚ ਪੁੱਤ ਦੀ ਇੱਛਾ ਪੈਦਾ ਹੋਣੀ ਤਾਂ ਸੁਭਾਵਿਕ ਹੈ। ਅਜਿਹੇ ਮਹੌਲ ਵਿੱਚ ਉਲਝੀ ਮਾਨਸਿਕਤਾ ਹੀ ਬਾਲੜੀਆਂ ਨੂੰ ਕੁੱਖਾਂ ਵਿੱਚ ਹੀ ਮਾਰ ਮੁਕਾਉਣ ਦਾ ਫੈਸਲਾ ਕਰ ਬੈਠਦੀ ਹੈ। ਇਸ ਸਾਰੇ ਵਰਤਾਰੇ ਦਾ ਅਸਰ ਬਾਲ ਲਿੰਗ ਅਨੁਪਾਤ ਦੇ ਪਾੜੇ ਨੂੰ ਵਧਾਉਣ ਲਈ ਜ਼ਿੰਮੇਂਵਾਰ ਹੈ।

ਇਸ ਅਧਿਐਨ ਤੋਂ ਸਪੱਸ਼ਟ ਹੈ ਕਿ ਪੰਜਾਬ ਪ੍ਰਦੇਸ਼ ਵਿੱਚ ਸਿੱਖ ਬਾਲ-ਲਿੰਗ ਅਨੁਪਾਤ ਵਿੱਚ ਖਿੱਤਾਵਾਰ ਵੱਖਰੇਵੇਂ ਹਨ। ਜਿੱਥੋਂ ਤੱਕ ਪੰਜਾਬ ਦੇ ਤਿੰਨ ਰਵਾਇਤੀ ਭੂਗੋਲਿਕ ਖੇਤਰਾਂ ਦਾ ਸੰਬੰਧ ਹੈ ਇਨ੍ਹਾਂ ਵਿੱਚੋਂ 'ਦੋਆਬਾ' ਖੇਤਰ ਵਿੱਚ ਇਹ ਅਨੁਪਾਤ ਉਚੇਰਾ ਰਿਹਾ। ਜਦ ਕਿ ਬਾਕੀ ਦੋ ਖੇਤਰ ‘ਮਾਲਵਾ’ ਅਤੇ ‘ਮਾਝਾ’ ਕ੍ਰਮਵਾਰ ਇਸ ਤੋਂ ਘੱਟ ਬਾਲ-ਲਿੰਗ ਅਨੁਪਾਤ ਦਰਜ ਕਰਵਾਉਂਦੇ ਹੋਏ ਨਜ਼ਰ ਆਏ। ਉਹ ਖਿੱਤੇ ਜਿੱਥੇ ਇਸਤਰੀਆਂ ਦੀ ਵਿੱਦਿਅਕ ਯੋਗਤਾ ਦਾ ਮਿਆਰ ਮੁਕਾਬਲਤਨ ਉਚੇਰਾ ਸੀ ਉਨ੍ਹਾਂ ਵਿੱਚ ਬਾਲ-ਲਿੰਗ ਅਨੁਪਾਤ ਵੀ ਵਧੇਰੇ ਨਜ਼ਰ ਆਇਆ। ਅਜਿਹੇ ਇਲਾਕੇ ਜਿੱਥੋਂ ਸੰਸਾਰ ਦੇ ਵਿਕਸਿਤ ਦੇਸ਼ਾਂ ਵੱਲ ਪ੍ਰਵਾਸ ਹੋਇਆ ਉੱਥੇ ਵੀ ਪ੍ਰਤੀ ਹਜ਼ਾਰ ਨਰ ਬਾਲਾਂ ਪਿੱਛੇ ਬਾਲੜੀਆਂ ਦੀ ਸੰਖਿਆ ਮੁਕਾਬਲਤਨ ਜਿਆਦਾ ਰਹੀ। ਸੁਰੱਖਿਆ ਬਲਾਂ ਵਿੱਚ ਸੇਵਾ ਨਿਭਾਉਣ ਵਾਲੇ ਖੇਤਰਾਂ ਵਿੱਚ ਇਸ ਅਨੁਪਾਤ ਦੀ ਹਾਲਤ ਵੀ ਮੁਕਬਾਲਤਨ ਤਸੱਲੀਬਖਸ਼ ਰਹੀ। ਪੇਂਡੂ ਖਿੱਤਿਆਂ ਵਿੱਚ ਗੁੰਝਲਦਾਰ ਤੇ ਮਜ਼ਬੂਤ ਪਿਤਾ-ਪੁਰਖੀ ਤਾਣੇ-ਬਾਣੇ ਦੀ ਭੂਮਿਕਾ ਇਸ ਸੰਬੰਧ ਵਿੱਤ ਨਕਾਰਤਮਿਕ ਨਜ਼ਰ ਆਂਉਦੀ ਹੈ। ਬੱਚਿਆਂ ਦੀ ਸਿਹਤ ਦੀ ਸਾਂਭ-ਸੰਭਾਲ ਲਈ ਵਰਤੀ ਜਾਣ ਵਾਲੀ ਤਕਨੌਲਜੀ ਦੀ ਦੁਰਵਰਤੋਂ ਨੇ ਸਿੱਖਾਂ ਵਿੱਚਲੇ ਬਾਲ-ਲਿੰਗ ਅਨੁਪਾਤ ਦੇ ਪਾੜ੍ਹੇ ਨੂੰ ਵਧਾਇਆ। ਉਹ ਖਿੱਤੇ ਜਿੱਥੇ ਦਾਜ ਪ੍ਰਥਾ ਦਾ ਚਲਨ ਵਧੇਰੇ ਹੈ ਬਾਲ-ਲਿੰਗ ਅਨੁਪਾਤ ਦਾ ਪੱਧਰ ਨੀਵਾਂ ਵਿਖਾਉਂਦੇ ਹੋਏ ਨਜ਼ਰ ਆਏ।

ਸਿੱਖ ਰਹਿਤ ਮਰਿਆਦਾ ਅਨੁਸਾਰ ਜੇਕਰ ਇਸਤਰੀਆ ਨੂੰ ਦਿੱਤੀਆਂ ਜਾਣ ਵਾਲੀਆਂ ਵਿਵਸਥਾਵਾਂ ਨੂੰ ਹੋਰ ਵੀ ਸੰਜੀਦਗੀ ਨਾਲ ਜ਼ਮੀਨੀ ਪੱਧਰ ਤੇ ਲਾਗੂ ਕਰਨ ਦੀਆਂ ਕੋਸ਼ਿਸ਼ਾਂ ਵਿੱਚ ਤੇਜੀ ਲਿਆਂਦੀ ਜਾਵੇ ਤਾਂ ਸਿੱਖ ਅਬਾਦੀ ਵਿੱਚ ਬੱਚਿਆਂ ਵਿੱਚਲੇ ਵੱਧਦੇ ਲਿੰਗ ਅਨੁਪਾਤ ਦੇ ਪਾੜੇ ਨੂੰ ਸੌੜਿਆਂ ਕੀਤਾ ਜਾ ਸਕਦਾ ਹੈ। ਇਸ ਕਾਰਜ ਲਈ ਧਾਰਮਿਕ ਆਗੂਆਂ ਅਤੇ ਸੰਸਥਾਵਾਂ ਦੀ ਭੂਮਿਕਾ ਬੜੀ ਮਹੱਤਵਪੂਰਣ ਸਿੱਧ ਹੋ ਸਕਦੀ ਹੈ। ਇਨ੍ਹਾਂ ਨੂੰ ਭਰੂਣ ਹੱਤਿਆਂ ਅਤੇ ਦਾਜ ਪ੍ਰਥਾ ਦੇ ਵਿਰੁੱਧ ਹੋਰ ਵੀ ਖੁੱਲ ਕੇ ਬੋਲਣ ਦੀ ਅਤੇ ਇਸ ਸਾਰੇ ਵਰਤਾਰੇ ਨੂੰ ਅਸਵੀਕਾਰ ਕਰਨ ਲਈ ਹਰ ਪੱਧਰ ਤੇ ਪ੍ਰਚਾਰ ਵਧਾਉਣਾ ਚਾਹੀਦਾ ਹੈ। ਇਸ ਤੋਂ ਇਲਾਵਾਂ ਲੜਕੀਆਂ ਨੂੰ ਮਾਪਿਆਂ ਦੀ ਜਾਇਦਾਦ ਵਿੱਚੋਂ ਉਨ੍ਹਾਂ ਦੇ ਬਣਦੇ ਹੱਕ ਨੂੰ ਲਿਖਤੀ ਸੂਰਤ ਤੋਂ ਅਸਲੀ ਜਾਮਾ ਪਹਿਨਾਉਣ ਲਈ ਸਮਾਜ ਸੁਧਾਰਕ ਜਥੇਬੰਦੀਆਂ ਨੂੰ ਹੋਰ ਵੀ ਗੰਭੀਰਤਾ ਨਾਲ ਇਸ ਦਿਸ਼ਾ ਵੱਲ ਯਤਨ ਕਰਨੇ ਪੈਣਗੇ। ਜਿਸ ਨਾਲ ਬਾਲ-ਲਿੰਗ ਅਨੁਪਾਤ ਦੀ ਦਸ਼ਾ ਵਿੱਚ ਸੁਧਾਰ ਨਾਲ ਸਮਾਜ ਵਿੱਚ ਇਸ ਪੱਖੋਂ ਸੰਤੁਲਨ ਬਣਿਆ ਰਹੇ। ਇਸ ਅਸੰਤੁਲਨ ਤੋਂ ਪੈਦਾ ਹੋਣ ਵਾਲੇ ਹੋਰ ਵੀ ਭਿਆਨਕ ਖਦਸ਼ਿਆਂ ਨੂੰ ਸਮਾਜ ਵਿੱਚ ਗੰਭੀਰ ਉਥਲ-ਪੁਥਲ ਦਾ ਰੂਪ ਧਾਰਨ ਕਰਨ ਤੋਂ ਪਹਿਲਾਂ ਹੀ ਕਾਬੂ ਕੀਤਾ ਜਾ ਸਕੇ। ਏਸੇ ਤਰ੍ਹਾਂ ਸਰਕਾਰਾਂ ਦੇ ਪੱਧਰ ਤੇ ਮੈਡੀਕਲ ਖੇਤਰ ਵਿੱਚ ਲਿੰਗ ਨਿਰਧਾਰਤ ਕਰਨ ਵਾਲੀਆਂ ਵਿਗਿਆਨਕ ਤਕਨੀਕਾਂ ਦੀ ਦੁਰਵਰਤੋਂ ਤੇ ਵਧੇਰੇ ਸਖ਼ਤੀ ਨਾਲ ਰੋਕਾਂ ਲਾ ਕੇ ਇਸ ਪਾੜੇ ਨੂੰ ਕਾਬੂ ਕਰਨ ਦੀ ਕੋਸ਼ਿਸ਼ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ। ਇਸ ਤੋਂ ਇਲਾਵਾ ਬੁੱਧੀਜੀਵੀ ਵਰਗ ਵੱਲੋਂ ਇਸ ਅਸੰਤੁਲਨ ਪ੍ਰਤੀ ਲੋਕਾਂ ਦੀ ਮਾਨਸਿਕਤਾ ਵਿੱਚ ਬਦਲਾਓ ਦੇ ਯਤਨਾਂ ਵਿੱਚ ਹੋਰ ਵੀ ਤੇਜ਼ੀ ਲਿਆ ਕੇ ਬਾਲ-ਲਿੰਗ ਅਨੁਪਾਤ ਵਿੱਚਲੇ ਫ਼ਰਕ ਨੂੰ ਘਟਾਇਆ ਜਾ ਸਕਦਾ ਹੈ। ਇਨ੍ਹਾਂ ਯਤਨਾਂ ਦੀ ਕਾਮਯਾਬੀ ਲਈ ਉਨ੍ਹਾਂ ਨੂੰ ਆਪ ਰੋਲ ਮਾਡਲ ਦੇ ਰੂਪ ਵਿੱਚ ਅੱਗੇ ਆਉਣਾ ਪਵੇਗਾ ਤਾਂ ਕਿ ਸਮਾਜ ਦੇ ਦੂਸਰੇ ਵਰਗ ਇਸ ਤੋਂ ਸੇਧ ਲੈ ਕੇ ਧੀ-ਪੁੱਤਰ ਵਿੱਚਲਾ ਫ਼ਰਕ ਮਿਟਾਉਣ ਵਾਲੀ ਮਾਨਸਿਕਤਾ ਵੱਲ ਆਪਣੇਂ ਕਦਮ ਹੋਰ ਵੀ ਤੇਜ਼ੀ ਨਾਲ ਵਧਾ ਸਕਣ।

## ਹਵਾਲੇ:


1. Agnihotri, S. B., *Missing Females: A Disaggregated Analysis*, Economic and Political Weekly, 30 (19), 1995, p.2084
2. Idid, p.2074
3. Aravamudan, G., *Disappearing Daughters: The Tragedy of Female Foeticide*, Penguin Random House, India, 2007, p.6
4. ਅਰੋੜਾ, ਏ. ਸੀ., *ਪੰਜਾਬ ਦੀਆਂ ਲੋਕ ਲਹਿਰਾਂ*, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨਾ.
5. 43-53
6. Bains, S. K., *Interogating Gender in Sikh Tradition and Practice*, Religions, 11 (34), 2020, p.6
7. Bardhan, P., *Little Girls and Death in India*, Economic and Political Weekly, 17 (36), 1982, p.1448
8. Bhalla, M., *The Land of Vanishing Girls: Sex Selective Abortions in Punjab*, 2004 in edited book "The Unheard Scream" by Mohan Rao, p.261-62
9. Idid, p.265-67
10. Bumiller, E., *May You Be the Mother of a Hundred Sons*, Penguin Random House, India, 1991, p.289
11. Franklin, S. H., *The Pattern of Sex Ratios in New Zealand*, Economic Geography, 32 (2), 1956, p.176
12. Gobind, S., *The Quintessence of Sikhism*, Shiromani Gurdwara Parbandhak Committee, Amritsar, 1965, p.10-11
13. Hatti, et al., *Lives at Risk: Declining Child Sex Ratios in India*, Lund papers in Economic History, No. 93, Lund University, Sweden, 2004, in edited book „Unwanted Daughters" by Sekhar, T. V. and Neelambar Hatti, p.5
14. Hesketch, T. and King, Z. W., *Abnormal Sex Ratio in Human Population: Causes and Consequences*. Proceedings of United States of America, 103 (36), 2006, p.13272
15. Kaur, Baljit, *Sex Ratio of Scheduled Caste Population in Punjab: 2011*, Population Geography, 37 (1&2), 2015, p.83
16. Kaur, P. and Moghal, A. J., *Lotus in the Pond: The Symbolization of Women in Sikhism*, 40 (1), 2014, p.66
17. Idid, p.77
18. ਕੌਰ, ਰੁਪਿੰਦਰ, *ਸਿੱਖ ਧਰਮ ਵਿੱਚ ਇਸਤਰੀ ਦਾ ਸਥਾਨ*, ਪੀ.ਐੱਚ.ਡੀ. ਖੋਜ-ਪ੍ਰਬੰਧ, ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002, ਪੰਨਾ.14
19. Mari, Bhat, P. N. and Francis Zavier, A. S., *Factors Influencing the use of Prenatal Diagnostic Techniques and the Sex Ratio at Birth in India*, 2010 in Sekhar and Hatti (ed.), Unwanted Daughters: Gender Discrimination in Modern India. Rawat Publication, Jaipur, p.117.
20. Mooney, N., *In Our Whole Society, There is no Equality: Sikh Householding and the Intersection of Gender and Caste*. Religions, 11 (95), 2020, p.2
21. Oldenburg, V. T., *The Tangled Tale of Twisting a Safety Net into a Noose,* 2005 in Srimati Basu (ed), Dowry and Inheritance, Women Unlimited, New Delhi.
22. Purewal, N. K., *Son Preference: Sex Selection, Gender and Culture in South Asia*, Berg Publication, New York, 2010, p.24
23. Randeria, S. and Visaria, L., *Sociology of Bride-price and Dowry*, Economic and Political Weekly, 19 (15), 1984, p.648-52

24. Registrar General, India, *Missing Mapping the Adverse Child Sex Ratios in India*, UNFPA, New Delhi, 2003, p.70

25. Sen, A. K., *Africa and India: What do we have to learn from each other? United Nations University,* WIDER Working Paper no.19, 1987, p.23

26. Singh, P., „*Dowry among Jat Sikhs in Punjab' How, Special Dowry Number*, May, Delhi, 1983

27. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 473

28. Trewartha, G. T., *A Case for Population Geography* , Annals of the Association of American Geographers, 43 (2), 1953, p.91

29. Union of Catholic Asian News (UCA), *Sikh Ban on Killing of Female Infants and Fetuses Welcomed*. April 24, India, 2001

30. Wani, A. F., *Role and Status of Women in Sikh Religion through Sri Guru Nanak Perspectives*, Electronic Research Journal of Literature, Vol.1, 2019, p.14

# ਧਰਮ, ਧਰਮ ਸ਼ਾਸਤਰ ਅਤੇ ਨਿਊਰੋ ਵਿਗਿਆਨ

***ਡਾ. ਹਰਪਰਵੀਨ ਕੌਰ**

ਆਧੁਨਿਕ ਸਮੇਂ ਭਾਸ਼ਾ, ਸਾਹਿਤ, ਸੱਭਿਆਚਾਰ ਅਤੇ ਧਰਮ ਆਦਿ ਖੇਤਰਾਂ ਤੇ ਅਧਿਐਨ ਵਿਧੀਆਂ ਅਤੇ ਵਿਸ਼ਲੇਸ਼ਣ ਉੱਤੇ ਨਿਊਰੋ-ਵਿਗਿਆਨ ਖੋਜਾਂ ਅਤੇ ਸਿਧਾਂਤਾਂ ਦਾ ਸਿੱਧਾ ਪ੍ਰਭਾਵ ਪੈ ਰਿਹਾ ਹੈ। ਇਹਨਾਂ ਸਾਰੇ ਖੇਤਰਾਂ ਦਾ ਸੰਬੰਧ ਮਨੁੱਖੀ ਦਿਮਾਗ ਨਾਲ ਹੈ।[1] ਭਾਸ਼ਾ ਜੋ ਕਿ ਮਨੁੱਖੀ ਦਿਮਾਗ ਦੇ ਕੇਂਦਰੀ ਖੇਤਰਾਂ ਭਾਵ ਬਰੋਕਾ ਅਤੇ ਵਰਨਿਕਾ ਖੇਤਰ ਵਿਚੋਂ ਕਾਰਜਸ਼ੀਲ ਹੁੰਦੀ ਹੈ ਜਿਸ ਵਿਚੋਂ ਮਨੁਖਾਂ ਦੀਆਂ ਸਮੁੱਚੀਆਂ ਸਿਰਜਣਾਵਾਂ ਦੀ ਉਤਪਤੀ ਤੇ ਪ੍ਰਗਟਾਅ ਸੰਭਵ ਹੁੰਦਾ ਹੈ। ਇਸ ਕਰਕੇ ਭਾਸ਼ਾ ਸਾਹਿਤ ਸਭਿਆਚਾਰਕ ਸਿਰਜਨਾਵਾਂ ਤੇ ਧਾਰਮਿਕ ਆਚਾਰ-ਵਿਚਾਰ ਵਿਚ ਵੀ ਜਿਨ੍ਹਾਂ ਭਿੰਨ-ਭਿੰਨ ਰੂਪਾਂ ਚਰਿੱਤਰਾਂ ਦਾ ਪ੍ਰਗਟਾਅ ਕੀਤਾ ਜਾਂਦਾ ਹੈ, ਉਹ ਕਿਸੇ ਨਾ ਕਿਸੇ ਨਿਊਰੋਲੋਜੀਕਲ ਆਧਾਰਾਂ ਉੱਤੇ ਹੀ ਕੀਤਾ ਜਾਂਦਾ ਹੈ। ਭਾਵੇਂ ਰਚਨਾਕਾਰ/ਵਰਤੋਂਕਾਰ ਨੂੰ ਇਸਦਾ ਗਿਆਨ ਹੋਵੇ ਜਾਂ ਨਾ ਹੋਵੇ, ਪਰੰਤੂ ਉਸ ਦੀ ਰਚਾਨਕਾਰੀ ਵਿਚ ਮਨੁੱਖੀ ਦਿਮਾਗ ਦੇ ਕਿਰਿਆ-ਕਲਾਪ ਹੀ ਯਥਾਰਥਕ ਜਾਂ ਕਾਲਪਨਿਕ ਰੂਪ ਵਿਚ ਪ੍ਰਤੀਬਿੰਬਤ ਹੁੰਦੇ ਹਨ। ਇਸ ਨਜਰੀਏ ਤੋਂ ਕਵਿਤਾ ਹੋਵੇ ਜਾਂ ਗਲਪ, ਚਿਤਰਕਲਾ ਜਾਂ ਮੂਰਤੀਕਲਾ ਆਦਿ ਸਭ ਮਨੁੱਖੀ ਦਿਮਾਗ ਵਿਚ ਵਾਪਰਨ ਵਾਲੀਆਂ ਭਿੰਨ-ਭਿੰਨ ਅਵਸਥਾਵਾਂ ਦਾ ਹੀ ਚਿਤਰਨ ਕਰਦੀਆਂ ਹਨ। ਉਸੇ ਤਰ੍ਹਾਂ ਹੀ ਧਰਮ, ਧਾਰਮਿਕ ਵਿਸ਼ਵਾਸ, ਧਾਰਮਿਕ ਰਹੁ-ਰੀਤਾਂ, ਧਾਰਮਿਕ ਪਰੰਪਰਾਵਾਂ ਆਦਿ ਦਾ ਸੰਬੰਧ ਵੀ ਮਨੁੱਖੀ ਦਿਮਾਗ਼ ਨਾਲ ਹੁੰਦਾ ਹੈ ਅਤੇ ਇਹ ਦਿਮਾਗ਼ ਦੀ ਕਾਰਜਸ਼ੀਲਤਾ ਰਾਹੀਂ ਹੀ ਉਜਾਗਰ ਹੁੰਦੀਆਂ ਹਨ। ਨਿਊਰੋ-ਵਿਗਿਆਨ ਦੇ ਅੰਤਰਗਤ ਨਿਊਰੋ-ਥਿਓਲੋਜੀ ਇਕ ਅਜਿਹਾ ਖੇਤਰ ਹੈ, ਜੋ ਧਰਮ, ਧਾਰਮਿਕ ਵਿਸ਼ਵਾਸ ਤੇ ਧਾਰਮਿਕ ਅਨੁਭਵ ਤੇ ਵਿਵਹਾਰ ਆਦਿ ਕਿਰਿਆਵਾਂ ਦੀ ਮਨੁੱਖੀ ਦਿਮਾਗ ਵਿਚ ਕਾਰਜਸ਼ੀਲਤਾ ਨੂੰ ਸਮਝਣ ਦਾ ਯਤਨ ਕਰਦਾ ਹੈ।[2] ਧਰਮ ਦੇ ਖੇਤਰ ਵਿੱਚ ਧਾਰਮਿਕ ਵਿਸ਼ਵਾਸ ਤੇ ਰਹੁ-ਰੀਤਾਂ, ਆਦਰਸ਼, ਦੇਵੀ-ਦੇਵ ਤੇ ਜਾਂ ਪੀਰ-ਪੈਗੰਬਰਾਂ ਨਾਲ ਸੰਬੰਧਿਤ ਕਲਪਿਤ ਕਥਾਵਾਂ ਵੱਖ-ਵੱਖ ਵਿਅਕਤੀਆਂ ਅਤੇ ਸਮਾਜ-ਸ਼੍ਰੇਣੀਆਂ ਦੇ ਫਰਜ਼ ਤੇ ਕਾਨੂੰਨ ਆਦਿ ਸ਼ਾਮਿਲ ਹੁੰਦੇ ਹਨ। ਧਰਮ ਵਿਚ ਨੇਕ ਕੰਮਾਂ ਨਾਲ ਜੁੜੇ ਵਿਸ਼ਵਾਸਾਂ ਅਤੇ ਆਦਰਸ਼ਾਂ ਨਾਲ ਜੁੜੇ ਸੰਕਲਪਾਂ ਅਤੇ ਪ੍ਰਮੁੱਖ ਧਾਰਮਿਕ ਸਿਧਾਂਤ ਆਦਿ ਮਨੁੱਖੀ ਦਿਮਾਗ਼ ਦੀਆਂ ਭਿੰਨ-ਭਿੰਨ ਕਿਰਿਆਵਾਂ ਤੇ ਗਤੀਵਿਧੀਆਂ ਨਾਲ ਵੀ ਜੁੜੇ ਹੋਏ ਹੁੰਦੇ ਹਨ। ਇਸ ਤਰ੍ਹਾਂ ਮਨੁੱਖੀ ਦਿਮਾਗ਼ ਸਕਰਮਕ ਅਤੇ ਅਕਰਮਕ ਰੂਪ ਵਿਚ ਇਹਨਾਂ ਪਿੱਛੇ ਕਾਰਜਸ਼ੀਲ ਵੇਖਿਆ ਜਾ ਸਕਦਾ ਹੈ।

ਨਿਊਰੋ ਭਾਸ਼ਾ ਵਿਗਿਆਨ ਮੰਨਦਾ ਹੈ ਕਿ ਭਾਸ਼ਾ ਦੀ ਗ੍ਰਹਿਣਕਾਰੀ ਅਤੇ ਸਿਖਲਾਈ ਦਾ ਨਿਰਖ-ਪਰਖ ਦੇ ਕਾਲ (Critical period) ਨਾਲ ਗਹਿਰਾ ਸੰਬੰਧ ਹੁੰਦਾ ਹੈ, ਜਿਸ ਕਰਕੇ ਧਰਮ, ਧਾਰਮਿਕ ਵਿਸ਼ਵਾਸ ਅਤੇ ਧਾਰਮਿਕ ਸੰਕਲਪ ਪ੍ਰਬੰਧ ਵੀ ਇਸ ਨਿਰਖ-ਪਰਖ ਦੇ ਕਾਲ ਨਾਲ ਮਨੁੱਖ ਦੀ ਧਾਰਮਿਕ ਭਾਸ਼ਾ ਦੀ ਗ੍ਰਹਿਣ ਪ੍ਰਕਿਰਿਆ ਦੌਰਾਨ ਹੀ ਜੁੜ ਜਾਂਦੇ ਹਨ। ਨਿਊਰੋ ਵਿਗਿਆਨ ਅਨੁਸਾਰ ਨਿਰਖ-ਪਰਖ ਦਾ ਕਾਲ ਅਜਿਹਾ ਕਾਲ ਹੈ, ਜਿਸ ਵਿਚ ਬੱਚਾ ਬਚਪਨ ਤੋਂ ਫੌਰੀ ਬਾਅਦ ਹੀ ਅਚਨਚੇਤ ਰੂਪ ਵਿੱਚ ਗ੍ਰਹਿਣਕਾਰੀ ਸ਼ੁਰੂ ਕਰ ਦਿੰਦਾ ਹੈ। ਇਸ ਅਵਸਥਾ ਤੋਂ ਬਾਅਦ ਬੱਚਾ ਸੁਚੇਤ ਰੂਪ ਵਿੱਚ ਸਿੱਖਦਾ ਹੈ।[3] ਧਰਮ, ਧਾਰਮਿਕ ਵਿਸ਼ਵਾਸ ਅਤੇ ਰਹੁ-ਰੀਤਾਂ ਬੱਚਾ ਇਸੇ ਸਮੇਂ ਦੌਰਾਨ ਹੀ ਗ੍ਰਹਿਣ ਕਰਦਾ ਹੈ।

***ਅਸਿਸਟੈਂਟ ਪ੍ਰੋਫੈਸਰ, ਪੰਜਾਬੀ ਵਿਭਾਗ (ਈਵਨਿੰਗ),ਪੰਜਾਬ ਯੂਨੀਵਰਸਿਟੀ,ਚੰਡੀਗੜ੍ਹ**

ਇਹ ਗ੍ਰਹਿਣਕਾਰੀ ਛੋਟੀ ਉਮਰ ਤੋਂ ਹੀ ਸ਼ੁਰੂ ਹੋ ਜਾਂਦੀ ਹੈ। ਪਹਿਲੀ ਅਵਸਥਾ ਵਿਚ ਬੱਚਾ ਆਪਣੇ ਮਾਤਾ-ਪਿਤਾ ਤੋਂ ਪ੍ਰਭਾਵਿਤ ਹੁੰਦਾ ਹੈ, ਜਿਸ ਤੋਂ ਉਸਦੇ ਸ਼ੁਰੂਆਤੀ ਧਾਰਮਿਕ ਵਿਸ਼ਵਾਸ ਅਤੇ ਆਦਰਸ਼ ਮਾਨਸਿਕ ਭਾਵ-ਮੰਡਲ ਵਿਚ ਸ਼ਾਮਲ ਹੋ ਜਾਂਦੇ ਹਨ। ਬਚਪਨ ਤੋਂ ਹੀ ਸਾਡਾ ਦਿਮਾਗ਼ ਇਹਨਾਂ ਧਾਰਮਿਕ ਵਿਸ਼ਵਾਸਾਂ ਅਨੁਸਾਰ ਆਪਣਾ ਇਕ ਨਜ਼ਰੀਆ ਬਣਾ ਲੈਂਦਾ ਹੈ, ਫਿਰ ਇਸ ਨਜ਼ਰੀਏ ਦੇ ਅਨੁਸਾਰ ਹੀ ਉਹ ਆਪਣੀ ਸਾਰੀ ਜ਼ਿੰਦਗੀ ਆਪਣੇ ਵਿਸ਼ਵਾਸਾਂ ਵਿਚ ਸਰਗਰਮ ਰਹਿੰਦੇ ਹੋਏ ਇਹਨਾਂ ਨੂੰ ਪਵਿੱਤਰ ਮੰਨਦੇ ਹਨ। ਇਹਨਾਂ ਨੂੰ ਬਦਲਣਾ ਬਹੁਤ ਮੁਸ਼ਕਲ ਮੁਸ਼ਕਲ ਕਾਰਜ ਹੈ ਕਿਉਂਕਿ ਇਹਨਾਂ ਨੂੰ ਮਨੁੱਖੀ ਦਿਮਾਗ਼ ਦੇ ਤੰਤੂ-ਪ੍ਰਬੰਧ ਆਪਣਾ ਹਿੱਸਾ ਬਣਾ ਲੈਂਦਾ ਹੈ। ਇਹਨਾਂ ਵਿਸ਼ਵਾਸਾਂ ਨੂੰ ਨਿਰਖ-ਪਰਖ ਦੇ ਕਾਲ ਤੋਂ ਅਗਲੇਰੇ ਕਾਲ ਵਿਚ ਸਮਾਜਿਕ ਵਾਤਾਵਰਣ ਵੀ ਪਕੇਰਾ ਕਰਦਾ ਰਹਿੰਦਾ ਹੈ।

ਹਰ ਧਰਮ ਦੀ ਬੁਨਿਆਦ ਵਿਚ ਕੁਝ ਨੈਤਿਕ ਕਰਤੱਵ ਅਤੇ ਵਿਸ਼ਵਾਸ ਜੁੜੇ ਹੋਏ ਹੁੰਦੇ ਹਨ। ਪਰਮਾਤਮਾ ਇਕ ਹੈ, ਸਭ ਵਿਚ ਵਸਦਾ ਹੈ, ਸਭ ਦਾ ਭਲਾ ਕਰਦਾ ਹੈ ਅਤੇ ਹਮੇਸ਼ਾ ਸੱਚ ਬੋਲਣਾ ਚਾਹੀਦਾ ਹੈ ਆਦਿ ਅਜਿਹੇ ਨੈਤਿਕ ਕਰਤੱਵ ਅਤੇ ਵਿਸ਼ਵਾਸ ਹਨ, ਜੋ ਧਰਮ-ਚੇਤਨਾ ਨੂੰ ਸ਼ਕਤੀਸ਼ਾਲੀ ਬਣਾਉਂਦੇ ਹਨ। ਇਹ ਕਿਹਾ ਜਾਂਦਾ ਹੈ ਧਰਮ ਬਿਨਾਂ ਰਾਜ ਨਹੀਂ ਪਰ ਰਾਜ ਬਿਨਾਂ ਕੋਈ ਧਰਮ ਵੀ ਨਹੀ ਹੋ ਸਕਦਾ। ਕੋਈ ਵੀ ਰਾਜ ਅਜਿਹਾ ਨਹੀਂ ਹੁੰਦਾ, ਜਿੱਥੋਂ ਦੇ ਲੋਕਾਂ ਦੇ ਕੁਝ ਵਿਸ਼ਵਾਸ ਨਾ ਹੋਵੇ। ਇਹ ਵਿਸ਼ਵਾਸ ਇਸ ਪੱਧਰ ਉਤੇ ਮਨੁੱਖੀ ਜੀਵਨ ਦੇ ਜਨਮ ਦੀਆਂ ਰਸਮਾਂ, ਵਿਆਹ ਅਤੇ ਮੌਤ ਦੀਆਂ ਰਸਮਾਂ ਨਾਲ ਸੰਬੰਧਿਤ ਹੁੰਦੇ ਹਨ ਅਤੇ ਅਗਲੇਰੇ ਪੱਧਰ ਉਤੇ ਧਰਮ ਦਾ ਆਧਾਰ ਹੁੰਦੇ ਹਨ। ਧਰਮ ਉਹ ਸੰਸਥਾ ਹੈ, ਜੋ ਕਿਸੇ ਸਮਾਜ-ਸੱਭਿਆਚਾਰ ਵਿਚ ਰਹਿਣ ਲਈ ਮਨੁੱਖ ਨੂੰ ਨੈਤਿਕ ਗੁਣ ਸਿਖਾਉਂਦਾ ਹੈ। ਇਹ ਗੁਣ ਮਨੁੱਖ ਦੇ ਨਿਰਖ-ਪਰਖ ਕਾਲ ਨਾਲ ਡੂੰਘਾ ਸੰਬੰਧ ਰੱਖਦੇ ਹਨ ਕਿਉਂਕਿ ਮਨੁੱਖੀ ਦਿਮਾਗ਼ ਵਿਚ ਪੱਕੇ ਰੂਪ ਵਿਚ ਇਹਨਾਂ ਦੀ ਗ੍ਰਹਿਣਕਾਰੀ ਇਸੇ ਕਾਲ ਵਿਚ ਹੁੰਦੀ ਹੈ। ਜਨਮ ਲੈਣ ਤੋਂ ਮਗਰੋਂ ਇਕ ਬੱਚਾ ਕਾਫੀ ਦੇਰ ਤੱਕ ਆਪਣੀਆਂ ਗਿਆਨ-ਇੰਦਰੀਆਂ ਰਾਹੀਂ ਆਪਣੇ ਚੌਗਿਰਦੇ ਦਾ ਪ੍ਰਤੱਖਣ ਕਰਦਾ ਹੈ, ਫਿਰ ਇਸ ਵਿਚੋਂ ਸੁਣੀਆਂ ਆਵਾਜ਼ਾਂ ਨੂੰ ਆਪਦੇ ਸੰਸਾਰ ਦੀਆਂ ਵਸਤੂਆਂ ਅਤੇ ਸੰਕਲਪਾਂ ਨਾਲ ਜੋੜਨਾ ਸਿੱਖਦਾ ਹੈ। ਬਚਪਨ ਵਿਚ ਬੱਚੇ ਦੇ ਦਿਮਾਗ ਵਿਚ ਸਥਾਪਤ ਹੋਏ ਸਮਾਜ ਅਤੇ ਸਮਾਜਿਕ ਵਾਤਾਵਰਨ ਵਿਚਲੇ ਆਦਰਸ਼ ਅਤੇ ਨੈਤਿਕ ਗੁਣ ਉਸਨੂੰ ਧਰਮ ਚੇਤਨਾ ਨਾਲ ਜੋੜ ਕੇ ਰੱਖਦੇ ਹਨ। ਇਸ ਤਰ੍ਹਾਂ ਧਰਮ ਸਾਡੇ ਭਾਵਨਾ ਮੂਲਕ ਪ੍ਰਤੱਖਣੀ ਗਿਆਨ ਮੂਲਕ ਕਿਰਿਆਵਾਂ ਅਤੇ ਸਮਾਜਕ ਅੰਤਰ-ਕਿਰਿਆ ਆਦਿ ਉੱਤੇ ਗਹਿਰਾ ਪ੍ਰਭਾਵ ਪਾਉਂਦਾ ਹੈ। ਇਹ ਸਭ ਨਿਰਖ-ਪਰਖ ਦੇ ਕਾਲ ਦੌਰਾਨ ਹੀ ਅਚੇਤ ਰੂਪ ਵਿਚ ਸਾਡੇ ਦਿਮਾਗ਼ ਵਿਚ ਹੌਲੀ- ਹੌਲੀ ਵਿਕਸਤ ਹੁੰਦਾ ਰਹਿੰਦਾ ਹੈ।

ਨਿਊਰੋ-ਵਿਗਿਆਨ ਇਹਨਾਂ ਧਾਰਮਿਕ ਵਿਸ਼ਵਾਸਾਂ ਦੀ ਸਰੀਰ-ਵਿਗਿਆਨਕ ਆਧਾਰ (Physiological basis) ਦਾ ਅਧਿਐਨ ਕਰਦਾ ਹੋਇਆ ਇਹ ਸਮਝਣ ਦੀ ਕੋਸ਼ਿਸ਼ ਕਰਦਾ ਹੈ ਕਿ ਇਹ ਵਿਸ਼ਵਾਸ Physiologically ਸਾਡੇ ਦਿਮਾਗ ਵਿਚ ਕਿਵੇਂ ਸਰਗਰਮ ਹੁੰਦੇ ਹਨ? ਉਦਾਹਰਣ ਵਜੋਂ ਕਿਵੇਂ ਧਰਮ, ਧਾਰਮਿਕ ਵਿਸ਼ਵਾਸ ਅਤੇ ਅਧਿਆਤਮਿਕਤਾ ਲੋਕਾਂ ਵਿਚ ਨਿਹਿਤ ਹੁੰਦੀ ਹੈ। ਕਿਵੇਂ ਇਹ ਹਰ ਸੰਸਕ੍ਰਿਤੀ ਅਤੇ ਸਮੇਂ ਵਿਚ ਰਹੇ ਹਨ? ਇਸਦਾ ਕਾਰਨ ਹੈ ਕਿ Neurons that fire together, wire together.[4] ਭਾਵ ਕਿ ਜਿੰਨਾ ਜਿਆਦਾ ਨਿਊਰੋਨ ਦੇ ਕਿਸੇ ਇਕ ਮਾਰਗ ਦਾ ਉਪਯੋਗ ਕੀਤਾ ਜਾਂਦਾ ਹੈ, ਉਨੀ ਹੀ ਮਜ਼ਬੂਤੀ ਨਾਲ ਇਹ ਇਕ-ਦੂਜੇ ਨਾਲ ਜੁੜਦੇ ਹਨ। ਇਕ ਬੱਚੇ ਵਿਚ ਬਹੁਤ ਸਾਰੇ ਤੰਤਰਿਕ ਸੰਯੋਗ ਹੁੰਦੇ ਹਨ, ਜਿਸ ਕਾਰਨ ਉਹ ਆਪਣੇ ਜੀਵਨ ਵਿਚ ਕੁਝ ਮਾਪਦੰਡ ਸੈੱਟ ਕਰਕੇ ਉਹਨਾਂ ਨਾਲ ਹੀ ਅੱਗੇ ਵੱਧਦਾ ਹੈ। ਇਹਨਾਂ ਮਾਪਦੰਡਾਂ ਦੇ ਮਾਧਿਅਮ ਨਾਲ ਹੀ ਉਹ ਦੁਨੀਆਂ ਨੂੰ ਦੇਖਦਾ ਹੈ। ਨਿਊਰੋਨ ਦੀ ਕਾਰਜਸ਼ੀਲਤਾ ਬਾਰੇ ਦੂਜੀ ਧਾਰਨਾ ਇਹ ਹੈ ਕਿ ਜਦੋਂ ਅਸੀਂ ਕਿਸੇ ਬਾਰੇ ਸੋਚਣਾ ਜਾਂ ਕੁਝ ਚੀਜਾਂ ਤੇ ਧਿਆਨ ਕੇਂਦਰਿਤ ਕਰਨਾ ਬੰਦ ਕਰ ਦਿੰਦੇ ਹਾਂ ਤਾਂ ਇਹ ਕਨੈਕਸ਼ਨ ਦੂਰ ਹੋ ਜਾਂਦੇ ਹਨ। ਇਸ ਸਿਧਾਂਤ ਦੇ ਆਧਾਰ ਉੱਤੇ ਇਹ ਵੀ ਸਿੱਟਾ ਕੱਢਿਆ ਜਾ ਸਕਦਾ ਹੈ ਕਿ ਧਰਮ ਵਿਚ ਵਿਸ਼ਵਾਸ ਨਾ

ਰੱਖਣ ਵਾਲੇ ਨਾਸਤਕ ਲੋਕਾਂ ਦੇ ਵੀ ਇਹ ਕਨੈਕਸ਼ਨ ਟੁੱਟੇ ਹੋਏ ਹੁੰਦੇ ਹਨ ਕਿਉਂਕਿ ਉਹ ਇਹਨਾਂ ਧਾਰਮਿਕ ਵਿਸ਼ਵਾਸਾਂ ਅਨੁਸ਼ਠਾਨਾਂ ਅਤੇ ਸਿਧਾਂਤਾਂ ਨੂੰ ਨਹੀਂ ਅਪਣਾਉਂਦੇ। ਆਸਤਕ ਲੋਕ ਆਪਣੇ ਰੋਜ਼ਮਰ੍ਹਾ ਦੇ ਦਿਨ ਦੀ ਸ਼ੁਰੂਆਤ ਇਹਨਾਂ ਧਾਰਮਿਕ ਸਿਧਾਂਤਾਂ ਤੇ ਚਲਦੇ ਹੋਏ ਹੀ ਕਰਦੇ ਹਨ ਜਿਵੇਂ ਰੋਜ਼ ਪੂਜਾ-ਪਾਠ ਕਰਨਾ, ਇਕ ਰੱਬ ਵਿਚ ਵਿਸ਼ਵਾਸ ਅਤੇ ਉਸਦੀ ਹੋਂਦ ਨੂੰ ਸਰਵਿਆਪਕ ਮੰਨਣਾ ਆਦਿ।

ਧਾਰਮਿਕ ਵਿਚਾਰ ਅਤੇ ਵਿਸ਼ਵਾਸ ਧਾਰਮਿਕ ਅਤੇ ਗੈਰ-ਧਾਰਮਿਕ ਵਿਵਹਾਰ ਕਰਨ ਵਾਲੇ ਦੋਹਾਂ ਸਮੂਹਾਂ ਵਿਚ ਮੌਜੂਦ ਪ੍ਰਥਾਵਾਂ ਅਤੇ ਅਨੁਸ਼ਠਾਨਾਂ ਦੇ ਕਾਰਨ ਸਾਡੇ ਦਿਮਾਗ਼ ਦੀਆਂ ਗਤੀਵਿਧੀਆਂ ਤੇ ਵਿਵਹਾਰ ਦੇ ਪੈਟਰਨ ਬਣਦੇ ਹਨ। ਧਾਰਮਿਕ ਪ੍ਰਥਾਵਾਂ ਅਤੇ ਅਨੁਸ਼ਠਾਨ ਇਹਨਾਂ ਨੂੰ ਸਾਡੇ ਦਿਮਾਗ਼ ਵਿਚ ਲਿਖਣ ਦਾ ਜਾਂ ਸਥਾਪਤ ਕਰਨ ਦਾ ਇਕ ਮਜ਼ਬੂਤ ਅਤੇ ਸ਼ਕਤੀਸ਼ਾਲੀ ਤਰੀਕਾ ਬਣ ਜਾਂਦੇ ਹਨ। ਜਿੰਨਾਂ ਜਿਆਦਾ ਸਾਡਾ ਦਿਮਾਗ਼ ਕਿਸੇ ਵਿਸ਼ੇਸ ਵਿਚਾਰ ਉੱਤੇ ਆਪਣਾ ਧਿਆਨ ਕੇਂਦਰਿਤ ਕਰਦਾ ਹੈ, ਉਨ੍ਹੀਂ ਹੀ ਮਜ਼ਬੂਤੀ ਨਾਲ ਉਹ ਸਾਡੇ ਦਿਮਾਗ਼ ਵਿਚ ਸਥਾਪਤ ਹੋ ਜਾਂਦੇ ਹਨ ਅਤੇ ਉਨ੍ਹੀਂ ਹੀ ਸਾਡੀ ਵਾਸਤਵਿਕਤਾ ਬਣ ਜਾਂਦੇ ਹਨ। ਇਸ ਲਈ ਜਦੋਂ ਕੋਈ ਮੰਦਿਰ, ਮਸਜਿਦ ਜਾਂ ਗੁਰਦੁਆਰੇ ਜਾਂਦਾ ਹੈ ਤਾਂ ਉੱਥੇ ਸੁਣਾਈਆਂ ਜਾਂਦੀਆਂ ਪੀਰ-ਪੈਗੰਬਰਾਂ ਜਾਂ ਗੁਰੂਆਂ ਨਾਲ ਸੰਬੰਧਿਤ ਸਾਖ਼ੀਆਂ ਅਤੇ ਕਥਾਵਾਂ ਮਨੁੱਖੀ ਦਿਮਾਗ਼ ਅਚੇਤ ਰੂਪ ਵਿਚ ਛਪੇ ਵਿਸ਼ਵਾਸਾਂ ਅਤੇ ਵਿਚਾਰਾਂ ਨੂੰ ਪੱਕਿਆਂ ਕਰਦੀਆਂ ਹਨ। ਇਸ ਤਰ੍ਹਾਂ ਵਾਰ-ਵਾਰ ਧਾਰਮਿਕ ਵਿਚਾਰਾਂ ਨੂੰ ਸੁਣ ਕੇ, ਪਾਠ ਕਰਨਾ ਜਾਂ ਨਮਾਜ਼ ਪੜ੍ਹ ਕੇ ਸਾਡੇ ਦਿਮਾਗ਼ ਦੇ ਤੰਤਰਿਕਾ ਸੰਯੋਗ ਜੁੜਦੇ ਹਨ ਅਤੇ ਪਕੇਰੇ ਹੁੰਦੇ ਰਹਿੰਦੇ ਹਨ ਅਤੇ ਧਾਰਮਿਕ ਵਿਚਾਰ ਜਾਂ ਵਿਸ਼ਵਾਸ ਹੋਰ ਮਜ਼ਬੂਤ ਹੁੰਦੇ ਹਨ। ਧਰਮ ਅਤੇ ਅਧਿਆਤਮਿਕਤਾ ਹਮੇਸ਼ਾ ਉਹਨਾਂ ਵਿਚਾਰਾਂ ਅਤੇ ਵਿਸ਼ਵਾਸਾਂ ਨੂੰ ਦ੍ਰਿੜ੍ਹਤਾ ਨਾਲ ਸਾਡੇ ਦਿਮਾਗ਼ ਵਿਚ ਲਿਖਣ ਲਈ ਸੰਬੰਧਿਤ ਧਰਮ ਪਰੰਪਰਾ ਦੀਆਂ ਪ੍ਰਥਾਵਾਂ ਅਤੇ ਅਨੁਸ਼ਠਾਨਾਂ ਦਾ ਉਪਯੋਗ ਕਰਦੀ ਹੈ।

ਧਰਮ ਪਰਾਭੌਤਿਕੀ ਵਿਸ਼ਵਾਸਾਂ ਦਾ ਅਜਿਹਾ ਸਿਸਟਮ ਹੈ, ਜਿਹੜਾ ਮਨੁੱਖ ਨੂੰ ਅਧਿਆਤਮਿਕਤਾ ਵੱਲ ਲੈ ਕੇ ਜਾਂਦਾ ਹੈ। ਇਹ ਵਿਸ਼ਵਾਸ ਕਿਸੇ ਵੀ ਪ੍ਰਚਲਤ ਸਮਾਜ ਵਿਚ ਭਿੰਨ-ਭਿੰਨ ਮਤਾਂ ਨਾਲ ਸੰਬੰਧਿਤ ਹੁੰਦੇ ਹਨ ਜਿਵੇਂ ਹਿੰਦੂ ਮਤ ਨਾਲ ਸੰਬੰਧਿਤ ਹਿੰਦੂ ਧਰਮ, ਈਸਾਈ ਮਤ ਨਾਲ ਸੰਬੰਧਿਤ ਈਸਾਈ ਧਰਮ, ਜੈਨ ਮਤ ਨਾਲ ਸੰਬੰਧਿਤ ਜੈਨ ਧਰਮ ਅਤੇ ਸਿੱਖ ਮਤ ਨਾਲ ਸੰਬੰਧਿਤ ਸਿੱਖ ਧਰਮ ਆਦਿ। ਸੁਆਲ ਪੈਦਾ ਹੁੰਦਾ ਹੈ ਕਿ ਇਹਨਾਂ ਧਾਰਮਿਕ ਕਾਰਨਾਂ ਜਾ ਮਤਾਂ ਨਾਲ ਸੰਬੰਧਿਤ ਵਿਚਾਰਾਂ ਅਤੇ ਵਿਸ਼ਵਾਸਾਂ ਦੇ ਪੈਦਾ ਹੋਣ ਦੇ ਕੀ ਕਾਰਨ ਹਨ? ਮੁੱਢਲੇ ਕਾਲ ਵਿਚ ਮਾਨਵ ਸਾਹਮਣੇ ਸਭ ਤੋਂ ਵੱਡੀ ਚੁਣੌਤੀ ਪ੍ਰਕਿਰਤੀ ਹੀ ਸੀ। ਪ੍ਰਕਿਰਤੀ ਇਕੋ ਸਮੇਂ ਮਨੁੱਖ ਸਾਹਮਣੇ ਦੋ ਰੂਪਾਂ ਵਿਚ ਮੌਜੂਦ ਸੀ ਭਾਵ ਮਨੁੱਖ ਦੀ ਪੈਦਾਵਾਰ ਜੋ ਪ੍ਰਕਿਰਤਕ ਕਾਰਨਾਂ ਉੱਤੇ ਨਿਰਭਰ ਕਰਦੀ ਸੀ ਤਾਂ ਉਸਦੇ ਵਿਨਾਸ਼ ਦਾ ਕਾਰਨ ਵੀ ਪ੍ਰਕਿਰਤੀ ਹੀ ਬਣਦੀ ਸੀ। ਪ੍ਰਕਿਰਤੀ ਦੇ ਵਿਨਾਸ਼ਕਾਰੀ ਰੂਪ ਤੋਂ ਮਨੁੱਖ ਹਮੇਸ਼ਾਂ ਹੀ ਭੈ-ਭੀਤ ਰਿਹਾ ਹੈ। ਇਹੋ ਕਾਰਨ ਹੈ ਕਿ ਮਨੁੱਖੀ ਕਲਪਨਾ ਅਤੇ ਪ੍ਰਕਿਰਤੀ ਦੇ ਮਾਰੂ ਪ੍ਰਭਾਵ ਨੂੰ ਭੂਤ-ਪ੍ਰੇਤ, ਜਿੰਨ, ਚੁੜੇਲ ਅਤੇ ਰਾਖਸ਼ਾਂ ਦੇ ਵਿਭਿੰਨ ਰੂਪਾਂ ਦਾ ਦਰਜਾ ਦੇ ਦਿੱਤਾ, ਪਰੰਤੂ ਨਾਲ-ਨਾਲ ਪ੍ਰਕਿਰਤੀ ਮਨੁੱਖ ਲਈ ਉਸਾਰੂ ਕਾਰਜ ਵੀ ਕਰਦੀ ਰਹੀ ਹੈ। ਹਵਾ-ਪਾਣੀ, ਧੁੱਪ, ਅੱਗ ਅਤੇ ਅਨਾਜ ਆਦਿ ਮਨੁੱਖ ਨੂੰ ਜੀਵਿਤ ਰੱਖਣ ਲਈ ਲਾਜ਼ਮੀ ਤੱਤ ਹਨ, ਜਿਸ ਕਰਕੇ ਇਹਨਾਂ ਨੂੰ ਦੇਵ ਸ਼੍ਰੇਣੀ ਸ਼ਾਮਲ ਕਰ ਲਿਆ ਗਿਆ। ਇਸ 'ਦੇਵ' ਸ਼੍ਰੇਣੀ ਦਾ ਵਿਕਸਤ ਰੂਪ ਹੀ ਧਰਮ ਦਾ ਬੁਨਿਆਦੀ ਨੁਕਤਾ ਹੈ। ਪੀੜ੍ਹੀ ਦਰ ਪੀੜ੍ਹੀ ਇਹ ਵਿਚਾਰ ਅਤੇ ਵਿਸ਼ਵਾਸ ਮਨੁੱਖੀ ਦਿਮਾਗ਼ ਵਿਚ ਗਹਿਰੇ ਰੂਪ ਵਿਚ ਸਮਾਉਣ ਲੱਗੇ। ਜਿਸ ਕਰਕੇ ਪ੍ਰਕਿਰਤੀ ਦੇ ਉਸਾਰੂ ਰੂਪ ਨੂੰ ਮਨੁੱਖ ਦੇਵੀ ਦੇਵਤਿਆਂ ਜਾਂ ਰੱਬ ਦਾ ਰੂਪ ਮੰਨਣ ਲੱਗਾ। ਰੱਬ ਦੀ ਸਰਵ-ਵਿਆਪਕਤਾ ਅਤੇ ਇਕ ਈਸ਼ਵਰਵਾਦ ਨੂੰ ਮੰਨਣ ਲੱਗਾ। ਜਦੋਂ ਕੋਈ ਅਣਹੋਣੀ ਵਾਪਰਦੀ ਅਤੇ ਮਨੁੱਖੀ ਦਿਮਾਗ਼ ਇਹਨਾ ਵਿਚਾਰਾਂ ਅਤੇ ਵਿਸ਼ਵਾਸਾਂ ਪ੍ਰਤੀ ਕਈ ਕਿਸਮ ਦੇ conflict ਪੈਦਾ ਅਤੇ ਮਨੁੱਖੀ ਦਿਮਾਗ਼ ਦਾ anterior cingulate ਭਾਗ ਇਸਨੂੰ ਸੰਤੁਲਨ ਪ੍ਰਦਾਨ ਕਰਦਾ। ਦੂਜੇ ਪਾਸੇ ਪ੍ਰਕਿਰਤੀ ਦੇ ਭਿਆਨਕ ਰੂਪ ਤੋਂ ਬਚਾਅ ਲਈ ਮਨੁੱਖ ਦੁਆਰਾ ਕਈ ਧਾਰਮਿਕ ਅਨੁਸ਼ਠਾਨ ਅਤੇ ਰਹੁ-ਰੀਤਾਂ ਦੀ ਪਾਲਣ ਕੀਤਾ ਜਾਂਦਾ। ਸਮਾਜ ਵਿਚ ਇਕ ਸੰਤੁਲਨ ਬਣਾਈ

ਰੱਖਣ ਲਈ ਅਤੇ ਡਰ ਨੂੰ ਕਾਬੂ ਕਰਨ ਲਈ ਪੀਰ-ਪੈਗੰਬਰਾਂ ਗੁਰੂਆਂ ਜਾਂ ਦੇਵੀ-ਦੇਵਤਿਆਂ ਦੇ ਵਿਚਾਰਾਂ ਅਤੇ ਆਦਰਸ਼ਾਂ ਨੂੰ ਆਧਾਰ ਬਣਾਇਆ ਗਿਆ। ਮੌਤ ਦੇ ਡਰ ਨੂੰ ਖਤਮ ਕਰਨ ਲਈ ਮਨੁੱਖੀ ਦਿਮਾਗ਼ ਧਾਰਮਿਕ ਅਤੇ ਆਧਿਆਤਮਿਕ ਪੱਖਾਂ ਨਾਲ ਜੁੜਿਆ, ਜਿਸ ਕਰਕੇ ਉਹ ਸ਼ਰੀਰ ਦੀ ਨਾਸ਼ਵਾਨਤਾ ਅਤੇ ਸ਼ਰੀਰ ਪੰਜ ਤੱਤਾਂ ਦਾ ਪੁਤਲਾ ਜਿਹੇ ਧਾਰਮਿਕ ਵਿਸ਼ਵਾਸਾਂ ਵਿਚ ਵਿਸ਼ਵਾਸ ਕਰਨ ਲੱਗਾ। ਇਹ ਧਾਰਮਿਕ ਅਤੇ ਅਧਿਆਤਮਿਕ ਵਿਚਾਰ, ਵਿਸ਼ਵਾਸ, ਅਨੁਸ਼ਠਾਨ ਜਾਂ ਰਹੁ-ਰੀਤਾਂ ਆਦਿ ਮੁੱਢਲੇ ਕਾਲ ਤੋਂ ਪੀੜ੍ਹੀ ਦਰ ਪੀੜ੍ਹੀ ਚੱਲਦੇ ਆ ਰਹੇ ਹਨ। ਮਨੁੱਖੀ ਦਿਮਾਗ਼ ਆਪਣੇ ਗ੍ਰਹਿਣ ਕਾਲ ਦੌਰਾਨ ਧਰਮ ਨਾਲ ਸੰਬੰਧਿਤ ਇਹਨਾਂ ਸੰਕਲਪਾਂ ਨੂੰ ਸਮਾਜ ਜਾਂ ਸਮਾਜਿਕ ਵਾਤਾਵਰਨ ਵਿਚੋਂ ਗ੍ਰਹਿਣ ਕਰਕੇ ਅਪਣਾ ਲੈਂਦਾ ਹੈ।

Andrew Newberg ਨੇ ਆਪਣੀ ਕਿਤਾਬ *Neurotheology* ਵਿਚ ਦਿਮਾਗ਼ ਵਿਚਲੇ ਨਿਊਰੋਨ ਅਤੇ ਧਰਮ ਦੇ ਆਪਸੀ ਰਿਸ਼ਤੇ ਨੂੰ ਸਮਝਾਉਣ ਦਾ ਯਤਨ ਕੀਤਾ ਹੈ। ਇਹ ਧਰਮ ਬਾਰੇ ਇਕ ਵਿਗਿਆਨਕ ਧਾਰਨਾ (Scientific Perspective) ਹੈ ਕਿ ਜੋ ਕੁਝ ਮਨੁੱਖ ਮੰਨਦਾ ਹੈ ਇਹ ਸੱਚ ਹੈ, ਮਨੁੱਖ ਉਹਨਾਂ ਨੂੰ ਜੀਵਾਤਮਕ Biologically ਅਤੇ ਸਰੀਰਾਤਮਕ Physiologically ਰੂਪ ਵਿਚ ਪਰਿਭਾਸ਼ਿਤ ਕਰਦਾ ਹੈ। ਇਸ ਵਿਚ ਉਸਨੇ ਸੁਤੰਤਰ ਸੋਚ ਅਤੇ ਪਰੰਪਰਿਕ ਸੋਚ/ਵਿਚਾਰ ਰੱਖਣ ਵਾਲੇ ਲੋਕਾਂ ਬਾਰੇ ਇਕ ਅਧਿਐਨ ਕੀਤਾ ਕਿ ਉਹਨਾਂ ਦੇ ਦਿਮਾਗ਼ ਵਿਚ ਕੀ ਵਾਪਰਦਾ ਹੈ। ਉਸਨੇ ਦੋਹਾਂ ਕਿਸਮ ਦੇ ਲੋਕਾਂ ਦੀ ਦੇ ਦਿਮਾਗ਼ ਦੀ FMRI ਕੀਤੀ ਗਈ, ਜੋ ਕਿ ਦਿਮਾਗ਼ ਦੀਆਂ ਗਤੀਵਿਧੀਆਂ ਅਤ ਖ਼ੂਨ ਦੇ ਵਹਾਅ ਦਾ ਅਧਿਐਨ ਕਰਦੀ ਹੈ। ਇਸ ਅਧਿਐਨ ਤੋਂ ਇਹ ਪਤਾ ਲੱਗਾ ਕਿ ਜੋ ਲੋਕ ਸੁਤੰਤਰ (Liberal) ਵਿਚਾਰ/ਸੋਚ ਰੱਖਦੇ ਹਨ। ਉਹਨਾਂ ਦੇ ਦਿਮਾਗ਼ ਦਾ anterior cingulate (ਦਿਮਾਗ਼ ਦਾ ਇਕ ਭਾਗ) ਉਹਨਾਂ ਦੇ ਵਿਸ਼ਵਾਸਾਂ ਨੂੰ ਵਿਚੋਲੇ ਦੇ ਰੂਪ ਵਿਚ ਧਾਰਨ ਕਰਦਾ ਹੈ। ਜਦੋਂ ਉਹ ਕਿਸੇ ਵਿਰੋਧੀ ਵਿਚਾਰਾਂ ਦੇ ਕਾਰਨ ਕਿਸੇ ਝਗੜੇ ਵਿਚ ਫਸਦੇ ਹਨ ਤਾਂ ਦਿਮਾਗ਼ ਉਹਨਾਂ ਵਿਚ ਇਕ ਸੰਤੁਲਨ ਬਣਾਉਂਦਾ ਹੈ।[5] ਜਿਵੇਂ ਧਰਮ ਪ੍ਰਤੀ ਇਕ ਵਿਸ਼ਵਾਸ ਹੈ ਕਿ ਪਰਮਾਤਮਾ ਜੋ ਕਰਦਾ ਚੰਗਾ ਕਰਦਾ ਹੈ, ਪਰ ਜਦੋਂ ਕੋਈ ਅਣਹੋਣੀ ਵਾਪਰਦੀ ਹੈ ਤਾਂ ਸਾਡਾ ਦਿਮਾਗ਼ ਇਸ ਵਿਸ਼ਵਾਸ ਪ੍ਰਤੀ ਡਗਮਗਾਉਣ ਲੱਗਦਾ ਹੈ। ਇਸ ਸਮੇਂ ਦਿਮਾਗ਼ ਦਾ ਉਪਰੋਕਤ ਭਾਗ ਹੀ ਅਜਿਹੇ ਵਿਚਾਰਾਂ ਨੂੰ ਸੰਤੁਲਿਤ ਕਰਕੇ ਰੱਬ ਪ੍ਰਤੀ ਵਿਸ਼ਵਾਸ ਨੂੰ ਫਿਰ ਤੋਂ ਪੱਕਾ ਕਰਦਾ ਰਹਿੰਦਾ ਹੈ। ਸੁਤੰਤਰ ਸੋਚ ਵਾਲੇ ਲੋਕ ਵਿਚਾਰਾਂ ਪ੍ਰਤੀ, ਬਦਲਾਅ ਪ੍ਰਤੀ ਪਰੰਪਰਾਵਾਦੀ ਸੋਚ ਦੇ ਲੋਕਾਂ ਤੋਂ ਜਿਆਦਾ ਖੁੱਲ੍ਹੇ ਹੁੰਦੇ ਹਨ।

ਨਿਊਰੋਥਿਓਲਜੀ ਅਜਿਹੇ ਪ੍ਰਸ਼ਨਾਂ ਦੇ ਹੱਲ ਲੱਭਣ ਦਾ ਵੀ ਕੋਸ਼ਿਸ਼ ਕਰਦਾ ਹੈ;

1) ਸਾਡਾ ਦਿਮਾਗ਼ ਕਿਵੇਂ ਆਪਣੇ ਵਿਚਾਰਾਂ ਨੂੰ ਬਦਲਦਾ ਹੈ?

2) ਕਿਵੇਂ ਧਰਮ, ਧਾਰਮਿਕ ਵਿਚਾਰ ਜਾਂ ਵਿਸ਼ਵਾਸ ਸਾਡੇ ਦਿਮਾਗ਼ ਵਿਚ ਸ਼ਾਮਲ ਹੁੰਦੇ ਹਨ?

ਸਾਡੇ ਦਿਮਾਗ਼ ਦੀ frontal lobe ਅਤੇ limbic system ਵਿਚ ਹਮੇਸ਼ਾ ਹੀ Push-Pull ਦਾ ਕਾਰਜ ਚਲਦਾ ਰਹਿੰਦਾ ਹੈ। ਜੇਕਰ ਮਨੁੱਖ ਪੂਰੀ ਤਰ੍ਹਾਂ ਭਾਵਨਾਵਾਂ ਵਿਚ ਵਹਿ ਜਾਂਦਾ ਹੈ ਤਾਂ ਉਸਦੀ frontal lobe ਬੰਦ ਹੋ ਜਾਂਦੀ ਹੈ ਅਤੇ ਜੇਕਰ ਉਹ ਤਰਕਵਾਦੀ ਹੋ ਜਾਂਦਾ ਹੈ ਤਾਂ ਉਸਦਾ limbic system, ਜੋ ਕਿ emotional responses ਨਾਲ ਸੰਬੰਧਿਤ ਹੈ, ਬੰਦ ਹੋ ਜਾਂਦਾ ਹੈ।[6] ਇਸ ਤਰ੍ਹਾਂ ਦਿਮਾਗ਼ ਦੇ ਇਹਨਾਂ ਵੱਖਰੇ-ਵੱਖਰੇ ਭਾਗਾਂ ਵਿਚ ਅਜਿਹਾ ਖਿੱਚ-ਧੂਹ (push and pull) ਚਲਦਾ ਰਹਿੰਦੀ ਹੈ। ਸਾਡਾ ਧਰਮ, ਧਾਰਮਿਕ ਵਿਸ਼ਵਾਸ ਜਾਂ ਰਹੁ-ਰੀਤਾਂ ਅਸਲ ਵਿਚ ਸਾਡੀਆਂ ਭਾਵਨਾਵਾਂ ਨਾਲ ਬਹੁਤ ਡੂੰਘਾਈ ਨਾਲ ਜੁੜੀਆਂ ਹੁੰਦੀਆਂ ਹਨ। ਭਾਵਨਾਵਾਂ ਧਰਮ ਜਾਂ ਧਾਰਮਿਕ ਵਿਸ਼ਵਾਸਾਂ ਵਿਚ Value ਪਾਉਣ ਵਿਚ ਵੀ ਕਾਫੀ ਹੱਦ ਤੱਕ ਮਹੱਤਵਪੂਰਨ ਹੁੰਦੀਆਂ ਹਨ। ਜਿਨ੍ਹਾਂ ਤਰੀਕਿਆਂ ਤੇ ਧਾਰਮਿਕ ਲੋਕ ਵਿਸ਼ਵਾਸ ਕਰਦੇ ਹਨ, ਉਹਨਾਂ ਬਾਰੇ ਉਹ ਬੜੀ ਡੂੰਘਾਈ ਅਤੇ ਦ੍ਰਿੜ੍ਹਤਾ ਨਾਲ ਮਹਿਸੂਸ ਵੀ ਕਰਦੇ ਹਨ। ਧਰਮ ਨਾਲ ਸੰਬੰਧਿਤ ਆਦਰਸ਼ਾਂ ਜਿਵੇਂ ਸੱਚ ਬੋਲਣਾ, ਕਿਸੇ ਦੀ ਨਿੰਦਿਆ ਚੁਗਲੀ ਨਾ ਕਰਨਾ, ਸਮਾਜ ਲਈ ਕੁਝ

ਕਰਨਾ, ਜ਼ਰੂਰਤਮੰਦ ਦੀ ਮੱਦਦ ਕਰਨਾ ਆਦਿ। ਇਹਨਾਂ ਨੂੰ ਮਨੁੱਖੀ ਦਿਮਾਗ਼ ਸਿਰਫ਼ ਮਹਿਸੂਸ ਨਹੀਂ ਕਰਦਾ ਬਲਕਿ ਇਹਨਾਂ ਨਾਲ ਸਾਡੀਆਂ ਭਾਵਨਾਂਵਾਂ ਜੁੜੀਆਂ ਹੁੰਦੀਆਂ ਹਨ। ਧਰਮ ਨਾਲ ਸੰਬੰਧਿਤ ਇਹ ਤਰੀਕੇ ਸਾਡੇ ਵਿਸ਼ਵਾਸਾਂ ਨੂੰ ਪੱਕਿਆਂ ਕਰਨ ਵਿਚ ਸਾਡੀ ਸਦਾ ਮਦਦ ਕਰਦੇ ਹਨ। ਸਾਡੀਆਂ ਭਾਵਨਾਵਾਂ ਦਾ ਨਕਾਰਾਤਮਕ ਪੱਖ ਇਹ ਹੈ ਕਿ ਉਹ ਸਾਡੇ ਵਿਸ਼ਵਾਸਾਂ ਨੂੰ ਦਰਕਿਨਾਰ ਕਿਵੇਂ ਕਰਦੇ ਹਨ? ਇਸ ਨਾਲ ਸੰਬੰਧਿਤ ਖੋਜਾਂ ਤੋਂ ਪਤਾ ਲੱਗਦਾ ਹੈ ਕਿ ਜਿਹੜੇ ਲੋਕ ਇਕ-ਦੂਜੇ ਦੇ ਵਿਚਾਰਾਂ ਨਾਲ ਸਹਿਮਤ ਨਹੀਂ ਹੁੰਦੇ, ਉਹ ਇਕ-ਦੂਜੇ ਪ੍ਰਤੀ ਜੁੜਾਅ ਅਤੇ ਵਿਰੋਧੀ ਸੋਚ ਰੱਖਦੇ ਹਨ। ਅਜਿਹਾ ਨਹੀਂ ਹੈ ਕਿ ਇਹ ਲੋਕ ਇਕ-ਦੂਜੇ ਪ੍ਰਤੀ ਅਸਹਿਮਤ ਹੋਣ ਦੇ ਕਾਰਨ ਲੜਦੇ ਹਨ ਬਲਕਿ ਉਹ ਇਹਨਾਂ ਧਾਰਮਿਕ ਵਿਸ਼ਵਾਸਾਂ ਬਾਰੇ ਜਰੂਰਤ ਤੋਂ ਜਿਆਦਾ ਭਾਵੁਕ ਹੁੰਦੇ ਹਨ, ਅਤੇ ਉਹਨਾਂ ਵਿਚ ਦੂਸਰਿਆਂ ਪ੍ਰਤਿ ਘ੍ਰਿਣਾ ਦਾ ਭਾਵ ਆਉਣ ਲੱਗਦਾ ਹੈ। ਇਹ ਭਾਵਨਾਵਾਂ ਦਿਮਾਗ਼ ਦੇ limbic system ਵਿਚੋਂ ਪੈਦਾ ਹੁੰਦੀਆਂ ਹਨ। ਇਸਦੇ ਸੱਜੇ ਪਾਸੇ ਵੱਲ Hippocampus ਨਾਮ ਦਾ ਭਾਗ ਸਥਿਤ ਤੇ ਸਰਗਰਮ ਹੈ, ਜੋ ਸਾਡੀਆਂ ਭਾਵਨਾਵਾਂ ਨੂੰ regulate ਕਰਨ, ਇਹਨਾਂ ਨਾਲ ਸੰਬੰਧਿਤ ਵਿਚਾਰਾਂ, ਆਦਰਸ਼ਾਂ ਜਾਂ ਘਟਨਾਵਾਂ ਨੂੰ ਸਾਡੀ ਯਾਦਦਾਸ਼ਤ ਵਿਚ ਪੱਕੇ ਤੌਰ ਤੇ ਲਿਖਣ ਲਈ ਜਿੰਮੇਵਾਰ ਹੈ।[7] ਇਸ ਕਰਕੇ ਮਨੁੱਖੀ ਦਿਮਾਗ਼ ਇਤਿਹਾਸ ਨਾਲ ਸੰਬੰਧਿਤ ਵੱਡੀਆਂ ਘਟਨਾਵਾਂ (ਜਿਵੇਂ 1947 ਦੀ ਦੇਸ਼ ਵੰਡ ਤੇ 1984 ਦੇ ਫਿਰਕੂ-ਫਸਾਦਾਂ ਆਦਿ) ਨੂੰ ਨਹੀਂ ਭੁੱਲਦਾ ਅਤੇ ਯਾਦ ਰਖਦਾ ਹੈ ਕਿ ਉਸ ਸਮੇਂ ਸਾਡੇ ਨਾਲ ਕੀ ਵਾਪਰਿਆ ਸੀ। ਇਹ ਧਾਰਮਿਕ ਵਿਸ਼ਵਾਸ ਸਾਡੇ ਦਿਮਾਗ਼ ਉੱਤੇ ਇਨ੍ਹਾਂ ਡੂੰਘਾ ਪ੍ਰਭਾਵ ਪਾਉਂਦੇ ਹਨ ਕਿ ਜੇਕਰ ਕਿਸੇ ਮਨੁੱਖ ਨੂੰ ਕੈਂਸਰ ਜਾਂ ਦਿਲ ਦੀ ਬੀਮਾਰੀ ਵੀ ਹੋ ਜਾਵੇ ਅਤੇ ਉਹ ਭਿਆਨਕ ਰੂਪ ਵੀ ਲੈ ਲਵੇ ਤਾਂ ਵੀ ਉਸਦੇ ਦਿਮਾਗ਼ ਦੀ ਸਰਗਰਮੀ ਰੱਬ ਪ੍ਰਤੀ ਜੁੜੇ ਉਸਦੇ ਵਿਸ਼ਵਾਸ ਨਾਲ ਉਸਦੀ ਜੀਣ ਦੀ ਇੱਛਾ ਸ਼ਕਤੀ ਨੂੰ ਸਰਗਰਮ ਕਰਦਾ ਹੈ ਅਤੇ ਉਸਨੂੰ ਅਜਿਹੀ ਭਿਆਨਕ ਬੀਮਾਰੀ ਨਾਲ ਲੜਨ ਅਤੇ recover ਕਰਨ ਦੀ ਸ਼ਕਤੀ ਪ੍ਰਦਾਨ ਕਰਦਾ ਰਹਿੰਦਾ ਹੈ। ਇਸ ਤੋਂ ਇਹ ਵੀ ਪਤਾ ਚੱਲਦਾ ਹੈ ਕਿ ਧਾਰਮਿਕ ਵਿਸ਼ਵਾਸ ਕੇਵਲ ਸਾਡੇ ਦਿਮਾਗ਼ ਦੀ ਕਾਰਜਸ਼ੀਲਤਾ ਨੂੰ ਹੀ ਨਹੀਂ ਬਲਕਿ ਸਾਡੇ ਸਰੀਰ ਦੀ ਕਾਰਜਸ਼ੀਲਤਾ ਨੂੰ ਵੀ ਪ੍ਰਭਾਵਿਤ ਕਰਦੇ ਹਨ।

ਸੋ, ਧਰਮ ਅਤੇ ਧਾਰਮਿਕ ਵਿਸ਼ਵਾਸ ਕੇਵਲ ਕਿਸੇ ਸਮਾਜ-ਸੱਭਿਆਚਾਰ ਪ੍ਰਕਿਰਿਆ ਨਾਲ ਹੀ ਨਹੀਂ, ਬਲਕਿ ਇਹ ਮਨੁੱਖ ਦੀ ਦਿਮਾਗ਼ੀ ਪ੍ਰਕਿਰਿਆ ਨਾਲ ਵੀ ਜੁੜੇ ਹੋਏ ਹਨ। ਧਰਮ ਨਾਲ ਸੰਬੰਧਿਤ ਮਾਨਸਿਕਤਾ, ਭਾਵਨਾਵਾਂ ਅਤੇ ਵਿਸ਼ਵਾਸਾਂ ਨੂੰ ਮਨੁੱਖ ਬਚਪਨ ਤੋਂ ਹੀ ਗ੍ਰਹਿਣ ਕਰਦਾ ਹੈ, ਜਿਸ ਵਿਚ ਨਿਰਖ-ਪਰਖ ਦਾ ਕਾਲ ਇਕ ਮਹੱਤਵਪੂਰਨ ਭੂਮਿਕਾ ਅਦਾ ਕਰਦਾ ਹੈ। ਧਰਮ ਨਾਲ ਸੰਬੰਧਿਤ ਇਹਨਾਂ ਵਿਚਾਰਾਂ ਜਾਂ ਵਿਸ਼ਵਾਸਾਂ ਨੂੰ ਨਾ ਭੁੱਲ ਪਾਉਣ ਅਤੇ ਨਾ ਬਦਲ ਪਾਉਣ ਦਾ ਅਸਲੀ ਕਾਰਨ ਇਸ ਕਾਲ ਵਿਚ ਇਹਨਾਂ ਦੀ ਗ੍ਰਹਿਣਕਾਰੀ ਹੀ ਹੈ। ਇਹਨਾਂ ਵਿਸ਼ਵਾਸਾਂ ਦੀ ਨਿਰਖ-ਪਰਖ ਕਾਲ ਦੌਰਾਨ ਮਨੁੱਖੀ ਦਿਮਾਗ਼ ਵਿਚ ਸਥਾਪਤ ਹੋ ਜਾਣ ਕਰਕੇ ਮਨੁੱਖ ਆਪਣੇ ਜੀਵਨ ਵਿਚ ਵਾਪਰਨ ਵਾਲੀਆਂ ਸਕਾਰਾਤਮਕ ਅਤੇ ਨਕਾਰਾਤਮਕ ਘਟਨਾਵਾਂ ਨੂੰ ਧਰਮ ਤੇ ਧਾਰਮਿਕ ਵਿਸ਼ਵਾਸ ਨਾਲ ਜੋੜ ਕੇ ਸਕੂਨ ਤੇ ਸ਼ਾਂਤੀ ਮਹਿਸੂਸ ਕਰਦਾ ਹੈ। ਸਾਡੇ ਦਿਮਾਗ਼ ਦੇ ਵੱਖਰੇ-ਵੱਖਰੇ ਭਾਗਾਂ ਦੀ ਕਾਰਗੁਜ਼ਾਰੀ ਕਾਰਨ ਕਿਸੇ ਮੁਸ਼ਕਲ ਸਥਿਤੀ ਵਿਚ ਵੀ ਧਾਰਮਿਕ ਵਿਸ਼ਵਾਸ਼ਾਂ ਨਾਲ ਸੰਜੋਈ ਹੋਈ ਕਾਰਜਸ਼ੀਲਤਾ ਕਾਰਨ ਸਾਡਾ ਦਿਮਾਗ਼ ਆਪਣਾ ਸੰਤੁਲਨ ਕਾਇਮ ਰੱਖਣ ਵਿਚ ਕਾਮਯਾਬ ਹੁੰਦਾ ਹੈ।

### ਹਵਾਲੇ ਅਤੇ ਟਿੱਪਣੀਆਂ


1. Nina F. Dronkers, *The Pursuit of Brain Languages, Relationships, Brain and Language*, Volume 71, issue 1, 2000, Page 59-61.
2. Craig Aaen-Stockdale, *Neuroscience for the Soul, The Psychologist*, Volume 25, issue 7, 2012, Page 520-523.

3. Eric Heinz Lenneberg, *Biological Foundations of Language*, New York, Wiley, 1967, Page 176.
4. Donald Hebb, *The Organization of Behaviour*, New York, John Wiley and Sons, 1949, Page 62.
5. Amit Etkin, Tobias Egner et. al., *Resolving Emotions Conflict : A role for the rostral anterior cingulate cortex in Modulating activity in the amygdala*, Neuron, Volume 51, issue 6, 2006, Page 871-882.
6. Tom Rosential, *What Brain Science Tells us about Religious Belief*, Pew Research Centre, 2008.
7. Tom Rosential, *What Brain Science Tells us about Religious Belief*, Pew Research Centere, 2008.

# ਜ਼ੇਨ ਮਤ ਨਾਲ ਕਾਵਿਕ ਸੰਵਾਦ

***ਹਰਮੇਲ ਸਿੰਘ**

ਸਮਕਾਲੀ ਦੌਰ ਵਿਚ ਧਰਮ ਤੇ ਗਿਆਨ ਪਰੰਪਰਾ ਨੂੰ ਆਧਾਰ ਬਣਾ ਕੇ ਸਾਹਿਤਿਕ ਪ੍ਰਵਚਨ ਦੀ ਸਿਰਜਣਾ ਹੋ ਰਹੀ ਹੈ।ਭਾਵੇਂ ਪੰਜਾਬੀ ਕਵਿਤਾ ਵਿਚ ਵਾਤਾਵਰਨ ਸੰਕਟ ਲਈ ਪੂੰਜੀਵਾਦੀ ਪ੍ਰਬੰਧ ਅਤੇ ਪੱਛਮੀ ਜੀਵਨ ਸ਼ੈਲੀ ਨੂੰ ਪ੍ਰਮੁੱਖ ਕਾਰਕ ਮੰਨਿਆ ਜਾਂਦਾ ਹੈ ਪਰ ਇਸ ਪ੍ਰਬੰਧ ਦੇ ਬਦਲ ਵਜੋਂ ਭਾਰਤੀ ਗਿਆਨ ਪਰੰਪਰਾ ਅਤੇ ਪੂਰਬੀ ਚਿੰਤਨ ਨਾਲ ਸੰਵਾਦ ਕੀਤਾ ਜਾ ਰਿਹਾ ਹੈ।ਕਵੀ ਜੀਵ ਵਿਗਿਆਨ ਅਤੇ ਈਕੋਲਾਜੀ ਦੀ ਸਮਝ ਦੇ ਨਾਲ ਨਾਲ ਵੇਦਾਂ, ਗੁਰਬਾਣੀ, ਪੂਰਬੀ ਧਰਮਾਂ ਅਤੇ ਦਰਸ਼ਨ ਵਿਚੋਂ ਇਸ ਪ੍ਰਬੰਧ ਦਾ ਬਦਲ ਤਲਾਸ਼ ਰਹੇ ਹਨ।ਇਹ ਕਵਿਤਾ ਭਾਰਤੀ ਦਰਸ਼ਨ ਅਤੇ ਗਿਆਨ ਪਰੰਪਰਾ ਨਾਲ ਸੰਵਾਦ ਰਚਾਉਂਦੀ ਹੈ।ਕਵੀ ਸਮਕਾਲੀ ਘਟਨਾਵਾਂ ਪ੍ਰਤੀ ਤਤਕਾਲੀ ਪ੍ਰਤੀਕਿਰਿਆ ਵੀ ਦਿੰਦੇ ਹਨ।ਪੰਜਾਬੀ ਕਵਿਤਾ ਜ਼ੇਨ ਮਤ ਤੋਂ ਗਹਿਨ ਈਕੋਲਾਜੀ ਦੀ ਸਮਝ ਵੀ ਪ੍ਰਾਪਤ ਕਰਦੀ ਹੈ।ਪਰਮਿੰਦਰ ਸੋਢੀ ਕਾਵਿ ਵੀ ਸਮਕਾਲੀ ਸਮੱਸਿਆਵਾਂ ਨੂੰ ਦਾਰਸ਼ਨਿਕ ਅਤੇ ਮਨੁੱਖੀ ਹੋਂਦ ਦੇ ਵੱਡੇ ਪਰਿਪੇਖ ਵਿੱਚ ਪੇਸ਼ ਕਰਦਾ ਹੈ।ਉਸਦੀ ਕਵਿਤਾ ਵਿੱਚ ਮਨੁੱਖ ਨੂੰ ਕੁਦਰਤ ਦੇ ਵਿਸ਼ਾਲ ਪਰਪੰਚ ਵਿੱਚ ਆਪਣੀ ਅਸਲ ਹੋਂਦ ਨੂੰ ਅਨੁਭਵ ਕਰਨ ਦੀਆਂ ਸੂਖ਼ਮ ਰਮਜ਼ਾਂ ਹਨ।ਉਹ ਜਪਾਨੀ ਜ਼ੇਨ ਮਤ ਦੇ ਵਿਵਹਾਰਿਕ ਜੀਵਨ ਜਾਂਚ ਦੇ ਵਿਚਾਰਾਂ ਨੂੰ ਆਪਣੀ ਕਵਿਤਾ ਵਿੱਚ ਢਾਲਦਾ ਹੈ।ਇਹ ਦਰਸ਼ਨ ਮਨੁੱਖ ਅਤੇ ਕੁਦਰਤ ਵਿੱਚ ਇਕ ਜੀਵੰਤ ਰਿਸ਼ਤਾ ਤਲਾਸ਼ਦਾ ਹੈ।ਉਹ ਜਪਾਨ ਵਿੱਚ ਵਿਕਸਿਤ ਹੋਈ ਬੋਧੀ ਮਤ ਦੀ ਪ੍ਰਮੁੱਖ ਵੰਨਗੀ ਜ਼ੇਨ ਮਤ ਤੋਂ ਕਾਫ਼ੀ ਪ੍ਰਭਾਵਿਤ ਹੈ।ਇਹ ਦਰਸ਼ਨ ਮਨੁੱਖ ਦੇ ਕੁਦਰਤੀ ਅਤੇ ਅਸਲ ਸੁਭਾਅ ਵੱਲ ਲੈ ਕੇ ਜਾਂਦਾ ਹੈ।ਇਹ ਬੁੱਧ ਮਤ ਦਾ ਜਪਾਨ ਵਿਚ ਵਿਕਸਿਤ ਹੋਇਆ ਰੂਪ ਹੈ।ਇਸ ਮਤ ਨੂੰ ਜ਼ੇਨ (Zen) ਕਿਹਾ ਜਾਂਦਾ ਹੈ, ਜੋ ਚੀਨੀ ਸ਼ਬਦ ਚੇਨ (Chan) ਦਾ ਲਿੱਪੀਅੰਤਰਨ ਹੈ ਜੋ ਅੱਗੋਂ ਸੰਸਕ੍ਰਿਤ ਸ਼ਬਦ ਧਿਆਨ ਦਾ ਲਿੱਪੀਅੰਤਰਨ ਹੈ।ਸੋ ਜ਼ੇਨ ਸ਼ਬਦ ਦਾ ਅਰਥ ਹੈ – ਧਿਆਨ ਵਿੱਚ ਬੈਠਣਾ ।ਜ਼ੇਨ ਮਤ ਵਿੱਚ ਇਸਦਾ ਅਰਥ ਵਿਹਾਰਕ ਗਿਆਨ ਹੈ।ਇਹ ਮਤ ਸਿਧਾਂਤਕ ਗਿਆਨ ਨੂੰ ਭਾਸ਼ਾਈ ਖੇਡ ਮੰਨਦਾ ਹੈ।ਇਹ ਗੈਰ ਪੱਖਪਾਤੀ ਵਿਵਹਾਰਿਕ ਗਿਆਨ ਨਾਲ ਆਪਣੇ ਮਨ ਨੂੰ ਤਬਦੀਲ ਕਰਨ ਦੀ ਵਿਧੀ ਹੈ।ਵਾਈਟ ਲਿਨ (White Lynn) ਅਪਣੇ ਇਕ ਲੇਖ *The Historical Roots of Our Ecologic Crisis* ਵਿੱਚ ਈਸਾਈਅਤ ਅਤੇ ਪੱਛਮੀ ਦਰਸ਼ਨ ਨੂੰ ਵਿਸ਼ਵ ਵਿਆਪੀ ਈਕੋਲਾਜੀਕਲ ਸੰਕਟ ਦੀ ਜੜ੍ਹ ਮੰਨਦਾ ਹੈ।ਉਸਦਾ ਵਿਚਾਰ ਹੈ ਕਿ ਪੱਛਮੀ ਇਸਾਈ ਮਤ ਅਤੇ ਯਹੂਦੀ ਮਤ ਵਿੱਚ ਮਨੁੱਖ ਅਤੇ ਕੁਦਰਤ ਵਿੱਚ ਦਵੈਤ ਨੂੰ ਮੰਨਿਆ ਗਿਆ ਹੈ।ਇਸ ਵਿੱਚ ਮਨੁੱਖ ਨੂੰ ਉੱਤਮ ਨਸਲ ਮੰਨਦੇ ਹੋਏ ਉਸਨੂੰ ਕੁਦਰਤ ਦੀ ਲੁੱਟ ਕਰਨ ਦਾ ਵਿਸ਼ੇਸ਼ ਅਧਿਕਾਰ ਪ੍ਰਦਾਨ ਕੀਤਾ ਗਿਆ ਹੈ।ਉਸ ਅਨੁਸਾਰ ਵਿਗਿਆਨ ਅਤੇ ਤਕਨੀਕੀ ਵਿਕਾਸ ਸਾਨੂੰ ਵਾਤਾਵਰਨ ਸੰਕਟ ਵਿੱਚੋਂ ਬਾਹਰ ਨਹੀਂ ਕੱਢ ਸਕਦਾ, ਜਿੰਨਾਂ ਚਿਰ ਅਸੀਂ ਨਵਾਂ ਧਰਮ ਨਹੀਂ ਅਪਣਾਉਂਦੇ ਜਾਂ ਪੁਰਾਣੇ ਧਰਮ ਬਾਰੇ ਨਵਾਂ ਨਹੀਂ ਸੋਚਦੇ।

***ਅਸਿਸਟੈਂਟ ਪ੍ਰੋਫ਼ੈਸਰ, ਪੰਜਾਬੀ ਵਿਭਾਗ ਯੂਸੋਲ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ।**

ਜ਼ੇਨ ਮਤ ਦਾ ਨਿਵੇਕਲਾ ਲੱਛਣ ਹੈ ਕਿ ਬੁੱਧੀ ਅਤੇ ਦਇਆ ਦੇ ਸੁਮੇਲ ਰਾਹੀਂ ਹੀ ਬੁੱਧ ਮਾਰਗ ਤੇ ਚੱਲਿਆ ਜਾ ਸਕਦਾ ਹੈ।ਇਹ ਮਾਰਗ ਰੋਜਾਨਾਂ ਜੀਵਨ ਵਿੱਚ ਸਵੈ ਨੂੰ ਦੂਜੇ ਲੋਕਾਂ ਅਤੇ ਕੁਦਰਤ ਨਾਲ ਸੰਬੰਧਿਤ ਕਰਕੇ ਹੀ ਪ੍ਰਾਪਤ ਹੁੰਦਾ ਹੈ।ਸੋਢੀ ਦੀ ਕਵਿਤਾ ਵਿੱਚ ਵੀ ਇਸ ਅੰਤਰ-ਸੰਬੰਧਤਾ ਨੂੰ ਪੇਸ਼ ਕੀਤਾ ਗਿਆ ਹੈ:

ਜੰਗਲ ਵਿੱਚ
ਪੇੜ ਪੌਦੇ, ਜੀਵ ਜੰਤ, ਆਪਸ ਵਿੱਚ
ਜੋ ਘੁਸਰ ਮੁਸਰ ਕਰਦੇ ਨੇ
ਉਹੋ ਜਿਹਾ ਕੁਝ
ਮੈਨੂੰ ਆਪਣੇ ਅੰਦਰ ਸੁਣਦਾ ਹੈ [2]

ਆਧੁਨਿਕ ਮਨੁੱਖ ਹਉਮੈਂ ਵਾਲੇ ਤਰਕ ਰਾਹੀਂ ਜ਼ਿੰਦਗੀ ਨੂੰ ਦਵੈਤਵਾਦੀ ਸੋਚ ਰਾਹੀਂ ਜਿਉਂਦੇ ਹਨ ਜਿਸ ਕਾਰਨ ਉਹਨਾਂ ਨੂੰ ਚਿੰਤਾ ਅਤੇ ਮਾਨਸਿਕ ਤਣਾਉ ਦਾ ਸਾਹਮਣਾ ਕਰਨਾ ਪੈਂਦਾ ਹੈ।ਪਰ ਜ਼ੇਨ ਦਰਸ਼ਨ ਇਸਦੀ ਬਜਾਇ ਸਮੁੱਚਤਾਵਦੀ ਅਤੇ ਅਦਵੈਤਵਾਦੀ ਨਜ਼ਰੀਏ ਦਾ ਬਦਲ ਪੇਸ਼ ਕਰਦਾ ਹੈ ਤਾਂ ਕਿ ਮਨ ਦੀ ਸਥਿਰਤਾ ਦਾ ਜਸ਼ਨ ਮਨਾਇਆ ਜਾ ਸਕੇ।ਭਾਵੇਂ ਇਹ ਦਵੈਤਵਾਦੀ ਅਤੇ ਅਦਵੈਤਵਾਦ ਦਾ ਵੀ ਮੱਧ ਮਾਰਗ ਹੈ।ਇਸ ਲਈ ਅਸਲ ਮਨੁੱਖੀ ਸੁਭਾਅ ਦੀ ਲੋੜ ਹੈ ਜਿਸਨੂੰ ਬੁੱਧਤਵ ਕਿਹਾ ਜਾਂਦਾ ਹੈ।ਜ਼ੇਨ ਮਤ ਸਾਦਗੀ ਅਤੇ ਸਿੱਧੇ ਤਰੀਕੇ ਨਾਲ ਸਚਾਈ ਦਾ ਮਾਰਗ ਹੈ।ਇਹ ਹੁਣ ਅਤੇ ਇੱਥੇ ਵਿੱਚ ਯਕੀਨ ਕਰਨ ਵਾਲਾ ਦਰਸ਼ਨ ਹੈ।ਇਹ ਵਰਤਮਾਨ ਦਾ ਜਸ਼ਨ ਮਨਾਉਂਦਾ ਹੈ।ਭੂਤ ਤੇ ਭਵਿੱਖ ਦਾ ਬੋਝ ਨਹੀਂ ਰੱਖਦਾ ਹੈ।ਪਰਮਿੰਦਰ ਸੋਢੀ ਦੀ ਕਵਿਤਾ ਵਿੱਚ ਵਾਰ ਵਾਰ ਵਰਤਮਾਨ ਵਿੱਚ ਜੀਣ ਦੀ ਚੇਤਨਾ ਨੂੰ ਜ਼ੇਨ ਮਤ ਵਾਂਗ ਹੀ ਪੇਸ਼ ਕੀਤਾ ਗਿਆ ਹੈ।'ਅੱਜ ਨੂੰ ਰੁਸ਼ਨਾ' ਕਵਿਤਾ ਵਿੱਚ ਉਹ ਲਿਖਦਾ ਹੈ:

ਭਵਿੱਖ ਵਿੱਚ ਰਹਿਣ ਵਾਲੀਏ
ਕਿਉਂ ਤੂੰ ਬੀਤੇ ਦੀ ਗਠੜੀ ਖੋਲ੍ਹੇ
ਇਹ ਗੱਠੜੀ ਤਾਂ ਭਾਰੀ ਏਨੀ
ਅੱਜ ਵੀ ਮਨ ਤਨ ਮੇਰਾ ਡੋਲੇ [3]

ਜ਼ੇਨ ਮਾਰਗ ਵਿਚ ਸਾਹਾਂ ਦਾ ਧਿਆਨ ਕਰਨਾ ਜਾਂ ਸਿਰਫ਼ ਸਮਾਧੀ ਵਿੱਚ ਬੈਠ ਕੇ ਆਪਣੇ ਵਿਚਾਰਾਂ ਨੂੰ ਰੋਕਣਾ ਦੋ ਵਿਧੀਆਂ ਹਨ।ਪਹਿਲੀ ਵਿਧੀ ਈਗੋ-ਚੇਤਨਾ ਨੂੰ ਤੋੜਨ ਲਈ ਹੈ ਜੋ ਦਵੈਤਵਾਦੀ ਸਮਾਜਕ ਸੱਭਿਆਚਾਰਕ ਸਮਝ ਵਿਚੋਂ ਉਪਜਦੀ ਹੈ।ਇਹ ਵਿਧੀ ਗ੍ਰੰਥਾਂ ਦੇ ਸ਼ਬਦਾਂ ਅਤੇ ਅੱਖਰਾਂ ਤੇ ਨਿਰਭਰਤਾ ਨਹੀਂ ਰੱਖਦੀ ਸਗੋਂ ਮਨੁੱਖੀ ਮਨ ਤੇ ਧਿਆਨ ਦੇ ਕੇ ਆਪਣੇ ਸੁਭਾਅ ਨੂੰ ਦੇਖਣ ਦੀ ਵਿਧੀ ਹੈ ਤਾਂ ਕਿ ਬੁੱਧਤਵ ਨੂੰ ਪ੍ਰਾਪਤ ਕੀਤਾ ਜਾ ਸਕੇ।ਦੂਜੀ ਵਿਧੀ ਕਿਸੇ ਇੱਛਾ ਤੋਂ ਬਗੈਰ ਧਿਆਨ ਦੀ ਵਿਧੀ ਹੈ।ਇਹ ਹਰ ਤਰ੍ਹਾਂ ਦੀ ਦਵੈਤ ਤੋਂ ਮੁਕਤ ਹਨ।ਦੋਵਾਂ ਦਾ ਫ਼ਰਕ ਇਹ ਹੈ ਕਿ ਇਕ ਅਚਾਨਕ ਬੁੱਧਤਵ ਪ੍ਰਾਪਤ ਹੋਣਾ ਸਵੀਕਾਰ ਕਰਦੇ ਹਨ ਪਰ ਦੂਜੇ ਇਸ ਨੂੰ ਪ੍ਰਕਿਰਿਆ ਮੰਨਦੇ ਹਨ।ਜ਼ੇਨ ਧਿਆਨ ਲਈ ਤਿੰਨ ਪੜਾਅ ਦੱਸੇ ਹਨ।ਇਹ ਸਰੀਰ, ਸਾਹ ਅਤੇ ਮਨ ਨੂੰ ਤਰਤੀਬ ਦੇਣੀ ਹਨ।ਸਰੀਰ ਨੂੰ ਕਮਲ ਆਸਣ ਵਿੱਚ ਕਰਨਾਂ ਜਾਂ ਰੀੜ ਦੀ ਹੱਡੀ ਨੂੰ ਸਿੱਧਾ ਕਰਨਾ,ਆਉਂਦੇ ਜਾਂਦੇ ਸਾਹਾਂ ਤੇ ਧਿਆਨ ਦੇਣਾ, ਪੇਟ ਵਿੱਚ ਹਵਾ ਭਰ ਕੇ ਸਾਹ ਛੱਡਣੇ ਤਾਂ ਕਿ ਸਰੀਰ ਵਿਚੋਂ ਨਾਂਹਪੱਖੀ ਊਰਜਾ ਨਿਕਲ ਸਕੇ।ਪਰ ਚਿੰਤਾਵਾ, ਡਰ, ਅਤੇ ਭੂਤ ਦੀਆਂ ਯਾਦਾਂ ਖਲਲ ਪਾਉਂਦੀਆਂ ਹਨ।ਇਹਨਾਂ ਤੇ ਕਾਬੂ ਪਾਉਣਾ ਪੈਂਦਾ ਹੈ।ਸੁਚੇਤ ਹੋ ਕੇ ਸਾਹ ਲੈਣ ਅਤੇ ਅਚੇਤ ਸਾਹ ਲੈਣ ਵਿੱਚ ਫ਼ਰਕ ਹੈ।ਸੁਚੇਤ ਸਾਹ ਲੈਣ ਨਾਲ ਅਚੇਤ ਦੀ ਕਿਰਿਆ ਨੂੰ ਕਾਬੂ ਕੀਤਾ ਜਾ ਸਕਦਾ ਹੈ।ਤੀਜਾ ਪੜਾਅ ਮਨ ਨੂੰ ਤਰਤੀਬ ਵਿੱਚ ਕਰਨਾ ਹੈ।ਇਸ ਨਾਲ ਮਨੁੱਖ ਆਪਣੇ ਆਪ ਨੂੰ ਰੋਜ਼ਾਨਾ ਜੀਵਨ ਦੀਆ ਸਮੱਸਿਆਵਾਂ ਨਾਲੋਂ ਵੱਖ ਕਰਦਾ ਹੈ।ਆਪਣੇ ਸਵੈ ਦਾ ਸਾਹਮਣਾ ਕਰਦਾ ਹੈ।ਮਾਨਸਿਕ ਤੌਰ ਤੇ ਬਾਹਰੀ

ਸੰਸਾਰ ਨਾਲੋਂ ਨਾਤਾ ਤੋੜਦਾ ਹੈ।ਇਸ ਕਿਰਿਆ ਵਿੱਚ ਕਿਸੇ ਵਿਚਾਰ ਤੇ ਕੇਂਦਰਿਤ ਹੋਏ ਬਿਨਾਂ ਉਸਨੂੰ ਦੇਖਣਾ ਹੁੰਦਾ ਹੈ।ਇਸ ਨਾਲ ਹੋਲ਼ੀ ਹੋਲ਼ੀ ਈਗੋ-ਚੇਤਨਾ ਘਟਣੀ ਸ਼ੁਰੂ ਹੁੰਦੀ ਹੈ।ਸਮਾਧੀ ਦੀ ਸਟੇਜ ਵਿੱਚ ਦਾਖਲਾ ਹੁੰਦਾ ਹੈ।ਇੱਥੇ ਦਵੈਤ ਖਤਮ ਹੋ ਜਾਂਦੀ ਹੈ।ਅ-ਮਨ (No Mind) ਦੀ ਸਥਿਤੀ ਪੈਦਾ ਹੋ ਜਾਂਦੀ ਹੈ।ਜੇ ਅਸੀਂ ਦਰਸ਼ਨ ਨੂੰ ਪੱਛਮੀ ਅਰਥਾਂ ਵਿੱਚ ਤਰਕ ਆਧਾਰਤ ਮੰਨਦੇ ਹਾਂ ਤਾਂ ਜ਼ੇਨ ਮਤ ਦਰਸ਼ਨ ਵਿਰੋਧੀ ਹੈ।[4] ਪਰਮਿੰਦਰ ਸੋਢੀ ਤੁਹਾਡਾ ਸੱਚ ਬਨਾਮ ਸਾਡਾ ਭਰਮ ਕਵਿਤਾ ਵਿੱਚ ਲਿਖਦਾ ਹੈ:

ਤੁਹਾਡੇ ਗਿਆਨ ਅਤੇ ਵਿਗਿਆਨ ਦੀ
ਆਖਰੀ ਸੀਮਾ ਤੋਂ ਪਰ੍ਹੇ
ਸ਼ੁਰੂ ਹੁੰਦਾ ਹੈ
ਸਾਡੇ ਭਰਮ ਮੋਹ
ਤੇ ਮਾਸੂਮਤਾ ਦਾ ਖੇਤਰ
ਸਾਡਾ ਭਰਮ ਸਾਡਾ ਆਪਣਾ ਹੈ
ਭਰਮ ਹੈ ਤਾਂ ਭਰਮ ਹੀ ਸਹੀ [5]

ਤਾਰਕਿਕ ਸੱਚ ਤੋਂ ਪਾਰਲੇ ਭਾਵੁਕ ਸੰਸਾਰ ਦੇ ਸੱਚ ਨੂੰ ਇਸ ਕਵਿਤਾ ਵਿੱਚ ਵਡਿਆਇਆ ਗਿਆ ਹੈ।ਜ਼ੇਨ ਮਤ ਵਿੱਚ ਵਿਰੋਧਾਭਾਸ ਹਨ ਜੋ ਸੱਚ ਨੂੰ ਡੂੰਘਾਈ ਵਿੱਚ ਸਮਝਣ ਲਈ ਜ਼ਰੂਰੀ ਹਨ।ਇਹ ਮਤ ਦਵੈਤਵਾਦ ਤੋਂ ਪਾਰ ਵੀ ਜਾਂਦਾ ਹੈ ਅਤੇ ਮਨੁੱਖ ਅਤੇ ਕੁਦਰਤ ਦੇ ਆਪਸੀ ਸੰਬੰਧਾਂ ਨੂੰ ਵੀ ਸਵੀਕਾਰ ਕਰਦਾ ਹੈ।ਜ਼ੇਨ ਮਤ ਅਗਿਆਨ ਤੋਂ ਜਾਗ੍ਰਿਤ ਹੋਣ ਦਾ ਸਫ਼ਰ ਹੈ।ਇਹ ਈਗੋ ਚੇਤਨਾ ਤੋਂ ਪਾਰ ਜਾਕੇ ਬੁੱਧਤਵ ਪ੍ਰਾਪਤ ਕਰਨ ਦਾ ਰਾਹ ਹੈ।ਇਹ ਗਿਆਨ ਦੀ ਅਦਵੈਤਵਾਦੀ ਧਾਰਨਾ ਪੇਸ਼ ਕਰਦਾ ਹੈ ਜੋ ਅਸਲ ਅਤੇ ਕੁਦਰਤੀ ਸੁਭਾਅ ਵੱਲ ਪਰਤਣ ਦਾ ਨਾਮ ਹੈ।ਇਸ ਵਿੱਚ ਚੇਤਨ ਅਤੇ ਅਚੇਤਨ ਨੂੰ ਇਕ ਦੂਜੇ ਦੇ ਵਿਰੋਧੀ ਵਜੋਂ ਨਹੀਂ ਪੇਸ਼ ਕੀਤਾ ਜਾਂਦਾ ਹੈ।ਇਸ ਵਿੱਚ ਭਾਸ਼ਾ ਨਾਲ ਸੰਬੰਧਿਤ ਸੱਚਾਈ ਤੋਂ ਪਾਰ ਦੇ ਅਨੁਭਵ ਨੂੰ ਪੇਸ਼ ਕੀਤਾ ਜਾਂਦਾ ਹੈ।ਪਰਮਿੰਦਰ ਸੋਢੀ ਦੀ ਕਵਿਤਾ ਵਿੱਚ ਮਨੁੱਖੀ ਭਾਸ਼ਾ ਵਿੱਚ ਲਿਖੀ ਨਜ਼ਮ ਦੀ ਬੇਬਸੀ ਨੂੰ ਪੇਸ਼ ਕੀਤਾ ਗਿਆ ਹੈ, ਜੋ ਬ੍ਰਹਿਮੰਡੀ ਚੇਤਨਾ ਤੱਕ ਨਹੀਂ ਪਹੁੰਚ ਸਕਦੀ ਹੈ:

ਜੀਅ ਤਾਂ ਬੜਾ ਕਰਦੈ
ਕਿ ਕਦੇ ਤੈਨੂੰ ਵੀ
ਆਪਣੀ ਕੋਈ ਨਜ਼ਮ ਸੁਣਾਵਾਂ
ਰੁਕ ਜਾਂਦਾ ਹਾਂ ਇਹ ਸੋਚ ਕੇ
ਕਿ ਰਾਹ ਵਿੱਚ ਹੀ
ਗੁੰਮ ਗੁਆਚ ਜਾਵੇਗੀ
ਨਜ਼ਮ ਪਿਆਰੀ
ਤੇਰੇ ਮਨ ਅਤੇ ਮੇਰੇ ਸ਼ਬਦਾਂ
ਵਿਚਕਾਰ ਫੈਲੇ
ਘਣੇ ਅਸੰਭਵ ਜੰਗਲਾਂ ਵਿਚਕਾਰ [6]

ਜ਼ੇਨ ਮਤ ਵਿੱਚ ਸਮੇਂ ਸਪੇਸ ਦੀ ਜੀਵੰਤ ਅਤੇ ਸੰਗਠਿਤ ਧਾਰਨਾ ਮਿਲਦੀ ਹੈ।ਇਸ ਧਾਰਨਾ ਮੁਤਾਬਕ ਇਕ ਰੋਜ਼ਾਨਾ ਜ਼ਿੰਦਗੀ ਵਾਲਾ ਵਿਅਕਤੀ ਅਤੇ ਇਕ ਪਾਰ ਵਿਅਕਤੀ ਸਿਆਣਪ ਵਾਲਾ ਮਨੁੱਖ ਹੁੰਦਾ ਹੈ ।ਇਹ ਦੋ ਨਹੀਂ ਸਗੋਂ ਇਕ ਵਿਅਕਤੀ ਦੇ ਹੀ ਦੋ ਰੂਪ ਹੁੰਦੇ ਹਨ।ਇਸ ਗੱਲ ਨੂੰ ਪਰਮਿੰਦਰ ਸੋਢੀ ਦੀਆਂ ਬਹੁਤ ਸਾਰੀਆਂ ਕਵਿਤਾਵਾਂ ਵਿੱਚ ਤੂੰ ਤੇ ਮੈਂ ਦੇ ਰੂਪ ਵਿੱਚ ਸੰਬੋਧਨ ਕੀਤਾ ਗਿਆ ਹੈ:

ਚੰਦ ਸਾਹਮਣੇ ਟਿਮਟਿਮਾਂਦਾ ਹੈ
ਜਿਵੇਂ ਇਕ ਨਿੱਕਾ ਜਿਹਾ ਜੁਗਨੂੰ
ਸੂਰਜ ਵੱਲ ਦੇਖਦੀ ਹੈ
ਜਿਵੇਂ ਬਲਦੀ ਇਕ ਮਸ਼ਾਲ
ਇਹੋ ਜਿਹਾ ਹੀ ਸੀ ਕੁਝ ਸ਼ਾਇਦ
ਤੇਰੇ ਮਹਾਂਸਾਗਰੀ ਦਿਲ ਸਾਹਮਣੇ
ਮੇਰਾ ਕਾਗਜ਼ੀ ਬੇੜੀ ਵਰਗਾ ਪਿਆਰ [7]

ਸੁਤੰਤਰਤਾ ਦਾ ਸੰਕਲਪ ਵੀ ਪੱਛਮ ਨਾਲੋਂ ਜ਼ੇਨ ਮਤ ਵਿੱਚ ਵੱਖਰਾ ਮਿਲਦਾ ਹੈ।ਪੱਛਮੀ ਸੁਤੰਤਰਤਾ ਦਾ ਸੰਕਲਪ ਬਾਹਰੀ ਹੋਰਨਾਂ ਨਾਲੋਂ ਸੁਤੰਤਰਤਾ ਦਾ ਹੈ ਜਦ ਕਿ ਜ਼ੇਨ ਸੰਕਲਪ ਵਿੱਚ ਆਪਣੇ ਆਪੇ ਤੋਂ ਸੁਤੰਤਰ ਹੋਣ ਦੀ ਧਾਰਨਾ ਮਿਲਦੀ ਹੈ।ਇੱਛਾਵਾਂ ਨੂੰ ਖਤਮ ਕਰਨ ਦੀ ਥਾਂ ਇਹਨਾਂ ਨੂੰ ਤਬਦੀਲ ਕਰਕੇ ਅਧਿਆਤਮ ਪ੍ਰਾਪਤ ਕਰਨ ਦੀ ਧਾਰਨਾ ਜ਼ੇਨ ਮਤ ਵਿੱਚ ਮਿਲਦੀ ਹੈ।ਇਸ ਮਤ ਵਿੱਚ ਮਨ ਅਤੇ ਸਰੀਰ ਦਾ ਵੀ ਦਵੈਤ ਨਹੀਂ ਹੈ ਸਗੋਂ ਮਨ ਅਤੇ ਸਰੀਰ ਨੂੰ ਨਾ ਵੱਖ ਕੀਤੇ ਜਾਣ ਵਾਲੇ ਸਮੁੱਚ ਵਜੋਂ ਦੇਖਿਆ ਜਾਂਦਾ ਹੈ।ਪਰਮਿੰਦਰ ਸੋਢੀ ਨੂੰ ਪਿਆਰ ਅਨੁਭਵ ਨੂੰ ਪੇਸ਼ ਕਰਨ ਵਾਲਾ ਕਵੀ ਮੰਨਿਆ ਜਾਦਾ ਹੈ।ਪਰ ਸੋਢੀ ਦੀ ਕਵਿਤਾ ਵਿੱਚ ਪੇਸ਼ ਹੋਏ ਪਿਆਰ ਦੇ ਅਨੁਭਵ ਜ਼ੇਨ ਅਨੁਭਵ ਵਾਂਗ ਹਨ ਜੋ ਪਿਆਰ ਜਾਂ ਕਾਮ ਨੂੰ ਅਧਿਆਤਮਕ ਚੇਤਨਾ ਦਾ ਦੁਆਰ ਮੰਨਦੇ ਹਨ।ਅਸਲ ਵਿੱਚ ਆਪਣੀ ਹਉਮੈ ਅਤੇ ਦੁਨਿਆਵੀ ਰਿਸ਼ਤਿਆਂ ਤੋਂ ਉੱਪਰ ਉੱਠ ਕੇ ਮਹਾਂ-ਚੇਤਨਾ ਦਾ ਅਨੁਭਵ ਕਰਨਾ ਹੈ।ਪਰਮਿੰਦਰ ਸੋਢੀ ਦੀ ਕਵਿਤਾ ਵਿੱਚ ਡਿੱਗੇ ਪੱਤੇ, ਧੁੱਪ,ਬਾਰੀ, ਤੂੰ ਅਤੇ ਮੈਂ, ਬੁੱਧ, ਭਿੱਖੂ ,ਆਦਿ ਦੇਵੀ, ਕੁਦਰਤ ਦੇ ਦ੍ਰਿਸ਼, ਪਲ ਛਿਣ ਦੇ ਅਨੁਭਵ, ਦਿਨ ਰਾਤ ਦੇ ਦ੍ਰਿਸ਼, ਸਹਿਜਤਾ ਬਨਾਮ ਭੱਜ-ਦੌੜ ਵਾਲੀ ਜ਼ਿੰਦਗੀ ਆਦਿ ਚਿੰਨ੍ਹ ਵਾਰ-ਵਾਰ ਪੇਸ਼ ਹੋਏ ਹਨ।ਇਹ ਚਿੰਨ੍ਹ ਜ਼ੇਨ ਮਤ ਦੇ ਪ੍ਰਮਾਣਿਕ ਚਿੰਨ੍ਹ ਹਨ।ਜੋ ਪੱਛਮੀ ਆਧੁਨਿਕਤਾ ਉੱਪਰ ਉੱਸਰੀ ਜੀਵਨ ਜਾਂਚ ਦੀ ਥਾਂ ਸਹਿਜ ਅਤੇ ਚੇਤਨ ਬੁੱਧਤਵ ਵਾਲੀ ਜ਼ਿੰਦਗੀ ਜਿਉਂਣ ਦਾ ਆਦਰਸ਼ ਪਾਠਕਾਂ ਅੱਗੇ ਪੇਸ਼ ਕਰਦੇ ਹਨ।ਇਹ ਕੁਦਰਤ ਨਾਲ ਸਹਿਹੋਂਦ ਵਾਲੀ ਜੀਵਨ ਜਾਂਚ ਹੈ।ਇਸ ਤਰ੍ਹਾਂ ਸੋਢੀ ਦੀ ਕਵਿਤਾ ਜ਼ੇਨ ਦਰਸ਼ਨ ਆਧਾਰਿਤ ਈਕੋ-ਚੇਤਨਾ ਵਾਲੀ ਕਵਿਤਾ ਹੈ।

**ਹਵਾਲੇ :**


**1.** White Lynn, 'Historical Roots of Our Ecologic Crisis' in Glotfelty, Cherill & Fronn, Harrold (Edits) *The Ecocriticism Reader,* 1996. P 3-14

2. ਪਰਮਿੰਦਰ ਸੋਢੀ, *ਬਰਸਦੇ ਨੀਲਕਣ*, 2018 ਪੰ. 48
3. ਪਰਮਿੰਦਰ ਸੋਢੀ, *ਝੀਲ ਵਾਂਗ ਰੁਕੋ,* 2009 ਪੰ. 53
4. https://plato.stanford.edu/entries/japanese-zen/
5. ਪਰਮਿੰਦਰ ਸੋਢੀ, *ਪੱਤੇ ਦੀ ਮਹਾਂਯਾਤਰਾ*, 2010, ਪੰ. 348
6. *ਉਹੀ*, ਪੰ. 287
7. *ਉਹੀ*, ਪੰ. 282

# ਧਾਰਮਿਕ-ਕਾਵਿ ਦੀ ਭਾਸ਼ਾ: ਪ੍ਰਕਿਰਤੀ ਤੇ ਸਰੂਪ

***ਡਾ. ਸੋਹਨ ਸਿੰਘ**

ਵਿਸ਼ਾਲ ਅਰਥਾਂ ਵਿਚ ਧਰਮ ਨਾਲ ਸੰਬੰਧਤ ਕਾਵਿ ਨੂੰ ਧਾਰਮਿਕ-ਕਾਵਿ ਦੀ ਸੰਗਿਆ ਦਿੱਤੀ ਜਾਂਦੀ ਹੈ ਪਰ ਸਮੁੱਚਾ ਧਾਰਮਿਕ-ਕਾਵਿ ਇਕ ਸਮਾਨ ਪ੍ਰਕਿਰਤੀ ਦਾ ਧਾਰਣੀ ਨਹੀਂ ਹੁੰਦਾ ਅਤੇ ਨਾ ਹੀ ਸਬੰਧਤ ਧਾਰਮਿਕ ਵਰਗ ਵਿਚ ਸਮੁੱਚੇ ਧਾਰਮਿਕ-ਕਾਵਿ ਨੂੰ ਇਕ ਸਮਾਨ ਮਾਨਤਾ ਹੀ ਮਿਲਦੀ ਹੈ। ਇਸ ਕਥਨ ਦੀ ਸਪਸ਼ਟਤਾ ਲਈ ਇਕ ਪਾਸੇ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਅਤੇ ਦੂਜੇ ਪਾਸੇ ਭਾਈ ਵੀਰ ਸਿੰਘ, ਪ੍ਰੋ. ਪੂਰਨ ਸਿੰਘ, ਜਸਵੰਤ ਸਿੰਘ ਨੇਕੀ, ਹਰਿੰਦਰ ਸਿੰਘ ਮਹਿਬੂਬ ਆਦਿ ਦੁਆਰਾ ਰਚਿਤ ਧਾਰਮਿਕ-ਕਾਵਿ ਨੂੰ ਰੱਖ ਕੇ ਦੇਖਿਆ ਜਾ ਸਕਦਾ ਹੈ। ਮੋਟੇ ਤੌਰ ’ਤੇ ਧਾਰਮਿਕ-ਕਾਵਿ ਦੀ ਕੀਤੀ ਇਸ ਦੋ-ਪ੍ਰਕਾਰੀ ਵੰਡ ਦਾ ਆਧਾਰ ਜਿੱਥੇ ਇਨ੍ਹਾਂ ਦੇ ਉਚਾਰਣਕਰਤਾ/ਸਿਰਜਣਹਾਰੇ ਬਣਦੇ ਹਨ, ਉੱਥੇ ਇਨ੍ਹਾਂ ਦੋਵਾਂ ਪ੍ਰਕਾਰਾਂ ਦੇ ਕਾਵਿ-ਉਦੇਸ਼ ਵਿਚਲੀ ਵਿਭਿੰਨਤਾ ਵੀ ਇਨ੍ਹਾਂ ਦੀ ਵਰਗਵੰਡ ਦਾ ਆਧਾਰ ਬਣਦੀ ਹੈ। ਬਾਣੀ ਦਾ ਮੂਲ ਉਦੇਸ਼ ‘ਕਰਤੇ’ ਦੀ ਵਡਿਆਈ ਕਰਦਿਆਂ ‘ਸਚਿਆਰ ਪਦ’ ਦੀ ਪ੍ਰਾਪਤੀ ਕਰਨਾ ਹੈ ਜਦਕਿ ਦੂਜੀ ਪ੍ਰਕਾਰ ਦੇ ਕਾਵਿ ਦਾ ਉਦੇਸ਼ ਆਮ ਕਰਕੇ ਬਾਣੀ ਸਿਧਾਂਤਾਂ ਦੀ ਸਰਲ ਵਿਆਖਿਆ ਕਰਨਾ ਹੈ। ਬਾਣੀ ‘ਮੂਲ ਸੱਚ’ ਅਥਵਾ ਧਰਮ ਦਾ ਦਰਜਾ ਰੱਖਦੀ ਹੈ। ਇਸ ਲਈ ਪੂਜਣਯੋਗ ਹੈ। ਪਰ ਦੂਜੀ ਪ੍ਰਕਾਰ ਦਾ ਧਾਰਮਿਕ-ਕਾਵਿ ਬਾਣੀ ਸਿਧਾਤਾਂ ’ਤੇ ਉਸਰੀ ਦੁਜੈਲੀ ਸਿਰਜਣਾ ਹੋਣ ਕਾਰਨ ‘ਪੂਜਯ’ ਦਾ ਦਰਜਾ ਕਦੇ ਵੀ ਪ੍ਰਾਪਤ ਨਹੀਂ ਕਰਦਾ। ਦੂਜਾ, ਬਾਣੀ ਵੀ ਬੇਸ਼ਕ ਅਨੇਕ ਬਾਣੀਕਾਰਾਂ ਦੀ ਉਚਾਰਣ ਕੀਤੀ ਹੋਈ ਹੈ ਪਰ ਇਸ ਵਿਚ ਇਕਸੁਰਤਾ ਤੇ ਇਕਸਾਰਤਾ ਹੈ ਜਦਕਿ ਦੂਸਰੀ ਪ੍ਰਕਾਰ ਦੇ ਸਮੁੱਚੇ ਧਾਰਮਿਕ-ਕਾਵਿ ਵਿਚ ਅਜਿਹੀ ਇਕਸੁਰਤਾ ਤੇ ਇਕਸਾਰਤਾ ਲੱਭਣੀ ਮੁਸ਼ਕਿਲ ਹੈ। ਬਾਣੀ ਸਮੁੱਚ ਵਿਚ ਵੀ ਪੂਰਣ ਹੈ ਅਤੇ ਉਸਦਾ ਹਰ ਇਕ ਸ਼ਬਦ ਵੀ ਪੂਰਣ ਹੈ। ਇਸੇ ਕਰਕੇ ਬੇਸ਼ਕ ਇਸ ਵਿਚ ਵਿਸ਼ਾ-ਦੁਹਰਾਓ ਵੀ ਹੈ ਪਰ ‘ਹਰ ਅੰਗ ਪੂਰਣਤਾ’ ਦਾ ਗੁਣ ਇਸਦੇ ਕਿਸੇ ਵੀ ਅੰਗ ਨੂੰ ਅਧੂਰਾ ਨਹੀਂ ਰਹਿਣ ਦਿੰਦਾ।

ਧਰਮ ਅਤੇ ਧਾਰਮਿਕ-ਕਾਵਿ ਸਬੰਧੀ ਬੇਸ਼ੁਕ ਇਹ ਨਿਰਣਾ ਕਰਨਾ ਬੇਹੱਦ ਕਠਿਨ ਹੈ ਕਿ ਇਨ੍ਹਾਂ ਵਿਚੋਂ ਕਿਸਦੀ ਹੋਂਦ ਪਹਿਲਾਂ ਜਾਂ ਮੂਲ ਹੈ ਅਤੇ ਕਿਸਦੀ ਆਧਾਰਤ ਜਾਂ ਬਾਅਦ ਵਿਚ ਹੈ। ਡਾ. ਹਰਿਭਜਨ ਸਿੰਘ[1] ਇਨ੍ਹਾਂ ਦੋਵਾਂ ਤੋਂ ਵੱਖਰੀ ਇਕ ਤੀਜੀ ਧਾਰਣਾ ਇਹ ਵੀ ਪੇਸ਼ ਕਰਦੇ ਹਨ ਕਿ ਹੋ ਸਕਦਾ ਹੈ ਕਿ ਇਹ ਦੋਵੇਂ ਹੀ ਕਿਸੇ ਹੋਰ ਸਾਂਝੇ ਸਰੋਤ ਤੋਂ ਪੈਦਾ ਹੋਏ ਹੋਣ। ਇਨ੍ਹਾਂ ਸੰਬੰਧੀ ਬੇਸ਼ਕ ਦਾਅਵੇ ਸਹਿਤ ਕੁੱਝ ਵੀ ਨਹੀਂ ਕਿਹਾ ਜਾ ਸਕਦਾ ਪਰ ਇਸ ਵਿਚ ਕੋਈ ਸ਼ੱਕ ਨਹੀਂ ਕਿ ਧਾਰਮਿਕ-ਕਾਵਿ ਦੀ ਭਾਸ਼ਾ ਪੂਰਨ ਰੂਪ ਵਿਚ ਧਾਰਮਿਕਤਾ ਦੀ ਧਾਰਨੀ ਹੁੰਦੀ ਹੈ। ਕਿਉਂਕਿ ਇਹ ਧਰਮ ਜਾਂ ਧਾਰਮਿਕ ਵਿਸ਼ੇ ਦੀ ਹੀ ਪੇਸ਼ਕਾਰੀ ਕਰਦੀ ਹੈ। ਧਾਰਮਿਕ-ਕਾਵਿ ਦੀ ਭਾਸ਼ਾ ਸੰਬੰਧੀ ਨਿਰਣਾ ਕਰਨਾ ਵੀ ਉਸ ਧਾਰਮਿਕਤਾ ਦੀ ਪਛਾਣ ਕਰਨਾ ਹੀ ਹੈ, ਜਿਹੜਾ ਆਮ ਭਾਸ਼ਾ ਨੂੰ ਧਾਰਮਿਕ-ਕਾਵਿ ਦੀ ਭਾਸ਼ਾ ਦਾ ਜਾਂ ਪੂਜਯ ਦਾ ਸਥਾਨ ਦਿਵਾਉਂਦਾ ਹੈ। ਹਥਲੇ ਪਰਚੇ ਵਿਚ ਵੀ ਭਾਸ਼ਾ ਦੇ ਇਸੇ ਧਾਰਮਿਕ ਸਰੂਪ ਦੀ ਹੀ ਨਿਸ਼ਾਨਦੇਹੀ ਕਰਨ ਦਾ ਯਤਨ ਕੀਤਾ ਗਿਆ ਹੈ।

***ਗੁਰੂ ਹਰਿਗੋਬਿੰਦ ਖਾਲਸਾ ਕਾਲਜ, ਗੁਰੂਸਰ ਸਧਾਰ, ਲੁਧਿਆਣਾ।**

ਧਾਰਮਿਕ-ਕਾਵਿ ਦੀ ਭਾਸ਼ਾ ਨੂੰ ਜਾਨਣ ਤੇ ਸਮਝਣ ਤੋਂ ਪੂਰਵ ਇਹ ਜਾਣ ਲੈਣਾ ਬੇਹੱਦ ਜ਼ਰੂਰੀ ਹੁੰਦਾ ਹੈ ਕਿ ਇਸ ਕਾਵਿ ਵਿਚ ਭਾਸ਼ਾਈ ਯੋਗਤਾ (competence) ਅਤੇ ਭਾਸ਼ਾਈ ਨਿਭਾਓ (performace) ਦੋਵੇਂ ਹੀ ਅਧੂਰੇ ਰਹਿੰਦੇ ਹਨ। ਬੇਸ਼ਕ ਚੌਮਸਕੀ ਦੀ ਇਹ ਮਾਨਤਾ ਹੈ ਕਿ ਭਾਸ਼ਾਈ ਯੋਗਤਾ ਬੱਚੇ ਦੀ ਜਨਮ-ਜਾਤ ਸਮਰੱਥਾ ਹੁੰਦੀ ਹੈ ਅਤੇ ਬੱਚਾ ਇਸਨੂੰ ਆਪਣੇ ਆਲੇ-ਦੁਆਲੇ ਬੋਲੀ ਜਾਂਦੀ ਭਾਸ਼ਾ ਵਿਚੋਂ ਵਿਕਸਿਤ ਕਰਦਾ ਰਹਿੰਦਾ ਹੈ।[2] ਪਰ ਚੌਮਸਕੀ ਦੀ ਇਹ ਮਾਨਤਾ ਧਾਰਮਿਕ-ਕਵੀ ਦੇ ਪ੍ਰਸੰਗ ਵਿਚ ਦਰੁਸਤ ਨਹੀਂ ਬਣਦੀ ਕਿਉਂਕਿ ਉਸਦਾ ਕਥਨ ਸਮਾਜਕ ਚੌਗਿਰਦੇ ਦੀ ਥਾਂ ਕਿਸੇ ਹੋਰ ਅਣਡਿੱਠੇ ਸੰਸਾਰ ਤੋਂ ਪ੍ਰਭਾਵਿਤ ਹੀ ਨਹੀਂ ਹੁੰਦਾ ਬਲਕਿ ਇਹ ਪੂਰੀ ਤਰ੍ਹਾਂ ਉਸ ਸੰਸਾਰ ਦਾ ਹੀ ਕਥਨ ਸਥਾਪਤ ਹੁੰਦਾ ਹੈ:

ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ॥[3]

ਇਸ ਪ੍ਰਕਾਰ ਸਮਾਜਕ ਚੌਗਿਰਦੇ ਵਿਚ ਬੋਲੀ ਜਾਂਦੀ ਭਾਸ਼ਾ ਦੇ ਚਿੰਨ੍ਹਾਂ ਨੂੰ ਵਰਤਣ ਕਾਰਨ ਬੇਸ਼ਕ ਧਾਰਮਿਕ-ਕਾਵਿ ਦੀ ਭਾਸ਼ਾ ਨੂੰ ਪੂਰੀ ਤਰ੍ਹਾਂ ਸਮਾਜ ਤੋਂ ਵਿਛੁੰਨੀ ਹੋਈ ਨਾ ਵੀ ਮੰਨੀਏ ਪਰ ਇਸ ਵਿਚ ਕੋਈ ਸ਼ੱਕ ਨਹੀਂ ਕਿ ਇਸ ਵਿਚ ਭਾਸ਼ਾਈ ਯੋਗਤਾ ਲਾਜ਼ਮੀਂ ਹੀ ਅਧੂਰੀ ਰਹਿੰਦੀ ਹੈ। ਇਸਦਾ ਦੂਜਾ ਮਜਬੂਤ ਕਾਰਨ ਇਹ ਵੀ ਹੈ ਕਿ ਧਾਰਮਿਕ ਕਵੀ ਉਸ ਅਨੁਭਵ ਨੂੰ ਬਿਆਨ ਕਰਨ ਤੋਂ ਵੀ ਅਸਮਰਥ ਜਾਪਦਾ ਹੈ, ਜਿਹੜਾ ਕਿ ਉਸਦੀ ਅਨੁਭੂਤੀ ਦਾ ਸਹਿਜ ਅੰਗ ਬਣ ਕੇ ਧਾਰਮਿਕ-ਕਾਵਿ ਵਿਚ ਰੂਪਾਂਤਰਿਤ ਹੁੰਦਾ ਹੈ। ਇਹ ਅਸਮਰਥਾ ਵਾਲੀ ਸਥਿਤੀ ਉਸਦੀ ਯੋਗਤਾ ਦੀ ਹੀ ਨਹੀਂ ਸਗੋਂ ਨਿਭਾਅ ਦੀ ਵੀ ਸੀਮਾਂ ਬਣ ਕੇ ਇਨ੍ਹਾਂ ਦੋਵਾਂ ਨੂੰ ਅਧੂਰੇ ਬਣਾ ਦਿੰਦੀ ਹੈ।

ਇਸਦਾ ਕਾਰਨ ਬਿਲਕੁਲ ਸਪਸ਼ਟ ਹੈ ਕਿਉਂਕਿ ਧਾਰਮਿਕ-ਕਾਵਿ ਜਿਸ ਵਿਸ਼ੇ ਦੀ ਪੇਸ਼ਕਾਰੀ ਕਰਦਾ ਹੈ, ਉਹ ਦੁਨਿਆਵੀ ਵਸਤੂ-ਜਗਤ ਤੋਂ ਨਿਵੇਕਲਾ ਹੁੰਦਾ ਹੈ। ਦੁਨਿਆਵੀ ਵਸਤੂ-ਜਗਤ ਵਾਂਗ ਇਸਦੀ ਅਨੁਭੂਤੀ ਲਈ ਇੰਦਰਿਆਵੀ-ਅਨੁਭਵ ਲਾਜ਼ਮੀਂ ਨਹੀਂ ਹੁੰਦਾ, ਬਲਕਿ ਇਹ ਅਨੁਭਵ ਪੂਰਨ ਤੌਰ ’ਤੇ ਨਾਕਾਮ ਮੰਨਿਆ ਜਾ ਸਕਦਾ ਹੈ। ਬੇਸ਼ਕ ਸਧਾਰਣ-ਕਾਵਿ ਵਿਚ ਵੀ ਇੰਦਰਿਆਵੀ-ਅਨੁਭਵ ਤੋਂ ਪਰ੍ਹੇ ਦੇ ਵਿਸ਼ਿਆਂ ਦੀ ਪੇਸ਼ਕਾਰੀ ਕੀਤੀ ਜਾਂਦੀ ਹੈ ਪਰ ਇਸ ਕਾਵਿ ਵਿਚ ਅਜਿਹੇ ਵਿਸ਼ਿਆਂ ਨੂੰ ਇੰਦਰਿਆਵੀ ਪਕੜ ਵਿਚ ਆਉਣ ਵਾਲੇ ਦੁਨਿਆਵੀ-ਜਗਤ ਦੇ ਬਿੰਬਾਂ, ਪ੍ਰਤੀਕਾਂ, ਅਲੰਕਾਰਾਂ ਆਦਿ ਦੀ ਸਹਾਇਤਾ ਨਾਲ ਪੇਸ਼ ਵੀ ਕਰ ਲਿਆ ਜਾਂਦਾ ਹੈ। ਧਾਰਮਿਕ-ਕਾਵਿ ਵਿਚ ਵੀ ਬੇਸ਼ਕ ਇਨ੍ਹਾਂ ਭਾਸ਼ਾਈ ਜੁਗਤਾਂ ਦੀ ਸਹਾਇਤਾ ਲਈ ਜਾਂਦੀ ਹੈ ਪਰ ਵਿਸ਼ੇ ਦੀ ਅਨੰਤਤਾ, ਵਿਸ਼ਾਲਤਾ, ਅਗਾਧਬੋਧਤਾ ਆਦਿ ਇਨ੍ਹਾਂ ਭਾਸ਼ਾਈ ਜੁਗਤਾਂ ਨੂੰ ਵੀ ਲਾਚਾਰ ਕਰ ਦਿੰਦੀ ਹੈ। ਇਸੇ ਕਾਰਨ ਧਾਰਮਿਕ-ਕਾਵਿ ਬੇਸ਼ਕ ਧਰਮ ਦੇ ਪੂਰਨ ਸਰੂਪ ‘ਤੇ ਆਧਾਰਤ ਹੋਣ ਕਾਰਨ ਆਪ ਵੀ ਪੂਰਨ ਹੁੰਦਾ ਹੈ ਪਰ ਇਹ ਉਸ ਪੂਰਨ ਦੀ ਪੂਰਨ ਪੇਸ਼ਕਾਰੀ ਦਾ ਦਾਅਵਾ ਨਹੀਂ ਕਰਦਾ;

ਨਾਨਕ ਕਾਗਦ ਲਖ ਮਣਾ ਪੜਿ-ਪੜਿ ਕੀਚੈ ਭਾਉ॥
ਮਸੂ ਤੋਟੁ ਨਾ ਆਵਈ ਲੇਖਣ ਪਉਣ ਚਲਾਉ॥
ਭੀ ਤੇਰੀ ਕੀਮਤੁ ਨਾ ਪਵੈ ਹਉ ਕੇਵਡ ਆਖਾ ਨਾਉ॥[4]

ਇਥੇ ਇਹ ਵਿਸ਼ੇਸ਼ ਤੌਰ ’ਤੇ ਜ਼ਿਕਰਯੋਗ ਹੈ ਕਿ ਬੇਸ਼ਕ ਇਲਾਹੀ ਹੋਂਦ ਦੀ ਅਭਿਵਿਅਕਤੀ ਤੋਂ ਇਲਾਵਾ ਬਾਕੀ ਸਾਰੀਆਂ ਸਥਿਤੀਆਂ ਵਿਚ ਧਾਰਮਿਕ-ਕਾਵਿ ਦੀ ਭਾਸ਼ਾ ਸਰਬ-ਨਿਦਾਨਤਾਦੀ ਧਾਰਨੀ ਬਣਦੀ ਦਿਖਾਈ ਦਿੰਦੀ ਹੈ ਕਿਉਂਕਿ ਇਹ ਉਨ੍ਹਾਂ ਸਾਰੇ ਸੁੱਖਾਂ-ਦੁੱਖਾਂ, ਪ੍ਰਾਪਤੀਆਂ-ਅਪ੍ਰਾਪਤੀਆਂ ਆਦਿ ਦੇ ਕਾਰਣਾਂ ਨੂੰ ਪੂਰੀ ਦ੍ਰਿੜਤਾ ਨਾਲ ਪੇਸ਼ ਕਰਦੀ ਹੈ, ਜਿਨ੍ਹਾਂ ਸੰਬੰਧੀ ਦੂਜੇ ਸਾਰੇ ਪ੍ਰਬੰਧ ਖਾਮੋਸ਼ ਹੋ ਜਾਂਦੇ ਹਨ। ਇਥੇ ਜ਼ਿਕਰਯੋਗ ਹੈ ਕਿ ਧਾਰਮਿਕ-ਕਾਵਿ ਵਿਚ ਇਨ੍ਹਾਂ ਸਾਰਿਆਂ ਨੂੰ ਰੱਬੀ ਰਜ਼ਾ ਜਾਂ ਕਰਮਾਂ ਨਾਲ ਜੋੜਿਆ ਜਾਂਦਾ ਹੈ। ਰੱਬੀ ਰਜ਼ਾ ਦੀ ਤਾਂ ਮੁੱਢਲੀ ਵਿਸ਼ੇਸ਼ਤਾ ਹੀ ਇਸਦੀ ਅਗਾਧਬੋਧਤਾ ਹੈ, ਜਿਸਨੂੰ ਜਾਣਿਆਂ ਨਹੀਂ ਜਾ ਸਕਦਾ ਅਤੇ ਕਰਮਾਂ ਨੂੰ ਵੀ ਵਰਤਮਾਨ ਜੀਵਨ ਦੀ ਥਾਂ ਪੂਰਬਲੇ ਤੇ ਅਗਲੇਰੇ ਜੀਵਨ ਨਾਲ ਜੋੜਿਆ ਜਾਂਦਾ ਹੈ। ਜਿਸ ਕਾਰਣ ਇਸ ਖੇਡ ਨੂੰ ਵੀ ਜਾਣ ਜਾਂ ਸਮਝ ਸਕਣਾ ਮਨੁੱਖੀ ਸਮਝ ਤੋਂ ਬਾਹਰਾ ਹੋ ਜਾਂਦਾ

ਹੈ। ਇਸ ਤੋਂ ਇਹ ਨਤੀਜਾ ਕੱਢਿਆ ਜਾ ਸਕਦਾ ਹੈ ਕਿ ਧਾਰਮਿਕ-ਕਾਵਿ ਵਿਚ ਇਲਾਹੀ ਹੋਂਦ ਦੀ ਅਭਿਵਿਅਕਤੀ ਸਮੇਤ ਬਾਕੀ ਸਥਿਤੀਆਂ ਵਿਚ ਵੀ ਭਾਸ਼ਾ ਦੀ ਲਾਚਾਰਗੀ ਬਰਾਬਰ ਬਣੀ ਰਹਿੰਦੀ ਹੈ।

ਉਪਰੋਕਤ ਸੀਮਾ ਕਾਰਨ ਹੀ ਧਾਰਮਿਕ-ਕਾਵਿ ਦੀ ਭਾਸ਼ਾ ਵਧੇਰੇ ਕਰਕੇ ਵਿਸ਼ੇਸ਼ਣੀ ਰੂਪ (adjective form) ਵਿਚ ਹੀ ਵਿਚਰਦੀ ਹੈ, ਨਾਮ ਰੂਪ (noun form) ਦੀ ਇਸ ਵਿਚ ਲਗਭਗ ਅਣਹੋਂਦ ਮੰਨੀ ਜਾ ਸਕਦੀ ਹੈ। ਅਸਲ ਵਿਚ ਧਾਰਮਿਕ-ਕਾਵਿ ਵਿਚ ਵਿਸ਼ੇਸ਼ਣ ਹੀ ਨਾਮ ਰੂਪ ਵਿਚ ਵਿਚਰਦੇ ਹਨ, ਜਿਵੇਂ; ਗੋਪਾਲ, ਗੋਬਿੰਦ, ਹਰੀ, ਮੁਰਾਰੀ ਆਦਿ। ਇਸ ਭਾਸ਼ਾਈ ਸਥਿਤੀ ਦੀ ਖ਼ੂਬਸੂਰਤੀ ਇਹ ਵੀ ਹੈ ਕਿ ਇਹ ਧਾਰਮਿਕ ਖੇਤਰ ਵਿਚ ਸਾਧਨ ਤੇ ਸਾਧਯ ਦੋਵਾਂ ਦਾ ਦਰਜਾ ਹੀ ਰੱਖਦੇ ਹਨ। ਡਾ. ਹਰਿਭਜਨ ਸਿੰਘ ਦਾ ਵਿਚਾਰ ਹੈ ਕਿ ਇਸ ਅਨੋਖੀ ਸਥਿਤੀ ਦਾ ਕਾਰਨ ਸ਼ਾਇਦ ਇਹ ਹੈ ਕਿ ਇਸ ਦੇ ਪੈਰ ਮਨੁੱਖ ਦੀ ਉਸ ਅਵੰਡ ਆਦਿਮ ਚੇਤਨਾ ਵਿਚ ਹਨ, ਜਿਸ ਨੇ ਸਾਧਨ ਅਤੇ ਸਾਧਯ ਦੇ ਪਾੜੇ ਬਾਰੇ ਕਦੇ ਵਿਚਾਰ ਨਹੀਂ ਕੀਤਾ।[5]

ਧਾਰਮਿਕ-ਕਾਵਿ ਦੀ ਭਾਸ਼ਾ ਨੂੰ ਜੇਕਰ ਸਧਾਰਣ ਰੂਪ ਵਿਚ ਦੇਖੀਏ ਤਾਂ ਇਸ ਵਿਚ ਆਮ ਭਾਸ਼ਾ ਨਾਲੋਂ ਕੋਈ ਵਿਸ਼ੇਸ਼ ਵੱਖਰਤਾ ਦਿਖਾਈ ਨਹੀਂ ਦਿੰਦੀ। ਜਿਹੜੇ ਸਮਾਜ ਵਿਚੋਂ ਕੋਈ ਧਰਮ ਪੈਦਾ ਹੁੰਦਾ ਹੈ ਜਾਂ ਜਿਹੜੇ ਸਮਾਜ ਨੂੰ ਉਸਨੇ ਮੁਖਾਤਿਬ ਹੋਣਾ ਹੁੰਦਾ ਹੈ, ਉਸੇ ਸਮਾਜ ਵਿਚ ਸੰਚਾਰਕ ਮਾਧਿਅਮ ਵਜੋਂ ਪ੍ਰਚਲਿਤ ਭਾਸ਼ਾਈ ਰੂਪ ਨੂੰ ਉਸ ਧਾਰਮਿਕ-ਕਾਵਿ ਦੀ ਅਭਿਵਿਅਕਤੀ ਦਾ ਮਾਧਿਅਮ ਬਣਾ ਲਿਆ ਜਾਂਦਾ ਹੈ। ਉਦਾਹਰਣ ਵਜੋਂ ਆਰੀਅਨਾਂ ਦੀ ਭਾਸ਼ਾ ਸੰਸਕ੍ਰਿਤ ਸੀ। ਇਸੇ ਕਾਰਣ ਹਿੰਦੂ ਪੌਰਾਣਿਕ ਧਾਰਮਿਕ ਗ੍ਰੰਥ ਵੀ ਸੰਸਕ੍ਰਿਤ ਵਿਚ ਹਨ। ਸਮੇਂ ਦੇ ਨਾਲ ਜਦੋਂ ਸੰਸਕ੍ਰਿਤ ਭਾਸ਼ਾ ਪਰਿਵਰਤਿਤ ਹੋ ਕੇ ਪਾਲੀ ਭਾਸ਼ਾ ਬਣਦੀ ਹੈ ਤਾਂ ਉਸ ਸਮੇਂ ਪੈਦਾ ਹੋਣ ਵਾਲੇ ਬੁੱਧ ਧਰਮ ਦੇ ਧਾਰਮਿਕ-ਕਾਵਿ ਦੀ ਭਾਸ਼ਾ ਪਾਲੀ ਹੈ। ਇਸੇ ਪ੍ਰਕਾਰ ਜੈਨ ਧਰਮ ਨਾਲ ਸੰਬੰਧਤ ਕਾਵਿ ਦੀ ਭਾਸ਼ਾ ਉਸ ਸਮੇਂ ਦੀ ਜੈਨੀ ਪ੍ਰਾਕ੍ਰਿਤ ਅਤੇ ਸਿੱਖ ਧਾਰਮਿਕ-ਕਾਵਿ ਦੀ ਭਾਸ਼ਾ ਉਸ ਸਮੇਂ ਵਿਚ ਪ੍ਰਚੱਲਿਤ ਪੰਜਾਬੀ ਭਾਸ਼ਾ ਹੀ ਬਣਦੀ ਹੈ। ਪਰ ਇਹ ਵੀ ਸੱਚ ਹੈ ਕਿ ਧਾਰਮਿਕ-ਕਾਵਿ ਦੇ ਇਨ੍ਹਾਂ ਸਾਰੇ ਭਾਸ਼ਾਈ ਰੂਪਾਂ ਵਿਚ ਕੁੱਝ ਅਜਿਹੇ ਸਰਬ-ਸਾਂਝੇ ਭਾਸ਼ਾਗਤ ਗੁਣ ਹਨ, ਜਿਹੜੇ ਇਸ ਨੂੰ ਸਧਾਰਣ ਭਾਸ਼ਾ ਅਤੇ ਦੂਜੇ ਭਾਸ਼ਾਈ ਪ੍ਰਬੰਧਾਂ ਵਿਚ ਸੰਚਾਰਕ ਮਾਧਿਅਮ ਵਜੋਂ ਕਾਰਜਸ਼ੀਲ ਭਾਸ਼ਾਈ ਰੂਪਾਂ ਨਾਲੋਂ ਨਿਖੇੜਦੇ ਹਨ। ਉਦਾਹਰਣ ਵਜੋਂ ਦੂਜੇ ਭਾਸ਼ਾਈ ਪ੍ਰਬੰਧਾਂ ਵਿਚ ਕਿਸੇ ਵੀ ਪੱਧਰ ਅਤੇ ਰੂਪ ਵਿਚ ਆਪਾ-ਵਿਰੋਧੀ ਲੱਛਣ ਭਾਸ਼ਾਈ ਦੋਸ਼ ਬਣਦੇ ਹਨ। ਪਰ ਧਾਰਮਿਕ-ਕਾਵਿ ਵਿਚ ਪਰਮਾਤਮਾ ਦੇ ਪ੍ਰਸੰਗ ਵਿਚ ਇਹ ਆਪਾ-ਵਿਰੋਧੀ ਗੁਣ ਵਿਸ਼ੇਸ਼ ਪਛਾਣ ਬਣਦੇ ਹਨ, ਜਿਵੇਂ ਉਹ ਏਕ ਵੀ ਹੈ ਅਤੇ ਅਨੇਕ ਵੀ, ਸਰਗੁਣ ਵੀ ਹੈ ਅਤੇ ਨਿਰਗੁਣ ਵੀ।

ਨਿਰਸੰਦੇਹ ਧਾਰਮਿਕ-ਕਾਵਿ ਵਿਚਲੇ ਸ਼ਬਦ ਆਮ ਪ੍ਰੱਚਲਿਤ ਭਾਸ਼ਾ ਵਿਚ ਵੀ ਪਾਏ ਜਾਂਦੇ ਹਨ ਅਤੇ ਕਈ ਵਾਰ ਉਨ੍ਹਾਂ ਦੇ ਅਰਥ ਵੀ ਸਧਾਰਣ ਭਾਸ਼ਾ ਵਾਲੇ ਹੀ ਹੁੰਦੇ ਹਨ ਪਰ ਇਹ ਭਾਸ਼ਾਈ ਵਰਤਾਰਾ ਧਾਰਮਿਕ-ਕਾਵਿ ਦਾ ਸਰਬ-ਵਿਆਪਕ ਲੱਛਣ ਨਹੀਂ ਬਣਦਾ। ਕਿਉਂਕਿ ਧਾਰਮਿਕ-ਕਾਵਿ ਵਿਚ ਅਨੇਕ ਸ਼ਬਦ ਅਜਿਹੇ ਵੀ ਹੁੰਦੇ ਹਨ, ਜਿਨ੍ਹਾਂ ਦੇ ਅਰਥ ਆਮ ਪ੍ਰਚੱਲਿਤ ਅਰਥਾਂ ਨਾਲੋਂ ਨਿਵੇਕਲੇ ਹੁੰਦੇ ਹਨ। ਅਜਿਹੇ ਸ਼ਬਦਾਂ ਨੂੰ ਸੰਬੰਧਿਤ ਧਰਮ ਦੀ ਤਕਨੀਕੀ ਸ਼ਬਦਾਵਲੀ (technical terminology) ਕਿਹਾ ਜਾ ਸਕਦਾ ਹੈ। ਉਦਾਹਰਣ ਵਜੋਂ ਗੁਰਬਾਣੀ ਵਿਚ ਆਏ 'ਅਨੰਦ', 'ਵਰ', 'ਪੇਕਾ' ਆਦਿ ਸ਼ਬਦ ਦੇਖੇ ਜਾ ਸਕਦੇ ਹਨ। ਇਥੇ ਇਹ ਵੀ ਜ਼ਿਕਰਯੋਗ ਹੈ ਕਿ ਧਾਰਮਿਕ-ਕਾਵਿ ਦੇ ਸ਼ਬਦ ਬਹੁਤੀ ਵਾਰ ਆਪਣੇ-ਆਪ ਵਿਚ ਹੀ ਨਿਵੇਕਲੇ ਹੋ ਕੇ ਬਹੁਅਰਥਤਾ ਗ੍ਰਹਿਣ ਕਰ ਲੈਂਦੇ ਹਨ। ਇਹੀ ਕਾਰਣ ਹੈ ਕਿ ਸਧਾਰਣ ਕਾਵਿ ਨਾਲੋਂ ਕਿਤੇ ਜ਼ਿਆਦਾ ਸੰਖਿਆ ਵਿਚ ਧਾਰਮਿਕ-ਕਾਵਿ ਸ਼ਬਦਾਵਲੀ ਦੇ ਅਰਥ ਪ੍ਰਾਪਤ ਹੁੰਦੇ ਹਨ। ਵੱਖ-ਵੱਖ ਧਰਮਾਂ ਨਾਲ ਸਬੰਧਤ ਧਾਰਮਿਕ-ਕਾਵਿ ਦੇ ਮਿਲਦੇ ਵੱਖ-ਵੱਖ ਟੀਕਿਆਂ ਤੇ ਵਿਆਖਿਆਵਾਂ ਨੂੰ ਵੀ ਇਸੇ ਹੀ ਸੰਦਰਭ ਵਿਚ ਵਿਚਾਰਿਆ ਜਾ ਸਕਦਾ ਹੈ।

ਪਰਕਾਰਜੀ ਭਾਸ਼ਾ ਵਿਗਿਆਨ ਇਹ ਸਿੱਧ ਕਰਦਾ ਹੈ ਕਿ ਭਾਸ਼ਾਈ ਸਰੂਪ ਭਾਸ਼ਾਈ ਪਰਕਾਰਜ/ਲੋੜਾਂ 'ਤੇ ਨਿਰਭਰ ਕਰਦਾ ਹੈ।[6] ਭਾਸ਼ਾ ਦਾ ਮੁੱਢਲਾ ਪਰਕਾਰਜ ਬੇਸ਼ਕ ਵਿਸ਼ੇ ਦਾ ਸਫਲ ਸੰਚਾਰ ਕਰਨਾ ਹੀ ਹੁੰਦਾ ਹੈ ਪਰ ਸੰਚਾਰਕ ਵਿਸ਼ੇ ਦੀ ਪੇਸ਼ਕਾਰੀ ਦੇ ਪਿਛੋਕੜ ਵਿਚ ਵੀ ਕੋਈ-ਨਾ ਕੋਈ ਪਰਕਾਰਜ ਨਿਹਿਤ ਹੁੰਦਾ ਹੈ, ਜਿਹੜਾ ਭਾਸ਼ਾਈ ਸਰੂਪ ਦੀ ਵਿਭਿੰਨਤਾ ਦਾ ਵੀ ਆਧਾਰ ਬਣਦਾ ਹੈ। ਕਿਸੇ ਇਕੋ ਵਿਸ਼ੇ ਨੂੰ ਵੱਖ-ਵੱਖ ਪਰਕਾਰਜੀ ਲੋੜਾਂ ਅਧੀਨ ਪਰਗਟਾਉਣ ਨਾਲ ਵੱਖ-ਵੱਖ ਭਾਸ਼ਾਈ ਰੂਪ ਹੋਂਦ ਵਿਚ ਆ ਜਾਂਦੇ ਹਨ। ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਅਰਜਨ ਸਾਹਿਬ ਜੀ ਦੇ ਸ਼ਬਦ "ਜੰਮਿਆ ਪੂਤੁ ਭਗਤੁ ਗੋਵਿੰਦ ਕਾ॥" ਸੰਬੰਧੀ ਇਹ ਮਾਨਤਾ ਹੈ ਕਿ ਇਹ ਸ਼ਬਦ ਗੁਰੂ ਸਾਹਿਬ ਨੇ ਆਪਣੇ ਗ੍ਰਹਿ ਵਿਖੇ ਬਾਲ ਹਰਿਗੋਬਿੰਦ ਜੀ ਦੇ ਅਵਤਾਰ ਧਾਰਣ ਸਮੇਂ ਉਚਾਰਣ ਕੀਤਾ। ਇਸ ਪ੍ਰਕਾਰ ਇਸ ਸ਼ਬਦ ਦੇ ਉਚਾਰਣ ਪਿਛੇ ਗੁਰੂ ਅਰਜਨ ਸਾਹਿਬ ਜੀ ਦਾ ਉਦੇਸ਼ ਅਕਾਲ ਪੁਰਖੁ ਦੇ ਸ਼ੁਕਰਾਨੇ ਦਾ ਹੈ ਅਤੇ ਇਸ ਸ਼ਬਦ ਦੀ ਸਮੁੱਚੀ ਭਾਸ਼ਾਈ ਬਣਤਰ ਇਸੇ ਪਰਕਾਰਜੀ ਉਦੇਸ਼ ਤੋਂ ਪ੍ਰੇਰਿਤ ਹੈ। ਦੂਜੇ ਪਾਸੇ ਅਨੇਕ ਢਾਡੀਆਂ ਨੇ ਇਸ ਪ੍ਰਸੰਗ ਨੂੰ ਆਪਣੀਆਂ ਵਾਰਾਂ ਵਿਚ ਪੇਸ਼ ਕੀਤਾ ਹੈ। ਢਾਡੀਆਂ ਦਾ ਉਦੇਸ਼ ਗੁਰੂ ਸਾਹਿਬ ਦੇ ਅਵਤਾਰ ਧਾਰਣ ਨੂੰ ਜ਼ੁਲਮ ਦੇ ਖਾਤਮੇ ਨਾਲ ਜੋੜਨਾ ਹੈ। ਇਸੇ ਕਰਕੇ ਢਾਡੀਆਂ ਦੀਆਂ ਵਾਰਾਂ ਦੀ ਭਾਸ਼ਾ ਦਾ ਸਰੂਪ ਗੁਰੂ ਅਰਜਨ ਸਾਹਿਬ ਜੀ ਦੇ ਉਪਰੋਕਤ ਸ਼ਬਦ ਦੇ ਭਾਸ਼ਾਈ ਸਰੂਪ ਨਾਲੋਂ ਸਹਿਜੇ ਹੀ ਭਿੰਨ ਹੋਵੇਗਾ। ਖੜਕਵੀਂ ਧੁਨੀ-ਬਣਤਰ, ਤਿੱਖੀ-ਤੱਤੀ ਸ਼ਬਦਾਵਲੀ, ਛੋਟੀ ਪਰ ਅਲੰਕਾਰਕ ਵਾਕ-ਜੁਗਤ ਜਿੱਥੇ ਢਾਡੀ ਵਾਰਾਂ ਦੀ ਤਕਨੀਕੀ ਲੋੜ ਹੈ, ਉਥੇ ਪਰਕਾਰਜੀ ਵਿਭਿੰਨਤਾ ਕਾਰਣਅਜਿਹੀ ਭਾਸ਼ਾ ਇਸ ਸ਼ਬਦ ਦੀ ਲੋੜ ਨਹੀਂ ਬਣਦੀ ਅਤੇ ਇਸ ਸ਼ਬਦ ਵਿਚ ਢਾਡੀ ਵਾਰਾਂ ਦੀ ਭਾਸ਼ਾ ਤੋਂ ਨਿਵੇਕਲੀ ਭਾਸ਼ਾ ਸਾਹਮਣੇ ਆਉਂਦੀ ਹੈ। ਇਥੇ ਇਹ ਵੀ ਪ੍ਰਸ਼ਨ ਉਠਾਇਆਜਾ ਸਕਦਾ ਹੈ ਕਿ ਉਪਰੋਕਤ ਭਾਸ਼ਾਈ ਸਰੂਪ ਤਾਂ ਢਾਡੀ ਵਾਰਾਂ ਦਾ ਹੁੰਦਾ ਹੀ ਹੈ ਪਰ ਅਸਲ ਵਿਚ ਅਜਿਹਾ ਨਹੀਂ ਹੈ। ਕਿਉਂਕਿ ਜੇਕਰ ਇਸੇ ਹੀ ਵਿਸ਼ੇ ਦਾ ਪਰਕਾਰਜ ਜ਼ੁਲਮ ਦੇ ਖਾਤਮੇ ਦੀ ਥਾਂ ਕੇਵਲ ਪੁੱਤਰ ਪ੍ਰਾਪਤੀ ਦਾ ਹੀ ਹੋਵੇ ਤਾਂ ਢਾਡੀ ਵਾਰਾਂ ਵਿਚ ਵੀ ਕਿਸੇ ਵੀ ਤਰ੍ਹਾਂ ਉਪਰੋਕਤ ਭਾਸ਼ਾਈ ਸਰੂਪ ਨੂੰ ਪ੍ਰਵਾਨਗੀ ਨਹੀਂ ਮਿਲ ਸਕਦੀ।

ਇਸ ਸਿਧਾਂਤਕ ਪਰਿਪੇਖ ਵਿਚ ਜਦੋਂ ਧਾਰਮਿਕ-ਕਾਵਿ ਨੂੰ ਵਿਚਾਰਦੇ ਹਾਂ ਤਾਂ ਇਸ ਦਾ ਮੂਲ ਪ੍ਰਕਾਰਜ 'ਕਰਤੇ' ਦੀ ਵਡਿਆਈ ਹੀ ਬਣਦਾ ਹੈ। 'ਕਰਤੇ' ਦੀ ਇਹ ਵਡਿਆਈ ਉਸ ਨਾਲ ਪ੍ਰੇਮ-ਭਾਵ ਕਰਕੇ ਵੀ ਹੈ ਅਤੇ ਉਸ ਦੇ ਸਨਮੁਖ ਨਿਰਬਲਤਾ ਕਾਰਨ ਵੀ ਹੈ। ਅਸਲ ਵਿਚ ਧਰਮ ਦੀ ਉਤਪਤੀ ਦਾ ਆਧਾਰ ਹੀ ਕਰਤਾਰੀ ਸ਼ਕਤੀਆਂ ਦੇ ਸਨਮੁਖ ਨਿਰਬਲਤਾ ਦਾ ਅਹਿਸਾਸ, ਭਵਿੱਖ ਪ੍ਰਤੀ ਅਨਿਸ਼ਚੈ ਦਾ ਸੰਦਰਭ ਆਦਿ ਹੈ। ਇਸ ਪ੍ਰਸੰਗ ਵਿਚ ਜੇ. ਜੀ. ਫਰੇਜਰ ਦਾ ਨਿਮਨਲਿਖਤ ਕਥਨ ਧਿਆਨਯੋਗ ਹੈ;

"ਧਰਮ ਦਾ ਜਨਮ ਮਨੁੱਖ ਦੇ ਉਸ ਅਹਿਸਾਸ ਵਿਚੋਂ ਹੋਇਆ, ਜਿਸ ਅਨੁਸਾਰ ਉਹ ਕਿਸੇ ਸ਼ਕਤੀ ਨੂੰ ਆਪਣੇ ਤੋਂ ਉੱਤਮ ਮੰਨਦਾ ਸੀ ਅਤੇ ਉਸਦੇ ਸਨਮੁੱਖ ਆਪਣੇ ਕਮਜ਼ੋਰ ਹੋਣ ਦੀ ਅਤੇ ਉਸਦਾ ਆਸਰਾ ਤੱਕਣ ਦੀ ਭਾਵਨਾ ਰੱਖਦਾ ਸੀ।"[7]

ਇਸੇ ਕਰਕੇ ਧਾਰਮਿਕ-ਕਾਵਿ ਦੀ ਭਾਸ਼ਾ ਵਿਚ ਵੀ ਇਹ ਨਿਰਬਲਤਾ, ਅਨਿਸ਼ਚੈ ਆਦਿ ਦਾ ਅਹਿਸਾਸ ਬਰਾਬਰ ਬਣਿਆਂ ਰਹਿੰਦਾ ਹੈ ਅਤੇ ਇਸੇ ਅਹਿਸਾਸ ਅਧੀਨ ਹੀ ਧਾਰਮਿਕ-ਕਾਵਿ ਵਿਚ ਕਰਤਾਰੀ ਸ਼ਕਤੀ ਲਈ 'ਅਗੰਮ', 'ਅਗੋਚਰ', 'ਦਾਤਾ', 'ਸਾਹਿਬ', 'ਕਰਤਾ', 'ਦਇਆਲ', 'ਸਰਬ ਗਿਆਤਾ' ਆਦਿ ਅਤੇ ਮਨੁੱਖੀ ਹੋਂਦ ਲਈ 'ਭੀਖਕ', 'ਭੇਖਾਰੀ', 'ਅੰਧੁਲੇ', 'ਗਰੀਬ', 'ਮਸਕੀਨ', 'ਅਗਿਆਨੀ' ਆਦਿ ਸੰਬੋਧਨੀ ਪਦਾਂ/ਸ਼ਬਦਾਵਲੀ ਦੀ ਵਰਤੋਂ ਕੀਤੀ ਮਿਲਦੀ ਹੈ। ਇਥੇ ਇਹ ਵੀ ਜ਼ਿਕਰਯੋਗ ਹੈ ਕਿ ਮਨੁੱਖੀ ਹੋਂਦ ਜਦੋਂ ਤੱਕ ਆਪਣੇ ਦੁਨਿਆਵੀ ਗੁਣ-ਲੱਛਣਾਂ ਵਿਚ ਬੱਝੀ ਰਹਿੰਦੀ ਹੈ, ਉਦੋਂ ਤੱਕ ਹੀ ਉਸ ਲਈ ਅਜਿਹੀ ਸ਼ਬਦਾਵਲੀ ਵਰਤੋਂ ਵਿਚ ਆਉਂਦੀ ਹੈ। ਜਦੋਂ ਇਹ ਮਨੁੱਖੀ ਹੋਂਦ ਆਪਣੀ ਸਥਿਤੀ ਬਦਲਦੀ ਹੈ ਤਾਂ ਉਸ ਨਾਲ ਜੁੜੀ ਹੋਈ ਸ਼ਬਦਾਵਲੀ ਵੀ ਬਦਲ ਜਾਂਦੀ ਹੈ।ਉਦਾਹਰਣ

ਵਜੋਂ 'ਬ੍ਰਹਮ ਗਿਆਨੀ', 'ਸੰਤ/ਸਾਧ' ਆਦਿ ਸ਼ਬਦਾਵਲੀ ਨੂੰ ਦੇਖ ਸਕਦੇ ਹਾਂ। ਇਸ ਪ੍ਰਕਾਰ ਇਹ ਕਿਹਾ ਜਾ ਸਕਦਾ ਹੈ ਕਿ ਧਾਰਮਿਕ-ਕਾਵਿ ਦੀ ਸ਼ਬਦਾਵਲੀ ਹੋਂਦ ਵਿਸ਼ੇਸ਼ ਨਾਲ ਹੀ ਜੁੜੀ ਹੁੰਦੀ ਹੈ।

ਧਾਰਮਿਕ-ਕਾਵਿ ਵਿਚ ਇਲਾਹੀ ਹੋਂਦ ਲਈ ਵਰਤੀ ਗਈ ਸ਼ਬਦਾਵਲੀ ਸੰਬੰਧੀ ਇਹ ਵੀ ਕਿਹਾ ਜਾ ਸਕਦਾ ਹੈ ਕਿ ਇਹ ਮਨੁੱਖੀ ਸੀਮਾਵਾਂ ਦੇ ਸੰਦਰਭ ਵਿਚ ਹੀ ਹੋਂਦ ਗ੍ਰਹਿਣ ਕਰਦੀ ਹੈ, ਜਿਵੇਂ ਕਿ ਮਨੁੱਖ ਕਾਲ ਵਿਚ ਬੱਝਿਆ ਹੋਇਆ ਹੈ ਤਾਂ ਪ੍ਰਭੂ 'ਅਕਾਲ' ਹੈ, ਮਨੁੱਖ ਦਾ ਅੰਤ ਹੈ ਤਾਂ ਪ੍ਰਭੂ 'ਬੇਅੰਤ' ਹੈ, ਮਨੁੱਖ ਨੂੰ ਜਾਣਿਆ ਜਾ ਸਕਦਾ ਹੈ ਤਾਂ ਪ੍ਰਭੂ 'ਅਗੋਚਰ' ਹੈ, ਮਨੁੱਖ ਭਉ ਅਧੀਨ ਵਿਚਰਦਾ ਹੈ ਤਾਂ ਪ੍ਰਭੂ 'ਨਿਰਭਉ' ਹੈ, ਮਨੁੱਖ ਵੈਰ-ਭਾਵਨਾ ਰੱਖਦਾ ਹੈ ਤਾਂ ਪ੍ਰਭੂ 'ਨਿਰਵੈਰ' ਹੈ... ਆਦਿ। ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਧਾਰਮਿਕ-ਕਾਵਿਕ ਸ਼ਬਦਾਵਲੀ ਵਿਚਲੀ ਇਹ ਭਿੰਨਤਾ ਅਥਵਾ ਵਿਰੋਧਤਾ ਇਸਦੀ ਪ੍ਰਮੁੱਖ ਸੰਚਾਰਕ ਜੁਗਤ ਵੀ ਬਣਦੀ ਹੈ। ਕਿਉਂਕਿ ਇਹ ਇਸ ਕਾਵਿ ਵਿਚ 'ਤਨਾਓ' ਦੀ ਸਿਰਜਣਾ ਕਰਦੀ ਹੈ ਤੇ ਇਹ 'ਤਨਾਓ' ਇਸ ਕਾਵਿ ਵਿਚਲੀਆਂ ਵਿਰੋਧੀ ਸ਼ਖਸ਼ੀਅਤਾਂ, ਸਥਿਤੀਆਂ, ਵਿਚਾਰਧਾਰਾਵਾਂ ਆਦਿ ਦੇ ਵਿਭਿੰਨ ਪੱਖਾਂ ਨੂੰ ਸਪਸ਼ਟਤਾ ਪ੍ਰਦਾਨ ਕਰਦਾ ਹੈ;

ਗੁਰਮੁਖਿ ਸੁਖੀਆ ਮਨਮੁਖਿ ਦੁਖੀਆ॥
ਗੁਰਮੁਖਿ ਸਨਮੁਖੁ ਮਨਮੁਖਿ ਵੇਮੁਖੀਆ॥
ਗੁਰਮੁਖਿ ਮਿਲੀਐ ਮਨਮੁਖਿ ਵਿਛੁਰੈ
ਗੁਰਮੁਖਿ ਬਿਧਿ ਪ੍ਰਗਟਾਏ ਜੀਉ॥[8]

ਇਥੇ ਇਹ ਕਹਿਣਾ ਸਾਰਥਕ ਹੋਵੇਗਾ ਕਿ ਬੇਸ਼ਕ ਨਿਰਬਲਤਾ ਅਤੇ ਅਨਿਸ਼ਚੈ ਦਾ ਸੰਦਰਭ ਧਾਰਮਿਕ-ਕਾਵਿ ਦਾ ਪ੍ਰਮੁੱਖ ਲੱਛਣ ਬਣਦਾ ਹੈ ਪਰ ਇਸ ਵਿਚ ਡਰ ਦੇ ਨਾਲ-ਨਾਲ ਪਿਆਰ, ਪੂਰਨ ਸੁਰੱਖਿਅਤਾ ਦਾ ਪੂਰਨ ਭਰੋਸਾ ਆਦਿ ਵੀ ਸਮਾਇਆ ਹੋਇਆ ਹੈ ਅਤੇ ਇਹ ਡਰ ਵੀ ਸਧਾਰਣ ਡਰ ਨਹੀਂ ਹੈ ਸਗੋਂ ਇਹ 'ਸਤਿਕਾਰਮਈ ਡਰ' ਜਾਂ 'ਭਉ' ਹੈ। ਇਸੇ ਕਾਰਣ ਹੀ ਇਸ ਕਾਵਿ ਵਿਚ ਰੱਬ ਪਿਤਾ, ਮਾਤਾ, ਮਿੱਤਰ, ਭਰਾ ਆਦਿ ਵੀ ਹੈ। ਉਸਦਾ 'ਓਟ-ਆਸਰਾ' ਵੀ ਹੈ ਅਤੇ 'ਮਾਣ' ਵੀ ਹੈ।

ਧਾਰਮਿਕ-ਕਾਵਿ ਦੀ ਸ਼ਬਦਾਵਲੀ ਹੀ ਨਹੀਂ ਬਲਕਿ ਇਸਦਾ ਪ੍ਰਤੀਕ ਵਿਧਾਨ ਵੀ ਹੋਂਦ ਵਿਸ਼ੇਸ਼ਅਨੁਸਾਰੀ ਹੈ, ਜਿਹੜਾ ਆਪਣੇ ਨਾਲ ਜੁੜੀ ਹੋਈ ਵਿਸ਼ੇਸ਼ ਹੋਂਦ ਦੇ ਗੁਣਾਂ, ਲੱਛਣਾਂ, ਸ਼ਕਤੀਆਂ, ਪ੍ਰਾਪਤੀਆਂ, ਸੀਮਾਵਾਂ ਆਦਿ ਨੂੰ ਹੀ ਬਿਆਨ ਨਹੀਂ ਕਰਦਾ ਬਲਕਿ ਦੂਸਰੀ ਹੋਂਦ ਨਾਲ ਆਪਣੀ ਹੋਂਦ ਦੇ ਰਿਸ਼ਤੇ, ਦਰਜੇ, ਭਾਵਨਾ ਆਦਿ ਨੂੰ ਵੀ ਵਿਅਕਤ ਕਰਦਾ ਹੈ;

| ਇਲਾਹੀ ਹੋਂਦ | ਮਨੁੱਖੀ ਹੋਂਦ | ਸੰਬੰਧ/ਭਾਵ |
|---|---|---|
| ਸਰਵਰ | ਮਛੁਲੀ | ਵਿਸ਼ਾਲਤਾ/ਜੀਵਨ/ਸੁਖ |
| ਚੰਦ | ਚਕੋਰ | ਪਿਆਰ |
| ਗਿਰਵਰ/ਪਹਾੜ | ਮੋਰ | ਵਿਸ਼ਾਲਤਾ/ਜੀਵਨ |
| ਤੀਰਥ | ਯਾਤਰੀ | ਸ਼ਰਧਾ/ਸਤਿਕਾਰ |
| ਮਾਲਕ | ਨੌਕਰ | ਅਧੀਨਤਾ |
| ਦੁੱਧ | ਪਾਣੀ | ਮਿਲਾਪ/ਕੁਰਬਾਨੀ |
| ਮੀਂਹ | ਚਾਤ੍ਰਿਕ | ਜੀਵਨ |
| ਸਾਹਿਬ | ਗੋਲਾ | ਗ਼ੁਲਾਮੀ |
| ਜਲ | ਤਰੰਗ | ਇਕਰੂਪਤਾ |
| ਪਾਣੀ | ਕੰਵਲ | ਜੀਵਨ |

ਪ੍ਰਤੀਕਾਤਮਕ ਪੱਧਰ 'ਤੇ ਧਾਰਮਿਕ-ਕਾਵਿ ਦੀ ਭਾਸ਼ਾ ਦਾ ਇਹ ਵੀ ਇਕ ਗੁਣ ਹੁੰਦਾ ਹੈ ਕਿ ਇਸ ਵਿਚ ਪ੍ਰਤੀਕਾਂ ਦਾ ਸਥਾਨ ਬੇਹੱਦ ਮਹੱਤਵਪੂਰਣ ਹੁੰਦਾ ਹੈ। ਅਸਲ ਵਿਚ ਪ੍ਰਤੀਕਾਂ ਦੀ ਪ੍ਰਕਿਰਤੀ ਧਾਰਮਿਕ-ਕਾਵਿ ਅਨੁਭਵ ਦੇ ਅਨੁਕੂਲ ਹੁੰਦੀ ਹੈ। ਕਿਉਂਕਿ ਇਨ੍ਹਾਂ ਦੋਵਾਂ ਦਾ ਖੇਤਰ 'ਦਿਸਦੇ' ਨਾਲੋਂ 'ਅਣਦਿਸਦੇ' ਨਾਲ ਵਧੇਰੇ ਸੰਬੰਧਤ ਹੁੰਦਾ ਹੈ। ਪ੍ਰਤੀਕ ਨੂੰ ਪਰਿਭਾਸ਼ਤ ਕਰਦਿਆਂ ਆਮ ਤੌਰ 'ਤੇ ਕਹਿ ਲਿਆ ਜਾਂਦਾ ਹੈ ਕਿ ਇਹ ਕਿਸੇ ਅਦ੍ਰਿਸ਼ ਜਾਂ ਅਵਿਅਕਤ ਸੱਤਾ ਦਾ ਦ੍ਰਿਸ਼ ਜਾਂ ਵਿਅਕਤ ਰੂਪ ਹੁੰਦਾ ਹੈ। ਪਰਮਾਤਮਾ ਨਿਰਾਕਾਰ ਹੈ, ਉਸ ਦਾ ਨਾਂ ਅਤੇ ਉਸ ਦੀ ਮੂਰਤੀ ਉਸ ਦੇ ਪ੍ਰਤੀਕ ਹਨ। ਸੂਰਜ ਸਾਰੇ ਸੰਸਾਰ ਵਿਚ ਪਰਮਾਤਮਾ ਦਾ ਪ੍ਰਮੁੱਖ ਪ੍ਰਤੀਕ ਮੰਨਿਆ ਜਾਂਦਾ ਹੈ ਅਤੇ ਜੋਤੀ ਜਾਂ ਪ੍ਰਕਾਸ਼ ਗਿਆਨ ਦਾ ਪ੍ਰਤੀਕ ਮੰਨਿਆ ਜਾਂਦਾ ਹੈ। ਇਸੇ ਤਰ੍ਹਾਂ ਉਪਨਿਸ਼ਦ ਵਿਚ ਪੰਛੀ ਜੀਵ-ਆਤਮਾ ਦਾ ਪ੍ਰਤੀਕ ਮੰਨਿਆ ਗਿਆ ਹੈ। ਅਸਲ ਵਿਚ ਪ੍ਰਤੀਕਾਂ ਦੀਆਂ ਦੋ ਤਰ੍ਹਾਂ ਦੀਆਂ ਕੀਮਤਾਂ ਹੁੰਦੀਆਂ ਹਨ, ਇਕ ਅੰਦਰਲੀ ਕੀਮਤ ਤੇ ਦੂਜੀ ਬਾਹਰਲੀ ਕੀਮਤ।[9] ਬੇਸ਼ਕ ਕਾਵਿਕ ਪ੍ਰਕਿਰਤੀ ਹੀ ਪ੍ਰਤੀਕ ਦੀ ਅੰਦਰਲੀ ਕੀਮਤ ਨਾਲ ਜੁੜਨ ਦੀ ਹੁੰਦੀ ਹੈ ਪਰ ਧਾਰਮਿਕ-ਕਾਵਿ ਵਿਚ ਇਹ ਹੋਰ ਵੀ ਵਧੇਰੇ ਮਹੱਤਵਪੂਰਣ ਹੋ ਨਿਬੜਦੀ ਹੈ। ਇਸੇ ਕਰਕੇ ਧਾਰਮਿਕ-ਕਾਵਿ ਵਿਚ ਪ੍ਰਤੀਕਾਂ ਦੀ ਬਹੁਤਾਤ ਵੀ ਹੁੰਦੀ ਹੈ ਅਤੇਇਸ ਕਾਵਿ ਵਿਚਲੀ ਭਾਸ਼ਾ ਦਾ ਅਰਥ-ਜਗਤ ਨਿਵੇਕਲਾ ਵੀ ਹੁੰਦਾ ਹੈ। ਉਦਾਹਰਣ ਵਜੋਂ ਗੁਰਬਾਣੀ ਵਿਚ ਵਰਤੇ ਗਏ ਕੁੱਝ ਪ੍ਰਤੀਕ ਦੇਖੇ ਜਾ ਸਕਦੇ ਹਨ; ਖਸਮ, ਸਮੁੰਦਰ, ਬੇੜੀ, ਮਲਾਹ, ਚਾਰ ਪਹਿਰ, ਪੇਕਾ, ਸਹੁਰਾ ਆਦਿ।

ਧਾਰਮਿਕ ਭਾਸ਼ਾ/ਧਾਰਮਿਕ-ਕਾਵਿ ਦੀ ਭਾਸ਼ਾ ਵਿਚ ਪ੍ਰਤੀਕਾਂ ਦੇ ਮਹੱਤਵ ਨੂੰ ਸਵਿਕਾਰ ਕਰਦਿਆਂ ਪਾਲ ਟਿਲਿੱਚ (Paul Tillich) ਲਿਖਦਾ ਹੈ ਕਿ ਪਰਮਾਤਮਾ, ਅਧਿਆਤਮਕ ਜਾਂ ਅੰਤਿਮ ਸੱਤਾ ਦੇ ਬਾਰੇ ਵਿਚਾਰ-ਚਰਚਾ ਕਰਨ ਲਈ ਰੋਜ਼ਾਨਾਂ ਜੀਵਨ ਦੀ ਭਾਸ਼ਾ ਦਾ ਇਸਤੇਮਾਲ ਨਹੀਂ ਕੀਤਾ ਜਾ ਸਕਦਾ। ਕਿਉਂਕਿ ਇਸ ਭਾਸ਼ਾ ਦੇ ਸ਼ਬਦ ਅਜਿਹੀਆਂ ਸੱਚਾਈਆਂ ਨੂੰ ਪ੍ਰਗਟ ਕਰਨ ਲਈ ਅਢੁੱਕਵੇਂ ਹਨ। ਧਾਰਮਿਕ ਤੌਰ 'ਤੇ ਇਨ੍ਹਾਂ ਸ਼ਬਦਾਂ ਦੇ ਅਰਥ ਅਧੂਰੇ ਅਤੇ ਇਕ-ਪਾਸੜ ਹੁੰਦੇ ਹਨ। ਇਸ ਦਾ ਕਾਰਨ ਇਹ ਹੈ ਕਿ ਭਾਸ਼ਾ ਮਨੁੱਖੀ ਸਿਰਜਣਾ ਹੈ ਅਤੇ ਮਨੁੱਖੀ ਸੀਮਾਵਾਂ ਦੇ ਅੰਤਰਗਤ ਹੀ ਰਹਿੰਦੀ ਹੈ।ਪਰਮਾਤਮਾ ਨਾ ਸਿਰਫ ਮਨੁੱਖੀ ਸੀਮਾਵਾਂ ਤੋਂ ਬਾਹਰ ਹੈ ਸਗੋਂ ਉਸ ਵਿਚ ਅਜਿਹੇ ਗੁਣ ਤੇ ਵਿਸ਼ੇਸ਼ਤਾਈਆਂ ਹਨ, ਜਿਹੜੀਆਂ ਮਨੁੱਖ ਵਿਚ ਨਹੀਂ ਹਨ। ਇਸੇ ਕਰਕੇ ਮਨੁੱਖੀ ਭਾਸ਼ਾ ਉਸ ਦਾ ਉੱਚਿਤ ਵਰਨਣ ਨਹੀਂ ਕਰ ਸਕਦੀ। ਪਾਲ ਟਿਲਿੱਚ ਅਨੁਸਾਰ ਧਾਰਮਿਕ ਭਾਸ਼ਾ/ਧਾਰਮਿਕ-ਕਾਵਿ ਦੀ ਭਾਸ਼ਾ ਆਮ ਭਾਸ਼ਾ ਨਹੀਂ ਹੁੰਦੀ ਬਲਕਿ ਪ੍ਰਤੀਕਾਂ ਦੀ ਭਾਸ਼ਾ ਹੈ ਅਤੇ ਪ੍ਰਤੀਕਾਂ ਦੁਆਰਾ ਹੀ ਇਸ ਭਾਸ਼ਾ ਦੇ ਅਰਥਾਂ ਨੂੰ ਨਿਰਧਾਰਤ ਕੀਤਾ ਜਾ ਸਕਦਾ ਹੈ।[10]

ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਧਾਰਮਿਕ-ਕਾਵਿ ਵਿਚਲੇ ਪ੍ਰਤੀਕਾਂ ਦੇ ਅਰਥ ਪੂਰਵ ਨਿਰਧਾਰਤ ਜਾਂ ਪੂਰਵ ਪ੍ਰਚੱਲਿਤ ਨਹੀਂ ਹੁੰਦੇ, ਸਗੋਂਇਹ ਪ੍ਰਸੰਗਕ (contextual) ਹੁੰਦੇ ਹਨ। ਅਸਲ ਵਿਚ ਇਨ੍ਹਾਂ ਪ੍ਰਤੀਕਾਂ ਦੁਆਰਾ ਅਭਿਵਿਅਕਤ ਕੀਤੇ ਜਾ ਰਹੇ ਅਰਥਾਂ ਨੂੰ ਨਿਰਧਾਰਤ ਕਰਨ ਦਾ ਕਾਰਜ ਸੰਬੰਧਤ ਕਾਵਿਕ ਪ੍ਰਸੰਗ (context) ਹੀ ਕਰਦਾ ਹੈ। ਰੋਮਨ ਜੈਕਬਸਨ ਸਫਲ ਭਾਸ਼ਾਈ ਸੰਚਾਰ ਹਿੱਤ ਜਦੋਂ ਸੰਚਾਰ ਦੇ ਤੱਤਾਂ ਦਾ ਨਿਰਧਾਰਣ ਕਰਦਾ ਹੈ ਤਾਂ ਉਹ ਪ੍ਰਸੰਗ (context) ਨੂੰ ਵੀ ਮਹੱਤਵਪੂਰਣ ਮੰਨਦਾ ਹੈ।[11]ਅਸਲ ਵਿਚ ਸੰਦੇਸ਼, ਸੰਦੇਸ਼ ਨੂੰ ਭੇਜਣ ਵਾਲਾ ਤੇ ਪ੍ਰਾਪਤ ਕਰਤਾ, ਇਨ੍ਹਾਂ ਦੋਵਾਂ ਦਾ ਆਪਸੀ ਸੰਪਰਕ ਅਤੇ ਸੰਦੇਸ਼ ਦਾ ਕੋਡ ਜਿੰਨੇਂ ਮਹੱਤਵਪੂਰਣ ਹੁੰਦੇ ਹਨ, ਉਨਾਂ ਹੀ ਮਹੱਤਵਪੂਰਣ ਪ੍ਰਸੰਗ (context) ਵੀ ਹੁੰਦਾ ਹੈ। ਕਿਉਂਕਿ ਪ੍ਰਸੰਗ ਦੀ ਸਪਸ਼ਟਤਾ ਤੋਂ ਬਗੈਰ ਸੰਦੇਸ਼ ਨੂੰ ਸਹੀ ਅਰਥਾਂ ਵਿਚ ਗ੍ਰਹਿਣ ਹੀ ਨਹੀਂ ਕੀਤਾ ਜਾ ਸਕਦਾ। ਧਾਰਮਿਕ-ਕਾਵਿ ਦੇ ਸੰਬੰਧ ਵਿਚ ਇਹ ਹੋਰ ਵੀ ਮਹੱਤਵਪੂਰਣ ਹੋ ਜਾਂਦਾ ਹੈ ਕਿਉਂਕਿ ਧਾਰਮਿਕ-ਕਾਵਿ ਆਪਣੀ ਪ੍ਰਕਿਰਤੀ ਵਜੋਂ ਵਧੇਰੇ ਕਰਕੇ ਪ੍ਰਤੀਕਾਤਮਕ ਹੁੰਦਾ ਹੈ। ਉਦਾਹਰਣ ਵਜੋਂ ਬਾਬਾ ਸ਼ੇਖ ਫਰੀਦ ਜੀ ਦਾ ਨਿਮਨਲਿਖਤ ਸਲੋਕ ਦੇਖਿਆ ਜਾ ਸਕਦਾ ਹੈ;

ਅਜੁ ਨ ਸੁਤੀ ਕੰਤ ਸਿਉ ਅੰਗੁ ਮੁੜੇ ਮੁੜਿ ਜਾਇ॥

ਜਾਇ ਪੁਛਹੁ ਡੋਹਾਗਣੀ ਤੁਮ ਕਿਉ ਰੈਣਿ ਵਿਹਾਇ॥[12]

ਇਸ ਸਲੋਕ ਵਿਚਲੇ ਪ੍ਰਤੀਕਾਂ; ਅਜੁ, ਸੁਤੀ, ਕੰਤ, ਡੋਹਾਗਣੀ, ਰੈਣਿ ਆਦਿ ਦੇ ਅਰਥਾਂ ਤੱਕ ਤਦ ਹੀ ਪਹੁੰਚਿਆ ਜਾ ਸਕਦਾ ਹੈ, ਜੇਕਰ ਇਸ ਸਲੋਕ ਦਾ ਪ੍ਰਸੰਗ ਸਪਸ਼ਟ ਹੋਵੇ। ਕਿਉਂਕਿ ਪ੍ਰਸੰਗ ਦੀ ਅਸਪਸ਼ਟਤਾ ਵਿਚ ਇਸ ਦੇ ਅਸਲੋਂ ਵਿਰੋਧੀ ਅਰਥ ਕੱਢੇ ਜਾ ਸਕਦੇ ਹਨ। ਇਸੇ ਪ੍ਰਕਾਰ ਗੁਰੂ ਗ੍ਰੰਥ ਸਾਹਿਬ ਵਿਚ ਪਰਮਾਤਮਾ ਨੂੰ ਅਨੇਕ ਅਜਿਹੇ ਨਾਵਾਂ ਨਾਲ ਸੰਬੋਧਿਤ ਕੀਤਾ ਗਿਆ ਹੈ, ਜਿਹੜੇ ਕਿ ਦੂਜੇ ਧਾਰਮਿਕ ਪ੍ਰਸੰਗ ਵਿਚ ਬਿਲਕੁਲ ਨਿਵੇਕਲੇ ਅਰਥ ਰੱਖਦੇ ਹਨ, ਜਿਵੇਂ; ਰਾਮ, ਬ੍ਰਹਮਾ, ਅਲਾਹ, ਕ੍ਰਿਸ਼ਨ ਆਦਿ। ਇਸ ਪ੍ਰਕਾਰ ਧਾਰਮਕ-ਕਾਵਿ ਦੇ ਅਰਥਾਂ ਤੱਕ ਪਹੁੰਚਣ ਲਈ ਪ੍ਰਸੰਗ ਦੀ ਸਪਸ਼ਟਤਾ ਬੇਹੱਦ ਲਾਜ਼ਮੀਂ ਬਣ ਜਾਂਦੀ ਹੈ।

ਇਨ੍ਹਾਂ ਭਾਸ਼ਾਈ ਸਮਾਨਤਾਵਾਂ ਦੇ ਨਾਲ-ਨਾਲ ਹਰ ਧਰਮ ਨਾਲ ਸੰਬੰਧਤ ਕਾਵਿ ਦੀ ਆਪਣੀ ਵਿਸ਼ੇਸ਼ ਤੇ ਨਿਵੇਕਲੀ ਸ਼ਬਦਾਵਲੀ ਦਾ ਢੁੱਕਵਾਂ ਅਰਥ-ਸੰਚਾਰ ਉਸ ਧਾਰਮਿਕ ਜਗਤ ਵਿਚ ਹੀ ਹੁੰਦਾ ਹੈ। ਦੂਜੇ ਧਰਮਾਂ ਦੇ ਧਾਰਮਿਕ-ਕਾਵਿ ਵਿਚ ਇਹ ਸ਼ਬਦਾਵਲੀ ਜਾਂ ਤਾਂ ਅਰਥਹੀਣ ਹੋ ਜਾਂਦੀ ਹੈ ਅਤੇ ਜਾਂ ਪਹਿਲੇ ਅਰਥਾਂ ਤੋਂ ਨਿਵੇਕਲੇ ਅਰਥਾਂ ਦੀ ਧਾਰਣੀ ਬਣ ਜਾਂਦੀ ਹੈ। ਇਸ ਸੰਦਰਭ ਵਿਚ ਵਜ਼ੀਰ ਸਿੰਘ[13] ਲਿਖਦੇ ਹਨ ਕਿ ਹਰ ਧਾਰਮਕ ਪਰੰਪਰਾ ਦਾ ਪੂਜਨੀਕ ਸਾਹਿਤ ਇਕ ਵਿਸ਼ੇਸ਼ ਭਾਸ਼ਾਈ-ਜਗਤ ਕਾਇਮ ਕਰਦਾ ਹੈ, ਜਿਸ ਵਿਚ ਵਰਤੀ ਜਾਣ ਵਾਲੀ ਸ਼ਬਦਾਵਲੀ, ਵਾਕੰਸ਼ ਤੇ ਪ੍ਰਗਟਾਵੇ ਆਪਣਾ ਨਿਵੇਕਲਾ ਵਾਤਾਵਰਣ ਸਿਰਜ ਲੈਂਦੇ ਹਨ। ਉਸ ਪਰੰਪਰਾ ਦੇ ਦਾਰਸ਼ਨਕ-ਅਧਿਆਤਮਕ ਵਿਸ਼ਾ-ਵਸਤੂ ਦੀ ਸਕਾਰਥਕ ਵਿਆਖਿਆ ਕੇਵਲ ਇਸ ਭਾਸ਼ਾਈ ਵਾਯੂ-ਮੰਡਲ ਦੇ ਘੇਰੇ ਵਿਚ ਹੀ ਸੰਭਵ ਹੈ। ਇਸ ਕਥਨ ਦੀ ਸਪਸ਼ਟਤਾ ਲਈ ਗੁਰਬਾਣੀ ਦੇ ਕੁਝ ਸੰਕਲਪ ਜਿਵੇਂ; ਅਕਾਲ, ਕਰਤਾ, ਹੁਕਮ, ਨਾਮ, ਸ਼ਬਦ, ਗੁਰੂ, ਗਿਆਨ, ਸਹਿਜ, ਅਨੰਦ ਆਦਿ ਦੇਖੇ ਜਾ ਸਕਦੇ ਹਨ। ਸਿੱਖ ਸਮਾਜ ਵਿਚ ਪ੍ਰਚੱਲਿਤ ਹੋਰ ਸ਼ਾਬਦਿਕ ਪ੍ਰਗਟਾਵੇ ਇਨ੍ਹਾਂ ਵਿਸ਼ੇਸ਼ ਸੰਕਲਪਾਂ ਨਾਲ ਮਿਲ ਕੇ ਗੱਲਬਾਤ ਦਾ ਅਜਿਹਾ ਭਾਸ਼ਾਈ ਜਗਤ ਰਚਦੇ ਹਨ, ਜੋ ਹੋਰਨਾ ਧਰਮ-ਪ੍ਰਕਰਣਾ ਤੋਂ ਵੱਖਰਾ ਤੇ ਭਿੰਨ ਹੈ।

ਮੌਜੂਦਾ ਸਮੇਂ ਵਿਚ ਸਵੈ ਹਿੱਤਾ ਅਧੀਨ ਬੇਸ਼ਕ ਕੁੱਝ ਫਿਰਕੇ ਧਰਮਾਂ ਦਾ ਮਾਰ-ਧਾੜ ਵਾਲਾ ਰੂਪ ਵੀ ਚਿਤਰਦੇ ਹਨ ਅਤੇ ਕੁੱਝ ਧਰਮਾਂ ਨੂੰ ਸਮੇਂ ਦੇ ਨਾਲ ਜੁਝਾਰੂ ਰੂਪ ਵੀ ਧਾਰਨ ਕਰਨਾ ਪਿਆ ਹੈ ਪਰ ਮੂਲ ਰੂਪ ਵਿਚ ਸਾਰੇ ਧਰਮਾਂ ਦੀ ਪ੍ਰਕਿਰਤੀ ਸ਼ਾਂਤ ਤੇ ਵਿਸਮਾਦੀ ਰਹੀ ਹੈ, ਜਿਹੜੀ ਧਾਰਮਿਕ-ਕਾਵਿ ਦੀ ਪ੍ਰਕਿਰਤੀ ਨੂੰ ਵੀ ਸ਼ਾਂਤ ਤੇ ਵਿਸਮਾਦੀ ਬਣਾਉਂਦੀ ਰਹੀ ਹੈ।ਇਸੇ ਕਾਰਨ ਧਾਰਮਿਕ-ਕਾਵਿ ਵਿਚ ਸ਼ਾਂਤ-ਰਸ ਦੀ ਪ੍ਰਧਾਨਤਾ ਹੁੰਦੀ ਹੈ। ਸ਼ਾਂਤ ਰਸ ਦਾ ਪ੍ਰਮੁਖ ਆਸਰਾ ਉਪਰਾਮਤਾ ਹੈ, ਜਿਹੜਾ ਅੱਗੋਂ ਸੰਸਾਰਕ ਨਾਸ਼ਮਾਨਤਾ ਨਾਲ ਜੁੜਿਆ ਹੋਇਆ ਹੈ। ਇਸੇ ਪ੍ਰੇਰਕ ਭਾਵਨਾ ਅਧੀਨ ਮੌਤ ਅਤੇ ਇਸ ਨਾਲ ਜੁੜੀ ਹੋਈ ਸੰਕਲਪਕ ਸ਼ਬਦਾਵਲੀ ਧਾਰਮਿਕ-ਕਾਵਿ ਦੀ ਵਿਸ਼ੇਸ਼ ਪਛਾਣ ਬਣਦੀ ਹੈ। ਇਥੇ ਇਹ ਵਿਸ਼ੇਸ਼ ਤੌਰ ’ਤੇ ਜ਼ਿਕਰਯੋਗ ਹੈ ਕਿ ਇਹ ਨਾਸ਼ਮਾਨਤਾ ਜਦੋਂ ਕਰਮ ਸਿਧਾਂਤ ਨਾਲ ਜੁੜ ਜਾਂਦੀ ਹੈ ਤਾਂ ਇਹ ਨਾ ਤਾਂ ਮਨੁੱਖ ਨੂੰ ਆਲਸੀ ਬਨਣ ਦਿੰਦੀ ਹੈ ਅਤੇ ਨਾ ਹੀ ਉਸਨੂੰ ਆਪਾਧਾਪੀ ਦਾ ਸ਼ਿਕਾਰ ਹੋਣ ਦਿੰਦੀ ਹੈ ਸਗੋਂ ਇਹ ਮਨੁੱਖ ਨੂੰ ਕਰਮਸ਼ੀਲਤਾ ਪ੍ਰਦਾਨ ਕਰਦੀ ਹੈ। ਇਸ ਅਧੀਨ ਮਨੁੱਖ ਪਰਾਏ ਹੱਕ ਨੂੰ ਚੁਰਾਉਂਣ ਨਾਲੋਂ ਮਿਹਨਤ-ਮੁਸ਼ੱਕਤ ਕਰਦਿਆਂ ਰੱਬੀ ਯਾਦ ਨਾਲ ਜੁੜੇ ਰਹਿਣ ਨੂੰ ਤਰਜੀਹ ਦਿੰਦਾ ਹੈ। ਇਸੇ ਕਰਕੇ ਧਾਰਮਿਕ-ਕਾਵਿ ਦੀ ਭਾਸ਼ਾ ਆਮ-ਭਾਸ਼ਾ ਜਾਂ ਦੂਜੇ ਕਾਵਿ ਦੀ ਭਾਸ਼ਾ ਨਾਲੋਂ ਵੱਖਰਤਾ ਗ੍ਰਹਿਣ ਕਰਦੀ ਹੈ। ਕਿਉਂਕਿ ਇਨ੍ਹਾਂ ਵਿਚਲੀ ਮੌਤ ਮਨੁੱਖ ਨੂੰ ਉਪਰਾਮ ਕਰਦੀ ਹੈ ਜਦਕਿ ਧਾਰਮਿਕ-ਕਾਵਿ ਵਿਚਲੀ ਮੌਤ ਮਨੁੱਖ ਨੂੰ ਸ਼ਾਂਤ ਕਰਦੀ ਹੈ। ਇਸ ਪ੍ਰਕਾਰ ਧਾਰਮਿਕ-ਕਾਵਿ ਦੀ ਭਾਸ਼ਾ ਵਿਚ ਨਾਸ਼ਮਾਨਤਾ ਤੇ ਉਪਦੇਸ਼ ਸੰਮਿਲਤ ਰੂਪ ਵਿਚ ਸਾਹਮਣੇ ਆਉਂਦੇ ਹਨ।

ਵਿਸਮਾਦ ਸਿਰਜਣਾ ਹਿੱਤ ਧਾਰਮਿਕ-ਕਾਵਿ ਦੀ ਭਾਸ਼ਾ ਵਿਚ ਪ੍ਰਕਿਰਤਕ ਤੇ ਪ੍ਰਾ-ਪ੍ਰਕਿਰਤਕ ਸ਼ਕਤੀਆਂ ਨਾਲ ਸੰਬੰਧਤ ਸ਼ਬਦਾਵਲੀ ਵਰਤੋਂ ਵਿਚ ਆਉਂਦੀ ਹੈ। ਇਹ ਭਾਸ਼ਾਈ ਜੁਗਤ ਇਸ ਕਾਵਿ ਦੇ ਪਾਠਕ 'ਤੇ ਦੋ-ਪਾਸੜ ਪ੍ਰਭਾਵ ਪਾਉਂਦੀ ਹੈ। ਇਹ ਮਨੁੱਖ ਨੂੰ ਭੈ-ਭੀਤ ਵੀ ਕਰਦੀ ਹੈ ਅਤੇ ਵਿਸਮਾਦ ਨਾਲ ਵੀ ਭਰਦੀ ਹੈ। ਇਸ ਸੰਦਰਭ ਵਿਚ ਵੇਦਾਂ ਆਦਿ ਦੀ ਭਾਸ਼ਾ ਨੂੰ ਵਿਸ਼ੇਸ਼ ਤੌਰ 'ਤੇ ਵਿਚਾਰਿਆ ਜਾ ਸਕਦਾ ਹੈ। ਕਿਉਂਕਿ ਵੇਦਾਂ ਦੀ ਸਿਰਜਣਾ ਦਾ ਮੁੱਖ ਆਧਾਰ ਹੀ ਵਿਸਮਾਦ ਹੈ। ਇਹ ਮੰਨਿਆਂ ਜਾਂਦਾ ਹੈ ਕਿ ਜਦੋਂ ਆਰੀਅਨ ਲੋਕ ਮੱਧ ਏਸ਼ੀਆ ਤੋਂ ਹਿੰਦੁਸਤਾਨ ਦੀ ਧਰਤੀ 'ਤੇ ਪੁੱਜੇ ਤਾਂ ਇਥੋਂ ਦੇ ਪ੍ਰਕਿਰਤਕ ਵਰਤਾਰਿਆ ਨੇ ਉਨ੍ਹਾਂ ਨੂੰ ਵਿਸਮਾਦਤ ਕੀਤਾ। ਇਸ ਤੋਂ ਪ੍ਰੇਰਣਾ ਲੈ ਕੇ ਹੀ ਉਨ੍ਹਾਂ ਨੇ ਕਾਵਿ ਸਿਰਜਣਾ ਕੀਤੀ, ਜਿਹੜੀ ਕਿ ਬਾਅਦ ਵਿਚ ਵੇਦਾਂ ਵਿਸ਼ੇਸ਼ਕਰ ਰਿਗਵੇਦ ਵਿਚ ਸੰਕਲਿਤ ਕੀਤੀ ਗਈ।

## ਹਵਾਲੇ


1. ਹਰਿਭਜਨ ਸਿੰਘ, *ਮੂਲ ਤੇ ਮੂਲੰਕਣ*, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅਮ੍ਰਿਤਸਰ, ਮਿਤੀਹੀਨ, ਪੰਨਾ 15.
2. John Lyons, *Language and Lingustics : An introduction*, Cambridge University Press, 2008, page 233.
3. *ਗੁਰੂ ਗ੍ਰੰਥ ਸਾਹਿਬ*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ਪੰਨਾ 763.
4. *ਗੁਰੂ ਗ੍ਰੰਥ ਸਾਹਿਬ*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ਪੰਨਾ 15.
5. ਹਰਿਭਜਨ ਸਿੰਘ, *ਮੂਲ ਤੇ ਮੂਲੰਕਣ*, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅਮ੍ਰਿਤਸਰ,ਮਿਤੀਹੀਨ, ਪੰਨਾ 16.
6. ਸੁਖਵਿੰਦਰ ਸਿੰਘ ਸੰਘਾ, *ਪੰਜਾਬੀ ਭਾਸ਼ਾ ਵਿਗਿਆਨ*, ਪੰਜਾਬੀ ਭਾਸ਼ਾ ਅਕਾਦਮੀ, ਜਲੰਧਰ, 2012, ਪੰਨਾ 49.
7. ਉਧਰਿਤ, ਬਲਜੀਤ ਕੌਰ, *ਗੁਰਬਾਣੀ: ਧਰਮ ਅਤੇ ਸਾਹਿਤ*, ਸੁੰਦਰ ਬੁੱਕ ਡਿਪੋ, ਜਲੰਧਰ, ਪੰਨਾ 13.
8. *ਗੁਰੂ ਗ੍ਰੰਥ ਸਾਹਿਬ*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ,ਪੰਨਾ 131.
9. ਰਾਜਿੰਦਰ ਸਿੰਘ ਲਾਂਬਾ, ਪ੍ਰਤੀਕਵਾਦ, *ਸਾਹਿੱਤ ਕੋਸ਼: ਪਾਰਿਭਾਸ਼ਿਕ ਸ਼ਬਦਾਵਲੀ*, ਰਤਨ ਸਿੰਘ ਜੱਗੀ (ਸੰਪਾ.), ਪੰਜਾਬੀ ਯੂਨੀਵਰਸਿਟੀ, ਪਟਿਆਲਾ, 2001, ਪੰਨਾ 588.
10. ਉਧਰਿਤ, ਮਨਜੀਤ ਸਿੰਘ, *ਧਰਮ-ਦਰਸ਼ਨ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2007, ਪੰਨਾ 95.
11. ਗੁਰਚਰਨ ਸਿੰਘ ਅਰਸ਼ੀ, *ਸਮੀਖਿਆ-ਅਨੁਚਿੰਤਨ*, ਆਰਸੀ ਪਬਲਿਸ਼ਰਜ਼, ਦਿੱਲੀ, 2003, ਪੰਨੇ 94-95.
12. *ਸ੍ਰੀ ਗੁਰੂ ਗ੍ਰੰਥ ਸਾਹਿਬ*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ਪੰਨਾ 1379.
13. ਵਜ਼ੀਰ ਸਿੰਘ, *ਧਰਮ ਦਾ ਦਾਰਸ਼ਨਿਕ ਪੱਖ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1999, ਪੰਨਾ 137-138.

# *ਖਾਲਸਾ ਸਮਾਚਾਰ* 'ਚ ਵਿਧਵਾ ਦੀ ਬਹਿਤਰੀ ਦਾ ਸਵਾਲ

**ਡਾ. ਹਰਨੀਤ ਕੌਰ* ਮਨਪ੍ਰੀਤ ਕੌਰ****

ਖਾਲਸਾ ਸਮਾਚਾਰ ਦਾ ਇਹ ਅਧਿਐਨ ਬਸਤੀਵਾਦੀ ਦੌਰ ਦੇ ਪੰਜਾਬ ਵਿਚ ਵਿਧਵਾ ਇਸਤਰੀਆਂ ਦੀ ਸਮਾਜ ਵਿਚ ਸਥਿਤੀ ਅਤੇ ਪਤੀ ਦੇ ਮਰ ਜਾਣ ਤੋਂ ਬਾਅਦ ਉਨ੍ਹਾਂ ਦੀਆ ਸਮੱਸਿਆਵਾਂ ਨੂੰ ਸਮਝਣ ਲਈ ਕੀਤਾ ਗਿਆ ਹੈ। ਇਸ ਕਰਕੇ ਪਰਚੇ ਦੇ ਪਹਿਲੇ ਭਾਗ ਵਿਚ *ਖਾਲਸਾ ਸਮਾਚਾਰ* ਵਿੱਚ ਵਿਧਵਾ ਇਸਤਰੀ ਦੇ ਦੁੱਖੜੇ ਤੇ ਉਨ੍ਹਾਂ ਦੀ ਸਮਾਜਿਕ ਦਸ਼ਾ, ਧਾਰਮਿਕ ਤੇ ਸਮਾਜਿਕ ਰੀਤੀ ਰਿਵਾਜ਼ਾ ਤੇ ਪ੍ਰੰਪਰਾਵਾਂ ਨੂੰ ਉਜਾਗਰ ਕੀਤਾ ਗਿਆ ਹੈ। *ਖਾਲਸਾ ਸਮਾਚਾਰ* ਵਿਚ ਵਿਧਵਾ ਇਸਤਰੀਆਂ ਦੇ ਹਲਾਤਾਂ ਨੂੰ ਬੜੇ ਚੰਗੇ ਢੰਗ ਨਾਲ ਦਰਸਾਇਆ ਗਿਆ ਹੈ। ਵੱਖ ਵੱਖ ਤਰ੍ਹਾਂ ਦੀਆਂ ਕਵਿਤਾਵਾਂ ਅਤੇ ਲੇਖ ਵਿਧਵਾ ਦੇ ਦੁੱਖਾਂ ਦਾ ਜ਼ਿਕਰ ਕਰਦੇ ਹੋਏ ਉਨ੍ਹਾਂ ਦੀ ਆਰਥਿਕ, ਸਮਾਜਿਕ ਤੇ ਭਾਵਨਾਤਮਕ ਦਸ਼ਾ ਤੇ ਚਾਨਣਾ ਪਾਉਂਦੇ ਹਨ। 1908 ਈ. ਵਿੱਚ ਛਪੀ ਇਕ ਕਵਿਤਾ ਵਿੱਚ ਵਿਧਵਾ ਇਸਤਰੀਆਂ ਖੁਦ ਆਪਣੀ ਦੁਰਦਸ਼ਾ ਨੂੰ ਬਿਆਨ ਕਰਦੀਆਂ ਹੋਈਆਂ ਲਿਖਦੀਆਂ ਹਨ ਕਿ ਕਾਲ ਇਕ ਸਾਡਾ ਐਸਾ ਦੁਸ਼ਮਨ ਹੈ ਕਿ ਜਿਸਨੇ ਸਾਡੇ ਸਿਰਾਂ ਦੇ ਤਾਜ, ਸਾਡੇ ਅੱਖਾਂ ਦੇ ਤਾਰੇ, ਸਾਡੇ ਸਿਰਾਂ ਦੇ ਛਤ੍ਰ, ਸਾਡੀ ਮਾਨ ਦੇ ਕੇਂਦਰ, ਸਾਡੇ ਪਤੀਆਂ ਨੂੰ ਸਾਡੀਆਂ ਅੱਖਾਂ ਅੱਗੋ ਹਟਾ ਦਿੱਤਾ ਤੇ ਉਹ ਪ੍ਰਲੋਕ ਨੂੰ ਸੁਧਾਰ ਗਏ।[1]

ਭਾਵੇਂ ਰੰਡੇਪੇ ਵੇਲੇ ਅਸੀਂ ਅਬਲਾ ਅਨਾਥ ਸਾਂ ਤੇ ਭਾਵੇਂ ਅਨਪੜ, ਸਭ ਸਾਕ ਸੰਬੰਧੀ ਸਾਡੀਆਂ ਦਸ਼ਾ ਨੂੰ ਦੇਖ ਕੇ ਰੋਂਦੇ ਸੀ, ਸਾਡੇ ਸਾਕ ਅਤੇ ਅੰਗ ਇਸ ਦਸ਼ਾ ਨੂੰ ਦੇਖ ਨਹੀਂ ਸਕਦੇ ਸੀ, ਪਰ ਕਰਦੇ ਕੀ ਕਿਸੇ ਨੇ ਠੰਡਾ ਸਾਹ ਭਰਕੇ ਸਾਡੀ ਹਮਦਰਦੀ ਕੀਤੀ, ਕਿਸੇ ਨੇ ਚਾਰ ਦਿਨ ਤੇ ਕਿਸੇ ਨੇ ਤੇਰਾ ਦਿਨ। ਹੌਲੀ ਹੌਲੀ ਨੇੜੇ ਦੇ ਸਾਕ ਬੀ ਸ਼ਰੀਕੇ ਦੀ ਅੱਗ ਵਿੱਚ ਧੁਖਨ ਲੱਗੇ, ਨਿੱਤ ਦੇ ਕਲੇਸ਼ ਆਰੰਭ ਹੋਏ। ਰਾਜੋਂ ਉਤਰੇ ਰਾਜਾ ਦੀ ਜੋ ਦਸ਼ਾ ਹੁੰਦੀ ਹੈ ਉਸ ਤੋਂ ਵੀ ਭੈੜੀ ਦਸ਼ਾ ਸਾਡੀ ਹੋਣ ਲੱਗੀ, ਘਰ ਬਾਰ ਦੂਜਿਆਂ ਦੇ ਹਵਾਲੇ ਮਿਲਖਾਂ ਮਕਾਨਾਂ ਨਾਲ ਸਾਡਾ ਕੁਝ ਵਾਸਤਾ ਨਾ ਰਿਹਾ। ਚਾਰ ਵੰਗਾਂ ਜੋ ਸਾਡੇ ਹੱਥ ਵਿੱਚ ਸਨ ਉਨ੍ਹਾ ਦੇ ਰੱਖਨ ਦੀਆਂ ਮੁਸ਼ਕਲਾਂ ਪਈਆਂ, ਜਿਨ੍ਹਾ ਦੇ ਘਰ ਲਾਇਕ ਪੁਤਰ ਅਥਵਾ ਦਰਦੀ ਸਾਕ ਸਨ ਉਨ੍ਹਾ ਨੂੰ ਪੇਟ ਦਾ ਦੁੱਖ ਨਾ ਦੇਖਣਾ ਪਿਆ। ਇਸ ਵਿੱਚ ਵਿਧਵਾ ਆਪਣੇ ਮਾਤਾ ਪਿਤਾ, ਰਿਸ਼ਤੇਦਾਰਾਂ ਦੇ ਸਾਥ ਛੱਡਣ ਅਤੇ ਆਪਣੀ ਸਥਿਤੀ ਨੂੰ ਗਦੀਓ ਉਤਰੇ ਰਾਜੇ ਨਾਲ ਤੁਲਨਾ ਕਰਦੀਆਂ ਹਨ। ਜੋ ਗਹਿਣੇ ਉਨ੍ਹਾ ਕੋਲ ਸਨ ਉਹ ਵੀ ਬਚਾਉਣੇ ਮੁਸ਼ਕਲ ਹੋ ਗਏ ਸਨ। ਭਾਵੇਂ ਮਾਲਕ ਦੀ ਸਿਕ ਇਕੋ ਰਹੀ ਸਤਾਉਂਦੀ ਤੇ ਉਸ ਦੇ ਤੁਰ ਜਾਣ ਦੇ ਪਿੱਛੋਂ ਗਰੀਬੀ ਨੇ ਵੀ ਆਣ ਮੂੰਹ ਦਿਖਾਇਆ। ਉਸਦੀ ਪੁਛੋ ਕੁਝ ਨਾ ਉਸ ਵੇਲੇ ਸਾਨੂੰ ਗਰੀਬ ਵਿਧਵਾ ਨੂੰ ਸਮਾਜ ਦੀ ਰਸਮ ਤੇ ਵੱਡਾ ਅਫਸੋਸ ਆਇਆ ਕਿ ਪੇਕਿਆਂ ਸਾਨੂੰ ਨਾ ਪੜ੍ਹਾਇਆ ਅਤੇ ਨਾ ਕੁਝ ਕਿਰਤ ਸਖਾਈ ਜੋ ਇਸ ਵੇਲੇ ਕੰਮ ਆਉਂਦੀ। ਸਹੁਰਿਆਂ ਨੇ ਡੱਬੇ ਵਿੱਚ ਪਾ ਕੇ ਰੱਖਿਆ ਕਿ ਕਿਤੇ ਹਵਾ ਵੀ ਨਾ ਲਗ ਜਾਵੇ, ਪੜਨ ਅਤੇ ਕਿਰਤ ਸਿਖਨ ਦਾ ਸਮਾਂ ਭਲਾ ਉਸ ਜਗ੍ਹਾ ਕਿੱਥੇ ਪਰ ਗਏ ਅਸੀਂ ਅਨੇਕਾਂ ਗਰੀਬ ਵਿਧਵਾ ਇਸ ਵੇਲੇ ਹਾਂ ਕਿ ਜਿਨ੍ਹਾ ਦੀ ਸਾਰ ਨਾ ਪੇਕੇ ਅਤੇ ਨਾ ਸਹੁਰੇ ਲੈਂਦੇ ਸਨ ਅਤੇ ਨਾ ਸਾਡੇ ਸਰੀਰਾਂ ਵਿੱਚ ਕਿਸੇ ਕਿਰਤ ਜਾ ਵਿਦਿਆ ਦਾ ਜ਼ੋਰ ਹੈ ਜੋ ਅਸੀਂ ਆਪਣਾ ਪੇਟ ਪਾਲ ਸਕੀਏ।[2]

***ਸਹਾਇਕ ਪ੍ਰੋਫੈਸਰ, ਇਤਿਹਾਸ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ।**

****ਸੀਨੀਅਰ ਰਿਸਰਚ ਫੈਲੋ, ਇਤਿਹਾਸ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ।**

1909 ਈ. ਵਿਚ ਕਵਿਤਾਵਾਂ ਦੀਆ ਸਤਰਾਂ ਰਾਹੀਂ ਵਿਧਵਾ ਇਸਤਰੀ ਦੇ ਹਲਾਤਾਂ ਨੂੰ ਪੇਸ਼ ਕਰਦਿਆਂ ਕਵੀ ਬਿਆਨ ਕਰਦਾ ਹੈ ਕਿ ਵਿਧਵਾ ਇਸਤਰੀ ਦੀ ਉਸ ਦੇ ਭੈਣ, ਭਾਈ, ਮਾਤਾ, ਪਿਤਾ ਕੋਈ ਸਾਰ ਨਹੀ ਲੈਂਦਾ ਜਿਸ ਕਰਕੇ ਉਹ ਭਾਵਾਨਾਤਮਕ ਤੌਰ ਤੇ ਪੂਰੀ ਤਰ੍ਹਾਂ ਟੁਟਿਆ ਹੋਇਆ ਮਹਿਸੂਸ ਕਰਦੀ ਹੈ ਤੇ ਉਸਦਾ ਜਿਊਣਾ ਸੰਸਾਰ ਵਿਚ ਹੋਰ ਵੀ ਔਖਾ ਹੋ ਜਾਂਦਾ ਹੈ।[3]

ਇਸ ਤੋਂ ਪਤਾ ਲਗਦਾ ਹੈ ਕਿ ਵਿਧਵਾ ਇਸਤਰੀਆਂ ਇਸ ਗਲ ਦਾ ਦੁੱਖ ਪ੍ਰਗਟ ਕਰਦੀਆਂ ਹਨ ਕਿ ਉਨ੍ਹਾਂ ਦੇ ਮਾਪਿਆਂ ਤੇ ਸੋਹੁਰਿਆ ਨੇ ਉਨਾਂ ਨੂੰ ਖੁਦ ਕਿਰਤ ਕਰਨ ਦਾ ਕੋਈ ਕੰਮ ਨਹੀਂ ਸਿਖਾਇਆ ਜੋ ਉਹ ਖੁਦ ਆਪਣਾ ਗੁਜ਼ਾਰਾ ਕਰ ਸਕਣ। ਦੂਜਿਆਂ ਤੇ ਨਿਰਭਰ ਹੋਣ ਕਰਕੇ ਉਨਾਂ ਦੀ ਸਮਾਜ ਵਿੱਚ ਹਾਲਤ ਹੋਰ ਵੀ ਮਾੜੀ ਹੋ ਗਈ ਸੀ। ਵਿਧਵਾ ਹੋਣ ਦੇ ਦੁੱਖ ਵਿਚੋਂ ਅਜੇ ਉਹ ਨਿਕਲ ਨਹੀਂ ਪਾਈਆਂ ਤੇ ਗਰੀਬੀ ਵੀ ਉਨ੍ਹਾਂ ਨੂੰ ਆਣ ਘੇਰਾ ਪਾ ਲੈਂਦੀ ਹੈ। ਸਾਕ ਸੰਬੰਧੀ ਵੀ ਉਨ੍ਹਾਂ ਤੋਂ ਮੂੰਹ ਫੇਰ ਲੈਂਦੇ ਹਨ ਜਿਸ ਨਾਲ ਉਨਾਂ ਦਾ ਜਿਊਣਾ ਹੋਰ ਵੀ ਔਖਾ ਹੋ ਗਿਆ ਸੀ। ਉਪਰੋਕਤ ਵਿਚਾਰਾਂ ਤੋਂ ਇਹ ਵੀ ਪਤਾ ਲਗਦਾ ਹੈ ਕਿ ਵਿਧਵਾ ਹੋਣ ਤੋਂ ਬਾਅਦ ਉਨ੍ਹਾਂ ਨੂੰ ਸੰਪਤੀ ਦਾ ਅਧਿਕਾਰ ਸਮਾਜ ਵਿਚ ਨਹੀਂ ਮਿਲਿਆ ਸੀ ਤੇ ਸਾਕ ਸੰਬੰਧੀ ਉਨ੍ਹਾਂ ਦੀ ਸੰਪਤੀ ਤੇ ਅਧਿਕਾਰ ਜਮਾਉਂਦੇ ਸਨ ਜਿਸ ਨਾਲ ਉਨ੍ਹਾਂ ਦੀ ਦਸ਼ਾ ਗਰੀਬੀ ਕਾਰਨ ਹੋਰ ਵੀ ਤਰਸਯੋਗ ਹੋ ਗਈ ਸੀ।

1909 ਈ. ਵਿਚ ਹੀ ਬਾਲ ਵਿਧਵਾ ਬਾਰੇ ਵੀ *ਖਾਲਸਾ ਸਮਾਚਾਰ* ਵਿਚ ਲੇਖ ਲਿਖੇ ਜਾ ਰਹੇ ਸਨ। ਜੋ ਇਹ ਦੱਸਦੇ ਹਨ ਕਿ ਹਰ ਉਮਰ ਦੀ ਵਿਧਵਾ ਨੂੰ ਦੁੱਖ ਤਕਲੀਫਾ ਝਲਣੀਆਂ ਪੈ ਰਹੀਆਂ ਸਨ ਪਰ ਬਾਲ ਵਿਧਵਾ ਜੋ 1 ਸਾਲ ਤੋਂ ਲੈ ਕੇ 15 ਸਾਲ ਦੀ ਉਮਰ ਤੱਕ ਤਿੰਨ ਕਰੋੜ ਦੇ ਲਗਭਗ ਚਿੰਤਾ, ਸ਼ੋਕ, ਵਿਆਕਲ ਪ੍ਰਜਲਤ ਦੁੱਖ ਅਗਨੀ ਵਿੱਚ ਨਿਰਦੋਸ਼ ਰਾਤ ਅਤੇ ਦਿਨ ਸੜਦੀਆਂ ਹੋਣ, ਜਿਨ੍ਹਾ ਦੇ ਦੁੱਖ ਨੂੰ ਘਰ ਦੀਆਂ ਕੰਧਾਂ ਵੀ ਚਾਂਗਰਾ ਮਾਰ ਕੇ ਸੁਨਾ ਰਹੀਆਂ ਹੋਣ, ਜੋ ਬਿਨ੍ਹਾ ਹੀ ਕਿਸੇ ਘੋਰ ਪਾਪ ਦੇ ਰਾਤ ਤੇ ਦਿਨ ਖੂਨ ਦੇ ਹੰਝੂ ਵਹਾਉਂਦੀਆਂ ਹੋਣ, ਜਿਨ੍ਹਾਂ ਦੇ ਦਰਦਨਾਕ ਦੁੱਖ ਨੂੰ ਕਾਵਿ ਤੇ ਅਖਬਾਰ ਸਾਰੇ ਦੇਸ਼ ਵਿੱਚ ਘੋਖਦੇ ਹੋਣ ਜਿਨ੍ਹਾ ਦੀ ਦੁੱਖਾਂ ਭਰੀ ਚਰਚਾ ਹਰ ਘੜੀ ਹਰ ਘਰ ਵਿੱਚ ਹਰੇਕ ਦੀ ਜਬਾਨ ਕਰਦੀ ਹੋਵੇ ਜਿਨ੍ਹਾਂ ਦੇ ਮਰਨੇ ਵਾਸਤੇ ਮਾਤਾ, ਪਿਤਾ, ਭੈਣ ਭਰਾ, ਪਰਿਵਾਰ ਸਭ ਵਾਹਿਗੁਰੂ ਅੱਗੇ ਅਰਦਾਸ ਕਰਨ ਅਤੇ ਚਾਹੁਣ ਕਿ ਇਹ ਕਦ ਮਰ ਜਾਵੇ।

ਜਿਨ੍ਹਾਂ ਦੇ ਧਨ, ਦੌਲਤ, ਘਰ ਬਾਰ, ਗਹਿਣੇ ਕੱਪੜੇ ਸਭ ਲੋਕ ਲੁੱਟਣਾ ਚਾਹੁਣ, ਜਿਨ੍ਹਾਂ ਦੇ ਕੰਨਾਂ ਵਿੱਚ ਹੀ ਰੰਡੀ ਤੂੰ ਕਦੋ ਮਰੇਂਗੀ, ਇਤਆਦਿਕ ਅਜਿਹੇ ਕਠੋਰ ਬਚਨ ਅਤੇ ਪਹਿਰ ਸੁਣਾਈ ਦੇਵੇ, ਜੋ ਮਾਤਾ, ਪਿਤਾ ਅਤੇ ਸੋਹਰੇ ਘਰ ਵਿੱਚ ਜਲਦੀ ਚਿਖਾਵਤ ਦਿਖਾਈ ਦੇਣ ਅਰ ਜੋ ਹਜਾਰਾਂ ਜ਼ਹਿਰ ਖਾ ਕੇ ਮਰਦੀਆਂ ਹੋਣ ਅਤੇ ਜਿਨ੍ਹਾਂ ਨੂੰ ਘਰ ਦੇ ਪਿਆਰੇ ਸੰਬੰਧੀ ਖੁਦ ਵਿਹੁ ਦੇ ਕੇ ਮਾਰਨਾ ਫਖਰ ਸਮਝਦੇ ਹੋਣ ਅਰ ਜੋ ਹਜ਼ਾਰਾਂ ਦੀ ਤਦਾਦ ਵਿੱਚ ਨੀਚ ਘਰਾਂ ਵਿੱਚ ਜਾ ਕੇ ਅਪਨੇ ਪਿਆਰੇ ਪਰਿਵਾਰ ਤੋਂ ਅੱਡ ਹੋ ਗਈਆ ਹੋਣ, ਰਹੋ ਦੁਖ ਨਾਲ ਦਿਨ ਕੱਟਦੀਆਂ ਤੇ ਮੌਤ ਦਾ ਰਾਹ ਉਡੀਕਦੀਆਂ ਹੋਣ, ਹਾਂ ਸ਼ੋਕ। ਜੋ ਹਜ਼ਾਰਾ ਕੁੱਲ ਧਰਮ ਤੇ ਲਾਜ ਨੂੰ ਤਿਆਗ ਕਰ ਬੜੇ ਬੜੇ ਘਰਾਣਿਆਂ ਦੀਆਂ ਬਹੂ ਬੇਟੀਆਂ ਖਾਨਗੀਆਂ ਦਾ ਰੂਪ ਧਾਰੀ ਬਜ਼ਾਰਾ ਵਿੱਚ ਬੈਠ ਕੇ ਮਹਾਂ ਪਾਪ ਨਾਲ ਜ਼ਿੰਦਗੀ ਗੁਜ਼ਾਰਦੀਆਂ ਹੋਣ। ਐਸਾ ਇਸ ਸੰਸਾਰ ਵਿੱਚ ਕੌਣ ਹੈ ਹਾਂ ਗਰੀਬਣੀਆਂ ਅਨਾਥਾਂ, ਬਾਲ ਵਿਧਵਾ ਹੈ ਕਿ ਜਿਨ੍ਹਾਂ ਦਾ ਸੜਿਆ ਹੋਇਆ ਖੇਤ ਕਦੀ ਭੀ ਹਰਾ ਨਹੀਂ ਹੋਣਾ ਸੀ। ਹਾਏ ਜਿਸ ਦੇਸ਼ ਵਿੱਚ ਗਊ ਰੂਪ ਬਾਲ ਵਿਧਵਾ ਕਈ ਲੱਖ ਇਸ ਦੁੱਖ ਵਿੱਚ ਬਿਨ੍ਹਾ ਅਪਰਾਧ ਗਰਮ ਸਾਹ ਲੈਂਦੀਆਂ ਹੋਣ, ਜਿਸ ਜਾਤਿ ਵਿੱਚ ਇਤਨਾ ਬੜਾ ਹਿੱਸਾ ਦੁੱਖ ਭੋਗਦਾ ਹੋਵੇ, ਕਿਆ ਅਜੇਹੀ ਕੌਮ ਦਾ ਕਦੀ ਵੀ ਪਾਰ ਨਹੀਂ ਹੋ ਸਕਦਾ ਹੈ?[4] ਲੇਖਕ ਦੱਸਣ ਦੀ ਕੋਸ਼ਿਸ਼ ਕਰ ਰਿਹਾ ਕਿ ਜਿਸ ਦੇਸ਼, ਸਮਾਜ, ਧਰਮ ਵਿਚ ਬਾਲ ਵਿਧਵਾ ਇਨ੍ਹੀ ਜ਼ਿਆਦਾ ਗਿਣਤੀ ਵਿਚ ਮੋਜੂਦ ਹੋਣ ਉਸ ਦੀ ਤਰੱਕੀ ਹੋਣੀ ਮੁਸ਼ਕਿਲ ਹੈ ਜਦੋਂ ਕਿ ਉਨ੍ਹਾਂ ਨੂੰ ਵਿਆਹ ਦਾ ਪੂਰਾ ਮਤਲਬ ਵੀ ਨਹੀਂ ਪਤਾ ਹੁੰਦਾ ਤੇ ਉਨ੍ਹਾਂ ਤੇ ਵਿਧਵਾ ਦਾ ਕਲੰਕ ਲੱਗ ਜਾਂਦਾ ਹੈ।ਉਹਨਾਂ ਦਾ ਜੀਉਣਾ ਕੋਈ ਜੀਉਣਾ ਨਹੀ ਹੈ।

1920 ਈ. ਦੇ ਆਸ ਪਾਸ *ਖਾਲਸਾ ਸਮਾਚਾਰ* 'ਚ ਸਿੱਖਾਂ ਵਿਚ ਵੀ ਵਿਧਵਾ ਦੀ ਦਸ਼ਾ ਨੂੰ ਲੈ ਕੇ ਕਾਫੀ ਚਿੰਤਾ ਪ੍ਰਗਟਾਈ ਜਾ ਰਹੀ ਸੀ ਭਾਵੇ ਸਿੱਖ ਧਰਮ ਵਿਚ ਇਸਤਰੀ ਪੁਰਸ਼ ਦੀ ਬਰਾਬਰਤਾ ਦੀ ਗਲ ਕੀਤੀ ਗਈ ਹੈ ਤੇ ਵਿਧਵਾ ਵਿਆਹ ਕਰਾਉਣ ਦੀ ਕੋਈ ਮਨਾਹੀ ਨਹੀਂ ਸੀ। ਪਰ ਫਿਰ ਵੀ ਇਕ ਸਿੱਖ ਨੂੰ ਸਭ ਤੋਂ ਵੱਧ ਕੇ ਚੋਂਕਾ ਦੇਣ ਵਾਲੇ ਉਹ ਅੰਕ ਹਨ ਜੋ ਮਰਦਮ ਸ਼ੁਮਾਰੀ ਦੀ ਰਿਪੋਰਟ ਵਿੱਚ ਸਿੱਖਾਂ ਦੇ ਖਾਸੇ ਦੇ ਸਾਹਮਣੇ ਦੇ ਹੋਡਿੰਗ ਦੇ ਹੇਠ ਦਿੱਤੇ ਹਨ, ਇਨ੍ਹਾ ਦੇ ਵੇਖਣ ਤੋਂ ਪਤਾ ਲੱਗਦਾ ਹੈ ਕਿ 1920 ਈ. ਵਿੱਚ ਸਿੱਖਾਂ ਵਿੱਚ ਵਿਧਵਾ ਇਸਤਰੀਆਂ ਦੀ ਗਿਣਤੀ 1 ਲੱਖ 91 ਹਜ਼ਾਰ 862 ਹੈ, ਜਿਨ੍ਹਾ ਦੀ ਆਯੂਵਾਰ ਗਿਣਤੀ ਇਸ ਪ੍ਰਕਾਰ ਹੈ:

| ਉਮਰ | ਵਿਧਵਾ ਇਸਤਰੀਆਂ | ਵਿਧਵਾ ਮਰਦ |
|---|---|---|
| 1 ਤੋਂ 2 ਸਾਲ | 1 | 1 |
| 3 ਤੋਂ 4 | 5 | 6 |
| 5 ਤੋਂ 10 | 497 | 299 |
| 10 ਤੋਂ 15 | 917 | 1372 |
| 15 ਤੋਂ 20 | 2171 | 3401 |
| 20 ਤੋਂ 25 | 4700 | 7359 |
| 25 ਤੋਂ 30 | 1269 | 12546 |
| 30 ਤੋਂ 35 | 12579 | 14537 |
| 35 ਤੋਂ 40 | 11999 | 13140 |
| 40 ਤੋਂ 45 | 24908 | 16910 |
| 45 ਤੋਂ 50 | 18017 | 14972 |
| 50 ਤੋਂ 55 | 33176 | 22390 |
| 55 ਤੋਂ 60 | 12685 | 11341 |
| 60 ਤੋਂ 65 | 29880 | 19979 |
| 65 ਤੋਂ 70 | 8210 | 7848 |
| 70 ਤੋਂ ਉਪਰ | 23848 | 20750 |

ਉਪਰ ਦਿੱਤੇ ਅੰਕੜਿਆਂ ਤੋਂ ਇਹ ਜਾਣਕਾਰੀ ਮਿਲਦੀ ਹੈ ਕਿ 1920 ਈ. ਵਿਚ ਸਿੱਖਾਂ ਵਿਚ 1 ਤੋਂ 40 ਸਾਲ ਤੱਕ ਦੇ ਵਿਧਵਾ ਮਰਦਾਂ ਦੀ ਗਿਣਤੀ 52661 ਤੇ ਵਿਧਵਾ ਇਸਤਰੀਆਂ ਦੀ ਗਿਣਤੀ 34138 ਹੈ ਜਿਸ ਤੋਂ ਸਿੱਧ ਹੁੰਦਾ ਹੈ ਕਿ ਸਿੱਖਾਂ ਵਿਚ 1 ਤੋਂ 40 ਸਾਲ ਤਕ ਦੀਆਂ ਵਿਧਵਾ ਇਸਤਰੀਆਂ ਦੇ ਪੁਨਰ ਵਿਆਹ ਤੇ ਕਾਫੀ ਜ਼ੋਰ ਦਿੱਤਾ ਜਾ ਰਿਹਾ ਹੈ। ਵਿਧਵਾ ਮਰਦਾਂ ਦੀ ਸੰਖਿਆਂ ਜ਼ਿਆਦਾ ਹੋਣ ਦਾ ਕਾਰਨ ਇਸਤਰੀਆਂ ਦੀ ਘੱਟ ਗਿਣਤੀ ਵੀ ਹੋ ਸਕਦਾ ਹੈ। 40 ਤੋਂ 70 ਸਾਲ ਤੱਕ ਦੀਆਂ ਵਿਧਵਾ ਇਸਤਰੀਆਂ 150724 ਤੇ ਵਿਧਵਾ ਮਰਦਾਂ ਦੀ ਸੰਖਿਆਂ 114190 ਹੈ। 40 ਸਾਲ ਤੋਂ ਉਪਰ ਸਿੱਖਾਂ ਵਿਚ ਵਿਧਵਾ ਇਸਤਰੀਆਂ ਦੀ ਸੰਖਿਆਂ ਜ਼ਿਆਦਾ ਹੈ ਜਿਸ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਵੱਡੀ ਉਮਰ ਦੀਆਂ ਇਸਤਰੀਆਂ ਨੂੰ ਦੁਬਾਰਾ ਵਿਆਹ ਕਰਾਉਣ ਲਈ ਸਿੱਖਾਂ ਵਿਚ ਘੱਟ ਸਵੀਕਾਰਿਆਂ ਜਾ ਰਿਹਾ ਸੀ।

1920 ਈ. ਵਿੱਚ ਸਿੱਖਾਂ ਵਿੱਚ ਵਿਧਵਾ ਵਿਆਹ ਦੀ ਰਸਮ ਸ਼੍ਰੀ ਗੁਰੂ ਅਮਰਦਾਸ ਜੀ ਮਹਾਰਾਜ ਨੇ ਆਪ ਤੋਰੀ ਸੀ, *ਖਾਲਸਾ ਸਮਾਚਾਰ* ਵਿੱਚ ਦਸਿਆ ਗਿਆ ਸੀ ਕਿ ਵਿਧਵਾ ਵਿਆਹ ਦੀ ਖੁੱਲ ਹੁੰਦਿਆ ਵੀ ਲੱਖਾਂ ਦੀ ਗਿਣਤੀ ਵਿੱਚ ਜਵਾਨ ਵਿਧਵਾ ਦਾ ਹੋਣਾ ਸਿੱਖਾਂ ਲਈ ਕੋਈ ਪ੍ਰਸੰਸਾ ਦਾ ਕੰਮ ਨਹੀਂ ਤੇ ਨਾ ਹੀ

ਖਾਲਸੇ ਦੀ ਜਮਾਨਾ ਸਲਾਮੀ ਦੀ ਦਲੀਲ ਹੋ ਸਕਦੀ ਸੀ। ਖਾਲਸਾ ਜੀ ਧਿਆਨ ਕਰੋ ਉਹ ਕੌਮ ਜਿਸਦੇ ਵਿੱਚ ਦੁੱਧ ਪੀਂਦੀਆਂ ਬੱਚੀਆਂ ਭਲੇ ਯੁਵਾ ਅਵਸਥਾ ਤਕਦੀਆਂ ਲੱਖਾ ਵਿਧਵਾ ਆਪਣੇ ਦੁੱਖ ਭਰੇ ਜੀਊਣ ਤੋਂ ਦਿਨ ਤੇ ਰਾਤ ਹਉਕਿਆਂ ਨਾਲ ਧਰਤੀ ਤੇ ਅਕਾਸ਼ ਨੂੰ ਡਗਮਗਾ ਦੇਣ। ਉਸ ਕੌਮ ਨੂੰ ਪ੍ਰਿਥਵੀ ਤੇ ਰਹਿਣ ਦਾ ਕੋਈ ਹੱਕ ਹੈ ਉਹ ਕੌਮ ਦੂਜਿਆਂ ਨੂੰ ਮੂੰਹ ਵਿਖਾ ਸਕਦੀ ਹੈ ਓਹ ਕੌਮ ਸੰਸਾਰ ਵਿੱਚ ਫੈਲ ਸਕਦੀ ਹੈ ਕਦੇ ਨਹੀਂ, ਹਰਗਿਜ਼ ਨਹੀਂ। ਇਹ ਖੁਸ਼ੀ ਦੀ ਗੱਲ ਹੈ ਕਿ ਹੁਣ ਸਿੱਖਾਂ ਦੀ ਤਵੱਜੋਂ ਇਧਰ ਵਧੀ ਹੈ। ਪਰੰਤੂ ਇਹ ਰੋ ਅਜੇ ਇੰਨੀ ਧੀਮੀ ਤੇ ਇਹ ਅਜੇ ਇਨੀ ਕਮਜ਼ੋਰ ਹੈ ਕਿ ਡਰ ਹੈ ਕਿ ਜੋ ਸਿੱਖਾਂ ਦੇ ਆਪਣਾ ਆਪ ਸੰਭਾਲਦਿਆਂ ਸੰਭਾਲਦਿਆਂ ਵੀ ਸਦੀਆਂ ਲਗ ਜਾਣਗੀਆਂ ਜਰੂਰਤ ਹੈ ਇਕ ਜਬਰਦਸਤ ਹਮਲੇ ਦੀ, ਜਦ ਤੱਕ ਇਹ ਮੁਸ਼ਕਿਲ ਹੱਲ ਨਾ ਹੋਈ। ਸਿੱਖਾਂ ਦੀ ਗਿਣਤੀ ਨਹੀਂ ਵਧੇਗੀ।[5] ਉਪਰੋਕਤ ਲੇਖ ਤੋਂ ਪਤਾ ਲਗਦਾ ਹੈ ਕਿ ਸਿੱਖਾਂ ਵਿਚ ਬਾਲ ਵਿਧਵਾ ਦੀ ਨਿਖੇਧੀ ਕੀਤੀ ਗਈ ਹੈ ਤੇ ਵਿਧਵਾ ਪੁਨਰ ਵਿਆਹ ਦੇ ਉਪਰਾਲੇ ਤੇ ਜ਼ੋਰ ਦਿੱਤਾ ਗਿਆ ਹੈ ਤਾਂ ਕਿ ਸਿੱਖਾਂ ਦੀ ਗਿਣਤੀ ਵਿੱਚ ਵਾਧਾ ਹੋ ਸਕੇ। 1931 ਈ. ਤੱਕ ਆਉਂਦਿਆਂ *ਖਾਲਸਾ ਸਮਾਚਾਰ* ਵਿੱਚ ਛਪੇ ਇੱਕ ਲੇਖ ਤੋਂ ਪਤਾ ਲਗਦਾ ਹੈ ਕਿ ਵਿਧਵਾਵਾਂ ਦੀ ਦਸ਼ਾ ਵਿਚ ਕੁਝ ਜ਼ਿਆਦਾ ਸੁਧਾਰ ਨਹੀਂ ਹੋਇਆ ਜਿਸ ਕਾਰਨ ਇਕ ਕਵੀ ਬਿਆਨ ਕਰਦਾ ਹੈ।

> ਹਾਂ ਕੌਣ ਪੂੰਝੇ ਕੌਣ ਪੂੰਝੇ ਰੋਂਦੀਆਂ ਦੇ ਅੱਥਰੂ ਏ ਅੱਥਰੂ ਕੇ ਗੜੇ ਡਿਗਦੇ, ਗੜੇ ਹੋ ਗਏ ਪੱਥਰੂ। ਹਨ ਸੜ ਰਹੇ ਏ ਸਾੜ ਮਾਰੇ, ਸੜੇ ਦਿਲ ਤੋਂ ਆ ਰਹੇ, ਏ ਖਾਰ ਮਾਰੇ ਬੜੇ ਕੌੜੇ, ਅੱਖੀਆਂ ਨੂੰ ਖਾ ਰਹੇ। ਹਨ ਨਿਕਲਦੇ ਏ ਜਿਸ ਜਗ੍ਹਾ ਤੇ ਉਸ ਜਗ੍ਹਾ ਨੂੰ ਹਨ ਸਾੜਦੇ। ਏ ਡਿੱਗ ਰਹੇ ਜਿਸ ਜਗ੍ਹਾ ਤੇ ਉਸ ਜਗ੍ਹਾ ਨੂੰ ਹਨ ਰਾੜਦੇ। ਹਨ ਡਿੱਗਦੇ ਜਿਸ ਜਗ੍ਹਾ ਤੇ ਅੱਗ ਉਸਤੋਂ ਨਿਕਲਦੀ, ਏ ਲੱਗਦੇ ਜਿਸ ਚੀਜ਼ ਨੂੰ ਓ ਗਰਮ ਹੋ ਕੇ ਪਿਘਲਦੀ।[6]

ਉਪਰੋਕਤ ਸਤਰਾਂ ਤੋਂ ਸਪੱਸ਼ਟ ਹੁੰਦਾ ਹੈ ਕਿ ਵਿਧਵਾ ਦੀ ਹਾਲਤ ਤਰਸਯੋਗ ਸੀ। ਪਰਚੇ ਦੇ ਪਹਿਲੇ ਭਾਗ ਤੋਂ ਸਪਸ਼ਟ ਹੁੰਦਾ ਹੈ ਕਿ ਵਿਧਵਾ ਦੀ ਸਮਾਜ ਵਿਚ ਦਸ਼ਾ ਤਰਸਯੋਗ ਸੀ ਅਤੇ ਉਨ੍ਹਾਂ ਦੇ ਉਥਾਨ ਲਈ ਉਪਰਾਲੇ ਕਰਨ ਦੀ ਜ਼ੋਰਦਾਰ ਲੋੜ ਸੀ। ਵਿਧਵਾ ਇਸਤਰੀ ਨੂੰ 20ਵੀਂ ਸਦੀ ਦੇ ਸ਼ੁਰੂਆਤ ਵਿਚ ਵੀ ਸਮਾਜਿਕ ਰੂਪ ਵਿਚ ਬੋਝ ਸਮਝਿਆ ਜਾਂਦਾ ਸੀ ਪੁਨਰ ਵਿਆਹ ਕਰਾਉਣ ਤੇ ਕਾਫੀ ਔਕੜਾਂ ਦਾ ਸਾਹਮਣਾ ਕਰਨਾ ਪੈਂਦਾ ਸੀ। ਸਮਾਜ ਵਿੱਚ ਵਿਧਵਾ ਦੀ ਮਾੜੀ ਹਾਲਤ ਦਾ ਕਾਰਨ ਉਨ੍ਹਾਂ ਦੇ ਮਾਪਿਆਂ, ਸਹੁਰਿਆਂ ਅਤੇ ਰਿਸ਼ਤੇਦਾਰਾਂ ਵਲੋਂ ਤਿਆਗਣ ਦੇ ਨਾਲ ਨਾਲ ਉਨ੍ਹਾਂ ਕੋਲ ਵਿਦਿਆਂ ਅਤੇ ਕਿਸੇ ਕਿੱਤੇ ਮੁੱਖੀ ਕਿਰਤ ਦਾ ਨਾ ਹੋਣਾ ਦਰਸਾਇਆ ਗਿਆ ਸੀ। ਸਿੱਖਾਂ ਵਿਚ ਭਾਵੇਂ ਇਸਤਰੀ ਜਾਤੀ ਦੀ ਬਰਾਬਰਤਾ ਦੀ ਗੱਲ ਕੀਤੀ ਗਈ ਹੈ ਤੇ ਵਿਧਵਾ ਵਿਆਹ ਤੇ ਕੋਈ ਰੋਕ ਨਹੀਂ ਲਗਾਈ ਗਈ ਪਰ ਸਿੱਖ ਧਰਮ ਵਿਚ ਵਿਧਵਾ ਇਸਤਰੀਆਂ ਦੀ ਵਧਦੀ ਹੋਈ ਗਿਣਤੀ ਨੂੰ ਲੈ ਕੇ *ਖਾਲਸਾ ਸਮਾਚਾਰ* 'ਚ ਕਾਫੀ ਚਿੰਤਾ ਪ੍ਰਗਟ ਕੀਤੀ ਗਈ ਸੀ ਅਤੇ ਸੁਧਾਰ ਦੇ ਉਪਰਾਲੇ ਨੂੰ ਤੇਜ਼ ਕਰਨ ਦੀ ਬੇਨਤੀ ਕੀਤੀ ਜਾ ਰਹੀ ਹੈ।

*ਖਾਲਸਾ ਸਮਾਚਾਰ* ਵਿਚ ਜੋ ਇਸ਼ਤਿਹਾਰ ਵਿਧਵਾ ਇਸਤਰੀਆਂ ਨਾਲ ਵਿਆਹ ਕਰਾਉਣ ਲਈ ਛਪੇ ਸਨ, ਉਨਾਂ ਦਾ ਮੁਲਾਂਕਣ ਕੀਤਾ ਗਿਆ ਹੈ।ਕਿਸ ਸਮਾਜਿਕ ਵਰਗ ਦੇ ਲੋਕ ਵਿਧਵਾ ਵਿਆਹ ਲਈ ਅਗੇ ਆ ਰਹੇ ਸਨ ਅਤੇ ਇਸ਼ਤਿਹਾਰ ਦੇ ਰਹੇ ਸਨ? ਇਸਤਰੀਆਂ ਜਾਂ ਮਰਦਾਂ ਵਿਚੋ ਕੌਣ ਜ਼ਿਆਦਾ ਇਸ਼ਤਿਹਾਰ ਦੇ ਰਿਹਾ ਸੀ? ਕਿੰਨੀ ਉਮਰ ਦੀ ਵਿਧਵਾ ਲਈ ਇਸ਼ਤਿਹਾਰ ਦਿੱਤੇ ਜਾ ਰਹੇ ਸੀ? *ਖਾਲਸਾ ਸਮਾਚਾਰ* ਵਿਚ ਵਿਧਵਾ ਵਿਆਹ ਲਈ ਦਿੱਤੇ ਇਸ਼ਤਿਹਾਰਾ ਦੀ ਖੋਜ ਪੜਤਾਲ ਤੋਂ ਪਤਾ ਲਗਦਾ ਹੈ ਕਿ ਜ਼ਿਆਦਾਤਰ ਪੜ੍ਹੇ ਲਿਖੇ ਤੇ ਨੌਕਰੀ ਪੇਸ਼ੇ ਵਾਲਾ ਵਰਗ ਹੀ ਅਖਬਾਰ ਵਿਚ ਵਿਧਵਾ ਵਿਆਹ ਲਈ ਇਸ਼ਤਿਹਾਰ ਦੇ ਰਿਹਾ ਹੈ। ਜਿਸ ਦੀਆਂ ਕੁਝ ਉਦਾਹਰਨਾਂ ਹੇਠਾਂ ਪੇਸ਼ ਕੀਤੀਆਂ ਗਈਆਂ ਹਨ ਜਿਵੇਂ

> ਇਕ ਸਿੰਘ ਜਿਸ ਦੀ ਉਮਰ 23 ਸਾਲ ਸਰਕਾਰੀ ਸਕੂਲ ਵਿੱਚ ਡਰਾਇੰਗ ਮਾਸਟਰੀ ਪਰ

> 30 ਰੁਪਏ ਮਹੀਨੇ ਤੇ ਮੁਲਾਜਮ ਹਨ ਅਰ ਅੱਗੇ ਤਰੱਕੀ ਦੀ ਉਮੀਦ ਹੈ ਅੰਮ੍ਰਿਤਸਰ ਦੇ ਜਿਲ੍ਹੇ ਦੇ ਵਸਨੀਕ ਹਨ, ਉਨ੍ਹਾ ਲਈ ਕਿਸੇ ਵਿਧਵਾ ਜਾਂ ਕੁਵਾਰੀ ਕੰਨਿਆ ਦੀ ਲੋੜ ਹੈ।[7]

> ਇਕ ਨੌਜਵਾਨ ਪੜ੍ਹਿਆ ਹੋਇਆ ਆਹਲਾ ਖਾਨਦਾਨ ਅਰੋਗ ਅਸਲੀ ਸਿੱਖ ਖਾਨਦਾਨ ਉਮਰ ਲਗਪਗ 30 ਸਾਲ, ਅਵਲ ਦਰਜੇ ਦਾ ਮਕੈਨੀਕਲ, ਇੰਜੀਨੀਅਰ ਸਪਿੰਨਿਗ ਐਂਡ ਵੀਵਿੰਗ ਮਿਲਜ਼ ਵਿੱਚ 240 ਤੇ ਨੌਕਰ ਹੈ। ਲੜਕੀ ਪੜ੍ਹੀ ਹੋਈ ਖ਼ੂਬਸੂਰਤ ਕੰਵਾਰੀ ਜਾ ਵਿਧਵਾ ਅਛੇ ਖਾਨਦਾਨ ਦੀ ਹੋਣੀ ਚਾਹੀਦੀ ਹੈ। *ਖਾਲਸਾ ਸਮਾਚਾਰ* ਦੀ ਮਾਰਫਤ ਨੰਬਰ 22004 ਨਾਲ ਖਤੋਕਿਤਾਬਤ ਕਰੋ।[8]

ਉਪਰ ਦਿੱਤੇ ਇਸ਼ਤਿਹਾਰਾਂ ਤੋਂ ਪਤਾ ਲਗਦਾ ਹੈ ਕਿ ਇਕ ਡਰਾਇੰਗ ਮਾਸਟਰ ਅਤੇ ਦੂਜਾ ਮਕੈਨੀਕਲ ਇੰਜੀਨੀਅਰ ਵਲੋ ਵਿਧਵਾ ਜਾਂ ਕੰਵਾਰੀ ਕੁੜੀ ਲਈ ਮੰਗ ਕੀਤੀ ਗਈ ਹੈ। ਕੁਝ ਕੁ ਉਦਾਹਰਨਾਂ ਇਸ ਤਰ੍ਹਾਂ ਦੀਆ ਵੀ ਮਿਲਦੀਆ ਹਨ ਕਿ ਜੇ ਕਿਸੇ ਮਰਦ ਦੀ ਪਹਿਲੀ ਇਸਤਰੀ ਮਰ ਜਾਵੇ ਤੇ ਉਸ ਦੀ ਪਹਿਲੀ ਇਸਤਰੀ ਤੋਂ ਕੋਈ ਸੰਤਾਨ ਨਾ ਹੋਵੇ ਤਾਂ ਉਹ ਮਰਦ ਜ਼ਿਆਦਾਤਰ ਕੰਵਾਰੀ ਇਸਤਰੀ ਨੂੰ ਦੁਬਾਰਾ ਵਿਆਹ ਕਰਾਉਣ ਲਈ ਪਹਿਲ ਦਿੰਦੇ ਸੀ ਜਿਵੇ ਕਿ ਇਕ ਸੱਜਣ ਜ਼ਿਨ੍ਹਾਂ ਦੀ ਉਮਰ ਸਾਢੇ ਅਠਾਈ ਕੁ ਸਾਲ ਦੀ ਹੈ ਨੌਕਰੀ ਵਧੀਆਂ ਹੈ। ਜਾਇਦਾਦ ਕਾਫੀ ਹੈ ਅਤੇ ਜੋ ਸਿੱਖ ਧਰਮ ਧਾਰਨ ਤੋਂ ਪਹਿਲਾ ਬ੍ਰਾਹਮਣ ਜਾਤੀ ਵਿੱਚ ਸੀ ਹੁਣ ਅਪਨੀ ਸ਼ਾਦੀ ਪੂਰਨ ਗੁਰ ਮਰਯਾਦਾ ਨਾਲ ਕਰਾਉਨਾ ਚਾਹੁੰਦੇ ਹਨ ਲੜਕੀ ਭਾਵੇਂ ਕਿਸੇ ਜਾਤੀ ਵਿਚੋਂ ਨਿਕਲੇ ਸਿੱਖ ਖਾਨਦਾਨ ਦੀ ਹੋਵੇ ਇਸ ਸੱਜਨ ਦੀ ਪਹਿਲੀ ਸਿੰਘਣੀ ਨੂੰ ਚੜਾਈ ਕੀਤੇ ਢਾਈ ਕੁ ਸਾਲ ਹੋ ਗਏ ਹਨ ਹੁਣ ਕੋਈ ਬੱਚਾ ਪਿਛਲੀ ਸ਼ਾਦੀ ਵਿਚੋਂ ਨਹੀਂ ਹੈ ਚਿੱਠੀ ਪੱਤਰ ਹੇਠ ਲਿਖੇ ਪਤੇ ਤੇ ਹੋਵੇ। ਲਾਭ ਸਿੰਘ ਟੀਚਰ ਗਵਰਨਮੈਂਟ ਸਕੂਲ ਲਾਇਲਪੁਰ[9]

> ਇਕ ਪੜੇ ਲਿਖੇ ਸਿੰਘ ਦੀ ਉਮਰ 30 ਵਰਹੇ ਤਨਖਾਹ 125 ਸਾਹਣਥ ਜਾਤ ਸਾਹਨੀ ਬੁਖਰਾਇਨ, ਅਰ ਪਹਿਲੀ ਸਿੰਘਨੀ ਬਿਨਾ ਸੰਤਾਨ ਚਲਾਣਾ ਕਰ ਗਈ ਹੈ, ਲਈ ਇਕ ਕਵਾਰੀ ਸ਼ੁਸ਼ੀਲ, ਪੜ੍ਹੀ ਲਿਖੀ ਅਰ ਬੁਖਰਾਇਮ ਘਰਾਣੇ (ਸ਼ਿਵਾ ਸਹਨੀ ਜਾਤ) ਦੀ ਕੰਨਯਾ ਉਮਰ 12 ਤੋਂ 20 ਵਰਹੇ, ਵਸਨੀਕ ਜਿਨ੍ਹਾ ਜੇਰਲਮ ਯਾ ਰਾਵਲਪਿੰਡੀ ਦੀ ਲੋੜ ਹੈ।[10]

ਉਪਰੋਕਤ ਇਸ਼ਤਿਹਾਰਾਂ ਤੋਂ ਸਪੱਸ਼ਟ ਹੁੰਦਾ ਹੈ ਕਿ ਨੌਕਰੀ ਪੇਸ਼ੇ ਵਾਲੇ ਲੋਕ ਜਿਨ੍ਹਾਂ ਦੀ ਬਿਨਾ ਸੰਤਾਨ ਦੇ ਪਹਿਲੀ ਇਸਤਰੀ ਚੜਾਈ ਕਰ ਗਈ ਹੋਵੇ ਉਹ ਪਹਿਲ ਦੇ ਆਧਾਰ ਤੇ ਕੰਵਾਰੀ ਕੰਨਿਆਂ ਨਾਲ ਵਿਆਹ ਕਰਾਉਣ ਨੂੰ ਪਸੰਦ ਕਰਦੇ ਸੀ। ਕੁਝ ਕੁ ਇਸ਼ਤਿਹਾਰ ਇੱਦਾ ਦੇ ਵੀ ਮਿਲਦੇ ਹਨ ਕਿ ਜਿਨ੍ਹਾਂ ਦੀ ਪਹਿਲੀ ਇਸਤਰੀ ਤੋਂ ਕੋਈ ਔਲਾਦ ਨਹੀਂ ਸੀ ਉਹ ਛੋਟੀ ਉਮਰ ਦੀ ਵਿਧਵਾ ਦੀ ਮੰਗ ਕਰਦੇ ਸੀ ਜਿਵੇ: ਇਕ ਪਤਵੰਤੇ ਘਰਾਣੇ ਦੇ ਪ੍ਰੜੇ ਲਿਖੇ ਸਿੱਖ ਨੌਜਵਾਨ ਉਮਰ 43 ਵਰੇ ਚੰਗੀ ਸਿਹਤ ਤੰਦਰੁਸਤ ਵਾਸਤੇ ਜੋ ਸਰਕਾਰੀ ਨੌਕਰੀ ਵਿੱਚ ਤੇ ਪੌਣੇ ਦੋ ਸੋ ਰੁਪਏ ਮਾਸਕ ਪਾ ਰਿਹਾ ਹੈ ਆਸਾਮੀ ਪੱਕੀ, ਤਰੱਕੀ ਤੇ ਪੈਨਸ਼ਨ ਵਾਲੀ ਹੈ ਤੇ ਚੋਖੀ ਜਾਇਦਾਦ ਦਾ ਮਾਲਕ ਹੈ ਲਈ ਬਾਲ ਵਿਧਵਾ ਉਮਰ 25 ਤੋਂ 30 ਸਾਲਾਂ ਘੱਟੋ ਘੱਟ ਗੁਰਮੁਖੀ ਪੜੀ ਲਿਖੀ ਤੇ ਘਰ ਦੇ ਕੰਮਕਾਜ਼ ਤੋਂ ਚੰਗੀ ਤਰ੍ਹਾਂ ਜਾਣੂ ਗੁਰਸਿੱਖਣੀ ਦੀ ਲੋੜ ਹੈ। ਪਹਿਲੀ ਸਿੰਘਣੀ ਬਿਨ੍ਹਾ ਕੋਈ ਬੱਚਾ ਛੱਡੇ ਦੇ ਚਲਾਣਾ ਕਰ ਗਈ ਹੈ[11]

> ਮੇਰੇ ਇਕ ਮਿਤਰ ਲਈ ਜਿਨ੍ਹਾ ਦੀ ਆਯੂ ੪੦ ਸਾਲ ਦੀ ਹੈ ਅਪਨੇ ਵਿਆਹ ਲਈ ਇਕ ਸੁਘੜ ਸੁਚੱਜੀ ਤੇ ਸੁਸ਼ੀਲ ਵਿਧਵਾ ਜਿਸ ਦੀ ਉਮਰ ੩੦ ਸਾਲ ਦੇ ਕਰੀਬ ਹੋਵੇ ਲੋੜ ਹੈ। ਮੇਰਾ ਮਿਤਰ ਹਿਕ ਪਤਵੰਤੇ ਖਾਨਦਾਨ ਵਿਚੋਂ ਹੈ, ਤੇ ੯੦ ਰੁਪਏ ਮਹਾਵਾਰ ਦੀ ਆਮਦਨ ਹੈ। ਇਨ੍ਹਾਂ ਦੀ ਪਹਿਲੀ ਸਿੰਘਣੀ ਚਲਾਣਾ ਕਰ ਚੁੱਕੀ ਹੈ, ਤੇ ਐਸ ਵੇਲੇ ਘਰ ਵਿਚ ਕੋਈ ਬੱਚਾ ਨਹੀਂ, ਹੋਰ ਲਿਖਾ ਪੜ੍ਹੀ ਇਸ ਪਤੇ ਤੇ ਕਰਾਉਣੀ ਚਾਹੀਦੀ ਹੈ।[12]

ਕੁਝ ਇਸ਼ਤਿਹਾਰਾਂ ਵਿਚ ਬਿਨਾਂ ਜਾਤ ਪਾਤ ਦਾ ਖਿਆਲ ਰਖਦਿਆਂ ਵਿਆਹ ਲਈ ਕੰਵਾਰੀ ਜਾ ਵਿਧਵਾ ਲੜਕੀ ਦੀ ਮੰਗ ਕੀਤੀ ਗਈ ਹੈ। ਜਿਵੇ:

> ਇਕ ਤਿਆਰ ਬਰ ਤਿਆਰ ਸਿੰਘ (ਪਹਿਲੀ ਜਾਤ ਆਹਲੂਵਾਲੀਏ) ਦੀ ਸਿੰਘਣੀ ਦੇ ਚਲਾਣਾ ਕਰ ਜਾਣ ਦੇ ਕਾਰਨ ਉਨ੍ਹਾਂ ਨੂੰ ਅਨੰਦ ਕਰਵਾਉਣ ਦੀ ਲੋੜ ਹੈ, ਲੜਕੀ ਕਵਾਰੀ ਹੋਵੇ ਭਾਵੇਂ ਵਿਧਵਾ, ਘਰਾਣਾ ਚੰਗਾ ਹੋਵੇ, ਜਾਤ ਪਾਤ ਦਾ ਕੋਈ ਖਿਆਲ ਨਹੀਂ, ਉਮਰ ਉਨ੍ਹਾਂ ਦੀ 25 ਸਾਲ ਦੀ ਹੈ, ਸਰਕਾਰੀ ਨੌਕਰ ਗੁਰਦੁਵਾਰੇ ਦੇ ਮਹੰਤ ਹਨ, ਗੁਰਦੁਆਰੇ ਦੇ ਨਾਮ ਇਕ ਪਿੰਡ ਦੀ ਜਗੀਰ ਹੈ, ਗਰਮੀਆਂ ਵਿੱਚ ਆਪਣੀ ਜਗਾ ਪਹਾੜ ਤੇ ਬਾਕੀ ਸਾਲ ਦੇਸ਼ ਵਿੱਚ ਰਹਿੰਦੇ ਹਨ। ਆਮਦਨੀ ਤੇ ਜਾਇਦਾਦ ਮਾਕੂਲ ਹੈ। ਸੋਹਣੀ ਤੇ ਸ਼ੁਸ਼ੀਲ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪਾਠ ਕਰ ਸਕਦੀ ਹੋਵੇ। ਖਤ ਪਤ ਦਾ ਪਤਾ ਇਹ ਹੈਖ਼ ਬ : ਬ ਮਾਰਫਤ *ਖਾਲਸਾ ਸਮਾਚਾਰ*, ਅੰਮ੍ਰਿਤਸਰ[13]

*ਖਾਲਸਾ ਸਮਾਚਾਰ* ਵਿਚ ਦੋ ਕੁ ਇਸ਼ਤਿਹਾਰ ਅਜਿਹੇ ਵੀ ਮਿਲਦੇ ਹਨ ਜਿਥੇ ਵਿਧਵਾ ਲਈ ਵਰ ਦੀ ਲੋੜ ਦੀ ਮੰਗ ਕੀਤੀ ਗਈ ਹੈ। ਜਿਵੇਂ[14]

> ਇਕ ਅਰੋੜਾ ਖਾਨਦਾਨ ਦੀ ਸ਼ੁਸ਼ੀਲ ਬਾਲ ਵਿਧਵਾ ਲਈ ਵਰ ਦੀ ਲੋੜ ਹੈ, ਵਰ ਜਾਤ ਦਾ ਅਰੋੜਾ ਤੇ ਸ੍ਰੀ ਅੰਮ੍ਰਿਤਸਰ ਦਾ ਵਸਨੀਕ ਹੋਣਾ ਚਾਹੀਦਾ ਹੈ, ਰੋਜ਼ਗਾਰ ਨੂੰ ਤਰਜੀਹ ਦਿੱਤੀ ਜਾਵੇਗੀ। ਦਰਖਾਸਤਾਂ ਇਸ ਪਤੇ ਤੇ ਭੇਜੋ। 'ਸਤਨਾਮ' ਰਾਹੀ ਮੈਨੇਜਰ[15]

ਇਸ ਤੋਂ ਪਤਾ ਲਗਦਾ ਹੈ ਕਿ ਜ਼ਿਆਦਾਤਰ ਇਸ਼ਤਿਹਾਰ ਵਿਧਵਾ ਵਿਆਹ ਲਈ *ਖਾਲਸਾ ਸਮਾਚਾਰ* ਵਿਚ ਸਿੱਖਾਂ ਵਲੋ ਦਿੱਤੇ ਜਾ ਰਹੇ ਹਨ ਤੇ ਕੁਝ ਕੁ ਇਸ਼ਤਿਹਾਰ ਅਜਿਹੇ ਵੀ ਸਨ ਜੋ ਬਿਨਾਂ ਕਿਸੇ ਜਾਤ ਪਾਤ ਦਾ ਵਿਤਕਰਾਂ ਕੀਤਿਆਂ ਵਿਆਹ ਕਰਾਉਣ ਲਈ ਦਿੱਤੇ ਗਏ ਸਨ। ਪਰ ਸਿੱਖਾਂ ਦੇ ਅਜਿਹੇ ਇਸ਼ਤਿਹਾਰ ਜਿਥੇ ਬਿਨਾਂ ਜਾਤ ਪਾਤ ਤੋਂ ਵਿਆਹ ਕਰਾਉਣ ਦੀ ਗੱਲ ਕਹੀ ਹੈ ਉਸ ਦੇ ਨਾਲ ਹੀ ਇਕ ਸ਼ਰਤ ਇਹ ਵੀ ਰੱਖੀ ਗਈ ਹੈ ਕਿ ਲੜਕੀ ਧਾਰਮਿਕ ਗਿਆਨ ਤੋਂ ਵਾਕਫ ਹੋਵੇ।[16] *ਖਾਲਸਾ ਸਮਾਚਾਰ* ਵਿਚ ਇਕ ਇਸ਼ਤਿਹਾਰ ਅਜਿਹਾ ਵੀ ਮਿਲਦਾ ਹੈ ਜਿਸ ਵਿਚ ਇਕ ਜੱਟ ਸਿੱਖ ਵਲੋ ਨੌਕਰੀ ਪੇਸ਼ੇ ਵਾਲਾ ਤੇ ਸੱਤ ਮੁਰਬਿਆਂ ਦਾ ਆਪਣੇ ਆਪ ਨੂੰ ਮਾਲਕ ਦੱਸ ਕੇ ਵਿਆਹ ਕਰਾਉਣ ਲਈ ਕੰਵਾਰੀ ਜਾਂ ਵਿਧਵਾ ਇਸਤਰੀ ਦੀ ਮੰਗ ਕੀਤੀ ਗਈ ਹੈ।[17] ਤੇ ਇੱਕ ਜੱਟ ਸਿੰਘ ਵਲੋਂ 70 ਕਿਲੇ ਜ਼ਮੀਨ ਦੀ ਮਾਲਕੀ ਦੱਸ ਕੇ ਕੰਵਾਰੀ ਜਾਂ ਵਿਧਵਾ ਦੀ ਮੰਗ ਕੀਤੀ ਗਈ ਸੀ।[18]

ਇਨ੍ਹਾਂ ਇਸ਼ਤਿਹਾਰਾਂ ਤੋਂ ਪਤਾ ਲਗਦਾ ਹੈ ਕਿ ਲਗਭਗ ਪੜ੍ਹੇ ਲਿਖੇ ਤੇ ਨੌਕਰੀ-ਪੇਸ਼ੇ ਵਾਲੇ, ਮਾਸਟਰ ਵਾਲੇ ਲੋਕ ਹੀ ਵਿਧਵਾ ਵਿਆਹ ਲਈ ਅੱਗੇ ਆ ਰਹੇ ਸਨ ਅਤੇ *ਖਾਲਸਾ ਸਮਾਚਾਰ* ਵਿਚ ਇਸ਼ਤਿਹਾਰ ਦੇ ਰਹੇ ਸਨ। ਜ਼ਿਆਦਾਤਰ ਵਿਧਵਾ ਵਿਆਹ ਲਈ ਇਸ਼ਤਿਹਾਰ ਮਰਦਾਂ ਵਲੋ ਦਿੱਤੇ ਗਏ ਸਨ। ਜਿਸ ਤੋਂ ਇਹ ਸਾਬਿਤ ਹੁੰਦਾ ਹੈ ਕਿ ਇਸਤਰੀਆਂ ਪੁਨਰ ਵਿਆਹ ਲਈ ਇਸ਼ਤਿਹਾਰ ਘੱਟ ਦੇ ਰਹੀਆਂ ਸਨ। ਇਨ੍ਹਾਂ ਇਸ਼ਤਿਹਾਰਾ ਤੋਂ ਇਹ ਵੀ ਸਪਸ਼ਟ ਹੁੰਦਾ ਹੈ ਕਿ ਬਿਨਾਂ ਬੱਚਿਆਂ ਦੇ ਵਿਧਵਾ ਨੂੰ ਦੁਬਾਰਾ ਵਿਆਹ ਲਈ ਜ਼ਿਆਦਾ ਸਵੀਕਾਰਿਆ ਗਿਆ ਸੀ। *ਖਾਲਸਾ ਸਮਾਚਾਰ* ਜੋ ਕਿ ਸਿੱਖਾਂ ਦਾ ਅਖਬਾਰ ਹੈ ਸੋ ਇਸ ਵਿਚ ਮੁੱਖ ਤੌਰ ਤੇ ਸਿੱਖ ਧਰਮ ਨਾਲ ਸੰਬੰਧਿਤ ਲੋਕ ਜ਼ਿਆਦਾ ਇਸ਼ਤਿਹਾਰ ਦੇ ਰਹੇ ਸਨ।

ਸਮਾਜਿਕ ਤੇ ਧਾਰਮਿਕ ਸੁਧਾਰ ਅੰਦੋਲਨ ਮੁੱਖ ਤੌਰ ਤੇ ਆਰੀਆ ਸਮਾਜ ਤੇ ਸਿੰਘ ਸਭਾ ਦੇ ਵਿਧਵਾ ਉਥਾਨ ਲਈ ਕੀਤੇ ਉਪਰਾਲਿਆਂ ਤੇ ਚਰਚਾ ਕੀਤੀ ਗਈ ਹੈ। *ਖਾਲਸਾ ਸਮਾਚਾਰ* ਵਿਚ ਆਰਿਆ ਸਮਾਜ ਨੂੰ ਲਿੰਗ ਸਮਾਨਤਾ ਦੀ ਵਕਾਲਤ ਕਰਦਾ ਦਸਿਆ ਗਿਆ ਹੈ। ਦਯਾਨੰਦ ਸਰਸਵਤੀ ਆਰੀਆ ਸਮਾਜ ਦੀ ਸ਼ੁਰੂਆਤ 10 ਅਪ੍ਰੈਲ 1875 ਨੂੰ ਕਾਠਿਆਵਾੜ ਵਿਚ ਕਰਦੇ ਹਨ। ਇਸਦੇ ਨਾਲ ਹੀ ਆਰੀਆ ਸਮਾਜ ਪੰਜਾਬ ਵਿਚ ਵੀ ਪੈਰ ਪਸਾਰ ਰਿਹਾ ਸੀ। 1877 ਵਿਚ ਦਯਾਨੰਦ ਸਰਸਵਤੀ ਨੇ ਲਾਹੌਰ ਵਿਖੇ

ਆਰੀਆ ਸਮਾਜ ਦੀ ਇਕ ਸ਼ਾਖਾ ਖੋਲੀ। ਪੰਜਾਬ ਦੇ ਹਿੰਦੂਆਂ ਅਤੇ ਸਿੱਖਾ ਨੇ ਦਯਾਨੰਦ ਦੀ ਆਵਾਜ਼ "ਬੈਕ ਟੂ ਵੈਦਾਸ" ਦਾ ਨਿੱਘਾ ਸਵਾਗਤ ਕੀਤਾ। ਜਿਸ ਨੇ ਮੂਲ ਧਰਮ ਦੀ ਸ਼ੁੱਧਤਾ ਤੇ ਜ਼ੋਰ ਦਿੱਤਾ ਅਤੇ ਹਿੰਦੂ ਧਰਮ ਵਿਚ ਪ੍ਰਚਲਿਤ ਸਾਰੇ ਝੂਠੇ ਵਿਸ਼ਵਾਸ਼ਾ ਅਤੇ ਪ੍ਰਥਾਵਾਂ ਨੂੰ ਰੱਦ ਕੀਤਾ। ਇਹ ਇਕ ਸ਼ੁੱਧ ਹਿੰਦੂ ਸੁਧਾਰ ਲਹਿਰ ਸੀ। ਇਸ ਦੇ ਸੰਸਥਾਪਕ ਔਰਤਾਂ ਦੇ ਅਧਿਕਾਰਾਂ ਦੇ ਮੋਢੀ ਸੀ। ਉਸ ਨੇ ਔਰਤਾਂ ਨੂੰ ਵੇਦਾਂ ਦਾ ਅਧਿਐਨ ਕਰਨ ਦੀ ਇਜ਼ਾਜਤ ਦਿੱਤੀ। ਉਨ੍ਹਾਂ ਨੇ ਬਾਲ ਵਿਧਵਾਵਾਂ ਦੀ ਬੁਰੀ ਹਾਲਤ ਦੀ ਨਿੰਦਾ ਕੀਤੀ।

ਆਰੀਆ ਸਮਾਜ ਬਾਰੇ 1909 ਈ. ਵਿਚ *ਖਾਲਸਾ ਸਮਾਚਾਰ* ਵਿਚ ਸਿੱਖਾਂ ਵਲੋਂ ਬਿਆਨ ਕੀਤਾ ਗਿਆ ਸੀ ਕਿ ਚੰਦਨ ਦੇ ਦਰਖਤ ਦੇ ਲਾਗੇ ਉੱਗਿਆ ਬੂਟਾ ਸੁਗੰਧੀ ਵਾਲਾ ਹੋ ਜਾਂਦਾ ਹੈ ਤੇ ਉਹ ਆਪਣੀ ਸੁਗੰਧੀ ਤੇ (ਜੋ ਉਸਦਾ ਜਾਤੀ ਗੁਣ ਨਹੀਂ) ਮਾਣ ਵੀ ਕਰ ਸਕਦਾ ਹੈ, ਪਰੰਤੂ ਜੇ ਉਹ ਇਸ ਸੁਗੰਧੀ ਨੂੰ ਆਪਣਾ ਜਾਤੀ ਗੁਣ ਪ੍ਰਗਟ ਕਰਦਾ ਹੋਇਆ ਚੰਦਨ ਦੀ ਸੁਗੰਧੀ ਤੋਂ ਇਨਕਾਰ ਕਰ ਦੇਵੇ ਤਾਂ ਉਹ ਸਿਆਣਿਆ ਦੀ ਨਜ਼ਰ ਵਿੱਚ ਮਾਨ ਪ੍ਰਾਪਤ ਨਹੀਂ ਕਰੂ। ਆਰੀਆ ਸਮਾਜ ਇਸਤਰੀ ਜਾਤੀ ਦੇ ਉਧਾਰ ਤੇ ਅਛੂਤ ਕੌਮਾਂ ਦੇ ਸੁਧਾਰ ਲਈ ਮਿਹਨਤ ਕਰ ਰਿਹਾ ਸੀ ਤੇ ਇਸ ਆਪਣੀ ਸਖ਼ਤ ਮਿਹਨਤ ਤੇ ਉਹ ਜਿੰਨਾ ਚਾਹੇ ਮਾਣ ਤੇ ਫ਼ਖਰ ਕਰੇ। ਪਰੰਤੂ ਇਹ ਇਸਤਰੀ ਜਾਤੀ ਦਾ ਉਧਾਰ ਤੇ ਅਛੂਤ ਕੌਮਾਂ ਦਾ ਸੁਧਾਰ ਉਨ੍ਹਾਂ ਦੀ ਆਪਣੀ ਸੋਚ ਨਹੀਂ, ਇਹ ਸਿੱਖਾਂ ਦੀ ਸੰਗਤ ਦੇ ਅਸਰ ਦਾ ਫਲ ਹੈ, ਸੋ ਜੇ ਕਦੀ ਲਾਲਾ ਹੰਸਰਾਜ ਜੀ ਆਪਣੇ ਇਸ ਮਿਹਨਤ ਦੀ ਹੈਂਕੜ ਵਿੱਚ ਅੱਜ ਇਹ ਦਾਵਾ ਕਰਦੇ ਹਨ ਕਿ ਸੁਆਮੀ ਦਯਾਨੰਦ ਤੋਂ ਪਹਿਲਾਂ ਇਸਤਰੀ ਜਾਤੀ ਦੇ ਸੁਧਰ ਦੀ ਕਿਸੇ ਆਵਾਜ਼ ਨਹੀਂ ਉਠਾਈ ਤੇ ਐਸਾ ਕਰਨ ਵਿੱਚ ਸਿੱਖਾਂ ਦੇ ਕੰਮ ਦਾ ਤ੍ਰਿਸਕਾਰ ਕਰਨ ਤਾਂ ਇਹ ਉਨ੍ਹਾ ਦੀ ਭੁਲ ਹੈ। ਪੁਰਾਨ ਤੇ ਵੇਦ ਜੋ ਖਿਆਲ ਇਸਤਰੀ ਜਾਤੀ ਤੇ ਸ਼ੂਦਰਾਂ ਦੀ ਬਾਬਤ ਪ੍ਰਗਟ ਕਰਦੇ ਹਨ ਉਹ ਕਿਸੇ ਟੀਕਾ ਦੇ ਮੁਥਾਜ਼ ਨਹੀਂ ਕਿੰਤੂ ਆਰੀਆ ਸਮਾਜ ਦੇ ਬਾਨੀ ਸਵਾਮੀ ਦਯਾਨੰਦ ਜੀ ਨੇ ਜਿਸ ਤਰ੍ਹਾਂ ਨਾਲ ਕਲਮ (ਉਨੀਵੀਂ ਸਦੀ ਵਿੱਚ) ਇਸਤਰੀ ਜਾਤੀ ਤੇ ਸ਼ੂਦਰਾਂ ਦੇ ਸੰਬੰਧ ਵਿੱਚ ਚਲਾਈ ਸੀ। ਉਹ ਟੀਕਾ ਦੀ ਮੁਥਾਜ ਨਹੀਂ ਅਤੇ ਉਹ ਜ਼ਿੰਦਾ ਸਬੂਤ ਸੀ ਕਿ ਇਸਤਰੀ ਜਾਤੀ ਦਾ ਸੁਧਾਰ ਉਨ੍ਹਾ ਦਾ ਆਪਣਾ ਖਿਆਲ ਨਹੀਂ ਸੀ।[19] ਇਸ ਤੋਂ ਪ੍ਰਤੀਤ ਹੁੰਦਾ ਹੈ ਕਿ ਸਿੱਖ ਮੰਨਦੇ ਸਨ ਕਿ ਆਰੀਆ ਸਮਾਜ ਜੋ ਇਸਤਰੀ ਜਾਤੀ ਦੇ ਸੁਧਾਰ ਦੀ ਗਲ ਕਰ ਰਿਹਾ ਉਹ ਸਿੱਖਾਂ ਦੇ ਪ੍ਰਭਾਵ ਦਾ ਅਸਰ ਸੀ।

ਕੁਝ ਥਾਵਾਂ ਤੇ *ਖਾਲਸਾ ਸਮਾਚਾਰ* ਵਿਚ ਆਰੀਆ ਸਮਾਜੀਆਂ ਦੇ ਕੰਮਾਂ ਦੀ ਪ੍ਰਸੰਸਾ ਵੀ ਕੀਤੀ ਗਈ ਸੀ ਕਿ ਲਾਹੌਰ ਦੀ ਇਸਤਰੀ ਆਰੀਆ ਸਮਾਜ ਦਾ ਮੰਦਰ ਇਸਤਰੀਆਂ ਨੇ ਆਪ ਰੁਪਇਆ ਇਕੱਠਾ ਕਰਕੇ ਬਣਾਇਆ ਸੀ, ਜਿਸ ਉਤੇ 15000 ਰੁਪਏ ਖਰਚਾ ਹੋਇਆ ਸੀ ਇਹ ਸਾਰਾ ਇਸਤਰੀਆਂ ਦਾ ਪੁਰਸ਼ਾਰਥ ਸੀ, ਮਰਦਾਂ ਦਾ ਇਸ ਵਿੱਚ ਕੁਝ ਹਿੱਸਾ ਨਹੀਂ, ਇਸ ਮੰਦਰ ਵਿੱਚ ਇਸਤਰੀ ਸਮਾਜ ਦੇ ਸਪਤਾਹਕ ਜਲਸੇ ਬੜੀ ਧੂਮ ਧਾਮ ਨਾਲ ਹੁੰਦੇ ਸਨ। ਇਸਤਰੀਆਂ ਦੇ ਉਤਸ਼ਾਹ ਦਾ ਇਥੋ ਪਤਾ ਲੱਗਦਾ ਸੀ ਕਿ ਕਦੇ ਵੀ 300 ਤੋਂ ਘੱਟ ਇਸਤਰੀਆਂ ਸਮਾਗਮ ਵਿੱਚ ਨਹੀਂ ਹੁੰਦੀਆਂ, ਇਹ ਆਰੀਆ ਸਮਾਜ ਨੇ ਇਕ ਵਿਧਵਾ ਪਾਠਸ਼ਾਲਾ ਵੀ ਚਲਾਈ ਹੋਈ ਸੀ ਜਿਸ ਵਿੱਚ ਅੱਜ ਕੱਲ 30 ਵਿਧਵਾ ਇਸਤਰੀਆਂ ਵਿਦਿਆ ਪਾਉਂਦੀਆਂ ਸਨ। ਇਨ੍ਹਾ ਨੂੰ ਇਸਤਰੀ ਸਮਾਜ 8 ਫ੍ਰੀ ਇਸਤਰੀ ਵਜੀਫੇ ਵੀ ਦਿੰਦਾ ਸੀ ਹੁਣ ਇਹ ਇਸਤਰੀ ਸਮਾਜ ਇਕ ਕੰਨਿਆ ਆਸ਼ਰਮ ਵੀ ਖੋਲਣ ਵਾਲੀ ਸੀ ਅਤੇ ਖਿਆਲ ਹੈ ਕਿ ਇਹ ਇਕਵੀਆਂ ਆਸ਼ਰਮ ਹੋਵੇਗਾ। ਇਸ ਵਿੱਚ ਬਾਹਰ ਦੀਆਂ ਲੜਕੀਆਂ ਵਾਸਤੇ ਵਿਦਿਆ ਅਤੇ ਰਿਹਾਇਸ਼ ਦਾ ਪ੍ਰਬੰਧ ਹੋਵੇਗਾ ਅੱਗੇ ਲਾਹੌਰ ਵਿੱਚ ਇਕ ਆਰਯਾ ਕੰਨਿਆ ਪਾਠਸ਼ਾਲਾ ਇਸੇ ਇਸਤਰੀ ਸਮਾਜ ਦੀ ਛਤਰ ਛਾਇਆ ਹੇਠ ਚਲ ਰਹੀ ਸੀ ਜਿਸ ਵਿੱਚ 300 ਲੜਕੀਆਂ ਪੜ੍ਹਦੀਆਂ ਸਨ ਅਤੇ ਇਸ ਦਾ ਪ੍ਰਬੰਧ ਅਤੀ ਉਤਮ ਸੀ ਅਜੇ ਪਰਸੋਂ ਦੀ ਗੱਲ ਸੀ ਕਿ ਇਸ ਪਾਠਸ਼ਾਲਾ ਲਈ ਸਮਾਜ ਨੇ ਚੋਖੀ ਰਕਮ ਲਾਹੌਰ ਦੀ ਮਯੂਨੀਸਿਪਲ ਕਮੇਟੀ ਪਾਸੋ ਸਹਾਯਤਾ ਲਈ ਹੈ।[20] ਇਸ ਤਰ੍ਹਾਂ *ਖਾਲਸਾ ਸਮਾਚਾਰ* ਵਿਚ ਕੁਝ ਕੁ ਥਾਵਾਂ ਤੇ ਆਰੀਆ ਸਮਾਜ ਦੇ ਵਿਧਵਾ ਦੇ ਅਤੇ ਆਰੀਆ ਸਮਾਜ ਦੇ ਇਸਤਰੀ ਵਿੰਗ ਦੁਆਰਾ ਸੁਧਾਰ ਨੂੰ ਲੈ ਕੇ ਜੋ ਕੰਮ ਕੀਤੇ ਗਏ ਉਨ੍ਹਾਂ ਦੀ ਪ੍ਰਸੰਸਾ ਕਰਨ ਤੋਂ ਸੰਕੋਚ ਨਹੀਂ ਕੀਤਾ ਗਿਆ।

1930 ਦੇ ਵੇਰਵੇ ਤੋਂ ਪਤਾ ਲਗਦਾ ਹੈ ਕਿ ਆਰੀਆ ਸਮਾਜ ਨੇ 23 ਅਨਾਥਾਲਯ (ਯਤੀਮ ਖਾਨੇ), 1 ਅੰਧ ਵਿਦਯਾਲਯ (ਅੰਧਯਾ ਦਾ ਸਕੂਲ) ਅੰਮ੍ਰਿਤਸਰ ਇਹ ਆਸ਼ਰਮ ਲਾਲ ਘਨਈਆ ਲਾਲ ਦੇ ਮੰਡੂਏ ਦੇ ਸਾਹਮਣੇ ਹੈ। ਇਹ ਦੇਖਣ ਯੋਗ ਅਦੁੱਤੀ ਆਸ਼ਰਮ ਹੈ ਸਿੱਖਾਂ ਦੇ ਖਾਸ ਸਿਖਿਆ ਲੈਣ ਯੋਗ ਹੈ)। 47 ਵਿਧਵਾ ਆਸ਼ਰਮ, 11 ਪ੍ਰੈਸ (ਛਾਪੇ ਖਾਨੇ), 37 ਸਮਾਚਾਰ ਪਤ੍ਰ ਤੇ ਮਾਸਕ ਪੱਤਰ, 49 ਪੁਸਤਕਾਲਯ (ਲਾਇਬ੍ਰੇਰੀਆਂ), (ਇਨਾ ਤੋਂ ਬਿਨਾਂ ਹਰ ਇਕ ਸਮਾਜ ਨਾਲ 1 ਲਾਇਬ੍ਰੇਰੀ ਹੈ) ਇਸ ਤੋਂ ਪਤਾ ਚੱਲਦਾ ਸੀ ਕਿ ਆਰੀਆ ਸਮਾਜ ਵਿਚ ਇਸਤਰੀਆਂ ਖੁਦ ਲਈ ਵੀ ਆਸ਼ਰਮ ਖੋਲ ਰਹੀਆਂ ਸਨ ਤੇ ਆਰੀਆ ਸਮਾਜ 1930 ਤੱਕ 47 ਵਿਧਵਾ ਆਸ਼ਰਮ ਖੋਲ ਚੁੱਕਿਆ ਸੀ। *ਖਾਲਸਾ ਸਮਾਚਾਰ* ਵਲੋਂ ਕੀਤੇ ਇਸਤਰੀ ਸੁਧਾਰਾ ਦੇ ਕੰਮਾਂ ਨੂੰ ਸਿੱਖ ਧਰਮ ਦੇ ਪ੍ਰਭਾਵ ਦਾ ਨਤੀਜਾ ਦਸਦਾ ਹੈ ਪਰ ਕੁਝ ਥਾਵਾਂ ਤੇ ਆਰੀਆ ਸਮਾਜ ਦੇ ਕੰਮਾਂ ਦੀ ਸ਼ਲਾਘਾ ਲਈ ਉਨ੍ਹਾਂ ਦੇ ਇਸਤਰੀਆਂ ਲਈ ਕੀਤੇ ਗਏ ਕਾਰਜਾਂ ਨੂੰ ਵੀ ਪੇਸ਼ ਕੀਤਾ ਗਿਆ ਸੀ। ਆਰੀਆ ਸਮਾਜ ਦੇ ਨਾਲ ਨਾਲ ਸਿੰਘ ਸਭਾ ਦੁਆਰਾ ਕੀਤੇ ਕੰਮਾਂ ਦੀ ਪ੍ਰਸ਼ੰਸਾ ਕਰਦਾ ਹੈ। ਸਿੰਘ ਸਭਾ ਲਹਿਰ ਇਕ ਸਿੱਖ ਲਹਿਰ ਸੀ ਜੋ ਪੰਜਾਬ ਵਿਚ 1870 ਈ. ਵਿਚ ਈਸਾਈਆਂ, ਹਿੰਦੂਆਂ ਅਤੇ ਮੁਸਲਮਾਨਾਂ ਦੀਆਂ ਧਾਰਮਿਕ ਗਤੀਵਿਧੀਆਂ ਦੇ ਪ੍ਰਤੀ ਕਰਮ ਵਜੋਂ ਸ਼ੁਰੂ ਹੋਈ ਸੀ ਸਿੱਖ ਧਰਮ ਨੂੰ ਮਜਬੂਤ ਕਰਨ ਲਈ ਠਾਕੁਰ ਸਿੰਘ ਸੰਧਾਵਾਲੀਆਂ ਅਤੇ ਗਿਆਨੀ ਗਿਆਨ ਸਿੰਘ ਦੀ ਅਗਵਾਈ ਵਿਚ ਪ੍ਰਮੁੱਖ ਸਿੱਖਾਂ ਦੇ ਇਕ ਛੋਟੇ ਸਮੂਹ ਨੇ 1 ਅਕਤੂਬਰ 1873 ਈ. ਨੂੰ ਅੰਮ੍ਰਿਤਸਰ ਦੀ ਸਿੰਘ ਸਭਾ ਦੀ ਸਥਾਪਨਾ ਕੀਤੀ। ਇਸ ਦਾ ਮੁੱਖ ਉਦੇਸ਼ ਸਿੱਖ ਗੁਰੂਆਂ ਦੀਆਂ ਸਿੱਖਿਆਵਾਂ ਨੂੰ ਮੁੜ ਸੁਰਜੀਤ ਕਰਨਾ ਤੇ ਧਾਰਮਿਕ ਸਾਹਿਤ ਦੀ ਰਚਨਾ ਕਰਨਾ ਸੀ।[21]

ਸਿੰਘ ਸਭਾ ਦੁਆਰਾ ਵਿਧਵਾ ਵਿਆਹ, ਇਸਤਰੀ ਦੀ ਸਿੱਖਿਆ ਤੇ ਵਿਧਵਾ ਆਸ਼ਰਮ ਖੋਲਣ ਤੇ ਵੀ ਧਿਆਨ ਦਿੱਤਾ ਗਿਆ। 1908 ਈ. 'ਚ *ਖਾਲਸਾ ਸਮਾਚਾਰ* ਵਿੱਚ ਕੁਝ ਉਦਾਹਰਨਾ ਮਿਲਦੀਆਂ ਹਨ। ਵਿਧਵਾ ਆਸ਼ਰਮਾਂ ਨੇ ਔਰਤਾਂ ਨੂੰ ਕਈ ਤਰ੍ਹਾਂ ਦੇ ਹੁਨਰ ਪ੍ਰਦਾਨ ਕਰਨੇ ਸ਼ੁਰੂ ਕਰ ਦਿੱਤੇ ਸਨ। ਇਨ੍ਹਾਂ ਆਸ਼ਰਮਾਂ ਨੇ ਵਿਧਵਾ ਨੂੰ ਕਪੜੇ, ਸਿਲਾਈ ਕਢਾਈ ਦਾ ਕੰਮ ਸ਼ਿਲਪਕਾਰੀ ਦੇ ਹੁਨਰ ਦੀ ਸਿਖਲਾਈ ਦਿੱਤੀ ਸੀ। ਇਨ੍ਹਾਂ ਸੰਸਥਾਵਾਂ ਦੀ ਮਦਦ ਕਰਨਾ ਸਮਾਜ ਲਈ ਚੰਗਾ ਕੰਮ ਸੀ।[22] *ਖਾਲਸਾ ਸਮਾਚਾਰ* ਵਿਧਵਾ ਪੁਨਰ ਵਿਆਹ ਦੀ ਪ੍ਰਸ਼ੰਸਾ ਵੀ ਕਰਦਾ ਹੈ। ਜਿਵੇਂ

> 1916 ਵਿਚ ਸ਼੍ਰੀ ਮਾਨ ਭਾਈ ਲਹੌਰਾ ਸਿੰਘ ਜੀ ਦੇ ਛੋਟੇ ਭਰਤਾਂ ਭਾਈ ਤੇਜਾ ਸਿੰਘ ਜੀ ਦੇ ਅਨੰਦ ਵਿਆਹ ਦੇ ਹੋਣ ਦੀ ਖਬਰ ਪਿਛਲੇ ਹਫਤੇ ਦਿੱਤੀ ਗਈ ਸੀ, ਇਸ ਵਿਆਹ ਵਿੱਚ ਇਹ ਗੱਲ ਹੋਰ ਵੀ ਹਰਸ਼ ਜਨਕ ਸੀ ਕਿ ਇਹ ਵਿਆਹ ਇਕ ਵਿਧਵਾ ਨਾਲ ਕੀਤਾ ਗਿਆ ਸੀ ਤੇ ਅੰਮ੍ਰਿਤਸਰ ਦੇ ਹਰ ਸ਼੍ਰੇਣੀ ਦੇ ਆਦਮੀਆਂ ਨੇ ਇਸ ਵਿੱਚ ਹਿੱਸਾ ਲਿਆ ਸੀ। ਜਿਸਤੋਂ ਮਲੂਮ ਹੁੰਦਾ ਹੈ ਕਿ ਸਿੱਖਾਂ ਦੇ ਇਸ ਸੁਧਾਰ ਨੂੰ ਸਾਰੇ ਪਸੰਦ ਕਰਦੇ ਹਨ। ਭਾਈ ਲਹੋਰਾ ਸਿੰਘ ਜੀ ਦੀ ਇਖਲਾਕੀ ਦਲੇਰੀ ਧੰਨਤਾ ਦੇ ਜੋਗ ਸੀ।[23]

1908 ਈ. 'ਚ *ਖਾਲਸਾ ਸਮਾਚਾਰ* ਵਿਚ ਇਕ ਕਵੀ ਦੀਆਂ ਸਤਰਾਂ ਤੋਂ ਸਪਸ਼ਟ ਹੁੰਦਾ ਹੈ ਕਿ ਵਿਧਵਾ ਇਸਤਰੀਆਂ ਦੇ ਲਈ ਆਸ਼ਰਮ ਖੋਲਣ ਤੇ ਉਨ੍ਹਾਂ ਨੂੰ ਵਿਦਿਆ ਦਾ ਗਿਆਨ ਤੇ ਵਜੀਫੇ ਵੀ ਮਿਲਣ ਲੱਗੇ ਸੀ। ਜਿਸ ਨਾਲ ਉਨਾਂ ਦੀ ਜ਼ਿੰਦਗੀ ਪਹਿਲਾ ਨਾਲੋਂ ਕੁਝ ਚੰਗੀ ਹੋਈ ਹੈ।

> ਇਕ ਖੋਲਿਆ ਵਿਧਵਾ ਲਈ ਆਸ਼੍ਰਮ ਪ੍ਰਭੂ ਦੇ ਨਾਮ ਤੇ
> ਹੈ ਟੇਕ ਤੇਰੀ ਖਾਲਸਾ ਤਕੀਆਂ ਗੁਰੂ ਦੀ ਸ਼ਾਮ ਤੇ
> ਸਿੱਖਿਆ ਮਿਲੇ ਹੈ ਐਕੁਰਾਂ, ਆਪੋ ਕਮਾਈ ਕਰ ਲਵੇ
> ਵਿੱਦਿਆ ਮਿਲੇ ਹੈ ਸੋਹਣੀ ਘਟ ਦੀਪ ਨਾਲ ਜਗਾ ਲਵੇ
> ਸਾਲੇ ਵਜੀਫਾ ਮਿਲੇ ਹੈ, ਸਤਸੰਗ ਹੋਵੇ ਨਾਲ ਹੈ

ਪੁੰਝੇ ਗਏ ਹਨ ਅੱਥਰੂ, ਹੈ ਹਾਲ ਕੁਝ ਖੁਸ਼ਹਾਲ ਹੈ।[24]

1908 ਈ. *ਖਾਲਸਾ ਸਮਾਚਾਰ* ਵਿੱਚ ਸਪੱਸ਼ਟ ਕੀਤਾ ਗਿਆ ਹੈ ਕਿ ਚੀਫ ਖਾਲਸਾ ਦੀਵਾਨ ਦੀ ਆਗਿਆ ਅਨੁਸਾਰ ਕਮੇਟੀ ਬਣਾਈ ਗਈ ਅਤੇ ਕਮੇਟੀ ਨੇ ਆਪਣੇ ਸਿਰ ਭਰ ਭਾਰ ਇਸ ਕੰਮ ਦਾ ਚੁੱਕ ਲਿਆ ਜਿਸ ਤਰ੍ਹਾਂ ਕਿ ਆਸ਼ਰਮ ਖੋਲਿਆ ਸੀ। ਜਿਸਤੋਂ ਸਾਨੂੰ ਕੁਝ ਪਰਵਾਸ ਆਇਆ ਕਿ ਅਕਾਲ ਪੁਰਖ ਨੇ ਸਾਡੀ ਅਨਾਥਾਂ ਦੀ ਵੀ ਪੁਕਾਰ ਸੁਣੀ ਸੀ। ਸਾਨੂੰ ਵੱਡੀ ਖੁਸ਼ੀ ਇਹ ਹੋਈ ਕਿ ਇਸਦੇ ਖੋਲਨੇ ਦੀ ਰਸਮ, ਭਰੇ ਦੀਵਾਨ ਤ੍ਰੀਮਤਾਂ ਵਿੱਚ ਜੋ ਮਰਦਾਂ ਦੇ ਦੀਵਾਨ ਤੋਂ ਪਿਛੇ ਹੋਇਆ ਸੀ। ਉਨ੍ਹਾ ਮਾਈਆਂ ਨੇ ਕੀਤੀ ਹੈ ਜੋ ਆਪ ਵੀ ਵਿਧਵਾ ਸਨ ਅਤੇ ਧਰਮ ਤੇ ਧਨ ਦੇ ਕਾਰਨ ਪਤੀ ਦੇ ਵਿਛੋੜੇ ਦੇ ਦੁੱਖ ਨੂੰ ਭਾਵੇਂ ਸਹਿ ਰਹੀਆਂ ਹਨ ਪਰ ਪੇਟ ਦੇ ਦੁੱਖ ਤੋਂ ਪਰਲੇ ਪਾਰ ਹਨ। ਮਾਈਆਂ ਦੁਆਰਾ ਸਥਾਪਿਤ ਆਸ਼ਰਮ ਦੀ ਪੂਰਨ ਜ਼ੋਰ ਤੇ ਪ੍ਰਸੰਸਾ ਕੀਤੀ ਗਈ ਸੀ ਇਹ ਆਸ਼ਰਮ ਦਾ ਉਦਘਾਟਨ ਵੀ ਮਾਈਆਂ ਨੇ ਆਪ ਕੀਤਾ ਸੀ। ਜੋ ਕੀ ਆਪਣੇ ਆਪ ਵਿੱਚ ਇੱਕ ਪਹਿਲ ਕਦਮੀ ਸੀ। *ਖਾਲਸਾ ਸਮਾਚਾਰ* ਵਿੱਚ ਉਨ੍ਹਾਂ ਸਾਰੀਆਂ ਸ਼੍ਰੇਸਟ ਮਾਈਆਂ ਦੇ ਨਾਮ ਦੱਸੇ ਗਏ ਸਨ। ਜਿਵੇਂ ਪਹਿਲੇ ਪ੍ਰਸਿੱਧ ਸੰਤ ਅੱਤਰ ਸਿੰਘ ਜੀ ਦੀ ਮਾਈ, ਭਾਈ ਸੰਤ ਸਿੰਘ ਜੀ ਦੀ ਮਾਤਾ, ਭਾਈ ਹਰਨਾਮ ਸਿੰਘ ਸੁਦਾਗਰ ਦੀ ਪਤਨੀ, ਜਵਾਹਰ ਸਿੰਘ ਜੀ ਠੇਕੇਦਾਰ ਦੀ ਸੁਪਤਨੀ ਅਤੇ ਮਸ਼ਹੂਰ ਡਾਕਟਰ ਜੈ ਸਿੰਘ ਦੀ ਸੁਪਤਨੀ ਨੇ ਸਾਥ ਦੇਣ ਦੀ ਸੇਵਾ ਨੂੰ ਅੰਗੀਕਾਰ ਕੀਤਾ। ਇਸ ਬਾਤ ਤੋਂ ਬਾਬਤ ਹੈ ਕਿ ਪੰਥ ਵਿੱਚ ਸਾਡੀ ਹਮਦਰਦੀ ਲਈ *ਖਾਲਸਾ ਸਮਾਚਾਰ* ਲਿਖਦਾ ਹੈ ਕਿ ਐਸੇ ਉਚ ਘਰਾਨਿਆਂ ਦੀਆਂ ਮਾਈਆਂ ਮੌਜੂਦ ਸਨ ਫੇਰ ਚੀਫ ਖਾਲਸਾ ਦੀਵਾਨ ਦਾ ਮਨੋਰਥ ਕਿਉਂ ਨਾ ਪੂਰਾ ਹੋਵੇਗਾ ਸਾਨੂੰ ਭਰੋਸਾ ਹੈ ਕਿ ਸਾਡੀ ਅਤੀ ਨੀਵੀਂ ਡਿੱਗੀ ਹੋਈ ਦਸ਼ਾ ਨੂੰ ਦੇਖਨ ਵਾਲੇ ਸਜਨ ਚੀਫ ਖਾਲਸਾ ਦੀਵਾਨ ਦਾ ਹੱਥ ਵਟਾਉਣਗੇ।[25] ਨਾਮੀ ਔਰਤਾਂ ਦੇ ਉਪਰਾਲੇ ਦੇਖ ਕੇ, ਲੋਕ ਨੂੰ ਵਿਧਵਾ ਬਹਿਤਰੀ ਵਲ ਪ੍ਰੇਰਿਤ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਤਾਂ ਕਿ ਹੋਰ ਲੋਕ ਵੀ ਇਸ ਤੋਂ ਪ੍ਰੇਰਿਤ ਹੋਣ ਅਤੇ ਇਸ ਪਾਸੇ ਸੋਚਣ 1926 ਈ. 'ਚ *ਖਾਲਸਾ ਸਮਾਚਾਰ* ਵਿੱਚ ਛਪੇ ਲੇਖ ਵਿੱਚ ਸਕਤ੍ਰੂ ਸਾਹਿਬ ਵਿਧਵਾ ਵਿਆਹ ਸਹਾਇਕ ਸਭਾ ਲਾਹੌਰ ਇਤਲਾਹ ਦਿੰਦੇ ਹਨ ਕਿ ਉਪਰੋਕਤ ਸਭਾ, ਉਸਦੀਆਂ ਅੱਡ ਅੱਡ ਸ਼ਾਖਾ, ਇਸੇ ਹੀ ਢੰਗ ਦਾ ਕੰਮ ਕਰਨ ਵਾਲੀਆਂ ਹੋਰ ਸਭਾਵਾਂ ਤੇ ਇਕੜ ਦੁਕੜ ਕੰਮ ਕਰਨ ਵਾਲਿਆਂ ਦੀ ਤਰਫੋਂ ਮਹੀਨਾ ਮਈ 1925 ਵਿੱਚ 113 ਵਿਧਵਾ ਵਿਆਹਾਂ ਦੀਆਂ ਰਿਪੋਰਟਾਂ ਪੁੱਜੀਆਂ ਸਨ, ਇਹ ਸ਼ਾਮਲ ਕਰਕੇ ਇਸ ਸਾਲ ਅਰਥਾਤ 1 ਜਨਵਰੀ ਤੋਂ ਅਖੀਰ ਮਈ 1925 ਤੱਕ ਕੁੱਲ 166 ਪੁਨਰ ਵਿਆਹਾਂ ਦੀਆਂ ਰਿਪੋਰਟਾਂ ਪੁੱਜ ਚੁੱਕੀਆਂ ਸਨ, ਜਿਨ੍ਹਾ ਦਾ ਵੇਰਵਾ ਇਸ ਪ੍ਰਕਾਰ ਸੀ। ਬ੍ਰਾਹਮਣ 161, ਖੱਤਰੀ 213, ਅਰੋੜਾ 167, ਅਗਰਵਾਲ 35, ਕਾਇਮਥ 21, ਰਾਜਪੂਤ 63, ਸਿੱਖ 63, ਮਤਫਰਕ 143, ਜੋੜ 8661 ਸੂਬਿਆਂ ਵਾਰ ਵੇਰਵਾ ਇਸ ਤਰ੍ਹਾਂ ਹੈਖ਼ ਪੰਜਾਬ ਛੇ ਸ਼ਾਮਲ ਸਰਹੱਦੀ ਸੂਬਾ 689 ਸਿੰਧ, 13 ਦਿੱਲੀ, ਦਾ ਯੂ.ਪੀ 114, ਬੰਗਾਲ 18, ਮਦਰਾਸ 3, ਬੰਬਈ 2, ਸੰਯੁਕਤ ਪ੍ਰਾਂਤ1, ਹੈਦਰਾਬਾਦ ਦੱਖਨ 1।[26] ਇਸ ਖੋਜ ਤੋਂ ਪਤਾ ਲੱਗਦਾ ਹੈ ਕਿ ਸਿੱਖਾਂ ਵਲੋਂ ਵਿਧਵਾ ਵਿਆਹ ਨੂੰ ਉਤਸਾਹਿਤ ਕੀਤਾ ਜਾ ਰਿਹਾ ਸੀ ਤੇ ਵੱਖ ਵੱਖ ਸਭਾਵਾ ਰਾਹੀਂ ਲੋਕਾਂ ਨੂੰ ਵਿਧਵਾ ਵਿਆਹ ਕਰਾਉਣ ਲਈ ਪ੍ਰੇਰਿਤ ਕੀਤਾ ਜਾ ਰਿਹਾ ਸੀ।

ਪੰਜਾਬ ਸ਼ਾਦੀ ਸਹਾਇਕ ਸਭਾ, ਅੰਮ੍ਰਿਤਸਰ ਦੇ ਰਾਹੀਂ ਕਰਵਾਏ ਗਏ ਵਿਧਵਾ ਪੁਨਰ ਵਿਆਹਾਂ ਦੀ ਪ੍ਰਸ਼ੰਸਾ ਕੀਤੀ ਗਈ ਤਾਂ ਕਿ ਹੋਰ ਸਮਾਜ ਸੁਧਾਰਕ ਸਭਾਵਾਂ ਇਸ ਵੱਲ ਆਪਣੇ ਕਦਮ ਵਧਾਉਣ ਉਦਾਹਰਣ ਦੇ ਤੌਰ ਤੇ 11 ਜੁਲਾਈ 1931 ਈ. ਨੂੰ ਐਤਵਾਰ ਵਾਲੇ ਦਿਨ ਇਕ ਹੋਰ ਵਿਧਵਾ ਲੜਕੀ ਦਾ ਅਨੰਦ ਕਰਵਾ ਦਿੱਤਾ ਗਿਆ ਸੀ। ਅਨੰਦ ਕਾਰਜ ਦੀ ਰਸਮ ਸਭਾ ਦੇ ਦਫਤਰ ਵਿੱਚ ਪੂਰੀ ਕੀਤੀ ਗਈ। ਧਰਮ ਕਾਰਜਾਂ ਲਈ ਮਾਇਆ ਅਰਦਾਸ ਕਰਾਈ ਗਈ।ਪੰਥ ਪ੍ਰਸਿੱਧ ਰਾਗੀ ਭਾਈ ਸਾਹਿਬ ਥਾਵਰ ਸਿੰਘ ਜੀ ਦੇ ਛੋਟੇ ਭਰਤਾ ਭਾਈ ਨਰੈਣ ਸਿੰਘ ਜੀ ਦਾ ਪੁਨਰ ਵਿਆਹ ਬੀਬੀ ਰਾਮ ਕੌਰ ਨਾਲ ਤਾਰੀਖ 21-11-31 ਮੁਤਾਬਕ 14 ਮੱਘਰ ਐਤਵਾਰ ਦੇ ਦਿਨ 4 ਵਜੇ ਹੋਇਆ। ਭਾਈ ਸਾਹਿਬ ਵੱਲੋਂ ਅਨੰਦ ਕਾਰਜ ਦੀ ਖੁਸ਼ੀ ਵਿੱਚ 25

ਦਮੜੇ ਧਾਰਮਿਕ ਕਾਲਜਾਂ ਲਈ ਕੱਢੇ ਜਿਨ੍ਹਾ ਵਿਚੋਂ 211 ਅਖਬਾਰਾਂ ਨੂੰ ਅਰਦਾਸ ਹੋਈ ਜੋੜੀ ਚਿੰਰਜੀਵ ਹੋਵੇ। ਪਿਸ਼ਾਵਰ ਵਿੱਚ ਵਿਧਵਾ ਵਿਆਹ ਰਸਮ ਬੰਦ ਹੋਣ ਦੇ ਕਾਰਨ ਕਈ ਵਿਧਵਾ ਭੈਣਾਂ ਦੇ ਹੋਉਕੇ ਬਰਾਦਰੀ ਦੇ ਆਗੂਆਂ ਦੇ ਦਿਲਾਂ ਤੇ ਬੋਝ ਸੀ। ਉਨ੍ਹਾਂ ਵੱਲੋਂ ਇਕ ਸਰਹੱਦੀ ਖਾਲਸਾ ਦੀਵਾਨ ਕਾਇਮ ਕੀਤਾ ਗਿਆ, ਜਿਸ ਵਿੱਚ ਸਰਹੱਦੀ ਸਾਰੇ ਜਿਲਿਆਂ ਦੇ ਚੋਣਵੇਂ ਸੱਜਣ ਮੈਂਬਰ ਲਏ ਗਏ ਤੇ ਜਿਨ੍ਹਾਂ ਦੇ ਹੱਥ ਵਿੱਚ ਕਈ ਜਰੂਰੀ ਕੰਮਾਂ ਤੋਂ ਛੁੱਟ ਇਹ ਇਕ ਖਾਸ ਕੰਮ ਵਿਧਵਾ ਵਿਆਹ ਦਾ ਦਿੱਤਾ ਗਿਆ। ਸਰਹੱਦੀ ਖਾਲਸਾ ਦੀਵਾਨ ਵਲੋਂ ਵਿਧਵਾ ਵਿਵਾਹ ਸੰਬੰਧੀ ਟ੍ਰੈਕਟ ਵੀ ਕਾਫੀ ਗਿਣਤੀ ਵਿੱਚ ਛਪਵਾਕੇ ਵੰਡੇ ਗਏ ਸਨ ਇਸ ਉਕਤ ਅਨੰਦ ਕਾਰਜ ਦੀ ਕਾਮਯਾਬੀ ਦਾ ਸਿਹਰਾ ਭੀ ਸਰਹੱਦੀ ਖਾਲਸਾ ਦੀਵਾਨ ਦੇ ਮੁੱਖੀਆਂ ਦੇ ਸਿਰ ਸੀ, ਗੁਰੂ ਬਾਬਾ ਸਰਹੱਦੀ ਖਾਲਸਾ ਦੀਵਾਨ ਨੂੰ ਇਸ ਮਨੋਰਥ ਵਿੱਚ ਪੂਰੀ ਪੂਰੀ ਸਫਲਤਾ ਬਖਸ਼ੇ।[27] ਸਿੰਘ ਸਭਾ ਵਿਧਵਾ ਤੇ ਪੁਨਰ ਵਿਵਾਹ ਦੇ ਨਾਲ ਨਾਲ ਵਿਧਵਾ ਆਸ਼ਰਮ ਖੋਲਣ ਤੇ ਵੀ ਜ਼ੋਰ ਦੇ ਰਹੇ ਸੀ।

ਇਸ ਤਰ੍ਹਾਂ ਜੋ ਵਿਧਵਾ ਆਸ਼ਰਮ ਖੋਲਣ ਵਾਸਤੇ ਮਾਇਆ ਦੀ ਸਹਾਇਤਾ ਭੇਜ ਰਹੇ ਸੀ ਜਾਂ ਵਿਧਵਾ ਆਸ਼ਰਮ ਖੋਲਣ ਦੀ ਕਿਸੇ ਵੀ ਢੰਗ ਨਾਲ ਸਹਾਇਤਾ ਕਰ ਰਹੇ ਸੀ ਉਨਾ ਦੇ ਨਾਮ *ਖਾਲਸਾ ਸਮਾਚਾਰ* ਵਿਚ ਪੇਸ਼ ਕਰਕੇ ਹੋਰ ਲੋਕਾਂ ਨੂੰ ਵੀ ਇਸ ਨੇਕ ਕੰਮ ਨਾਲ ਜੁੜਨ ਲਈ ਪ੍ਰੇਰਿਤ ਕੀਤਾ ਜਾ ਰਿਹਾ ਸੀ। 1 ਜੂਨ 1908 ਨੂੰ ਸਵੇਰੇ ਬਾਗ ਝੰਡਾ ਸਿੰਘ ਅਰੋੜਾ ਬੰਸ ਹਾਲ ਵਿੱਚ ਸਿੱਖ ਵਿਧਵਾ ਆਸ਼ਰਮ ਦੇ ਖੋਲਣ ਦੀ ਰਸਮ ਅਦਾ ਹੋਈ ਸਵੇਰੇ 4 ਵਜੇ ਰਾਗੀਆਂ ਨੇ ਆਸਾ ਦੀ ਵਾਰ ਗਾਇਨ ਕੀਤੀ, ਭਾਈ ਤੇਜਾ ਸਿੰਘ ਜੀ ਇਨਪੈਸਕਟਰ ਚੀਫ ਖਾਲਸਾ ਦੀਵਾਨ ਨੇ ਵਿਧਵਾ ਦੀ ਲੋੜ ਪਰ ਪੁਰ ਪਸਰ ਵਖਿਆਨ ਦਿੱਤਾ। ਸਰਦਾਰ ਸਾਧੂ ਸਿੰਘ ਜੀ ਐਕਸਟਰਾਂ ਡਿਪਟੀ ਕੋਲ ਸਰਵੇਵਰ ਬਲੋਚਿਸਤਾਨ ਨੇ ਵਿਧਵਾ ਆਸ਼ਰਮ ਦੇ ਖੋਲਣ ਦੀ ਲੋੜ ਪਰ ਪੁਰ ਦਲੀਲ ਕੀਤੀ ਅਤੇ ਭਾਈ ਸੋਹਣ ਸਿੰਘ ਜੀ ਸੁਪਰਡੈਂਟ ਯਤੀਮਖਾਨਾ ਤੇ ਭਾਈ ਪਿੰਦਰ ਸਿੰਘ ਵਿਦਿਆਰਥੀ ਖਾਲਸਾ ਕਾਲਜ ਨੇ ਆਪਣੀ-ਆਪਣੀ ਬਣਾਈ ਕਵਿਤਾ ਪੜ੍ਹੀ।[28] ਇਸ ਤਰ੍ਹਾਂ ਸਿੰਘ ਸਭਾ ਦੁਆਰਾ ਵਿਧਵਾ ਆਸ਼ਰਮ ਖੋਲਣ ਦੀ ਲੋੜ ਤੇ ਜ਼ੋਰ ਦਿੱਤਾ ਜਾ ਰਿਹਾ ਹੈ।

*ਖਾਲਸਾ ਸਮਾਚਾਰ* ਵਿੱਚ ਵਿਧਵਾ ਆਸ਼ਰਮ ਖੋਲਣ ਦੀ ਕੇਵਲ ਪ੍ਰਸ਼ੰਸਾ ਹੀ ਨਹੀਂ ਬਲਕਿ ਆਲੋਚਨਾ ਵੀ ਮਿਲਦੀ ਹੈ। ਇਨ੍ਹਾਂ ਲੇਖਾਂ ਵਿੱਚ ਇਕ ਵੱਡੀ ਭੱਦੀ ਦਲੀਲ ਦਿੱਤੀ ਜਾਂਦੀ ਸੀ ਕਿ ਵਿਧਵਾ ਆਸ਼ਰਮਾਂ ਨਾਲ ਵਿਧਵਾ ਤ੍ਰੀਮਤਾਂ ਦੇ ਅਨੰਦ ਸੰਸਕਾਰ ਰੁਕ ਜਾਣਗੇ। ਇਸ ਉਜਰ ਦੇ ਜਵਾਬ ਦੇਣ ਦੀ ਲੋੜ ਨਾ ਰਹਿੰਦੀ ਪਰ ਮੁਖਾਲਫਤ ਇਹ ਵੀ ਆਖਦੇ ਹਨ ਕਿ ਨਿਰੀਆਂ ਵਿਧਵਾ ਦਾ ਆਨੰਦ ਕਰਾ ਦੇਣਾ ਗੁਰੂ ਕਾ ਹੁਕਮ ਹੈ ਇਸ ਵਾਸਤੇ ਮੁਖਾਲਫਾਂ ਦੇ ਖਿਆਲ ਦਰੁਸਤ ਕਰਨ ਵਾਸਤੇ ਅਸੀਂ ਹੇਠਾਂ ਲਿਖੀਆਂ ਸਤਰਾਂ ਲਿਖਦੇ ਹਾਂਖ਼ ਵਿਧਵਾਂ ਆਸ਼ਰਮ ਅੰਮ੍ਰਿਤਸਰ ਸਿਰਫ ਵਿਧਵਾ ਨੂੰ ਕਿਰਤ ਅਤੇ ਵਿੱਦਿਆ ਧਾਰਮਿਕ ਤੇ ਵਿਵਹਾਰਿਕ ਦੇਣਾ ਚਾਹੁੰਦਾ ਸੀ, ਉਸਦਾ ਇਹ ਕੋਈ ਖਿਆਲ ਨਹੀਂ ਸੀ ਕਿ ਵਿਧਵਾ ਨੂੰ ਸ਼ਾਦੀ ਕਰਨ ਲਈ ਕੋਈ ਉਪਦੇਸ਼ ਦੇਵੇ ਕਿਉਂਕਿ ਐਸਾ ਕਰਨਾ ਨਾ ਕਰਨਾ ਵਿਧਵਾ ਦਾ ਅਪਨਾ ਇਖਤਿਆਰ ਹੈ। ਅਸੀਂ ਮੰਨਦੇ ਹਾਂ ਕਿ ਗੁਰੂ ਸਾਹਿਬਾਨ ਨੇ ਵਿਧਵਾ ਨੂੰ ਸ਼ਾਦੀ ਕਰਨ ਲਈ ਇਜ਼ਾਜਤ ਦਿੱਤੀ ਹੈ ਪਰ ਇਸ ਤਰ੍ਹਾਂ ਦੀ ਇਜ਼ਾਜਤ ਦੇਂਦੇ ਹੋਏ ਉਨ੍ਹਾ ਨੇ ਇਹ ਹੁਕਮ ਨਹੀਂ ਦਿੱਤਾ ਕਿ ਹਰ ਇਕ ਵਿਧਵਾ ਜਰੂਰ ਹੀ ਸ਼ਾਦੀ ਕਰ ਲਵੇ। ਉਨ੍ਹਾ ਦੀ ਇਹ ਇੱਛਾ ਸੀ ਕਿ ਜੋ ਚਾਹੇ ਕਰੇ ਜੋ ਚਾਹੇ ਨਾ ਕਰੇ, ਪਰ ਇਹ ਹੁਕਮ ਨਹੀਂ ਸੀ ਕਿ ਕੋਈ ਵਿਧਵਾ ਵਿਦਿਆ ਅਤੇ ਕਿਰਤ ਸਿਖੇ ਹੀ ਨਾ ਅਥਵਾ ਤ੍ਰੀਮਤਾਂ ਨੂੰ ਨਿਰਬਲ ਅਤੇ ਅਕਲਹੀਨ ਇਸ ਵਾਸਤੇ ਕੀਤਾ ਜਾਵੇ ਕਿ ਉਹ ਜਰੂਰ ਹੀ ਸ਼ਾਦੀ ਕਰਨ। ਜਦ ਰੰਡੇ ਮਰਦਾਂ ਨੂੰ ਇਖਿਤਿਆਰ ਹੈ ਕਿ ਭਾਵੇਂ ਸ਼ਾਦੀ ਕਰਨ ਭਾਵੇਂ ਨਾ ਕਰਨ ਤਾਂ ਕੀ ਵਿਧਵਾ ਨੂੰ ਜਬਰਨ ਸ਼ਾਦੀ ਕਰਾਕੇ ਆਪ ਦੁਖਦਾਈ ਜੰਜੀਰ ਵਿੱਚ ਬੰਨਣਾ ਚਾਹੁੰਦੇ ਹੋ ਜੇ ਇਹ ਆਪਦੀ ਦਲੀਲ ਠੀਕ ਹੈ ਤਾਂ ਕੁਆਰੀਆਂ ਵਾਸਤੇ ਵੀ ਮਦਰਸੇ ਬੰਦ ਹੋਣੇ ਚਾਹੀਦੇ ਹਨ ਤਾਂ ਕਿ ਉਹ ਵਿਧਵਾ ਹੋ ਕੇ ਵੀ ਸ਼ਾਦੀ ਲਈ ਤਿਆਰ ਰਹਿਣ। ਵਾਹ ਕੈਸੀ ਚੰਗੀ ਵਿਚਾਰ ਹੈ। ਭਾਰਤ ਦਾ ਬੈੜਾ ਐਸੇ ਹੀ ਆਦਮੀਆਂ ਨੇ ਗਰਕ ਕੀਤਾ ਹੈ।[29] ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਆਲੋਚਕਾਂ ਦਾ ਮੰਨਨ ਸੀ ਕਿ ਜੇਕਰ ਵਿਧਵਾਵਾਂ ਆਰਥਿਕ ਅਤੇ ਸਮਾਜਿਕ ਤੌਰ ਤੇ ਸੁਤੰਤਰ ਹੋ ਗਈਆਂ

ਤਾਂ ਸ਼ਾਇਦ ਅੱਗੇ ਜਾ ਕੇ ਉਹ ਪੁਨਰਵਿਆਹ ਨਾ ਕਰਨ। ਅਲੋਚਨਾਂ ਦਾ ਦੂਜਾ ਕਾਰਨ ਇਹ ਵੀ ਹੋ ਸਕਦਾ ਹੈ ਕਿ ਵੱਡੀ ਉਮਰ ਦੇ ਰੰਡਵੇਂ ਮਰਦਾਂ ਨੂੰ ਸ਼ੁਸ਼ੀਲ, ਪੜੀਆਂ-ਲਿਖੀਆਂ ਅਤੇ ਜਵਾਨ ਘਰਵਾਲੀਆਂ ਮਿਲਣ ਵਿੱਚ ਮੁਸ਼ਕਿਲ ਆਵੇ।ਉਪਰੋਕਤ ਲੇਖ ਤੋਂ ਇਹ ਜਾਣਕਾਰੀ ਮਿਲਦੀ ਹੈ ਕਿ ਵਿਧਵਾ ਆਸ਼ਰਮ ਵਿਧਵਾ ਇਸਤਰੀਆਂ ਨੂੰ ਹੱਥੀ ਕਾਰਜ ਸਿਖਾਉਣ ਨੂੰ ਸ਼ਲਾਘਾ ਦੇ ਰਹੇ ਹਨ ਤਾਂ ਜੋ ਉਹ ਖੁਦ ਆਰਥਿਕ ਪੱਖੋ ਮਜ਼ਬੂਤ ਹੋ ਸਕਣ ਤੇ ਉਹ ਆਰਥਿਕ ਤੰਗੀ ਕਾਰਨ ਪੁਨਰ ਵਿਆਹ ਨਾ ਕਰਾਉਣ। ਵਿਧਵਾ ਪੁਨਰ ਵਿਆਹ ਇਕ ਮਜ਼ਬੂਰੀ ਨਾ ਬਣ ਕੇ ਇੱਛਾ ਹੋਵੇ।

ਆਰੀਆ ਸਮਾਜ ਤੇ ਸਿੰਘ ਸਭਾ ਦੋਨੋਂ ਹੀ ਵਿਧਵਾ ਸਕੂਲ ਅਤੇ ਆਸ਼ਰਮ ਖੋਲ ਰਹੇ ਸਨ। ਸਿੱਖ ਸਮਾਜ ਵਿਚ ਕੁਝ ਅਜਿਹੀਆਂ ਉਦਾਹਰਨਾਂ ਵੀ ਮਿਲਦੀਆਂ ਹਨ ਜਿਥੇ ਵਿਧਵਾ ਇਸਤਰੀਆਂ ਸਕੂਲ ਖੋਲ ਰਹੀਆਂ ਸਨ। ਜਿਵੇਂ ਸਜਨ ਲਾਲਾ ਜਗਤ ਰਾਮ ਦੀ ਜੁਬਾਨੀ ਪਤਾ ਲੱਗਾ ਹੈ ਕਿ ਇਕ ਮਾਈ ਜਿਸਦਾ ਨਾਮ ਹਾਕਮ ਦੇਈ ਸੀ ਅਰ ਜੋ 6 ਸਾਲ ਤੋਂ ਵਿਧਵਾ ਸੀ ਅਤੇ ਜਿਸਦੇ ਪਾਸ ਆਪਣੇ ਗੁਜਾਰੇ ਲਈ ਵੀ ਮਾਇਆ ਨਹੀਂ ਸੀ ਉਸਨੇ 2 ਸਾਲ ਤੋਂ ਆਪਣੇ ਘਰ ਵਿੱਚ ਕੰਨਿਆ ਪਾਠਸ਼ਾਲਾ ਖੋਲੀ ਹੋਈ ਸੀ। ਜਿਸ ਵਿੱਚ 24 ਲਗਭਗ ਲੜਕੀਆਂ ਪੜ੍ਹਦੀਆਂ ਹਨ ਪਰ ਮਾਇਆ ਦੀ ਸਹਾਯਤਾ ਪੰਥ ਨੂੰ ਚਾਹੀਦੇ ਕਿ ਇਸ ਮਾਈ ਨੂੰ ਦੇਵੇ ਅਤੇ ਹੋਰ ਮਾਈਆਂ ਨੂੰ ਚਾਹੀਦੇ ਕਿ ਹਰ ਜਗ੍ਹਾ ਕੰਨਿਆ ਪਾਠਸ਼ਾਲਾ ਜਾਰੀ ਕਰਨ। ਸਹਾਯਤਾ ਮਾਈ ਹਾਕਮ ਦੇਈ ਅਧਆਪਕਾਂ ਡਾ: ਹਰੀਆ ਜਿਲ੍ਹਾ ਸ਼ਾਹਪੁਰ ਦੇ ਨਾਮ ਭੇਜੋ। ਦਾਸ ਗੋਪਾਲ ਸਿੰਘ। ਇਸ ਤਰ੍ਹਾਂ ਵਿਧਵਾ ਦੁਆਰਾ ਹੀ ਵਿਧਵਾਵਾਂ ਲਈ ਸਕੂਲ ਖੋਲੇ ਜਾ ਰਹੇ ਸਨ। ਇਸ ਤਰ੍ਹਾਂ ਵਿਧਵਾ ਆਸ਼ਰਮ ਤੇ ਵਿਧਵਾ ਸਕੂਲ ਖੋਲਣ ਲਈ ਮਾਇਆ ਦੀ ਸਹਾਇਤਾ ਦੀ ਮੰਗ ਅਖਬਾਰ ਰਾਹੀਂ ਕੀਤੀ ਜਾ ਰਹੀ ਸੀ।

ਉਪਰੋਕਤ ਖੋਜ ਪਰਚੇ ਤੋਂ ਇਹ ਗੱਲ ਨਿਕਲ ਸਾਹਮਣੇ ਆਉਂਦੀ ਹੈ ਕਿ ਵਿਧਵਾ ਬਿਹਤਰੀ ਦੇ ਸਵਾਲ ਨੂੰ *ਖਾਲਸਾ ਸਮਾਚਾਰ* ਵਿਚ ਚੰਗੀ ਤਰਾਂ ਉਠਾਇਆ ਗਿਆ ਹੈ ਅਤੇ ਇਸ ਦਿਸ਼ਾ ਵਲ ਕੀਤੇ ਕਰਜ਼ਾ ਦੀ ਪਸ਼ੰਸਾ ਵੀ ਕੀਤੀ ਹੈ। ਖਾਲਸਾ ਸਮਾਚਾਰ ਦੇ ਉਪਰਾਲਿਆਂ ਨੂੰ ਦੋ ਭਾਗਾਂ ਵਿਚ ਸਮਝਿਆ ਜਾ ਸਕਦਾ ਹੈ। ਪਹਿਲਾ ਭਾਗ 1899 ਤੋਂ 1925 ਈ. ਤੱਕ *ਖਾਲਸਾ ਸਮਾਚਾਰ* ਵਿੱਚ ਵਿਧਵਾ ਵਿਆਹਾਂ, ਵਿਧਵਾ ਵਿਆਹ ਦੇ ਇਸ਼ਤਿਹਾਰਾਂ ਨੂੰ ਕਾਫੀ ਹੁਲਾਰਾ ਮਿਲ ਰਿਹਾ ਸੀ। *ਖਾਲਸਾ ਸਮਾਚਾਰ* ਵਿੱਚ ਵਿਧਵਾ ਆਸ਼ਰਮ ਖੋਲਣ ਦੀ ਕੇਵਲ ਪ੍ਰਸ਼ੰਸਾ ਹੀ ਨਹੀਂ ਬਲਕਿ ਆਲੋਚਨਾ ਵੀ ਮਿਲਦੀ ਹੈ।ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਆਲੋਚਕਾਂ ਦਾ ਮੰਨਨ ਸੀ ਕਿ ਜੇਕਰ ਵਿਧਵਾਵਾਂ ਆਰਥਿਕ ਅਤੇ ਸਮਾਜਿਕ ਤੌਰ ਤੇ ਸੁਤੰਤਰ ਹੋ ਗਈਆਂ ਤਾਂ ਸ਼ਾਇਦ ਅੱਗੇ ਜਾ ਕੇ ਉਹ ਪੁਨਰਵਿਆਹ ਨਾ ਕਰਨ। *ਖਾਲਸਾ ਸਮਾਚਾਰ* ਵਿੱਚ ਦੂਸਰਾ 1925 ਤੋਂ 1947 ਈ. ਤੱਕ ਇਸਤਰੀ ਦੇ ਹਲਾਤਾਂ ਤੇ ਉਸ ਦੇ ਸੁਧਾਰਾ ਦਾ ਜ਼ਿਕਰ ਮਿਲਦਾ ਹੈ ਪਰ ਵਿਧਵਾ ਵਿਆਹ ਲਈ ਇਸ਼ਤਿਹਾਰ ਮਿਲਣ ਘੱਟ ਗਏ ਸਨ।ਜਿਸਦਾ ਮੁੱਖ ਕਾਰਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਥਾਪਨਾ ਤੋਂ ਬਾਅਦ ਲਗਦਾ ਹੈ ਕਿ ਅਖਬਾਰ ਰਾਜਨੀਤਿਕ ਮਸਲਿਆਂ ਵੱਲ ਧਿਆਨ ਕੇਂਦਰਿਤ ਹੋ ਗਿਆ ਹੈ। ਵਿਧਵਾ ਵਿਆਹ ਲਈ ਇਕ ਦੋ ਹੀ ਇਸ਼ਤਿਹਾਰ ਹੀ ਮਿਲਦੇ ਹਨ। 1929 ਈ. ਦਾ ਬਾਲ ਵਿਆਹ ਰੋਕੋ ਐਕਟ ਬਾਰੇ *ਖਾਲਸਾ ਸਮਾਚਾਰ* ਵਿਚ ਜ਼ਿਆਦਾ ਜ਼ਿਕਰ ਨਹੀਂ ਮਿਲਦਾ ਜੋ ਕਿ ਬਾਲ ਵਿਧਵਾ ਲਈ ਆਪਣੇ ਆਪ ਵਿਚ ਇਕ ਸ਼ਲਾਘਾਯੋਗ ਉਪਰਾਲਾ ਸੀ। *ਖਾਲਸਾ ਸਮਾਚਾਰ* ਤੋਂ ਸਪੱਸ਼ਟ ਹੁੰਦਾ ਹੈ ਕਿ ਆਰੀਆ ਸਮਾਜ ਤੇ ਸਿੰਘ ਸਭਾ ਦੋਨੋਂ ਹੀ ਇਸਤਰੀਆਂ ਦੇ ਵਿਧਵਾ ਵਿਆਹ ਤੇ ਜ਼ੋਰ ਦਿੰਦੇ ਸਨ ਤੇ ਵਿਧਵਾ ਸਕੂਲ ਅਤੇ ਆਸ਼ਰਮ ਵੀ ਖੋਲ ਰਹੇ ਸਨ। *ਖਾਲਸਾ ਸਮਾਚਾਰ* ਵਿੱਚ ਵਾਰ ਵਾਰ ਇਹ ਦਰਸਾਇਆ ਗਿਆ ਸੀ ਕਿ ਇਹ ਆਰੀਆ ਸਮਾਜ ਦੀ ਵਿਧਵਾਂ ਉਥਾਨ ਦੀ ਆਪਣੀ ਸੁਤੰਤਰ ਸੋਚ ਨਹੀ ਹੈ। ਉਹ ਸਿੱਖ ਸਮਾਜ ਤੋਂ ਪ੍ਰੇਰਿਤ ਹੋ ਕੇ ਇਸਤਰੀ ਅਤੇ ਵਿਧਵਾ ਬਿਹਤਰੀ ਦੇ ਕਾਰਜ ਆਰੰਭ ਰਿਹਾ ਹੈ। ਇਸ ਦੇ ਨਾਲ ਹੀ ਖਾਲਸਾ ਸਮਾਚਾਰ 'ਚ ਆਰੀਆ ਸਮਾਜ ਦੇ ਇਸਤਰੀ ਵਿੰਗ ਦੁਆਰਾ ਸੁਧਾਰ ਨੂੰ ਲੈ ਕੇ ਜੋ ਕੰਮ ਕੀਤੇ ਗਏ ਉਨ੍ਹਾਂ ਦੀ ਪ੍ਰਸੰਸਾ ਕਰਨ ਤੋਂ ਵੀ ਸੰਕੋਚ ਨਹੀਂ ਕੀਤਾ ਗਿਆ।

## ਫੁਟਨੋਟ

1 *ਖਾਲਸਾ ਸਮਾਚਾਰ*, 17 ਜੂਨ, 1908, ਪੰਨਾ 3

2 ਉਹੀ, ਪੰਨਾ 3

3 ਹਾਇ। ਰੋਤੀ ਹੈ ਵਿਧਵਾ ਵਿਚਾਰੀ। ਦੇਕ ਜੀਨਾ ਹਮਾਰਾ ਨਾ ਬਿਲਕੁੱਲ ਭਲਾ ਹੈ। ਸਭ ਕੀ ਬਾਤੋਂ ਮੇਂ ਦਿਲ ਯੇਹ ਜਲਾ ਹੈ। ਜਨਮਤ ਮਾਤ ਪਿਤਾ ਕਿਉਂ ਨਾ ਮਥੀ॥੧੪ ਹਾਇ । ਰੋਤੀ ਹੈ ਵਿਧਵਾ ਵਿਚਾਰੀ। ਹਾਇ। ਹਮ ਪਰ ਏਹ ਸਮਾਂ ਕੈਸਾ ਆਯਾ, ਮਾਈ ਬਾਪ ਨੇ ਦਿਲ ਸੇ ਭੁਲਾਯਾ, ਹਮ ਪੈ ਕੈਸੀ ਹੈ ਆਫਤ ਭਾਰੀ। ਹਾਇ: ਐਸਾ ਅੰਧਕਾਰ ਕਿਉਂ ਜਗਤ ਮੈਂ ਛਾਯਾ ਨਯਾਦਿ ਧਰਮ ਕੋ ਸਭ ਨੇ ਭੁਲਾਯਾ। ਅਬ ਕੈਸੇ ਕਟੇ ਉਮਰ ਸਾਰੀ।

4 *ਖਾਲਸਾ ਸਮਾਚਾਰ* 21 ਅਕਤੂਬਰ, 1909, ਪੰਨਾ 8

5 *ਖਾਲਸਾ ਸਮਾਚਾਰ* 8 ਜੁਲਾਈ, 1920, ਪੰਨਾ 3

6 *ਖਾਲਸਾ ਸਮਾਚਾਰ* 3 ਦਸੰਬਰ, 1931, ਪੰਨਾ 4

7 *ਖਾਲਸਾ ਸਮਾਚਾਰ* 4 ਫਰਵਰੀ, 1909, ਪੰਨਾ 2

8 *ਖਾਲਸਾ ਸਮਾਚਾਰ*, 13 ਮਾਰਚ, 1916, ਪੰਨਾ 2

9 *ਖਾਲਸਾ ਸਮਾਚਾਰ*, 12 ਮਈ, 1910, ਪੰਨਾ 2

10 *ਖਾਲਸਾ ਸਮਾਚਾਰ*, 12 ਦਸੰਬਰ, 1918, ਪੰਨਾ 6

11 *ਖਾਲਸਾ ਸਮਾਚਾਰ*, 23 ਦਸੰਬਰ, 1937, ਪੰਨਾ 11

12 *ਖਾਲਸਾ ਸਮਾਚਾਰ*, 2 ਅਗਸਤ, 1917, ਪੰਨਾ 5

13 ਮੇਰੇ ਇਕ ਮਿਤ੍ਰ ਦੀ ਭੈਣ ਹੈ, ਪਰ ਵਿਧਵਾ ਹੈ, ਜਿਸਦੀ ਉਮਰ 20 ਸਾਲ ਦੀ ਹੈ, ਰੰਗ ਗੋਰਾ ਕਦ ਦਰਮਿਆਨਾ ਸਰੀਰ ਸੇ ਅਰੋਗ ਹੈ, ਸ਼ਾਸ਼ਣੀ ਤੇ ਅੰਗ੍ਰੇਜ਼ੀ ਪੜ੍ਹੀ ਹੋਈ ਹੈ, ਕਸੀਦਾ ਤੇ ਸੂਈ ਸਿਲਾਈ ਦੇ ਕੰਮ ਤੋਂ ਚੰਗੀ ਜਾਣ ਹੈ ਵਾਸਤੇ ਕਿਸੇ ਸਿੱਖ ਲੜਕੇ ਦੀ ਲੋੜ ਹੈ, ਜਿਸਦੀ ਉਮਰ 30 ਤੋਂ ਹੇਠਾਂ ਹੋਵੇ, ਅੰਗ੍ਰੇਜ਼ੀ ਪੜਿਆ ਹੋ, ਗੁਜ਼ਾਰਾ ਖਾਸਾ ਹੋ, ਯਾ ਤਾਲੀਮ ਯਾਫਤਾ ਹੋ ਤੇ ਸਿੱਖ ਨਿਸਚੇ ਵਾਲਾ ਗੁਰਮਤ ਵਿੱਚ ਪੱਕਾ ਹੋ, ਉਤ੍ਰ ਉਸੀ ਕੋ ਦਿੱਤਾ ਜਾਊ ਜਿਸਨੂੰ ਪਸੰਦ ਕਰਾਂਗੇ। ਲੇਖਕ ਗੰਗਾ ਸਿੰਘ ਗ੍ਰੰਥੀ ਗੋਬਿੰਦਗੜ੍ਹ ਬਾਲੂ ਗੰਜ਼ ਸ਼ਿਮਲਾ। ਉਹੀ, 18 ਜਨਵਰੀ, 1916, ਪੰਨਾ 7

14 ਉਹੀ, 18 ਜਨਵਰੀ, 1916, ਪੰਨਾ 7

15 ਉਹੀ, 19 ਦਸੰਬਰ, 1918, ਪੰਨਾ 6 ਸਿੱਖ ਅਰੋੜਾ ਵਰ ਜਿਸਦੀ ਉਮਰ 28 ਸਾਲ ਆਮਦਨ 60 ਯਾ 70 ਰੁਪੈ ਮਹੀਨਾ ਪੈਹਲੀ ਸਿੰਘਣੀ ਚਲਾਣਾ ਕਰ ਗਈ ਹੈ, ਲਈ ਕੰਨਿਆ ਦੀ ਲੋੜ ਹੈ, ਕੁਵਾਰੀ ਹੋਵੇ ਭਾਵੇਂ ਵਿਧਵਾ ਸੁਸ਼ੀਲ ਗੁਰਮੁੱਖੀ ਪੜ੍ਹੀ ਹੋਵੇ ਤਾਂ ਚੰਗਾ ਹੈ, ਕਾਰਜ ਗੁਰਮਤ ਅਨੁਸਾਰ ਹੋਵੇਗਾ, ਹੋਰ ਪੁਛ ਗਿੱਛ ਹੇਠ ਲਿਖੇ ਪਤੇ ਤੇ ਹੋਵੇ। ਹਕੀਮ ਗੁਰ ਦਿੱਤਾ ਮੂਲ, ਮੰਡੀ ਤਾਂ ਦਲਿਆਵਾਲਾ

16 ਉਹੀ, 18 ਮਈ, 1922, ਪੰਨਾ 5 ਇਕ ਜੱਟ ਸਿੰਘ ਜ਼ਿਨ੍ਹਾ ਦੀ 230 ਮਾਹਵਾਰ ਤਨਖਾਹ ਹੈ ਤੇ ਸੱਤ ਮੁਰਬੇ ਜ਼ਮੀਨ ਦੇ ਮਾਲਕ ਹਨ, ਕੁਆਰੀ ਜਾਂ ਵਿਧਵਾ ਸੁਸ਼ੀਲ ਸਿੰਘਣੀ ਜਿਸਦੀ ਆਯੂ 18 ਸਾਲ ਤੋਂ ਘੱਟ ਨਾ ਹੋਵੇ ਦੀ ਲੋੜ ਹੈ। ਹਰ ਤਰ੍ਹਾਂ ਦੀ ਪੁਛ ਗਿਛ ਇਸ ਪਤੇ ਤੇ ਕਰੋ। ਨਿਰੰਕਾਰ ਰਾਹੀਂਖ਼ ਮੈਨੇਜਰ *ਖਾਲਸਾ ਸਮਾਚਾਰ* ਅੰਮ੍ਰਿਤਸਰ

17 ਇਕ ਪੜੇ ਲਿਖੇ ਜੱਟ ਸਿੰਘ ਲਈ ਜੋ 70 ਸਿੰਘੇ ਜ਼ਮੀਨ ਦੇ ਮਾਲਕ ਆਪਣੇ ਪਿੰਡ ਦੀ ਛੇਵੀਂ ਪੱਤੀ ਦੇ ਨੰਬਰਦਾਰ ਹੋਣ ਤੋਂ ਛੁਟ ਮੁਲਾਜ਼ਮ ਵੀ ਹਨ ਸਿੰਘਣੀ ਦੀ ਲੋੜ ਹੈ, ਕਵਾਰੀ ਹੋਵੇ ਭਾਵੇਂ ਵਿਧਵਾ, ਵਰ ਤਸੀਲ ਸਗ੍ਰੰਦ ਰਿਆਸਤ ਪਟਿਆਲਾ ਦਾ ਵਸਨੀਕ ਹੈ। ਹਰ ਤਰ੍ਹਾਂ ਦੀ ਪੁਛ ਗਿਛ ਦਾ ਪਤਾ (ਮ) ਰਾਹੀਂ ਮੈਨੇਜਰ *ਖਾਲਸਾ ਸਮਾਚਾਰ* ਅੰਮ੍ਰਿਤਸਰ। ਉਹੀ, 2 ਅਗਸਤ, 1917, ਪੰਨਾ 5

18 *ਖਾਲਸਾ ਸਮਾਚਾਰ*, 28 ਦਸੰਬਰ, 1915, ਪੰਨਾ 3

19 *ਖਾਲਸਾ ਸਮਾਚਾਰ*, 26 ਅਗਸਤ, 1909, ਪੰਨਾ 6

20 ਐਸ ਪੀ ਸੇਨ, 19ਵੀ ਅਤੇ 20ਵੀਂ ਸਦੀ ਵਿਚ ਸਮਾਜਿਕ ਅਤੇ ਧਾਰਮਿਕ ਸੁਧਾਰ ਲਹਿਰਾ, ਇਤਿਹਾਸਿਕ ਅਧਿਐਨ ਸੰਸਥਾਨ, 1960, ਪੰਨਾ 144-145

21 *ਖਾਲਸਾ ਸਮਾਚਾਰ*, 8 ਸਿਤੰਬਰ 1908, ਪੰਨਾ 4

[22] *ਖਾਲਸਾ ਸਮਾਚਾਰ*, 2 ਮਾਰਚ, 1916, ਪੰਨਾ 2

[23] *ਖਾਲਸਾ ਸਮਾਚਾਰ*, 22 ਜੁਲਾਈ, 1926, ਪੰਨਾ 2

[24] ਉਹੀ, 17 ਜੂਨ 1908, ਪੰਨਾ 3

[25] *ਖਾਲਸਾ ਸਮਾਚਾਰ*, 17 ਜੂਨ, 1908, ਪੰਨਾ 2

[26] *ਖਾਲਸਾ ਸਮਾਚਾਰ*, 10 ਦਸੰਬਰ, 1931, ਪੰਨਾ 4

[27] *ਖਾਲਸਾ ਸਮਾਚਾਰ*, 17 ਜੂਨ, 1908, ਪੰਨਾ 8

[28] *ਖਾਲਸਾ ਸਮਾਚਾਰ*, 22 ਅਪ੍ਰੈਲ 1909, ਪੰਨਾ 3

[29] *ਖਾਲਸਾ ਸਮਾਚਾਰ*, 15 ਜੁਲਾਈ 1909, ਪੰਨਾ 1

# ਗਿਆਨੀ ਗਿਆਨ ਸਿੰਘ ਦੇ *ਪੰਥ ਪ੍ਰਕਾਸ਼* ਵਿੱਚ ਬੰਦਾ ਸਿੰਘ ਬਹਾਦੁਰ

***ਅਵਤਾਰ ਸਿੰਘ**

*ਪੰਥ ਪ੍ਰਕਾਸ਼* ਦੇ ਨਾਮ ਤੋਂ ਹੀ ਪਤਾ ਚੱਲਦਾ ਹੈ ਕਿ ਗਿਆਨੀ ਗਿਆਨ ਸਿੰਘ ਇਸ ਵਿੱਚ ਪੰਥ ਦਾ ਆਰੰਭ ਕਿਵੇਂ ਹੋਇਆ, ਦਾ ਵਿਖਿਆਨ ਕਰਦੇ ਹਨ। ਇਹ ਰਚਨਾ ਬ੍ਰਜ ਭਾਸ਼ਾ ਦੀ ਕਵਿਤਾ ਰੂਪ ਵਿੱਚ ਲਿਖੀ ਹੋਈ ਹੈ। ਡਾ. ਜੇ. ਐੱਸ. ਗਰੇਵਾਲ ਲਿਖਦੇ ਹਨ ਕਿ ਸਿੰਘ ਪਹਿਚਾਣ ਦੀ ਮਹੱਤਤਾ ਵਧਣ ਨਾਲ ਗੁਰੂ ਪੰਥ ਦਾ ਵਿਚਾਰ ਹੋਰ ਪ੍ਰਬਲ ਹੁੰਦਾ ਗਿਆ। ਇਸ ਨਾਲ ਅਤੀਤ ਵਿੱਚ ਰੁਚੀ ਵਰਤਮਾਨ ਲਈ ਸਰੋਕਾਰ ਦਾ ਪ੍ਰਤੀਬਿੰਬ ਬਣੀ[1] ਅਤੇ ਸਿੱਖ ਗੁਰੂਆਂ ਦੇ ਜੀਵਨ ਤੇ ਖ਼ਾਲਸਾ ਸੰਸਥਾ ਨਾਲ ਸੰਬੰਧਤ ਅਨੇਕਾਂ ਪੁਸਤਕਾਂ ਪੰਜਾਬੀ ਭਾਸ਼ਾ ਵਿੱਚ ਰਚੀਆਂ ਗਈਆਂ। 1880 ਈ: ਵਿੱਚ ਗਿਆਨੀ ਗਿਆਨ ਸਿੰਘ ਨੇ ਆਪਣੀ ਰਚਨਾ *ਪੰਥ ਪ੍ਰਕਾਸ਼* ਤੇ 1892 ਈ: ਵਿੱਚ *ਤਵਾਰੀਖ਼-ਏ-ਗੁਰੂ-ਖ਼ਾਲਸਾ* ਲਿਖੀਆਂ। ਡਾ. ਭਗਤ ਸਿੰਘ ਗਿਆਨੀ ਗਿਆਨ ਸਿੰਘ ਦੀਆਂ ਰਚਨਾਵਾਂ ਦੀ ਸੰਖਿਆ 24 ਦੱਸਦੇ ਹਨ।[2] ਡਾ. ਸੰਤ ਸਿੰਘ ਸੇਖੋਂ ਵਿਸ਼ਵ-ਕੋਸ਼[3] ਵਿੱਚ ਗਿਆਨੀ ਗਿਆਨ ਸਿੰਘ ਦੀਆਂ ਉਪਰੋਕਤ ਦੋ ਰਚਨਾਵਾਂ ਤੋਂ ਇਲਾਵਾ *ਸੂਰਜ ਪ੍ਰਕਾਸ਼ ਵਾਰਤਕ* (ਭਾਈ ਸੰਤੋਖ ਸਿੰਘ ਦੇ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦਾ ਵਾਰਤਕ ਵਿੱਚ ਸੰਖੇਪ ਰੂਪ), *ਰਾਮਾਇਣ ਭਾਈ ਮਨੀ ਸਿੰਘ ਜੀ ਦੀ*, *ਤਵਾਰੀਖ਼ ਅੰਮ੍ਰਿਤਸਰ* (ਉਰਦੂ), *ਤਵਾਰੀਖ਼ ਲਾਹੌਰ* (ਉਰਦੂ), *ਪਤਿਤ ਪਾਵਨ*, *ਗੁਰਧਾਮ ਸੰਗ੍ਰਹਿ*, *ਭੁਪੇਂਦ੍ਰਾਨੰਦ*, *ਇਤਿਹਾਸ ਰਿਆਸਤ ਬਾਗੜੀਆਂ* ਅਤੇ *ਰਿਪੁਦਮਨ ਪ੍ਰਕਾਸ਼* ਰਚਨਾਵਾਂ ਦਾ ਜ਼ਿਕਰ ਕਰਦੇ ਹਨ।

## *ਪੰਥ ਪ੍ਰਕਾਸ਼* ਦਾ ਵਿਸ਼ਾ-ਵਸਤੂ ਅਤੇ ਲਿਖਣ ਦੀ ਤਾਰੀਖ਼

*ਪੰਥ ਪ੍ਰਕਾਸ਼* ਵਿੱਚ 15 ਵੀਂ ਸਦੀ ਤੋਂ 19ਵੀਂ ਸਦੀ ਵਿੱਚ ਰਚਨਾ ਦੇ ਲਿਖੇ ਜਾਣ ਤੱਕ ਚਾਰ ਸਦੀਆਂ ਤੋਂ ਵੱਧ ਸਮੇਂ ਦਾ ਸਿੱਖ ਇਤਿਹਾਸ ਕਵਿਤਾ ਵਿੱਚ ਲਿਖਿਆ ਪ੍ਰਾਪਤ ਹੁੰਦਾ ਹੈ। ਇਸ ਵਿੱਚ ਸਿੱਖਾਂ ਦੇ ਪਹਿਲੇ ਗੁਰੂ ਨਾਨਕ ਸਾਹਿਬ ਜੀ ਦੇ ਜਨਮ (1469 ਈ:) ਤੋਂ ਸ਼ੁਰੂ ਹੋ ਕੇ ਲਗਾਤਾਰ ਦਸ ਸਿੱਖ ਗੁਰੂ ਸਾਹਿਬਾਨ ਦਾ ਇਤਿਹਾਸ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ-ਜੋਤ (1708 ਈ:) ਸਮਾ ਜਾਣ ਤੱਕ 344 ਸਫ਼ਿਆਂ 'ਤੇ ਹੈ, 18ਵੀਂ ਸਦੀ ਦੇ ਆਰੰਭ ਵਿੱਚ ਬੰਦਾ ਸਿੰਘ ਬਹਾਦੁਰ ਦਾ ਇਤਿਹਾਸ 194[4] ਸਫ਼ਿਆਂ 'ਤੇ ਅਤੇ ਕੁੱਲ 19 ਖੰਡਾਂ ਵਿੱਚ[5] ਲਿਖਿਆ ਪ੍ਰਾਪਤ ਹੁੰਦਾ ਹੈ, ਇਸਤੋਂ ਬਾਅਦ 18ਵੀਂ ਸਦੀ ਦੇ ਅੰਤ ਤੱਕ ਸਿੱਖਾਂ ਤੇ ਮੁਗ਼ਲ ਪ੍ਰਸ਼ਾਸਨ ਵਿਚਕਾਰ ਸੰਘਰਸ਼, ਅਫ਼ਗਾਨ ਸ਼ਾਸਕਾਂ ਨਾਦਿਰ ਸ਼ਾਹ, ਅਹਿਮਦ ਸ਼ਾਹ ਅਬਦਾਲੀ ਤੇ ਤੈਮੂਰ ਸ਼ਾਹ ਦੇ ਪੰਜਾਬ 'ਤੇ ਕੀਤੇ ਹਮਲੇ ਅਤੇ ਸਿੰਘਾਂ ਦੁਆਰਾ ਦਿੱਲੀ ਨੂੰ ਲੁੱਟਣਾ ਤੇ ਦਿੱਲੀ ਵਿੱਚ ਗੁਰਦੁਆਰੇ ਸਥਾਪਿਤ ਕਰਨ ਤੱਕ ਦਾ ਇਤਿਹਾਸ ਲਗਭਗ 600 ਸਫ਼ਿਆਂ 'ਤੇ ਲਿਖਿਆ ਗਿਆ ਹੈ, ਸਿੱਖ ਮਿਸਲਾਂ ਦੀ ਸਥਾਪਨਾ, ਨਿਰਮਲਾ ਪੰਥ, ਨਿਹੰਗਾਂ ਦੀ ਕਥਾ, 19 ਵੀਂ ਸਦੀ ਦੇ ਸੱਤਵੇਂ ਦਹਾਕੇ ਤੱਕ ਕੂਕਿਆਂ ਦੀ ਕਥਾ ਅਤੇ ਵੱਖ-ਵੱਖ ਛੋਟੀਆਂ ਸਿੱਖ ਸੰਪ੍ਰਦਾਵਾਂ[6] ਬਾਰੇ 140 ਕੁ ਸਫ਼ੇ ਲਿਖੇ ਮਿਲਦੇ ਹਨ। ਅੰਤ ਵਿੱਚ ਕੁਝ ਸਫ਼ੇ ਗਿਆਨੀ ਗਿਆਨ ਸਿੰਘ ਨੇ ਆਪਣੇ ਜੀਵਨ ਨਾਲ ਸੰਬੰਧਿਤ ਲਿਖੇ ਹਨ। ਇਸ ਪੁਸਤਕ ਦੇ ਕੁੱਲ 1319 ਸਫ਼ੇ ਹਨ, ਜਿੰਨ੍ਹਾਂ ਵਿੱਚੋਂ ਬੰਦਾ ਸਿੰਘ ਬਹਾਦੁਰ ਦੇ ਇਤਿਹਾਸ ਨੂੰ ਮਹੱਤਵ ਦਿੰਦੇ ਹੋਏ ਲੇਖਕ ਨੇ 194 ਸਫ਼ੇ ਲਿਖ ਦਿੱਤੇ ਹਨ। ਇਸ ਕਰਕੇ ਇਸ ਖੋਜ-ਪੱਤਰ ਵਿੱਚ ਇਹ ਪੜਚੋਲ ਕਰਨੀ ਹੈ ਕਿ ਬੰਦਾ ਸਿੰਘ ਬਹਾਦੁਰ ਨੂੰ ਗਿਆਨੀ ਗਿਆਨ ਸਿੰਘ ਨੇ ਕਿਵੇਂ ਪ੍ਰਸਤੁਤ ਕੀਤਾ ਹੈ।

**ਅਸਿਸਟੈਂਟ ਪ੍ਰੋਫ਼ੈਸਰ, ਵਿਭਾਗ ਇਤਿਹਾਸ, ਸਰਕਾਰੀ ਕਾਲਜ ਲੜਕੀਆਂ, ਲੁਧਿਆਣਾ।**

ਗਿਆਨੀ ਗਿਆਨ ਸਿੰਘ ਲਿਖਦੇ ਹਨ ਕਿ *ਪੰਥ ਪ੍ਰਕਾਸ਼* ਦੀ ਰਚਨਾ 1924 ਬਿਕਰਮੀ ਸੰਮਤ (1867 ਈ:) ਨੂੰ ਕੀਤੀ ਗਈ ਸੀ ਪਰ ਪਹਿਲੀ ਵਾਰ ਇਹ 1937 ਬਿਕਰਮੀ ਸੰਮਤ (1880 ਈ:) ਨੂੰ ਦਿੱਲੀ ਵਿੱਚ ਛਪਿਆ, ਫਿਰ 1941 ਬਿਕਰਮੀ ਸੰਮਤ (1884 ਈ:) ਨੂੰ ਲਾਹੌਰ ਵਿੱਚ ਅਤੇ ਤੀਜੀ ਵਾਰ 1944 ਬਿਕਰਮੀ ਸੰਮਤ (1887 ਈ:) ਨੂੰ ਅੰਮ੍ਰਿਤਸਰ ਵਿੱਚ ਇਸ ਗ੍ਰੰਥ ਨੂੰ ਪ੍ਰਕਾਸ਼ਿਤ ਕਰਵਾਇਆ ਗਿਆ।[7] ਭਾਸ਼ਾ ਵਿਭਾਗ, ਪੰਜਾਬ, ਪਟਿਆਲਾ ਵੱਲੋਂ ਇਹ ਗ੍ਰੰਥ 1970 ਈ: ਵਿੱਚ ਪ੍ਰਕਾਸ਼ਿਤ ਕੀਤਾ ਗਿਆ ਹੈ।

### ਸਰੋਤ

ਗਿਆਨੀ ਗਿਆਨ ਸਿੰਘ ਨੇ ਬੰਦਾ ਸਿੰਘ ਬਹਾਦੁਰ ਦਾ ਇਤਿਹਾਸ ਲਿਖਣ ਲਈ ਖ਼ਾਫ਼ੀ ਖ਼ਾਨ ਰਚਿਤ ਫ਼ਾਰਸੀ ਦਾ ਸਮਕਾਲੀਨ ਸਰੋਤ *ਮੁੰਤਖ਼ਿਬੁ-ਉਲ-ਲੁਬਾਬ* (1731 ਈ:),[8] ਰਤਨ ਸਿੰਘ ਭੰਗੂ ਦੀ ਰਚਨਾ *ਪੰਥ ਪ੍ਰਕਾਸ਼* (1841 ਈ:),[9] ਬੂਟੇ ਸ਼ਾਹ ਮੌਲਵੀ (ਗੁਲਾਮ ਮੁਹੱਈ-ਉਦ-ਦੀਨ *ਤਵਾਰੀਖ਼-ਇ-ਪੰਜਾਬ* 1848 ਈ:) ਦੀ ਰਚਨਾ,[10] ਬਦਰ-ਉਦ-ਦੀਨ ਦੀ ਕ੍ਰਿਤ,[11] ਰਾਮ ਜਸ ਜਾਲਾਪੁਰ ਦੀ ਕ੍ਰਿਤ,[12] ਮੇਰਠ ਦੇ ਹਰਿ ਚਰਨ ਦੀ ਲਿਖਤ,[13] ਬੰਦੇ ਦੀ ਜਨਮ ਸਾਖੀ[14] ਅਤੇ ਕਈ ਬਜ਼ੁਰਗਾਂ[15] ਨੇ ਮੌਖਿਕ ਢੰਗ ਨਾਲ ਉਸ ਬਾਰੇ ਜਾਣਕਾਰੀ ਪ੍ਰਦਾਨ ਕੀਤੀ ਹੈ।

### *ਪੰਥ ਪ੍ਰਕਾਸ਼* ਨੂੰ ਲਿਖਣ ਦਾ ਕਾਰਨ:

*ਪੰਥ ਪ੍ਰਕਾਸ਼* ਨੂੰ ਰਚਨ ਦਾ ਕਾਰਨ ਦੱਸਦੇ ਹੋਏ ਲੇਖਕ ਦਾ ਕਹਿਣਾ ਹੈ ਕਿ ਪਟਿਆਲੇ ਦੇ ਫੂਲ ਵੰਸ਼ ਦੇ ਮਹਾਨ ਸ਼ਾਸਕ ਦਾ ਇੱਕ ਵਿਦਵਾਨ ਕਵੀ ਤਾਰਾ ਮ੍ਰਿਗੇਸੂ ਸੀ, ਜਿਸਨੇ ਉਸਨੂੰ *ਪੰਥ ਪ੍ਰਕਾਸ਼* ਲਿਖਣ ਲਈ ਪ੍ਰੇਰਿਤ ਕੀਤਾ ਸੀ। ਲੇਖਕ ਲਿਖਦਾ ਹੈ ਕਿ ਇਸ ਵਿਦਵਾਨ ਦਾ ਕਹਿਣਾ ਸੀ ਕਿ ਬੇਸ਼ੱਕ ਅਜਿਹਾ ਗ੍ਰੰਥ ਰਤਨ ਸਿੰਘ ਭੰਗੂ ਦਾ ਲਿਖਿਆ ਵੀ ਪ੍ਰਾਪਤ ਹੁੰਦਾ ਹੈ ਪਰ ਉਹ ਪਾਏਬੰਦ ਕਵਿਤਾ ਨਹੀਂ ਹੈ। ਉਸਦੀ ਲਿਖਤ ਦੇ ਅਰਥ ਥੋੜ੍ਹੇ ਹਨ, ਜਿੰਨ੍ਹਾਂ ਨੂੰ ਬੜਾ ਵਧਾਅ-ਚੜ੍ਹਾਅ ਕੇ ਪੇਸ਼ ਕੀਤਾ ਗਿਆ ਹੈ ਅਤੇ ਭੰਗੂ ਦੁਆਰਾ ਗੁਰੂ ਪੰਥ ਬਾਰੇ ਜੋ ਕੁਝ ਬਿਆਨ ਨਹੀਂ ਕੀਤਾ ਗਿਆ ਹੈ, ਉਹ ਉਸਨੂੰ ਆਪਣੀ ਲਿਖਤ ਵਿੱਚ ਉਜਾਗਰ ਕਰੇ।[16]

### ਗੁਰੂ ਗੋਬਿੰਦ ਸਿੰਘ ਜੀ ਦਾ ਨੰਦੇੜ ਜਾਣਾ

ਗਿਆਨੀ ਗਿਆਨ ਸਿੰਘ ਅਨੁਸਾਰ ਗੁਰੂ ਗੋਬਿੰਦ ਸਿੰਘ ਤਲਵੰਡੀ ਸਾਬੋ ਵਿੱਚ 9 ਮਹੀਨੇ ਅਤੇ 9 ਦਿਨ[17] ਰਹਿਣ ਤੋਂ ਬਾਅਦ ਭਾਰਤ ਦੇ ਦੱਖਣ ਵੱਲ ਮੁਗ਼ਲ ਬਾਦਸ਼ਾਹ ਔਰੰਗਜ਼ੇਬ ਨੂੰ ਮਿਲਣ ਜਾਣ ਲਈ ਤਿਆਰ ਹੋ ਗਏ ਸਨ। ਜ਼ਿਕਰਯੋਗ ਹੈ ਕਿ ਕੇਸਰ ਸਿੰਘ ਛਿੱਬਰ ਨੇ 9 ਮਹੀਨੇ ਅਤੇ 9 ਦਿਨ ਦਾ ਸਮਾਂ ਗੁਰੂ ਗੋਬਿੰਦ ਸਿੰਘ ਦੁਆਰਾ ਬੰਦੇ ਨੂੰ ਆਪਣੇ ਵੱਲੋਂ ਸਪੁਰਦ ਕੀਤੇ ਕੰਮ (ਮਿਸ਼ਨ) ਨੂੰ ਗੁਪਤ ਰੱਖਣ ਦਾ ਸਮਾਂ ਦੱਸਿਆ ਹੈ।[18] ਗਿਆਨੀ ਗਿਆਨ ਸਿੰਘ ਲਿਖਦੇ ਹਨ ਕਿ ਜਦੋਂ ਗੁਰੂ ਗੋਬਿੰਦ ਸਿੰਘ ਅਤੇ ਉਹਨਾਂ ਦੇ ਸਿੱਖ ਬਘੌਰ ਸ਼ਹਿਰ[19] ਕੋਲ ਪਹੁੰਚੇ ਤਾਂ ਉਹਨਾਂ ਨੂੰ ਖ਼ਬਰ ਮਿਲੀ ਕਿ ਮੁਗ਼ਲ ਬਾਦਸ਼ਾਹ ਅਰੰਗਜ਼ੇਬ ਦੀ ਮੌਤ ਹੋ ਗਈ ਹੈ।[20] ਔਰੰਗਜ਼ੇਬ ਦੇ ਵੱਡੇ ਪੁੱਤਰ ਬਹਾਦਰ ਸ਼ਾਹ ਨੇ ਗੁਰੂ ਗੋਬਿੰਦ ਸਿੰਘ ਦੀ ਹਰ ਮੰਗ ਦੇ ਬਦਲੇ ਆਪਣੇ ਭਰਾਵਾਂ ਦੇ ਵਿਰੁੱਧ ਮੱਦਦ ਲਈ ਬਘੌਰ ਵਿੱਚ ਚਿੱਠੀ ਲਿਖ ਭੇਜੀ।[21] ਲੇਖਕ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਦੀ ਸਹਾਇਤਾ ਨਾਲ ਬਹਾਦਰ ਸ਼ਾਹ ਨੂੰ ਉਸਦੇ ਭਰਾਵਾਂ ਤੋਂ ਜਿੱਤ ਪ੍ਰਾਪਤ ਹੋਈ।[22] ਗਿਆਨੀ ਗਿਆਨ ਸਿੰਘ ਲਿਖਦੇ ਹਨ ਕਿ ਗੁਰੂ ਸਾਹਿਬ ਨੇ ਬਹਾਦਰ ਸ਼ਾਹ ਸਾਹਮਣੇ ਆਪਣੇ ਦੁਸ਼ਮਣਾਂ ਨੂੰ ਸਪੁਰਦ ਕਰਨ ਦੀ ਮੰਗ ਰੱਖੀ ਸੀ, ਜਿਸਨੂੰ ਉਸ ਨੇ ਪੂਰਾ ਨਹੀਂ ਕੀਤਾ। ਸੋ ਲੇਖਕ ਨੇ ਲਿਖਿਆ ਹੈ ਕਿ ਗੁਰੂ ਗੋਬਿੰਦ ਸਿੰਘ ਨੇ ਕਿਹਾ ਕਿ ਉਹ ਆਪਣਾ ਇਕਰਾਰ ਪੂਰਾ ਨਹੀਂ ਕਰ ਸਕਿਆ, ਜਿਸ ਕਰਕੇ ਹੁਣ ਉਹਨਾਂ ਦਾ ਬੰਦਾ ਹੀ ਉਹਨਾਂ ਦੇ ਦੁਸ਼ਮਣਾਂ ਤੋਂ ਬਦਲਾ ਲਵੇਗਾ। ਇਸਦੇ ਉਲਟ ਰਤਨ ਸਿੰਘ ਭੰਗੂ ਨੇ ਆਪਣੇ *ਪੰਥ ਪ੍ਰਕਾਸ਼* ਵਿੱਚ ਗੁਰੂ ਗੋਬਿੰਦ ਸਿੰਘ ਦੁਆਰਾ ਬਾਦਸ਼ਾਹ ਬਹਾਦਰ ਸ਼ਾਹ ਤੋਂ ਆਪਣੇ ਦੁਸ਼ਮਣਾਂ ਨੂੰ ਪ੍ਰਾਪਤ ਕਰਨ

ਸੰਬੰਧੀ ਕਿਸੇ ਮੰਗ ਪ੍ਰਤੀ ਅਜਿਹਾ ਕੋਈ ਵਿਚਾਰ ਨਹੀਂ ਲਿਖਿਆ ਹੈ। ਗਿਆਨੀ ਗਿਆਨ ਸਿੰਘ ਅੱਗੇ ਲਿਖਦੇ ਹਨ ਕਿ ਗੁਰੂ ਗੋਬਿੰਦ ਸਿੰਘ ਚਲਦੇ-ਚਲਦੇ ਨਰੈਣਾ (ਜੈਪੁਰ ਰਾਜ ਵਿੱਚ) ਪਿੰਡ ਪਹੁੰਚ ਗਏ। ਇੱਥੇ ਉਹ ਦਾਦੂ ਦਵਾਰੇ ਦੇ ਮਹੰਤ ਜੈਤ ਰਾਮ ਨੂੰ ਮਿਲ ਕੇ ਨੰਦੇੜ ਜਾਣ ਲਈ ਤਿਆਰ ਹੋ ਗਏ ਸਨ।[23] ਗਿਆਨ ਸਿੰਘ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਿੱਖਾਂ ਨਾਲ ਗੋਦਾਵਰੀ ਦੇ ਕੰਢੇ 'ਤੇ ਦੱਖਣ ਵਿੱਚ ਜਿਸ ਥਾਂ 'ਤੇ ਡੇਰਾ ਲਗਾਇਆ ਸੀ, ਉੱਥੇ ਇੱਕ ਆਸ਼ਰਮ ਸੀ, ਜੋ ਨਾਰਾਇਣ ਦਾਸ ਦਾ ਸੀ ਅਤੇ ਇਸਦਾ ਜ਼ਿਕਰ ਦਾਦੂ ਦਵਾਰੇ ਦੇ ਮਹੰਤ ਜੈਤ ਰਾਮ ਨੇ ਕੀਤਾ ਸੀ।ਸਵਰੂਪ ਸਿੰਘ ਕੌਸ਼ਿਸ਼ ਅਨੁਸਾਰ 1765 ਬਿਕਰਮੀ ਸੰਮਤ, 3 ਅੱਸੂ ਨੂੰ ਸੂਰਜ ਗ੍ਰਹਿਣ ਦੇ ਮੇਲੇ ਵਾਲੇ ਦਿਨ ਗੁਰੂ ਗੋਬਿੰਦ ਸਿੰਘ ਸਿੱਖਾਂ ਸਮੇਤ ਮਾਧੋ ਦਾਸ ਬੈਰਾਗੀ ਦੇ ਡੇਰੇ 'ਤੇ ਪਹੁੰਚ ਗਏ।[24] ਗਿਆਨੀ ਗਿਆਨ ਸਿੰਘ ਅੱਗੇ ਲਿਖਦੇ ਹਨ ਕਿ ਗੁਰੂ ਗੋਬਿੰਦ ਸਿੰਘ ਇੱਕ ਵਿਛੇ ਹੋਏ ਆਸਨ 'ਤੇ ਬਿਰਾਜਮਾਨ ਹੋ ਗਏ। ਉਸ ਸਮੇਂ ਨਾਰਾਇਣ ਦਾਸ ਆਪਣੇ ਡੇਰੇ ਵਿੱਚ ਮੌਜੂਦ ਨਹੀਂ ਸੀ। ਸਾਧੂ ਨੂੰ ਪਤਾ ਲੱਗਣ 'ਤੇ ਉਹ ਬੜਾ ਕ੍ਰੋਧਿਤ ਹੋਇਆ ਅਤੇ ਉਸਨੇ ਆਪਣੇ ਚੇਲਿਆਂ ਨੂੰ ਗੁਰੂ ਗੋਬਿੰਦ ਸਿੰਘ ਜੀ ਨੂੰ ਆਸਨ ਤੋਂ ਹੇਠਾਂ ਸੁੱਟਣ ਲਈ ਆਸ਼ਰਮ ਵਿੱਚ ਭੇਜ ਦਿੱਤਾ ਪਰ ਉਹਨਾਂ ਤੋਂ ਅਜਿਹਾ ਕੀਤਾ ਨਾ ਜਾ ਸਕਿਆ। ਇਸ ਸੰਬੰਧ ਵਿੱਚ ਕੇਸਰ ਸਿੰਘ ਛਿੱਬਰ ਦਾ ਲਿਖਣਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਖੰਡਾ, ਸੇਹਰੀ, ਨਿਰਵਾਣਾ ਆਦਿ ਪਿੰਡਾਂ ਵਿੱਚੋਂ ਲੰਘ ਕੇ ਤੂਰ ਜ਼ਿਮੀਂਦਾਰਾਂ ਦੇ ਇਲਾਕੇ ਵਿੱਚ ਇੱਕ ਠਾਕੁਰਦੁਆਰੇ ਵਿੱਚ ਬੈਰਾਗੀ ਸਾਧ ਨਾਲ ਸਹਿਜ-ਸੁਭਾਅ ਗੱਲਬਾਤ ਕੀਤੀ ਸੀ ਅਤੇ ਉਸਦੇ ਕਿਸੇ ਚੇਲੇ ਵੱਲੋਂ ਗੁਰੂ ਗੋਬਿੰਦ ਸਿੰਘ ਦਾ ਵਿਰੋਧ ਹੋਣ ਬਾਰੇ ਕੋਈ ਹਵਾਲਾ ਨਹੀਂ ਦਿੱਤਾ ਹੈ।[25] ਗਿਆਨ ਸਿੰਘ ਲਿਖਦੇ ਹਨ ਕਿ ਨਾਰਾਇਣ ਦਾਸ ਗੁਰੂ ਗੋਬਿੰਦ ਸਿੰਘ ਦੇ ਚਰਨਾਂ 'ਤੇ ਦੋਨੋਂ ਹੱਥ ਜੋੜ ਕੇ ਢਹਿ ਪਿਆ। ਉਹ ਸਾਧੂ ਗੁਰੂ ਗੋਬਿੰਦ ਸਿੰਘ ਅੱਗੇ ਬੇਨਤੀ ਕਰਨ ਲੱਗਾ ਕਿ ਉਹ ਉਹਨਾਂ ਦਾ ਬੰਦਾ ਹੈ।[26] ਇਸ ਸਮੇਂ ਗੁਰੂ ਗੋਬਿੰਦ ਸਿੰਘ ਨੇ ਉਸਨੂੰ ਆਪਣਾ ਜਾਣ ਕੇ ਉਸਦੇ ਸਿਰ 'ਤੇ ਮਿਹਰ ਦਾ ਹੱਥ ਰੱਖ ਕੇ ਉਸਨੂੰ ਨਿਹਾਲ ਕਰ ਦਿੱਤਾ ਸੀ। ਉਸਨੂੰ ਸਤਿਨਾਮ ਦਾ ਉਪਦੇਸ਼ ਦੇ ਕੇ ਆਪਣਾ ਸਿੱਖ ਬਣਾ ਲਿਆ।[27] ਇਹ ਦੱਸਿਆ ਜਾਂਦਾ ਹੈ ਕਿ ਜਿਸ ਤਰ੍ਹਾਂ ਕੇਸਰ ਸਿੰਘ ਛਿੱਬਰ[28] ਅਤੇ ਰਤਨ ਸਿੰਘ ਭੰਗੂ[29] ਨੇ ਬੰਦੇ ਦੁਆਰਾ ਗੁਰੂ ਗੋਬਿੰਦ ਸਿੰਘ ਜੀ ਤੋਂ ਖੰਡੇ ਦਾ ਪਾਹੁਲ ਲੈਣ ਦੇ ਸੰਬੰਧ ਵਿੱਚ ਸਪੱਸ਼ਟ ਕਰਕੇ ਲਿਖਿਆ ਹੈ, ਉਸ ਤਰ੍ਹਾਂ ਗਿਆਨੀ ਗਿਆਨ ਸਿੰਘ ਦੇ ਵਾਕਾਂ ਵਿੱਚ ਬੰਦਾ ਸਿੰਘ ਬਹਾਦੁਰ ਵੱਲੋਂ ਖੰਡੇ ਦਾ ਪਾਹੁਲ ਲੈਣ ਸੰਬੰਧੀ ਸਪੱਸ਼ਟਤਾ ਨਹੀਂ ਹੈ। ਗਿਆਨੀ ਗਿਆਨ ਸਿੰਘ ਅਨੁਸਾਰ ਗੁਰੂ ਗੋਬਿੰਦ ਸਿੰਘ ਨੇ ਉਸਨੂੰ ਇਹ ਕਾਰਜ ਸੌਂਪਿਆ ਕਿ ਉਹ ਸਾਹਿਬਜ਼ਾਦਿਆਂ 'ਤੇ ਹੋਏ ਜ਼ੁਲਮ ਦਾ ਦੋਸ਼ੀਆਂ ਤੋਂ ਬਦਲਾ ਲਵੇ। ਰਤਨ ਸਿੰਘ ਭੰਗੂ ਨੇ ਗੁਰੂ ਗੋਬਿੰਦ ਸਿੰਘ ਦੁਆਰਾ ਬੰਦਾ ਸਿੰਘ ਬਹਾਦੁਰ ਨੂੰ ਸਾਹਿਬਜ਼ਦਿਆਂ ਦੇ ਕਾਤਲਾਂ ਨੂੰ ਢੇਰ ਕਰਨ ਅਤੇ ਮੁਗ਼ਲ ਰਾਜ ਦਾ ਅੰਤ ਕਰਨ ਬਾਰੇ ਲਿਖਿਆ ਹੈ, ਸੋ ਉਹ ਸਿੱਖ ਰਾਜ ਦੀ ਸਥਾਪਨਾ ਕਰਨ 'ਤੇ ਵੀ ਜ਼ੋਰ ਦੇ ਰਿਹਾ ਹੈ।[30] ਕੇਸਰ ਸਿੰਘ ਛਿੱਬਰ ਨੇ ਗੁਰੂ ਗੋਬਿੰਦ ਸਿੰਘ ਵੱਲੋਂ ਬੰਦਾ ਸਿੰਘ ਬਹਾਦੁਰ ਨੂੰ ਸਮਝਾਏ ਗਏ ਕੰਮ ਨੂੰ ਘੱਟੋ ਤੋਂ ਘੱਟ 9 ਮਹੀਨੇ ਅਤੇ 9 ਦਿਨ ਗੁਪਤ ਰੱਖੇ ਜਾਣ ਦਾ ਸਮਾਂ ਪੂਰਾ ਹੋ ਜਾਣ 'ਤੇ ਬੰਦਾ ਸਿੰਘ ਬਹਾਦੁਰ ਵੱਲੋਂ ਬਦਲਾ ਲੈਣ ਲਈ ਤਿਆਰ ਹੋਣ ਅਤੇ ਵਿਸ਼ੇਸ਼ ਤੌਰ 'ਤੇ ਲੁਭਾਣੇ ਵਪਾਰੀਆਂ ਨੂੰ ਬਦਲੇ ਲਈ ਪ੍ਰੇਰਿਤ ਕਰਨ 'ਤੇ ਜ਼ੋਰ ਦਿੱਤਾ ਹੈ।[31] ਗਿਆਨ ਸਿੰਘ ਅਨੁਸਾਰ ਗੁਰੂ ਗੋਬਿੰਦ ਸਿੰਘ ਨੇ ਖੁਸ਼ੀ-ਖੁਸ਼ੀ ਬੰਦੇ ਨੂੰ ਨਿਸ਼ਾਨ (ਝੰਡਾ), ਨਗਾਰਾ ਅਤੇ ਜੰਗ ਜਿੱਤਣ ਦੀ ਅਸੀਸ ਦੇ ਕੇ ਸਿੰਘਾਂ ਸਮੇਤ ਪੰਜਾਬ ਵੱਲ ਤੋਰ ਦਿੱਤਾ। ਇਹ 1764 ਬਿਕਰਮੀ ਸੰਮਤ (1707 ਈ:) ਭਾਦੋਂ ਦਾ ਮਹੀਨਾ ਸੀ।[32] ਇਸ ਸੰਬੰਧੀ ਸਵਰੂਪ ਸਿੰਘ ਕੌਸ਼ਿਸ਼ ਨੇ ਲਿਖਿਆ ਹੈ ਕਿ 1765 ਬਿਕਰਮੀ ਸੰਮਤ ਕੱਤਕ ਮਹੀਨੇ ਦੀ 3 (ਤੀਜ) ਤਾਰੀਖ਼ (ਅਕਤੂਬਰ, 1708 ਈ:) ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਬੰਦਾ ਸਿੰਘ ਨੂੰ ਖ਼ਾਲਸਾ ਪੰਥ ਦਾ ਜੱਥੇਦਾਰ ਥਾਪ ਕੇ ਮਦਰ ਦੇਸ਼ ਜਾਣ ਦਾ ਹੁਕਮ ਕੀਤਾ।

**ਪੰਜਾਬ ਤੋਂ ਇੱਕ ਸਿੱਖ ਦਾ ਨੰਦੇੜ ਵਿੱਚ ਜਾਣਾ**

ਲੇਖਕ ਦੇ ਲਿਖਣ ਅਨੁਸਾਰ ਨੰਦੇੜ ਵਿੱਚ ਗੁਰੂ ਦਾ ਇੱਕ ਸਿੱਖ ਪੰਜਾਬ ਤੋਂ ਗਿਆ, ਜਿਸਨੇ ਬੰਦੇ

ਵੱਲੋਂ ਪੰਜਾਬ ਵਿੱਚ ਕੀਤੇ ਜਾ ਰਹੇ ਹਮਲਿਆਂ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਉਸਨੇ ਸਮਾਣਾ, ਦਾਮਲਾ, ਕੁੰਜਪੁਰਾ, ਸਢੌਰਾ ਅਤੇ ਸਰਹਿੰਦ ਲੁੱਟ ਕੇ ਤਬਾਹ ਕਰ ਦਿੱਤੇ ਹਨ ਅਤੇ ਤੁਰਕਾਂ 'ਤੇ ਜਿੱਤ ਹਾਸਿਲ ਕਰਕੇ ਸਾਹਿਬਜ਼ਾਦਿਆਂ ਦਾ ਬਦਲਾ ਸੁੱਚਾ ਨੰਦ ਅਤੇ ਵਜ਼ੀਦ ਖ਼ਾਨ[33] ਤੋਂ ਲੈ ਲਿਆ ਹੈ। ਲੇਖਕ ਅਨੁਸਾਰ ਇਹ ਖ਼ਬਰ ਸੁਣ ਕੇ ਗੁਰੂ ਗੋਬਿੰਦ ਸਿੰਘ ਅਤੇ ਉਹਨਾਂ ਦੇ ਸਿੱਖਾਂ ਨੇ ਕੜਾਹ ਪ੍ਰਸ਼ਾਦਿ ਅਤੇ ਧਨ ਦੌਲਤ ਵੰਡੀ ਤੇ ਦੀਪਮਾਲਾ ਕਰਵਾਈ।[34] ਦੱਸਿਆ ਜਾਂਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ-ਜੋਤ ਸਮਾਉਣ ਦੀ ਤਾਰੀਖ਼ 7 ਅਕਤੂਬਰ, 1708 ਈ:[35] ਪ੍ਰਾਪਤ ਹੁੰਦੀ ਹੈ, ਜਦੋਂ ਕਿ ਉਪਰੋਕਤ ਸਾਰੀਆਂ ਘਟਨਾਵਾਂ 1709 ਈ: ਦੇ ਅੰਤ ਤੋਂ ਲੈ ਕੇ ਮਈ, 1710 ਈ: ਤੱਕ ਦੀਆਂ ਹਨ।

### ਬਾਦਸ਼ਾਹ ਬਹਾਦਰ ਸ਼ਾਹ ਦਾ ਗੁਰੂ ਗੋਬਿੰਦ ਸਿੰਘ ਨੂੰ ਮਿਲਣਾ

ਗਿਆਨੀ ਗਿਆਨ ਸਿੰਘ ਲਿਖਦੇ ਹਨ ਕਿ ਅਮੀਰ ਅਤੇ ਵਜ਼ੀਰ ਇਕੱਠੇ ਹੋ ਕੇ ਬਾਦਸ਼ਾਹ ਬਹਾਦਰ ਸ਼ਾਹ ਕੋਲ ਬੇਨਤੀ ਕਰਨ ਲਈ ਗਏ ਸਨ ਕਿ ਜੇਕਰ ਉਹ ਬੰਦੇ ਦੇ ਗ਼ਦਰ ਨੂੰ ਰੋਕਣਾ ਚਾਹੁੰਦਾ ਹੈ ਤਾਂ ਉਹ ਸਿੱਖਾਂ ਦੇ ਦਸਵੇਂ ਗੁਰੂ ਤੋਂ ਉਸਨੂੰ ਹੁਕਮ ਕਰਵਾ ਦੇਵੇ ਕਿ ਹੁਣ ਉਹ ਲੁੱਟ-ਮਾਰ ਬੰਦ ਕਰ ਦੇਵੇ ਅਤੇ ਬਾਦਸ਼ਾਹ ਉਸਦੇ ਗੁਜਾਰੇ ਲਈ ਜਾਗੀਰ ਉਸਨੂੰ ਦੇ ਦੇਵੇ।[36] ਇਸ ਲਈ ਬਾਦਸ਼ਾਹ ਬਹਾਦਰ ਸ਼ਾਹ ਗੁਰੂ ਗੋਬਿੰਦ ਸਿੰਘ ਨੂੰ ਇਸ ਸੰਬੰਧੀ ਨੰਦੇੜ ਵਿੱਚ ਮਿਲਿਆ। ਗਿਆਨੀ ਗਿਆਨ ਸਿੰਘ ਅਨੁਸਾਰ ਗੁਰੂ ਗੋਬਿੰਦ ਸਿੰਘ ਨੇ ਬਾਦਸ਼ਾਹ ਨੂੰ ਸਮਝਾ ਦਿੱਤਾ ਕਿ ਬੰਦੇ ਨੂੰ ਉਹਨਾਂ ਦੁਆਰਾ ਦੱਸੇ ਹੋਏ ਬਾਕੀ ਕਾਰਜ ਸੰਪੂਰਨ ਕਰਨ ਤੋਂ ਬਾਅਦ ਹੀ ਰੋਕਿਆ ਜਾ ਸਕਦਾ ਹੈ। ਰਤਨ ਸਿੰਘ ਭੰਗੂ ਨੇ ਬਾਦਸ਼ਾਹ ਬਹਾਦਰ ਸ਼ਾਹ ਵੱਲੋਂ ਗੁਰੂ ਗੋਬਿੰਦ ਸਿੰਘ ਜੀ ਦੀ ਥਾਂ 'ਤੇ ਬੰਦਾ ਸਿੰਘ ਬਹਾਦੁਰ ਨੂੰ ਪੱਤਰ ਲਿਖੇ ਜਾਣ ਅਤੇ ਪੰਜਾਬ ਦਾ ਅੱਧਾ ਖੇਤਰ ਤੇ ਸਾਰੇ ਪਹਾੜੀ ਇਲਾਕੇ ਦੇਣ ਦਾ ਹਵਾਲਾ ਉਦੋਂ ਦਿੱਤਾ ਹੈ, ਜਦੋਂ ਬਾਦਸ਼ਾਹ ਦਿੱਲੀ ਤੋਂ ਪੰਜਾਬ ਵੱਲ ਆ ਰਿਹਾ ਸੀ ਅਤੇ ਉਸਨੇ ਬੰਦਾ ਸਿੰਘ ਬਹਾਦੁਰ ਤੋਂ ਲਾਹੌਰ ਜਾਣ ਦਾ ਰਸਤਾ ਮੰਗਿਆ ਸੀ[37] ਹਾਲਾਂ ਕਿ ਇਸ ਦਾ ਵੀ ਗਿਆਨੀ ਗਿਆਨ ਸਿੰਘ ਨੇ ਜ਼ਿਕਰ ਕੀਤਾ ਹੈ ਪਰ ਕੇਸਰ ਸਿੰਘ ਛਿੱਬਰ ਜਦੋਂ 18ਵੀਂ ਸਦੀ ਦੇ ਅੱਧ ਤੋਂ ਬਾਅਦ (1769 ਈ:) ਲਿਖ ਰਹੇ ਹਨ ਤਾਂ ਉਹ ਇਸ ਤਰ੍ਹਾਂ ਮੁਗ਼ਲ ਬਾਦਸ਼ਾਹ ਵੱਲੋਂ ਬੰਦਾ ਸਿੰਘ ਬਹਾਦੁਰ ਨੂੰ ਜਾਗੀਰ ਜਾਂ ਕਿਸੇ ਖੇਤਰ 'ਤੇ ਕੋਈ ਅਧਿਕਾਰ ਦੇਣ ਬਾਰੇ ਨਹੀਂ ਲਿਖ ਰਹੇ। ਜਾਗੀਰ ਦਾ ਇਹ ਮਨਘੜਤ ਵਿਚਾਰ 19ਵੀਂ ਸਦੀ ਦੇ ਸਰੋਤਾਂ ਵਿੱਚ ਪ੍ਰਾਪਤ ਹੋ ਰਿਹਾ ਹੈ।

### ਗੁਰੂ ਗੋਬਿੰਦ ਸਿੰਘ ਦਾ ਜੋਤੀ-ਜੋਤ ਸਮਾਉਣਾ

ਲੇਖਕ ਅਨੁਸਾਰ ਦੋ ਪਠਾਣ ਜਵਾਨ ਜਿੰਨ੍ਹਾਂ ਨੇ ਆਪਣੇ ਆਪ ਨੂੰ ਪੈਂਦੇ ਖ਼ਾਨ ਦਾ ਰਿਸ਼ਤੇਦਾਰ ਦੱਸਿਆ ਸੀ, ਜਿੰਨ੍ਹਾਂ ਦੇ ਨਾਮ ਗ਼ੁਲ ਖ਼ਾਨ ਅਤੇ ਅਤਾਉਲਾ ਖ਼ਾਨ ਗੁਰੂ ਸਾਹਿਬ ਨੂੰ ਮਿਲਣ ਪਹੁੰਚੇ। ਇੱਕ ਦਿਨ ਗ਼ੁਲ ਖ਼ਾਨ[38] ਨੇ ਸਮਾਂ ਦੇਖ ਕੇ ਗੁਰੂ ਗੋਬਿੰਦ ਸਿੰਘ ਦੇ ਪੇਟ ਵਿੱਚ ਕਟਾਰ ਖੋਭ ਦਿੱਤੀ।[39] ਗਿਆਨੀ ਗਿਆਨ ਸਿੰਘ ਲਿਖਦੇ ਹਨ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਵਾ ਕੇ ਪੰਜ ਪੈਸੇ ਅਤੇ ਲਲੇਰ ਦਾ ਮੱਥਾ ਟੇਕਿਆ ਅਤੇ ਉਹਨਾਂ ਨੇ ਗੁਰੂ ਗ੍ਰੰਥ ਸਾਹਿਬ ਨੂੰ ਸਿੱਖਾਂ ਦਾ ਗੁਰੂ ਥਾਪ ਦਿੱਤਾ ਅਤੇ ਆਪ ਜੋਤੀ-ਜੋਤ ਸਮਾ ਗਏ।

### ਸੋਨੀਪਤ ਅਤੇ ਕੈਥਲ ਵਿੱਚ ਪਹੁੰਚਣਾ

ਗਿਆਨ ਸਿੰਘ ਅਨੁਸਾਰ 'ਬੰਦਾ' 1764 ਬਿਕਰਮੀ ਸੰਮਤ (1707 ਈ:) ਹਾੜ-ਸਾਉਣ ਦੇ ਮਹੀਨੇ ਵਿੱਚ ਗੁਰੂ ਗੋਬਿੰਦ ਸਿੰਘ ਦੀ ਆਗਿਆ ਲੈ ਕੇ ਪੰਜਾਬ ਵੱਲ ਚੜ੍ਹ ਆਇਆ ਸੀ। ਇੱਕ ਦਿਨ ਨਾਰਨੌਲ (ਦਿੱਲੀ ਕੋਲ਼) ਦੇ ਨੇੜੇ ਇੱਕ ਪਿੰਡ ਉੱਪਰ ਲੁਟੇਰਿਆਂ ਨੇ ਕਿਸੇ ਮਸਲੇ ਨੂੰ ਲੈ ਕੇ ਹਮਲਾ ਕਰ ਦਿੱਤਾ, ਜਿਸ ਕਰਕੇ 'ਬੰਦੇ' ਨੇ ਲੁਟੇਰਿਆਂ ਦੇ ਵਿਰੁੱਧ ਪਿੰਡ ਵਾਸੀਆਂ ਦੀ ਸਹਾਇਤਾ ਕਰਕੇ ਉਹਨਾਂ ਨੂੰ ਮਾਰ ਭਜਾਇਆ। ਇਸ ਘਟਨਾ ਨਾਲ ਚਾਰ ਚੁਫ਼ੇਰੇ ਤਰਥੱਲੀ ਮੱਚ ਗਈ ਸੀ।[40] ਲੇਖਕ ਅਨੁਸਾਰ ਇਸ ਤੋਂ ਬਾਅਦ 'ਬੰਦੇ' ਨੇ ਸੇਹਰ ਖੰਡੇ (ਸੋਨੀਪੱਤ ਦੇ ਨੇੜੇ) ਪਿੰਡ ਵਿੱਚ ਪਹੁੰਚ ਕੇ ਪੰਜਾਬ ਦੇ ਵੱਖ-ਵੱਖ ਸਥਾਨਾਂ

ਵਿੱਚ ਰਹਿ ਰਹੇ ਸਿੱਖਾਂ ਦੇ ਨਾਮ ਹੁਕਮਨਾਮੇ ਭੇਜੇ ਕਿ ਉਸਨੂੰ ਗੁਰੂ ਗੋਬਿੰਦ ਸਿੰਘ ਨੇ ਆਪਣਾ ਬੰਦਾ ਜਾਣ ਕੇ ਤੁਰਕ ਸਰਕਾਰ ਤੋਂ ਸਿੱਖਾਂ ਉੱਪਰ ਹੋਏ ਅੱਤਿਆਚਾਰਾਂ ਦਾ ਬਦਲਾ ਲੈਣ ਦਾ ਕਾਰਜ ਸੌਂਪਿਆ ਹੈ। 'ਬੰਦੇ' ਦਾ ਆਦੇਸ਼ ਸੁਣਨ ਸਾਰ ਪੰਜਾਬ ਦੇ ਅਲੱਗ-ਅਲੱਗ ਸਥਾਨਾਂ ਤੋਂ ਸਿੱਖ ਉਸ ਪਾਸ ਇਕੱਠੇ ਹੋਣ ਲੱਗੇ। ਇਸ ਸਮੇਂ 'ਬੰਦੇ' ਨੇ ਆਪਣੀ ਫ਼ੌਜ ਸਮੇਤ ਕੈਥਲ ਦੇ ਨੇੜੇ ਕਹੂਨੀ ਪਿੰਡ ਵਿੱਚ ਮੁਗ਼ਲ ਸੈਨਾ 'ਤੇ ਹਮਲਾ ਕਰਕੇ ਸ਼ਾਹੀ ਖ਼ਜ਼ਾਨਾ ਇੱਕ ਲੱਖ ਰੁਪਏ ਲੁੱਟ ਲਏ ਅਤੇ ਕੈਥਲ ਦੇ ਹਾਕਮ ਨੂੰ ਹਰਾ ਦਿੱਤਾ ਗਿਆ।[41] ਮੁਹੰਮਦ ਸ਼ਫ਼ੀ ਵਾਰਿਦ 1734 ਈ: ਵਿੱਚ ਲਿਖ ਰਿਹਾ ਹੈ ਕਿ ਹਰ ਪਾਸੇ ਤੋਂ ਸਿੱਖ ਹਥਿਆਰਾਂ ਸਹਿਤ ਬੰਦਾ ਸਿੰਘ ਦੇ ਨਿਵਾਸ 'ਤੇ ਪਹੁੰਚਣ ਲੱਗੇ। ਜਦੋਂ ਸਿੱਖਾਂ ਦੀ ਗਿਣਤੀ 500 ਤੋਂ ਵੱਧ ਹੋ ਗਈ, ਤਾਂ ਇੱਥੋਂ ਉਹ ਦਿੱਲੀ ਦੇ ਪੱਛਮ ਵੱਲ ਸੱਤ ਫ਼ਰਸੰਗ ਦੂਰ ਸੋਨਭੱਤ ਸ਼ਹਿਰ (ਸੋਨੀਪੱਤ) ਵਿੱਚ ਚਲਾ ਗਿਆ। ਇੱਥੋਂ ਦਾ ਹਾਕਮ ਉਸ ਨਾਲ ਥੋੜ੍ਹੇ ਵਿਰੋਧ ਵਿੱਚ ਹਾਰ ਕੇ ਸ਼ਹਿਰ ਪਰਤ ਗਿਆ ਸੀ।[42]

### ਸਮਾਣੇ ਅਤੇ ਸਢੌਰੇ ਦੇ ਖੇਤਰਾਂ 'ਤੇ ਹਮਲਾ

ਗਿਆਨ ਸਿੰਘ ਅਨੁਸਾਰ ਇਸ ਤੋਂ ਬਾਅਦ 'ਬੰਦੇ' ਨੇ ਸਮਾਣਾ ਸ਼ਹਿਰ ਉੱਪਰ ਹਮਲਾ ਕਰ ਦਿੱਤਾ।[43] ਇੱਥੋਂ 'ਬੰਦੇ' ਦੇ ਕਹਿਣ 'ਤੇ ਸਿੱਖ ਸੈਨਾ ਨੇ ਵਜ਼ੀਦ ਖ਼ਾਨ ਦੇ ਪਿੰਡ ਕੁੰਜਪੁਰਾ ਅਤੇ ਦਾਮਲਾ ਪਿੰਡ ਨੂੰ ਬੁਰੀ ਤਰ੍ਹਾਂ ਤਬਾਹ ਕਰ ਦਿੱਤਾ।[44] ਫਿਰ ਬੰਦੇ ਨੇ ਸੈਨਾ ਨੂੰ ਮੁਸਤਫ਼ਾਬਾਦ ਕਸਬੇ ਵੱਲ ਤੋਰ ਦਿੱਤਾ। ਬੰਦੇ ਦੀ ਸੈਨਾ ਨੇ ਇਸ ਸਮੇਂ ਟੇਹੇ ਅਤੇ ਮਝਾਰੀ ਪਿੰਡ ਵਿੱਚ ਤੁਰਕ ਸੈਨਾ 'ਤੇ ਹਮਲਾ ਕਰ ਦਿੱਤਾ ਸੀ। ਲੇਖਕ ਨੇ ਦੱਸਿਆ ਹੈ ਕਿ ਪੀਰ ਬੁੱਧੂ ਸ਼ਾਹ ਸਢੌਰੇ (ਅੰਬਾਲਾ ਕੋਲ਼ ਇੱਕ ਕਸਬਾ) ਦਾ ਰਹਿਣ ਵਾਲਾ ਸੀ, ਜਿਸਨੇ ਗੁਰੂ ਗੋਬਿੰਦ ਸਿੰਘ ਦੀ ਭੰਗਾਣੀ ਦੇ ਯੁੱਧ ਵਿੱਚ ਸਹਾਇਤਾ ਕੀਤੀ ਸੀ। ਇਸ ਕਾਰਨ ਤੁਰਕ ਅਮੀਰਾਂ ਨੇ ਸਢੌਰੇ ਦੇ ਮੌਲਵੀਆਂ ਤੋਂ ਪੀਰ ਬੁੱਧੂ ਸ਼ਾਹ ਦੇ ਖ਼ਿਲਾਫ਼ ਫ਼ਤਵਾ ਕਢਵਾ ਕੇ ਉਸਦੀ ਤਸੀਹੇ ਦੇ ਕੇ ਹੱਤਿਆ ਕਰਵਾ ਦਿੱਤੀ ਸੀ। ਸੋ ਬੰਦੇ ਨੇ ਸਢੌਰੇ ਉੱਪਰ ਆਪਣੀ ਸੈਨਾ ਸਹਿਤ ਜ਼ੋਰਦਾਰ ਹਮਲਾ ਕੀਤਾ।[45] ਲੇਖਕ ਅਨੁਸਾਰ ਇੱਥੇ ਬੰਦੇ ਨੇ ਬਹੁਤ ਸਾਰੇ ਤੁਰਕਾਂ ਨੂੰ ਇੱਕ ਹਵੇਲੀ ਵਿੱਚ ਇਕੱਠੇ ਕਰਕੇ ਅੱਗ ਲਗਵਾ ਦਿੱਤੀ। ਜਿਸਦਾ ਨਾਮ 'ਕਤਲਗੜ੍ਹੀ' ਰੱਖਿਆ ਗਿਆ।[46] ਇੱਥੋਂ ਉਸਨੇ ਆਪਣੀ ਸਾਰੀ ਫ਼ੌਜ ਬਨੂੜ ਵੱਲ ਮੋੜ ਲਈ ਅਤੇ ਇੱਥੇ ਹੀ ਉਸਨੇ ਮਝੈਲ ਸਿੰਘਾਂ ਨੂੰ ਵੀ ਆਉਣ ਦਾ ਸੱਦਾ ਦੇ ਦਿੱਤਾ ਜੋ ਅਨੰਦਪੁਰ ਤੋਂ ਚੱਲ ਪਏ।

### ਸਰਹਿੰਦ 'ਤੇ ਹਮਲਾ

ਵਜ਼ੀਦ ਖ਼ਾਨ ਨੂੰ ਇਹ ਖ਼ਬਰ ਮਿਲਣ 'ਤੇ ਜਿੱਥੇ ਉਸਦੇ ਹੋਸ਼ ਉੱਡ ਗਏ, ਉੱਥੇ ਉਹ ਵੀ ਪੂਰੇ ਜੋਸ਼ ਨਾਲ ਆਪਣੀ ਵੱਡੀ ਸੈਨਾ ਨੂੰ ਛੋਟੀਆਂ-ਵੱਡੀਆਂ ਤੋਪਾਂ ਅਤੇ ਹੋਰ ਜੰਗੀ ਸਾਜੋ-ਸਮਾਨ ਨਾਲ ਤਿਆਰ ਕਰਕੇ ਸਰਹਿੰਦ ਤੋਂ ਦੋ ਤਿੰਨ ਕੋਹ ਅੱਗੇ ਸਿੱਖ ਸੈਨਾ ਦੇ ਸਾਹਮਣੇ ਡਟ ਗਿਆ।[47] ਬੰਦੇ ਨੇ ਵਜ਼ੀਦ ਖ਼ਾਨ ਨੂੰ ਫੜ ਕੇ ਮੈਦਾਨ ਵਿੱਚ ਬੈਲਾਂ ਨਾਲ ਘਸੀਟਣਾ ਸ਼ੁਰੂ ਕਰ ਦਿੱਤਾ ਅਤੇ ਜਿਉਂਦੇ ਵਜ਼ੀਦ ਖ਼ਾਨ ਨੂੰ ਅਗਨੀ ਵਿੱਚ ਜਲਾ ਦਿੱਤਾ ਗਿਆ।[48] ਜ਼ਿਕਰਯੋਗ ਹੈ ਕਿ ਨੂਰ-ਉਦ-ਦੀਨ ਫ਼ਾਰੂਕੀ ਲਿਖਦਾ ਹੈ ਕਿ ਵਜ਼ੀਰ ਖ਼ਾਨ ਨੇ ਨਾਰ ਸਿੰਘ (ਬਾਜ਼ ਸਿੰਘ) ਦੀ ਬਾਂਹ 'ਤੇ ਤੀਰ ਮਾਰਿਆ ਅਤੇ ਉਸ 'ਤੇ ਫਿਰ ਤੋਂ ਤਲਵਾਰ ਦਾ ਵਾਰ ਕਰਨ ਵਾਲਾ ਹੀ ਸੀ ਕਿ ਫ਼ਤਿਹ ਸਿੰਘ ਨੇ ਆਪਣੀ ਤਲਵਾਰ ਵਜ਼ੀਰ ਖ਼ਾਨ ਦੇ ਮੋਢੇ 'ਤੇ ਜ਼ੋਰ ਨਾਲ ਮਾਰੀ ਅਤੇ ਉਸਦਾ ਸਰੀਰ ਕਮਰ ਤੱਕ ਚੀਰ ਦਿੱਤਾ।[49] ਜਦੋਂ ਕਿ ਕਾਮਰਾਜ ਬਿਨ ਨੈਣ ਸਿੰਘ ਨੇ ਲਿਖਿਆ ਹੈ ਕਿ ਵਜ਼ੀਰ ਖ਼ਾਨ ਦੇ ਮੱਥੇ ਵਿੱਚ ਬੰਦੂਕ ਦੀ ਗੋਲ਼ੀ ਆ ਵੱਜੀ ਅਤੇ ਉਹ ਮਰ ਗਿਆ।[50] ਗਿਆਨੀ ਗਿਆਨ ਸਿੰਘ ਅੱਗੇ ਲਿਖਦੇ ਹਨ ਕਿ ਇਸਤੋਂ ਬਾਅਦ ਸਿੰਘਾਂ ਨੇ ਵਜ਼ੀਦ ਖ਼ਾਨ ਦੇ ਸਕੇ ਸੰਬੰਧੀਆਂ ਅਤੇ ਉਸਦਾ ਸਾਥ ਦੇਣ ਵਾਲੇ ਤੁਰਕ ਸਰਦਾਰਾਂ ਨੂੰ ਦਰੱਖਤਾਂ ਨਾਲ ਬੰਨ੍ਹ ਕੇ ਤਸੀਹੇ ਦੇ ਕੇ ਕਤਲ ਕੀਤਾ ਅਤੇ ਸੁੱਚਾ ਨੰਦ ਜਿਸਨੂੰ ਸਿੱਖ ਝੂਠਾ ਨੰਦ ਕਹਿੰਦੇ ਸਨ, ਨੂੰ ਘਰੋਂ ਜਾ ਕੇ ਫੜ੍ਹਿਆ ਅਤੇ ਮਾਰ-ਕੁੱਟ ਕੇ ਬੰਨ੍ਹ ਕੇ ਬੰਦੇ ਕੋਲ਼ ਲਿਆਂਦਾ ਗਿਆ। ਸਰਹਿੰਦ ਸ਼ਹਿਰ ਵਿੱਚ ਉਸਦਾ ਜਲੂਸ ਕੱਢ ਕੇ ਕਤਲ ਕਰ ਦਿੱਤਾ ਗਿਆ।

## ਜਿੱਤੇ ਹੋਏ ਪ੍ਰਦੇਸ਼ ਦਾ ਪ੍ਰਸ਼ਾਸਨ

ਗਿਆਨੀ ਗਿਆਨ ਸਿੰਘ ਲਿਖਦੇ ਹਨ ਕਿ ਸਰਹਿੰਦ ਵਿੱਚ ਅਮਨ ਸ਼ਾਂਤੀ ਬਹਾਲ ਕਰਕੇ 'ਬੰਦੇ' ਨੇ ਸਰਹਿੰਦ ਦੇ ਬਵੰਜਾ ਪਰਗਣਿਆਂ[51] ਨੂੰ ਆਪਣੇ ਕਬਜੇ ਵਿੱਚ ਕਰਕੇ ਬਾਜ ਸਿੰਘ ਨੂੰ ਇਸਦਾ ਨਾਜ਼ਿਮ ਬਣਾ ਦਿੱਤਾ ਅਤੇ ਉਸਦਾ ਨਾਇਬ ਆਲੀ ਸਿੰਘ ਨੂੰ ਬਣਾਇਆ ਗਿਆ। ਹੋਰ ਕਈ ਹਿੰਦੂਆਂ ਨੂੰ ਵੀ ਇਸਦੇ ਪ੍ਰਬੰਧ ਵਿੱਚ ਕਈ ਉੱਚੇ ਅਹੁਦੇ ਪ੍ਰਦਾਨ ਕੀਤੇ ਗਏ। ਬਾਜ ਸਿੰਘ ਨੇ ਇਹਨਾਂ ਪਰਗਣਿਆਂ ਵਿੱਚ ਕਈ ਸਥਾਨਾਂ 'ਤੇ ਥਾਣੇ ਕਾਇਮ ਕਰ ਦਿੱਤੇ ਸਨ। ਬਵੰਜਾ ਲੱਖ ਦੀ ਆਮਦਨ ਵਾਲਾ ਸਰਹਿੰਦ ਦਾ ਇਹ ਖੇਤਰ ਸਿੰਘਾਂ ਨੇ ਪਲਾਂ ਵਿੱਚ ਆਪਣੇ ਕਬਜੇ ਵਿੱਚ ਕਰ ਲਿਆ ਸੀ। ਲੇਖਕ ਨੇ ਇਸ ਘਟਨਾ ਦੀ ਤਾਰੀਖ਼ ਬਿਕਰਮੀ ਸੰਮਤ 1765 (1708 ਈ:) ਲਿਖੀ ਹੈ।[52]

## ਦੁਆਬੇ ਖੇਤਰ ਵਿੱਚ ਪਹੁੰਚਣਾ

ਗਿਆਨ ਸਿੰਘ ਅਨੁਸਾਰ ਸਰਹਿੰਦ ਨੂੰ ਆਪਣੇ ਕਬਜੇ ਵਿੱਚ ਕਰਨ ਤੋਂ ਬਾਅਦ 'ਬੰਦਾ' ਖੰਨੇ ਦੇ ਨੇੜੇ ਘੁਡਾਣੀ ਪਿੰਡ[53] ਅਤੇ ਮਲੇਰਕੋਟਲੇ ਨੂੰ ਜਿੱਤਦਾ ਹੋਇਆ ਸਤਲੁਜ ਦਰਿਆ ਲੰਘ ਕੇ ਆਪਣੀ ਸੈਨਾ ਸਹਿਤ ਦੁਆਬੇ ਖੇਤਰ ਵਿੱਚ ਜਾ ਵੜਿਆ। ਜਲੰਧਰ ਅਤੇ ਫਗਵਾੜੇ ਦੇ ਸਰਦਾਰ ਅਤੇ ਸਾਰੇ ਦੁਆਬੇ ਦੇ ਨੰਬਰਦਾਰ ਉਸ ਕੋਲ਼ ਦੀਨ ਹੋ ਕੇ ਭੇਟਾਵਾਂ ਲੈ ਕੇ ਪਹੁੰਚੇ, ਜਿੰਨ੍ਹਾਂ ਨੂੰ ਉਸਨੇ ਜਾਗੀਰਾਂ ਦੇ ਕੇ ਆਪਣੇ ਨਾਲ ਮਿਲਾ ਲਿਆ ਸੀ। ਮਿਰਜ਼ਾ ਮੁਹੰਮਦ ਨੇ ਲਿਖਿਆ ਹੈ ਕਿ ਬੰਦਾ ਸਿੰਘ ਦੀ ਇੱਕ ਸੈਨਾ ਨੇ ਸਤਲੁਜ ਦਰਿਆ ਤੋਂ ਪਾਰ ਜਲੰਧਰ ਦੋਆਬ ਦੇ ਰਾਹੋਂ ਕਸਬੇ 'ਤੇ ਹਮਲਾ ਕਰ ਦਿੱਤਾ[54] ਅਤੇ ਮੁਹੰਮਦ ਹਾਦੀ ਕਾਮਵਰ ਖ਼ਾਨ ਇਸ ਲੜਾਈ ਦੀ ਸੂਚਨਾ ਬਾਦਸ਼ਾਹ ਨੂੰ ਪ੍ਰਾਪਤ ਹੋਣ ਦੀ ਤਾਰੀਖ਼ 13 ਅਕਤੂਬਰ, 1710 ਈ: ਲਿਖੀ ਹੈ।[55] ਇਸਤੋਂ ਬਾਅਦ 'ਬੰਦੇ' ਨੇ ਸਠਿਆਲਾ ਅਤੇ ਬੁਤਾਲਾ ਨਗਰਾਂ ਨੂੰ ਤੁਰਕਾਂ ਤੋਂ ਛੁਡਵਾ ਕੇ ਪਠਾਣਕੋਟ ਕਿਲ੍ਹੇ ਨੂੰ ਆਪਣੇ ਅਧੀਨ ਕੀਤਾ।[56] ਲੇਖਕ ਨੇ ਲਿਖਿਆ ਹੈ ਕਿ ਦੁਆਬੇ ਤੋਂ ਅੱਗੇ 'ਬੰਦਾ' ਜਸਵਾਲ ਦੀ ਘਾਟੀ 'ਤੇ ਹਮਲਾ ਕਰਨ ਤੋਂ ਬਾਅਦ ਪੜੋਲ ਅਤੇ ਬਸੌਲੀ ਨਗਰਾਂ 'ਤੇ ਕਬਜਾ ਕਰਕੇ ਹੁਸ਼ਿਆਰਪੁਰ ਜਾ ਉੱਤਰਿਆ ਅਤੇ 1766 ਬਿਕਰਮੀ ਸੰਮਤ (1709 ਈ:) ਨੂੰ ਕੀਰਤਪੁਰ ਤੇ ਅਨੰਦਪੁਰ ਵਿੱਚ ਕਈ ਦਿਨ ਠਹਿਰਿਆ।[57]

## ਪਹਾੜੀ ਰਿਆਸਤਾਂ 'ਤੇ ਹਮਲਾ

ਗਿਆਨ ਸਿੰਘ ਅਨੁਸਾਰ ਇੱਥੋਂ ਇੱਕ ਦਿਨ 'ਬੰਦੇ' ਨੇ ਆਪਣੇ ਸਿੰਘਾਂ ਨੂੰ ਹੁਕਮ ਦਿੱਤਾ ਕਿ ਪਹਾੜੀ ਰਿਆਸਤਾਂ 'ਤੇ ਹਮਲਾ ਕਰਨ ਲਈ ਤਿਆਰ ਰਹਿਣ। ਸਿੰਘਾਂ ਦੀ ਬਹਾਦਰੀ ਨੂੰ ਦੇਖ ਕੇ ਬਾਈ ਧਾਰ[58] ਦੇ ਪਹਾੜੀ ਰਾਜੇ 1767 ਬਿਕਰਮੀ ਸੰਮਤ (1710 ਈ:) ਵਿੱਚ ਇਕੱਠੇ ਹੋ ਕੇ 'ਬੰਦੇ' ਨੂੰ ਨਜ਼ਰਾਨੇ ਭੇਂਟ ਕਰਕੇ ਉਸਦੇ ਅਧੀਨ ਹੋ ਗਏ।[59] ਮੰਡੀ ਰਿਆਸਤ ਦਾ ਹਾਕਮ ਸੁਧਰ ਸੈਨ ਮੰਡੀ ਤੋਂ ਚੱਲ ਕੇ ਸ਼ਰਧਾ ਸਹਿਤ 'ਬੰਦੇ' ਨੂੰ ਆਪਣੇ ਘਰ ਲੈ ਗਿਆ ਅਤੇ ਇੱਕ ਵਿਧਵਾ ਔਰਤ (ਰੰਡੀ) ਨਾਲ ਉਸਦਾ ਵਿਆਹ ਕਰ ਦਿੱਤਾ। 'ਬੰਦਾ' ਕੁੱਲੂ ਵੱਲ ਚਲਾ ਗਿਆ ਸੀ। ਕੁੱਲੂ ਦੇ ਸ਼ਾਸਕ ਨੇ 'ਬੰਦੇ' ਨੂੰ ਫੜ੍ਹ ਕੇ ਪਿੰਜਰੇ ਵਿੱਚ ਕੈਦ ਕਰ ਲਿਆ ਸੀ। ਇੱਥੋਂ 'ਬੰਦੇ' ਨੇ ਪਿੰਜਰੇ ਸਮੇਤ ਉਡਾਣ ਭਰੀ ਅਤੇ ਸੁਧਰ ਸੈਨ ਦੀ ਰਿਆਸਤ ਵਿੱਚ ਜਾ ਉਤਰਿਆ।[60] ਰਤਨ ਸਿੰਘ ਭੰਗੂ ਦੁਆਰਾ ਵੀ ਇਹੀ ਲਿਖਿਆ ਗਿਆ ਹੈ ਕਿ ਬੰਦਾ ਆਪਣੀ ਸਿੱਧੀ ਤੋਂ ਕੰਮ ਲੈਂਦਾ ਹੋਇਆ ਪਿੰਜਰੇ ਸਮੇਤ ਉੱਡ ਕੇ ਸੁਧਰ ਸੈਨ ਦੇ ਰਾਜ ਵਿੱਚ ਜਾ ਉੱਤਰਿਆ ਸੀ।[61] ਇਸ ਦੇ ਉਲਟ ਇਤਿਹਾਸਿਕ ਪੱਖੋਂ ਇਹ ਵਿਚਾਰ ਜ਼ਿਆਦਾ ਭਰੋਸੇਯੋਗ ਲੱਗਦਾ ਹੈ, ਜੋ ਗਿਆਨੀ ਗਿਆਨ ਸਿੰਘ ਨੇ ਹੀ *ਤਵਾਰੀਖ਼ ਗੁਰੂ ਖ਼ਾਲਸਾ* ਵਿੱਚ ਦਿੱਤਾ ਹੈ ਕਿ ਮੰਡੀ ਰਿਆਸਤ ਦੇ ਰਾਜੇ ਸੁਧਰ ਸੈਨ ਨੇ ਆਪਣੀ ਸੈਨਾ ਸਿੰਘਾਂ ਦੀ ਮੱਦਦ ਲਈ ਭੇਜ ਦਿੱਤੀ। ਸੋ ਸਿੰਘ ਸੈਨਾ ਅਤੇ ਮੰਡੀ ਦੀ ਸੈਨਾ ਨੇ ਸੰਯੁਕਤ ਰੂਪ ਵਿੱਚ ਕੁੱਲੂ ਨੂੰ ਲੁੱਟਣਾ ਸ਼ੁਰੂ ਕਰ ਦਿੱਤਾ ਅਤੇ ਬੇਵਸੀ ਵਿੱਚ ਕੁੱਲੂ ਦੇ ਰਾਜੇ ਨੂੰ 'ਬੰਦੇ' ਦੀ ਅਧੀਨਤਾ ਸਵੀਕਾਰ ਕਰਕੇ ਉਸਨੂੰ ਰਿਹਾਅ ਕਰਨਾ ਪਿਆ।[62]

## ਜਮੁਨਾ-ਗੰਗਾ ਪਾਰ ਦੇ ਖੇਤਰਾਂ ‘ਤੇ ਹਮਲਾ

ਗਿਆਨੀ ਗਿਆਨ ਸਿੰਘ ਅਨੁਸਾਰ 1768 ਬਿਕਰਮੀ ਸੰਮਤ ਦੇ ਸਾਲ (1711 ਈ:) ਬਾਰੇ ਖ਼ਾਫੀ ਖ਼ਾਨ ਨੇ ਆਪਣੇ ਗ੍ਰੰਥ ‘ਤੇ ਜੋ ਕੁਝ ਲਿਖਿਆ ਹੈ, ਉਸ ਅਨੁਸਾਰ[63] ਬੰਦੇ ਨੇ ਸਮਾਣਾ, ਸਰਹਿੰਦ, ਸਢੌਰਾ ਆਦਿ ਸ਼ਹਿਰਾਂ ‘ਤੇ ਹਮਲੇ ਕੀਤੇ। ਮੁਸਲਿਮ ਹਾਕਮਾਂ ਦੇ ਘਰ, ਪਿੰਡ ਅਤੇ ਸ਼ਹਿਰ ਉਜਾੜ ਕੇ ਮੁਖ਼ਲਿਸਪੁਰ ‘ਤੇ ਕਬਜਾ ਜਮਾ ਲਿਆ। ਮੁਸਲਮਾਨਾਂ ਨੇ ਇਸ ਸਭ ਦੀ ਖ਼ਬਰ ਨਾਜ਼ਿਮ ਅਲੀ ਮੁਹੰਮਦ ਖ਼ਾਨ ਤੱਕ ਪਹੁੰਚਾਈ, ਜਿਸਨੇ ਇੱਕ ਲੱਖ ਦੇ ਲਗਭਗ ਵੱਡੇ-ਵੱਡੇ ਮੁਸਲਮਾਨ ਅਮੀਰਾਂ, ਕਾਜ਼ੀਆਂ, ਮੌਲਵੀਆਂ, ਫ਼ਕੀਰਾਂ, ਮੋਮਨਾਂ ਅਤੇ ਤੁਰਕ ਜਨਤਾ ਨੂੰ ਸਹਾਰਨਪੁਰ ਸ਼ਹਿਰ ਵਿੱਚ ਇਕੱਠੇ ਕਰਕੇ ਬੰਦੇ ਦੇ ਖ਼ਿਲਾਫ ਮਰਨ-ਮਾਰਨ ਵਾਸਤੇ ਤਿਆਰ ਰਹਿਣ ਲਈ ਪ੍ਰੇਰਿਤ ਕੀਤਾ।[64] ਗਿਆਨੀ ਗਿਆਨ ਸਿੰਘ ਲਿਖਦੇ ਹਨ ਕਿ ‘ਬੰਦਾ’ ਵੀ ਆਪਣੀ ਸੈਨਾ ਸਹਿਤ ਇਸ ਸ਼ਹਿਰ ਵੱਲ ਆ ਗਿਆ। ਇਸ ਤੋਂ ਬਾਅਦ ਸਿੱਖ ਸੈਨਾ ਨੇ ਗੰਗਾ ਨਦੀ ਨੂੰ ਪਾਰ ਕਰਕੇ ਨਜੀਬਾਬਾਦ ਤੇ ਮੁਰਾਦਾਬਾਦ ਨੂੰ ਫ਼ਤਿਹ ਕਰਕੇ ਵਾਪਸੀ ਕੀਤੀ। ਜਲਾਲਾਬਾਦ ਦੇ ਨਵਾਬ ਜਲਾਲ ਖ਼ਾਨ ਦੀ ਦਿੱਲੀ ਬਾਦਸ਼ਾਹਤ ਵਿੱਚ ਵੱਡੇ ਯੋਧਿਆਂ ਵਿੱਚ ਗਿਣਤੀ ਕੀਤੀ ਜਾਂਦੀ ਸੀ। ਲੇਖਕ ਨੇ ਲਿਖਿਆ ਹੈ ਕਿ ਸਿੱਖ ਸੈਨਾ ਨੇ ਵਾਪਸ ਆਉਂਦੇ ਹੋਏ ਉਸ ਨਾਲ ਯੁੱਧ ਛੇੜ ਦਿੱਤਾ ਪਰ ਜਲਾਲ ਖ਼ਾਨ ਦੀ ਸੈਨਾ ਨੇ ਸਿੱਖ ਸੈਨਾ ਨੂੰ ਬਰੀ ਤਰ੍ਹਾਂ ਕੁਚਲ ਦਿੱਤਾ। ਰਤਨ ਸਿੰਘ ਭੰਗੂ ਨੇ ਜਮੁਨਾ-ਗੰਗਾ ਪਾਰ ਦੇ ਇਹਨਾਂ ਖੇਤਰਾਂ ਦਾ ਵੇਰਵਾ ਨਹੀਂ ਲਿਖਿਆ ਹੈ। ਸਹਾਰਨਪੁਰ ਅਤੇ ਜਲਾਲਾਬਾਦ ਦੀਆਂ ਲੜਾਈਆਂ ਦਾ ਜ਼ਿਕਰ ਤਾਂ ਖ਼ਾਫ਼ੀ ਖ਼ਾਨ ਨੇ ਕੀਤਾ ਹੈ ਪਰ ਗਿਆਨੀ ਗਿਆਨ ਸਿੰਘ ਦੇ ਦੱਸਣ ਮੁਤਾਬਿਕ ਉਸਨੇ ਕੋਈ ਤਾਰੀਖ਼ ਨਹੀਂ ਲਿਖੀ ਹੈ ਅਤੇ ਇਹਨਾਂ ਲੜਾਈਆਂ ਦੀ ਤਾਰੀਖ਼ ਜੂਨ-ਜੁਲਾਈ, 1710 ਈ: ਦਾ ਪਤਾ ਲੱਗਦਾ ਹੈ।[65]

## ਤਰਾਵੜੀ ਦੀ ਲੜਾਈ

ਗਿਆਨੀ ਗਿਆਨ ਸਿੰਘ ਲਿਖਦੇ ਹਨ ਕਿ ਦਿੱਲੀ ਤੋਂ ਆਈ ਸਮੁੰਦ ਖ਼ਾਨ ਦੀ ਅਗਵਾਈ ਵਿੱਚ ਮੁਗ਼ਲ ਸੈਨਾ ਨੇ ਤਰਾਵੜੀ ਵਿੱਚ ਸਿੱਖ ਸੈਨਾ ਨਾਲ ਲੜਾਈ ਲੜੀ। ਸਿੱਖ ਸੈਨਾ ਹਾਰ ਖਾ ਕੇ ਲੋਹਗੜ੍ਹ ਦੇ ਕਿਲ੍ਹੇ ਵਿੱਚ ਜਾ ਪਹੁੰਚੀ।[66] ਬੰਦਾ ਵੀ ਇਸ ਸਥਾਨ ‘ਤੇ ਪਹਾੜਾਂ ਵਿੱਚੋਂ ਉੱਤਰ ਆਇਆ ਸੀ। ਅੱਬੂ ਖ਼ਾਨ ਦੇ ਕੋਟ ਦੇ ਨੇੜੇ ਤੁਰਕ ਅਤੇ ਸਿੱਖ ਸੈਨਾਵਾਂ ਦਾ ਫਿਰ ਮੁਕਾਬਲਾ ਹੋਇਆ ਪਰ ਸਿੰਘ ਇੱਥੋਂ ਵੀ ਭੱਜ ਨਿਕਲੇ। ਲੇਖਕ ਅਨੁਸਾਰ ਸਿੰਘਾਂ ਦਾ ਦਲ ਨਿੱਖੜਦਾ ਦੇਖ ਕੇ ‘ਬੰਦਾ’ ਵੀ ਪੰਜਾਹ ਕੁ ਸਿੰਘਾਂ ਨਾਲ ਭੱਜ ਉੱਠਿਆ। ਉਸਦੇ ਸਰੀਰ ‘ਤੇ ਅਨੇਕਾਂ ਜ਼ਖਮ ਹੋ ਗਏ ਸਨ ਅਤੇ ਉਹ ਇੱਕ ਜੰਗਲ ਵਿੱਚ ਜਾ ਵੜਿਆ। ਅੰਤ ਜੰਗਲਾਂ ਦੇ ਦੁੱਖ ਕਸ਼ਟ ਸਹਿੰਦਾ ਹੋਇਆ ਉਹ ਦਸ ਦਿਨ ਬਾਅਦ ਲੋਹਗੜ੍ਹ ਪਹੁੰਚਿਆ ਅਤੇ ਪਰਬਤਾਂ ਵੱਲ ਪਲਾਇਣ ਕਰ ਗਿਆ।

## ਦੱਖਣ ਤੋਂ ਬਾਦਸ਼ਾਹ ਬਹਾਦਰ ਸ਼ਾਹ ਦਾ ਉੱਤਰ ਵੱਲ ਆਉਣਾ

ਗਿਆਨੀ ਗਿਆਨ ਸਿੰਘ ਲਿਖਦੇ ਹਨ ਕਿ ਦੱਖਣ ਤੋਂ ਮੁਗ਼ਲ ਬਾਦਸ਼ਾਹ ਬਹਾਦਰ ਸ਼ਾਹ ਆਪਣੇ ਜਰਨੈਲ ਗਾਲਬ ਖ਼ਾਨ ਅਤੇ ਅਮੀਰ ਖ਼ਾਨ ਨਾਲ ਅਜਮੇਰ ਪਹੁੰਚ ਚੁੱਕਾ ਸੀ।[67] ਉਸਨੇ ਦਿੱਲੀ ਤੋਂ ਅਗਰ ਖ਼ਾਨ ਦੀ ਵੱਡੀ ਮੁਗ਼ਲ ਫ਼ੌਜ ਪੰਜਾਬ ਵੱਲ ਭੇਜਣ ਦਾ ਹੁਕਮ ਦੇ ਦਿੱਤਾ।[68] ਇਹ ਤੁਰਕ ਸੈਨਾ ਸਿੰਘਾਂ ਦੇ ਹੱਥੋਂ ਹਾਰ ਕੇ ਵਾਪਸ ਪਰਤ ਗਈ। ਇਸ ਸਮੇਂ ਤੱਕ ਬਾਦਸ਼ਾਹ ਬਹਾਦਰ ਸ਼ਾਹ ਵੀ ਦਿੱਲੀ ਵਿੱਚ ਪਹੁੰਚ ਚੁੱਕਾ ਸੀ। ਲੇਖਕ ਨੇ ਦੱਸਿਆ ਹੈ ਕਿ ਬਾਦਸ਼ਾਹ ਨੇ ਫਿਰ ਖ਼ਾਨ ਖ਼ਾਨਾ ਦੇ ਪੁੱਤਰ ਆਸਦ ਖ਼ਾਨ[69] ਦੇ ਅਧੀਨ ਸ਼ਾਹੀ ਸੈਨਾ ਸਿੰਘਾਂ ਦੇ ਖ਼ਿਲਾਫ਼ ਭੇਜੀ। ਬੂੜੀਏ ਕੇ (ਅੰਬਾਲੇ ਜ਼ਿਲ੍ਹੇ ਦੀ ਜਗਾਧਰੀ ਤਹਿਸੀਲ ਦਾ ਇੱਕ ਨਗਰ) ਦੇ ਸਥਾਨ ‘ਤੇ ਦੋਨੋਂ ਧਿਰਾਂ ਵਿੱਚ ਯੁੱਧ ਹੋਇਆ[70] ਪਰ ਸਿੱਖ ਭੱਜਦੇ ਹੋਏ ਲੋਹਗੜ੍ਹ ਪਹੁੰਚ ਗਏ।[71] ਇੱਥੇ ਇੱਕ ਮਹੀਨੇ ਤੱਕ ਜੰਗ ਹੁੰਦੀ ਰਹੀ। ਇੱਕ ਦਿਨ ਬੰਦੇ ਦੇ ਕਹਿਣ ‘ਤੇ ਸਿੰਘਾਂ ਨੇ ਇੱਕ ਜ਼ੋਰਦਾਰ ਹਮਲਾ ਕਰਕੇ ਉਹਨਾਂ ਦੇ ਪੈਰ ਉਖਾੜ ਦਿੱਤੇ ਪਰ ਕੁਝ ਹੀ ਦਿਨਾਂ ਵਿੱਚ ਦਿੱਲੀ ਅਤੇ ਲਾਹੌਰ ਤੋਂ ਪਹੁੰਚੀ ਤੁਰਕ ਸੈਨਾ ਨੇ ਲੋਹਗੜ੍ਹ ਨੂੰ ਆ ਘੇਰਾ ਪਾਇਆ।[72] ਲੇਖਕ ਅਨੁਸਾਰ ਸਿੰਘਾਂ ਦਾ ਜੰਗੀ ਸਾਜ ਸਮਾਨ ਖ਼ਤਮ

ਹੋਣ ਲੱਗਾ ਤਾਂ 1769 ਬਿਕਰਮੀ ਸੰਮਤ (1712 ਈ:) ਨੂੰ ਉਹਨਾਂ ਨੇ ਕਿਲ੍ਹੇ ਵਿੱਚੋਂ ਭੱਜ ਕੇ ਪਹਾੜਾਂ ਵਿੱਚ ਜਾ ਸ਼ਰਨ ਲਈ।[73] ਇਹ ਦੱਸਿਆ ਜਾਂਦਾ ਹੈ ਕਿ ਰਤਨ ਸਿੰਘ ਭੰਗੂ ਨੇ ਲੋਹਗੜ੍ਹ ਦੀ ਇਸ ਲੜਾਈ ਦਾ ਵਰਣਨ ਨਹੀਂ ਕੀਤਾ ਹੈ। ਗਿਆਨੀ ਗਿਆਨ ਸਿੰਘ ਅਨੁਸਾਰ ਬੰਦਾ ਮੰਡੀ ਰਿਆਸਤ ਵਿੱਚ ਆਪਣੀ ਔਰਤ ਕੋਲ਼ ਚਲਾ ਗਿਆ ਸੀ। ਉਸਦੇ ਘਰ ਪਹਿਲੀ ਵਾਰ ਬੇਟੀ ਹੋ ਕੇ ਮਰ ਗਈ ਸੀ। ਫਿਰ ਉਸੇ ਸਾਲ ਬੰਦੇ ਦੇ ਘਰ ਬੇਟੇ ਨੇ ਜਨਮ ਲਿਆ। ਉਸਦਾ ਨਾਮ ਅਜੀਤ ਸਿੰਘ ਰੱਖਿਆ ਗਿਆ, ਉਸਦਾ ਦੂਸਰਾ ਪੁੱਤਰ ਫ਼ਤਿਹ ਸਿੰਘ ਹੋਇਆ। ਉਸਦਾ ਇੱਕ ਪੁੱਤਰ ਜੁਝਾਰ ਸਿੰਘ ਜੋ ਸਾਧ ਹੋਣ ਤੋਂ ਪਹਿਲਾਂ ਜਵਾਨ ਹੋ ਕੇ ਸਿੰਘ ਸਜ ਕੇ ਪੰਥ ਵਿੱਚ ਸ਼ਾਮਲ ਹੋ ਗਿਆ ਸੀ।[74] ਮੰਡੀ ਤੋਂ ਬੰਦਾ ਚੰਬਾ ਰਿਆਸਤ ਦੀ ਸੈਰ ਕਰਨ ਲਈ ਚਲਾ ਗਿਆ। ਲੇਖਕ ਅਨੁਸਾਰ ਚੰਬੇ ਵਿੱਚ ਇੱਕ ਸੁੰਦਰ ਇਸਤਰੀ ਨਾਲ ਬੰਦੇ ਨੇ ਆਪਣਾ ਵਿਆਹ ਰਚਾ ਲਿਆ।[75] 1769 ਬਿਕਰਮੀ ਸੰਮਤ (1712 ਈ:) ਦੇ ਅੱਸੂ ਮਹੀਨੇ ਦੇ ਆਰੰਭ ਵਿੱਚ ਬਾਦਸ਼ਾਹ ਬਹਾਦਰ ਸ਼ਾਹ ਲਾਹੌਰ ਪਹੁੰਚ ਗਿਆ ਸੀ[76] ਅਤੇ 5 ਨਵੰਬਰ, 1712 ਈ: ਨੂੰ ਬਾਦਸ਼ਾਹ ਬਹਾਦਰ ਸ਼ਾਹ ਦੇ ਲਾਹੌਰ ਵਿੱਚ ਮਰਨ ਦੀ ਖ਼ਬਰ ਪ੍ਰਾਪਤ ਹੋਈ। ਇਸ ਤੋਂ ਪਿੱਛੋਂ ਸਿੰਘਾਂ ਨੇ ਪੰਜਾਬ ਵਿੱਚ ਆਪਣੇ ਆਪ ਨੂੰ ਮੁੜ ਸਥਾਪਤ ਕਰ ਲਿਆ ਸੀ। ਮਿਰਜ਼ਾ ਮੁਹੰਮਦ ਨੇ ਲਿਖਿਆ ਹੈ ਕਿ ਬਾਦਸ਼ਾਹ ਬਹਾਦਰ ਸ਼ਾਹ ਆਪ ਲਾਹੌਰ ਸ਼ਹਿਰ ਵਿੱਚ ਸਾਲ ਦੇ ਅੱਧ ਤੱਕ ਪਹੁੰਚ ਗਿਆ ਸੀ ਤੇ 1712 ਈ: ਦੇ ਆਰੰਭ ਵਿੱਚ ਉਸਨੇ ਆਖ਼ਰੀ ਸਾਹ ਲਿਆ।[77]

### ਮਾਝੇ ਉਤੇ ਚੜ੍ਹਾਈ

ਗਿਆਨੀ ਗਿਆਨ ਸਿੰਘ ਲਿਖਦੇ ਹਨ ਕਿ ਵਿਸਾਖੀ ਦੇ ਮੌਕੇ 'ਤੇ 'ਬੰਦੇ' ਨੇ ਅੰਮ੍ਰਿਤਸਰ ਵਿੱਚ ਸ਼ਸਤਰ, ਬਸਤਰ ਅਤੇ ਕਲਗੀ ਸਜਾਅ ਕੇ ਹਰਿਮੰਦਰ ਸਾਹਿਬ ਵਿੱਚ ਮੱਥਾ ਟੇਕਿਆ। ਇੱਥੋਂ ਉਸਨੇ ਕਸੂਰ, ਗੁਰਦਾਸਪੁਰ ਆਦਿ ਖੇਤਰਾਂ ਨੂੰ ਵੀ ਜਿੱਤ ਕੇ ਆਪਣੇ ਕਬਜੇ ਵਿੱਚ ਕਰ ਲਿਆ ਸੀ। ਇੰਝ 'ਬੰਦੇ' ਦਾ ਰਾਜ ਰਾਵੀ ਨਦੀ ਤੋਂ ਲੈ ਕੇ ਜਮੁਨਾ ਨਦੀ ਤੱਕ ਫੈਲ ਗਿਆ ਸੀ।ਖ਼ਾਫ਼ੀ ਖ਼ਾਨ ਨੇ ਵੀ ਲਿਖਿਆ ਹੈ ਕਿ ਰਾਹੋਂ ਤੋਂ ਸਿੱਖ ਲਾਹੌਰ ਦੇ ਆਸ-ਪਾਸ ਪਰਗਣਿਆਂ ਦੀ ਲੁੱਟ-ਮਾਰ ਕਰਨ ਲਈ ਚਲੇ ਗਏ ਸਨ ਅਤੇ 8-9 ਮਹੀਨਿਆਂ ਦੇ ਸਮੇਂ ਵਿੱਚ ਰਾਜਧਾਨੀ ਸ਼ਾਹਜਹਾਨਬਾਦ ਤੋਂ ਦੋ-ਤਿੰਨ ਮੰਜ਼ਲ ਲਾਹੌਰ ਵੱਲ ਦੇ ਸਾਰੇ ਪ੍ਰਸਿੱਧ ਕਸਬੇ ਅਤੇ ਬਸਤੀਆਂ ਸਿੱਖਾਂ ਦੀ ਲੁੱਟ-ਮਾਰ ਕਾਰਨ ਉੱਜੜ ਗਏ।[78] ਗਿਆਨੀ ਗਿਆਨ ਸਿੰਘ ਅਨੁਸਾਰ ਪੰਜਾਬ ਵਿੱਚ 'ਬੰਦੇ' ਨੇ ਗੁਰਦਾਸਪੁਰ ਵਿੱਚ ਇੱਕ ਪੁਰਾਣੇ ਕਿਲ੍ਹੇ ਦੀ ਮੁਰੰਮਤ ਕਰਵਾ ਕੇ ਉਸ ਵਿੱਚ ਰਹਿਣਾ ਆਰੰਭ ਕਰ ਦਿੱਤਾ ਸੀ। ਇੱਥੇ ਉਸਨੇ ਕਈ ਵਸਤੂਆਂ ਦਾ ਸੰਗ੍ਰਹਿ ਕਰਕੇ ਰੱਖ ਲਿਆ ਸੀ। 'ਬੰਦੇ' ਨੂੰ ਇੱਥੇ ਖ਼ਬਰ ਮਿਲੀ ਕਿ ਗੁਜਰਾਤ ਦਾ ਹਾਕਮ ਗਾਜ਼ੀ ਦੀਨ ਚੱਲ ਵਸਿਆ ਹੈ। ਇਸ ਲਈ ਉਸਨੇ ਗੁਜਰਾਤ 'ਤੇ ਹਮਲਾ ਕਰਕੇ ਉਸਨੂੰ ਜਿੱਤ ਲਿਆ। ਇੱਥੋਂ ਉਹ 1770 ਬਿਕਰਮੀ ਸੰਮਤ (1713 ਈ:) ਨੂੰ ਪੋਠੋਹਾਰ ਪਹੁੰਚ ਗਿਆ, ਜਿੱਥੇ ਉਸਨੇ ਇੱਕ ਸਾਲ ਬਤੀਤ ਕੀਤਾ।

### ਬਾਦਸ਼ਾਹ ਫ਼ਰੁਖ਼ਸੀਅਰ ਦਾ ਦਿੱਲੀ ਦੇ ਤਖ਼ਤ 'ਤੇ ਬੈਠਣਾ ਅਤੇ 'ਬੰਦੇ' ਵਿਰੁੱਧ ਕਾਰਵਾਈ

ਗਿਆਨੀ ਗਿਆਨ ਸਿੰਘ ਲਿਖਦੇ ਹਨ ਕਿ 1772 ਬਿਕਰਮੀ ਸੰਮਤ (1715 ਈ:) ਨੂੰ ਬਾਦਸ਼ਾਹ ਜਹਾਂਦਾਰ ਸ਼ਾਹ ਦਾ ਕਤਲ ਕਰਕੇ ਫ਼ਰੁਖ਼ਸੀਅਰ ਮੁਗ਼ਲ ਤਖ਼ਤ 'ਤੇ ਬਿਰਾਜਮਾਨ ਹੋਇਆ।[79] ਬਾਦਸ਼ਾਹ ਬਣਨ ਤੋਂ ਬਾਅਦ ਫ਼ਰੁਖ਼ਸੀਅਰ ਨੇ ਅਬਦੁੱਲ ਸਮੱਦ ਖ਼ਾਨ ਤੁਰਾਨੀ[80] ਅਤੇ ਮੁਹੰਮਦ ਅਮੀਨ ਖ਼ਾਨ ਸਰਦਾਰਾਂ ਦੇ ਅਧੀਨ ਸਿੰਘਾਂ ਦੇ ਵਿਰੁੱਧ ਸੈਨਾ ਭੇਜੀ। ਇਸ ਸੈਨਾ ਨੇ ਸਿੰਘ ਸੈਨਾ ਨੂੰ ਸਰਹਿੰਦ ਵਿੱਚ ਘੇਰਾ ਪਾ ਲਿਆ। ਲਾਹੌਰ ਦਾ ਸੂਬੇਦਾਰ ਅਸਲਮ ਖ਼ਾਨ ਵੀ ਆਪਣੀ ਸੈਨਾ ਨਾਲ ਦਿੱਲੀ ਦੀ ਸੈਨਾ ਵਿੱਚ ਸ਼ਾਮਲ ਹੋਇਆ।[81] ਗਿਆਨ ਸਿੰਘ ਦੱਸਦੇ ਹਨ ਕਿ ਤੁਰਕ ਸੈਨਾ ਦਾ ਮੁਕਾਬਲਾ ਕਰਦੇ ਹੋਏ ਸਿੰਘਾਂ ਨੇ ਆਪਣਾ ਸਾਰਾ ਸਾਮਾਨ ਸਰਹਿੰਦ ਤੋਂ ਚੁੱਕ ਕੇ ਲੋਹਗੜ੍ਹ ਦੇ ਕਿਲ੍ਹੇ ਵਿੱਚ ਤਬਦੀਲ ਕਰ ਦਿੱਤਾ। 'ਬੰਦਾ' ਵੀ ਮੰਡੀ ਰਿਆਸਤ ਤੋਂ ਚੱਲ ਕੇ ਲੋਹਗੜ੍ਹ ਦੇ ਕਿਲ੍ਹੇ ਵਿੱਚ ਸਿੰਘਾਂ ਨਾਲ ਆ ਮਿਲਿਆ। ਇੱਕ ਦਿਨ ਸਵੇਰ ਸਾਰ ਹੀ 'ਬੰਦੇ' ਨੇ ਤੁਰਕ ਸੈਨਾ 'ਤੇ ਹਮਲਾ ਕਰਵਾ ਦਿੱਤਾ।[82] 'ਬੰਦਾ' ਆਪਣੇ ਨਾਲ ਪੰਜ ਹਜ਼ਾਰ ਸਿੰਘ ਲੈ ਕੇ

ਗੁਰਦਾਸਪੁਰ ਚਲਾ ਗਿਆ ਸੀ। ਗਿਆਨੀ ਗਿਆਨ ਸਿੰਘ ਲਿਖਦੇ ਹਨ ਕਿ ਕਸ਼ਮੀਰ ਦਾ ਸੂਬੇਦਾਰ ਜ਼ਬਰਦਸਤ ਖ਼ਾਨ ਦਿੱਲੀ ਤੋਂ ਸੰਦੇਸ਼ ਪ੍ਰਾਪਤ ਕਰਕੇ ਲਾਹੌਰ ਵੱਲ ਚੱਲ ਕੇ ਆਇਆ। ਉਸਨੇ ਲਾਹੌਰ ਦੇ ਸੂਬੇਦਾਰ ਅਸਲਮ ਖ਼ਾਨ ਨੂੰ ਨਾਲ ਲੈ ਕੇ ਅੱਠ ਹਜ਼ਾਰ ਦੀ ਤੁਰਕ ਸੈਨਾ ਸਮੇਤ 1773 ਬਿਕਰਮੀ ਸੰਮਤ (1716 ਈ:) ਹਾੜ ਮਹੀਨੇ ਨੂੰ ਗੁਰਦਾਸਪੁਰ ਵਿੱਚ 'ਬੰਦੇ' 'ਤੇ ਹਮਲਾ ਕਰ ਦਿੱਤਾ[83] ਪਰ ਸਿੰਘਾਂ ਨੇ ਜ਼ਬਰਦਸਤ ਹਮਲਾ ਕਰਕੇ ਜ਼ਬਰਦਸਤ ਖ਼ਾਨ ਨੂੰ ਵਾਪਸ ਕਸ਼ਮੀਰ ਜਾਣ ਲਈ ਮਜ਼ਬੂਰ ਕਰ ਦਿੱਤਾ।[84]

### ਮਾਤਾ ਸੁੰਦਰੀ ਵੱਲੋਂ ਹੁਕਮਨਾਮਾ ਭੇਜਣਾ ਅਤੇ ਉਸ ਦੁਆਰਾ ਨਾ-ਮਨਜ਼ੂਰ ਕਰਨਾ

ਗਿਆਨ ਸਿੰਘ ਅਨੁਸਾਰ ਬਾਦਸ਼ਾਹ ਫ਼ਰੁਖ਼ਸੀਅਰ ਦੇ ਅਮੀਰਾਂ ਨੇ ਉਸਨੂੰ ਸਲਾਹ ਦਿੱਤੀ ਕਿ ਗੁਰੂ ਗੋਬਿੰਦ ਸਿੰਘ ਜੀ ਦੀ ਪਤਨੀ ਜੋ ਦਿੱਲੀ ਵਿੱਚ ਰਹਿੰਦੇ ਹਨ, ਨੂੰ ਬੰਦੇ ਪ੍ਰਤੀ ਹੁਕਮ ਲਿਖ ਕੇ ਭੇਜਣਾ ਚਾਹੀਦਾ ਹੈ ਕਿ ਉਹ ਜਨਤਾ ਨਾਲ ਖਿਲਵਾੜ ਨਾ ਕਰੇ, ਉਹਨਾਂ ਨੂੰ ਦੁੱਖ ਨਾ ਪਹੁੰਚਾਵੇ, ਸਗੋਂ ਸਾਰੇ ਸਿੱਖ ਅਮਨ ਸ਼ਾਂਤੀ ਬਣਾ ਕੇ ਰੱਖਣ। ਬਾਦਸ਼ਾਹ ਵੱਲੋਂ ਉਹਨਾਂ ਨੂੰ ਜਾਗੀਰਾਂ ਪ੍ਰਦਾਨ ਕਰ ਦਿੱਤੀਆਂ ਜਾਣਗੀਆਂ। ਇਹ ਸਮਝਾ ਕੇ ਬਾਦਸ਼ਾਹ ਨੇ ਦੀਵਾਨ ਨੂੰ ਮਾਤਾ ਕੋਲ਼ ਭੇਜ ਦਿੱਤਾ। ਇੱਥੇ ਇਹ ਦੱਸਿਆ ਜਾਂਦਾ ਹੈ ਕਿ ਭੰਗੂ ਨੇ ਇਸ ਸੰਦੇਸ਼ਵਾਹਕ ਦਾ ਨਾਮ ਰਾਮ ਦਿਆਲ ਦੀ ਥਾਂ 'ਤੇ ਭਾਈ ਨੰਦ ਲਾਲ ਦੱਸਿਆ ਹੈ।[85] ਲੇਖਕ ਅਨੁਸਾਰ ਦੀਵਾਨ ਦੀ ਬਾਣੀ ਕਪਟ, ਕਹਿਰ ਅਤੇ ਜ਼ਹਿਰ ਭਰੀ ਸੀ, ਜਿਸਨੂੰ ਮਾਤਾ ਨੇ ਬਿਨਾ ਸੋਚੇ ਸਮਝੇ ਸਵੀਕਾਰ ਕਰ ਲਿਆ ਸੀ।[86] ਗਿਆਨ ਸਿੰਘ ਅਨੁਸਾਰ ਮਾਤਾ ਨੇ ਆਪਣੇ ਵੱਲੋਂ ਬੰਦੇ ਨੂੰ ਆਪਣੀ ਮੋਹਰ ਲਗਾ ਕੇ ਆਪਣੇ ਇੱਕ ਸਿੱਖ ਰਾਹੀਂ ਹੁਕਮਨਾਮਾ[87] ਭਿਜਵਾ ਦਿੱਤਾ ਕਿ ਉਸਨੇ ਗੁਰੂ ਘਰ ਦੇ ਬਹੁਤ ਵੱਡੇ ਕਾਰਜ ਸੰਪੰਨ ਕੀਤੇ ਹਨ ਅਤੇ ਖ਼ਾਲਸਾ ਪੰਥ ਦੀ ਬਹੁਤ ਜ਼ਿਆਦਾ ਸੇਵਾ ਕੀਤੀ ਹੈ ਪਰ ਹੁਣ ਉਹ ਲੜਾਈ ਦਾ ਰਸਤਾ ਛੱਡ ਕੇ ਬਾਦਸ਼ਾਹ ਤੋਂ ਜਾਗੀਰਾਂ ਪ੍ਰਾਪਤ ਕਰਕੇ ਘਰ ਬੈਠ ਕੇ ਵਾਹਿਗੁਰੂ ਦਾ ਗੁਣ ਗਾਇਨ ਕਰੇ[88] ਪਰ ਬੰਦੇ ਨੇ ਇਸ ਨੂੰ ਅਸਵੀਕਾਰ ਕਰ ਦਿੱਤਾ। ਲੇਖਕ ਨੇ ਲਿਖਿਆ ਹੈ ਕਿ ਬਾਦਸ਼ਾਹ ਫ਼ਰੁਖਸੀਅਰ ਨੇ ਦੂਜੀ ਵਾਰ ਇੱਕ ਇਸਤਰੀ ਦੂਤ ਨੂੰ ਮਾਤਾ ਕੋਲ਼ ਭੇਜਿਆ।[89] ਸੋ ਮਾਤਾ ਨੇ ਬੰਦੇ ਨੂੰ ਫਿਰ ਹੁਕਮਨਾਮਾ ਲਿਖਵਾ ਦਿੱਤਾ ਕਿ ਜਾਂ ਉਹ ਉਸਦਾ ਹੁਕਮ ਮੰਨੇ, ਨਹੀਂ ਤਾਂ ਉਸਦਾ ਸਰਾਪ ਉਸਨੂੰ ਹਾਨੀ ਪਹੁੰਚਾਵੇਗਾ। ਲੇਖਕ ਲਿਖਦਾ ਹੈ ਕਿ 'ਬੰਦੇ' ਨੇ ਹੁਕਮਨਾਮਾ ਪੜ੍ਹ ਕੇ ਮਾਤਾ ਨੂੰ ਫਿਰ ਲਿਖ ਦਿੱਤਾ ਕਿ ਤੁਰਕਾਂ ਅਤੇ ਸਿੱਖਾਂ ਦਾ ਮੇਲ ਕਦੇ ਵੀ ਨਹੀਂ ਹੋ ਸਕਦਾ। ਇਹ ਸਭ ਪੜ੍ਹ ਕੇ ਮਾਤਾ ਨੇ ਗੁੱਸੇ ਵਿੱਚ ਉਸਨੂੰ ਸਰਾਪ ਦੇ ਦਿੱਤਾ ਕਿ ਉਸਦਾ ਸਰਵਪੱਖੀ ਵਿਨਾਸ਼ ਹੋਵੇ।

### ਖ਼ਾਲਸਾ ਪੰਥ ਦਾ ਦੋ ਧੜਿਆਂ ਵਿੱਚ ਵੰਡੇ ਜਾਣਾ

ਗਿਆਨੀ ਗਿਆਨ ਸਿੰਘ ਲਿਖਦੇ ਹਨ ਕਿ 'ਬੰਦਾ' ਦਰਬਾਰ ਦੇ ਅੰਦਰ ਗੱਦੀ 'ਤੇ ਬਿਰਾਜਮਾਨ ਸੀ, ਉਸਨੂੰ ਚਵਰ ਝੁਲਾਇਆ ਜਾ ਰਿਹਾ ਸੀ, ਬੰਦਈ ਸਿੱਖ ਉਸਦੀ ਚਰਨ ਛੋਹ ਕਰਦੇ ਅਤੇ ਅਰਦਾਸ ਵਿੱਚ ਉਸਨੂੰ ਗਿਆਰਵਾਂ ਗੁਰੂ ਉਚਾਰਨ ਲੱਗੇ, ਉਸਨੇ ਫ਼ਤਿਹ ਦਰਸ਼ਨ ਦਾ ਨਾਅਰਾ ਲਾਗੂ ਕੀਤਾ, ਉਸਨੇ ਖੰਡੇ ਦੇ ਪਾਹੁਲ ਦੀ ਥਾਂ ਚਰਨ ਅੰਮ੍ਰਿਤ ਪਿਲਾਉਣਾ ਸ਼ੁਰੂ ਕੀਤਾ, ਉਸਨੇ ਨੀਲੇ ਵਸਤਰਾਂ ਦੀ ਥਾਂ 'ਤੇ ਲਾਲ ਵਸਤਰ ਪਹਿਨਣੇ ਆਰੰਭ ਕੀਤੇ, ਉਸਨੇ ਮਾਸ ਅਤੇ ਸ਼ਰਾਬ ਦਾ ਤਿਆਗ ਕਰਨ ਲਈ ਪ੍ਰੇਰਿਤ ਕੀਤਾ ਅਤੇ ਸਿੰਘਾਂ ਦੇ ਜੱਥੇਦਾਰਾਂ ਨੂੰ ਬੋਲ-ਕਬੋਲ ਬੋਲਦਾ।[90] ਇਸ ਲਈ ਪੁਰਾਣੇ ਸਿੰਘਾਂ ਨੇ ਇਕੱਠੇ ਹੋ ਕੇ ਗੁਰਮੱਤਾ[91] ਕੀਤਾ ਕਿ ਹਰਿਮੰਦਰ (ਸਾਹਿਬ) ਦੇ ਅੰਦਰੋਂ 'ਬੰਦੇ' ਨੂੰ ਉਠਾ ਦਿੱਤਾ ਜਾਵੇ ਅਤੇ ਗੁਰੂ ਦੇ ਸਿੰਘ 'ਬੰਦੇ' ਤੋਂ ਵੱਖਰੇ ਹੋ ਕੇ ਸ਼ੋਰ ਮਚਾਉਣ ਲੱਗੇ। ਗਿਆਨੀ ਗਿਆਨ ਸਿੰਘ ਅਨੁਸਾਰ ਤੁਰਕ ਦਰਬਾਰ ਨੇ ਮਾਤਾ ਦੁਆਰਾ ਸਿੰਘਾਂ ਵਿੱਚ ਫੁੱਟ ਪੁਆ ਦਿੱਤੀ, ਜਿਸਦੇ ਫਲਸਰੂਪ ਸਿੰਘਾਂ ਨੇ ਆਉਣ ਵਾਲੇ 40 ਸਾਲਾਂ ਤੱਕ ਦੁੱਖ ਭੋਗਿਆ ਅਤੇ 1773 ਬਿਕਰਮੀ ਸੰਮਤ (1716 ਈ:) ਨੂੰ ਖ਼ਾਲਸਾ ਪੰਥ ਦੋ ਹਿੱਸਿਆਂ ਵਿੱਚ ਵੰਡਿਆ ਗਿਆ- ਤੱਤ ਖ਼ਾਲਸਾ ਅਤੇ ਬੰਦਈ ਖ਼ਾਲਸਾ।[92] ਬੰਦਾ ਆਪਣੇ ਸਾਜ ਸਾਮਾਨ ਸਮੇਤ ਗੁਰਦਾਸਪੁਰ ਵਿੱਚ ਚਲਾ ਗਿਆ ਸੀ।

## ਮੁਗ਼ਲ ਪ੍ਰਸ਼ਾਸਨ ਵੱਲੋਂ ਤੱਤ ਖ਼ਾਲਸਾ ਨਾਲ ਸਮਝੌਤਾ

ਗਿਆਨੀ ਗਿਆਨ ਸਿੰਘ ਅਨੁਸਾਰ ਫ਼ਰੁਖਸੀਅਰ ਨੇ ਸਿੰਘਾਂ ਦੀ ਇੱਕ ਧਿਰ ਤੱਤ ਖ਼ਾਲਸਾ ਨੂੰ ਤੋਹਫ਼ੇ ਅਤੇ ਖ਼ਿੱਲਤ ਆਦਿ ਭੇਜ ਕੇ ਸਮਝੌਤੇ ਸੰਬੰਧੀ ਕਈ ਸ਼ਰਤਾਂ 'ਤੇ ਸਿੰਘਾਂ ਦੇ ਜੱਥੇਦਾਰਾਂ ਦੇ ਦਸਤਖ਼ਤ ਕਰਵਾ ਲਏ[93] ਅਤੇ ਲਾਹੌਰ ਦੇ ਸੂਬੇਦਾਰ ਅਸਲਮ ਖ਼ਾਨ ਨੇ ਆਪਣੀ ਯੋਜਨਾ ਅਨੁਸਾਰ ਤੱਤ ਖ਼ਾਲਸਾ ਤੋਂ ਲਾਹੌਰ 'ਤੇ ਬੰਦੇ ਦੇ ਕੀਤੇ ਹਮਲੇ ਵਿਰੁੱਧ ਸਹਾਇਤਾ ਦੀ ਮੰਗ ਕੀਤੀ। ਲਾਹੌਰ ਤੋਂ ਤਿੰਨ ਕੋਹ ਦੂਰ ਭਗਵਾਨਪੁਰਾ ਦੇ ਸਥਾਨ 'ਤੇ ਦੋਨਾਂ ਧਿਰਾਂ ਵਿੱਚ ਘਮਸਾਨ ਦੀ ਲੜਾਈ ਹੋਈ।[94] ਗਿਆਨੀ ਗਿਆਨ ਸਿੰਘ ਲਿਖਦੇ ਹਨ ਕਿ ਇੰਨੇ ਨੂੰ ਮੀਰੀ ਸਿੰਘ ਆਪਣੀ ਸਿੰਘ ਸੈਨਾ ਲੈ ਕੇ ਲੜਾਈ ਦੇ ਮੈਦਾਨ ਵਿੱਚ ਬੰਦਈ ਸਿੱਖਾਂ ਦੇ ਵਿਰੁੱਧ ਲੜਨ ਲੱਗਾ ਅਤੇ ਬੰਦਈ ਸਿੰਘਾਂ ਨੂੰ ਠੱਲ੍ਹ ਪਾਈ। ਬੰਦੇ ਨੇ ਸੈਨਾ ਸਮੇਤ ਬਟਾਲੇ ਪਹੁੰਚ ਕੇ ਡੇਰਾ ਕੀਤਾ। ਲੇਖਕ ਲਿਖਦਾ ਹੈ ਕਿ ਇੱਥੇ ਪਹੁੰਚ ਕੇ ਬੰਦੇ ਨੇ ਤੱਤ ਖ਼ਾਲਸਾ ਨੂੰ ਸੁਨੇਹਾ ਭੇਜਿਆ ਕਿ ਉਹਨਾਂ ਦੋਵਾਂ ਧੜਿਆਂ ਨੂੰ ਆਪਸ ਵਿੱਚ ਮਿਲ ਜਾਣਾ ਚਾਹੀਦਾ ਹੈ ਪਰ ਜਦੋਂ ਦੋਨੋਂ ਧਿਰਾਂ ਦਾ ਮੇਲ ਨਾ ਹੋਇਆ ਤਾਂ ਤੱਤ ਖ਼ਾਲਸਾ ਅੰਮ੍ਰਿਤਸਰ ਵਿੱਚ ਹੀ ਰਿਹਾ ਅਤੇ ਬੰਦਾ ਗੁਰਦਾਸਪੁਰ ਵਿੱਚ ਠਹਿਰਿਆ ਰਿਹਾ। ਰਤਨ ਸਿੰਘ ਭੰਗੂ ਨੇ ਵੀ ਇਹਨਾਂ ਘਟਨਾਵਾਂ ਦਾ ਹਵਾਲਾ ਦਿੱਤਾ ਹੈ।[95] ਗਿਆਨੀ ਗਿਆਨ ਸਿੰਘ ਨੇ ਇਹਨਾਂ ਘਟਨਾਵਾਂ ਦਾ ਸਮਾਂ 1775 ਬਿਕਰਮੀ ਸੰਮਤ (1718 ਈ:) ਦੱਸਿਆ ਹੈ।[96]

## ਮੁਗ਼ਲ ਪ੍ਰਸ਼ਾਸਨ ਵੱਲੋਂ ਗੁਰਦਾਸਪੁਰ ਨੂੰ ਧੋਖੇ ਨਾਲ ਘੇਰ ਕੇ ਬੰਦੇ ਨੂੰ ਗ੍ਰਿਫ਼ਤਾਰ ਕਰਨਾ

ਗਿਆਨੀ ਗਿਆਨ ਸਿੰਘ ਲਿਖਦੇ ਹਨ ਕਿ ਬਾਦਸ਼ਾਹ ਦੇ ਹੁਕਮ 'ਤੇ ਕਸ਼ਮੀਰ ਅਤੇ ਲਾਹੌਰ ਤੋਂ ਮੰਗਵਾਈ ਫ਼ੌਜ ਨੇ ਤੁਰਕ ਸੈਨਾ ਨੇ ਗੁਰਦਾਸਪੁਰ ਕਿਲ੍ਹੇ ਨੂੰ ਤਿੰਨ ਪਾਸਿਆਂ ਤੋਂ ਘੇਰ ਲਿਆ।[97] ਨਵਾਬ ਦੇ ਖ਼ਾਸਦਾਰ 'ਬੰਦੇ' ਦੀ ਖ਼ੁਸ਼ਾਮਦੀ ਕਰਦੇ ਹੋਏ ਪੁੱਛਣ ਲੱਗੇ ਕਿ ਉਹ ਆਪਣੀ ਇੱਛਾ ਦੱਸੇ ਕਿ ਗੰਗਾ ਤੋਂ ਕਸ਼ਮੀਰ ਤੱਕ ਕਿੰਨੀ ਵੱਡੀ ਜਾਗੀਰ ਲੈਣੀ ਚਾਹੁੰਦਾ ਹੈ। ਲੇਖਕ ਅਨੁਸਾਰ 'ਬੰਦਾ' ਨਵਾਬ ਤੋਂ ਨਜ਼ਰਾਨੇ ਦੇ ਰੂਪ ਵਿੱਚ ਜਾਗੀਰ ਦੀ ਉਡੀਕ ਕਰਨ ਲੱਗਾ ਸੀ, ਜਦੋਂ ਕਿ ਨਵਾਬ ਕਸ਼ਮੀਰ ਤੋਂ ਆਉਣ ਵਾਲੀ ਸੈਨਾ ਦੀ ਉਡੀਕ ਕਰ ਰਿਹਾ ਸੀ ਪਰ ਬੰਦਈ ਸਿੰਘ ਤੁਰਕ ਸੈਨਾ ਦੀ ਚਾਲ ਸਮਝ ਗਏ ਕਿ ਦੁਸ਼ਮਣਾਂ ਨੇ ਉਹਨਾਂ ਨਾਲ ਧੋਖਾ ਕੀਤਾ ਹੈ ਅਤੇ ਆਪਸ ਵਿੱਚ ਵਿਚਾਰ ਕਰਨ ਲੱਗੇ ਕਿ 'ਬੰਦੇ' ਨੇ ਆਪ ਤਾਂ ਉਡਾਰੀ ਮਾਰ ਜਾਣੀ ਹੈ ਅਤੇ ਉਹਨਾਂ ਉੱਪਰ ਔਖਾ ਵਕਤ ਪਵੇਗਾ। ਗਿਆਨ ਸਿੰਘ ਅਨੁਸਾਰ ਬਾਜ ਸਿੰਘ ਨੇ ਉਹਨਾਂ ਨੂੰ ਸਮਝਾਇਆ ਕਿ ਬੰਦਾ ਜਾਣੀ ਜਾਣ ਹੈ। ਉਹਨਾਂ ਦਾ ਫਰਜ਼ ਹੈ ਕਿ ਉਹ ਉਸਦੇ ਅੱਗੇ ਆਪਣਾ ਸੀਸ ਦੇ ਦੇਣ।[98] ਫਿਰ ਵੀ ਉਹ 'ਬੰਦੇ' ਕੋਲ਼ ਚਲੇ ਗਏ। ਉਸਨੇ ਕਿਹਾ ਜਿਹੜੇ ਸਿੰਘ ਮਰਨ ਤੋਂ ਡਰਦੇ ਹਨ, ਉਹ ਇੱਥੋਂ ਜਾ ਸਕਦੇ ਹਨ।

ਲੇਖਕ ਅਨੁਸਾਰ 1777 ਬਿਕਰਮੀ ਸੰਮਤ (1720 ਈ:) ਨੂੰ 'ਬੰਦੇ' ਨੇ ਪੰਜ ਸੌ ਦੇ ਕਰੀਬ ਸਿੰਘਾਂ ਨੂੰ ਖੇਤਾਂ ਵਿੱਚ ਭੇਜ ਦਿੱਤਾ। ਜਦੋਂ ਉਹਨਾਂ ਨੇ ਚਾਰਾ ਆਪਣੇ ਘੋੜਿਆਂ 'ਤੇ ਲੱਦ ਲਿਆ ਤਾਂ ਤੁਰਕਾਂ ਨੇ ਉਹਨਾਂ 'ਤੇ ਹਮਲਾ ਕਰ ਦਿੱਤਾ। ਬੰਦਈ ਸਿੰਘਾਂ ਨੇ ਆਪਣੇ ਤੋਂ ਚਾਰ ਗੁਣਾ ਵੱਧ ਤੁਰਕ ਸੈਨਿਕ ਕਤਲ ਕਰਕੇ ਸ਼ਹੀਦੀਆਂ ਪ੍ਰਾਪਤ ਕੀਤੀਆਂ।[99] ਲੇਖਕ ਅਨੁਸਾਰ ਅਬਦੁੱਲ ਸਮੁੰਦ ਖ਼ਾਨ[100] ਨੇ ਤੁਰਕ ਸੈਨਿਕਾਂ ਨੂੰ ਕਿਲ੍ਹੇ ਦਾ ਘੇਰਾ ਸਖ਼ਤ ਕਰਨ ਦਾ ਆਦੇਸ਼ ਦਿੱਤਾ ਤਾਂ ਕਿ ਭੁੱਖ ਨਾਲ ਮਰਦੇ ਹੋਏ ਸਿੰਘ ਆਪਣੇ ਆਪ ਕਿਲ੍ਹੇ ਵਿੱਚੋਂ ਬਾਹਰ ਨਿਕਲਣ। ਇਸ ਲਈ ਕਈ ਦਿਨ ਭੁੱਖ ਸਹਿਣ ਤੋਂ ਬਾਅਦ ਜਦੋਂ 'ਬੰਦੇ' ਦਾ ਸਰੀਰਕ ਬਲ ਘਟਣ ਲੱਗਾ ਤਾਂ ਉਦੋਂ ਹੀ ਤੁਰਕ ਸੈਨਿਕ ਕਿਲ੍ਹੇ ਦੇ ਨੇੜੇ ਢੁੱਕਣ ਲੱਗੇ ਪਰ ਉਹ ਫਿਰ ਵੀ 'ਬੰਦੇ' ਤੋਂ ਖ਼ੌਫ ਖਾ ਰਹੇ ਸਨ। ਗਿਆਨ ਸਿੰਘ ਲਿਖਦੇ ਹਨ ਕਿ 'ਬੰਦੇ' ਨੇ ਸਿੰਘਾਂ ਨੂੰ ਕਿਲ੍ਹੇ ਦਾ ਦਰਵਾਜ਼ਾ ਖੋਲ੍ਹ ਦੇਣ ਲਈ ਕਿਹਾ। ਨਵਾਬ ਨੇ ਆਪਣੇ ਸੈਨਿਕਾਂ ਨੂੰ ਕਹਿ ਦਿੱਤਾ ਕਿ ਉਹ ਕਿਸੇ ਵੀ ਸਿੱਖ ਦਾ ਕਤਲ ਨਾ ਕਰਨ।[101] ਬੰਦੇ ਸਮੇਤ ਸਾਰੇ ਸਿੱਖ ਤੁਰਕ ਸੈਨਿਕਾਂ ਦੁਆਰਾ ਗ੍ਰਿਫ਼ਤਾਰ ਕਰ ਲਏ ਗਏ। ਲਾਹੌਰ ਵਿੱਚ ਉਹਨਾਂ ਨੂੰ ਕਈ ਦਿਨ ਰੱਖਣ ਤੋਂ ਬਾਅਦ ਦਿੱਲੀ ਲਿਜਾਣਾ ਸ਼ੁਰੂ ਕੀਤਾ ਗਿਆ। ਲੇਖਕ ਅਨੁਸਾਰ ਦਿੱਲੀ ਪਹੁੰਚਣ 'ਤੇ

ਚਾਂਦਨੀ ਚੌਂਕ ਵਿੱਚ ਹਰ ਰੋਜ਼ ਪੱਚੀ ਸਿੰਘ ਕਤਲ ਕੀਤੇ ਜਾਣ ਲੱਗੇ। ਖ਼ਾਫ਼ੀ ਖ਼ਾਨ ਨੇ *ਮੁੰਤਖ਼ਬ-ਉਲ-ਲੁਬਾਬ* ਵਿੱਚ ਲਿਖਿਆ ਹੈ ਕਿ ਬਾਦਸ਼ਾਹ ਦਾ ਹੁਕਮ ਹੋਇਆ ਕਿ ਸਿੱਖਾਂ ਵਿੱਚੋਂ ਹਰ ਰੋਜ਼ ਦੋ ਸੌ ਜਾਂ ਤਿੰਨ ਸੌ ਨੂੰ ਕੋਤਵਾਲੀ (ਸ਼ਹਿਰ ਦੀ ਪੁਲਿਸ ਦਾ ਮੁੱਖ ਦਫ਼ਤਰ) ਦੇ ਚਬੂਤਰੇ ਦੇ ਸਾਹਮਣੇ ਕਤਲ ਕਰ ਦਿੱਤਾ ਜਾਵੇ ਜਾਂ ਬਾਜ਼ਾਰ ਦੀ ਸੜਕ ਉੱਤੇ।[102] ਮਿਰਜ਼ਾ ਮੁਹੰਮਦ ਲਿਖਦਾ ਹੈ ਕਿ ਕੈਦ ਕੀਤੇ ਹੋਏ ਸਿੱਖਾਂ ਨੂੰ ਹਰ ਰੋਜ਼ ਸੌ ਆਦਮੀ ਦੇ ਹਿਸਾਬ ਨਾਲ ਚਬੂਤਰਾ-ਏ-ਕੋਤਵਾਲੀ ਦੇ ਸਾਹਮਣੇ ਤ੍ਰਪੋਲੀਆ ਇਮਾਰਤ ਕੋਲ਼ ਇੱਕ ਹਫ਼ਤੇ ਵਿੱਚ ਕਤਲ ਕਰ ਦਿੱਤਾ ਗਿਆ।[103] ਗਿਆਨੀ ਗਿਆਨ ਸਿੰਘ ਅਨੁਸਾਰ ਸੱਠ ਕੁ ਸਿੰਘ ਛੱਡ ਦਿੱਤੇ ਗਏ, ਜੋ ਪੰਜਾਬ ਵੱਲ ਵਾਪਸ ਪਰਤ ਆਏ।[104] ਉਸ ਅਨੁਸਾਰ ਖ਼ਾਫੀ ਖ਼ਾਨ ਤੋਂ ਬਿਨਾ ਜਾਲਾਪੁਰ ਦੇ ਰਾਮ ਜਸ ਅਤੇ ਮੇਰਠ ਦੇ ਹਰਿ ਚਰਨ ਨੇ ਵੀ ਸਿੰਘਾਂ ਦੇ ਸਿਦਕ ਦੀਆਂ ਗੱਲਾਂ ਦਾ ਵਰਣਨ ਕੀਤਾ ਹੈ। ਲੇਖਕ ਅਨੁਸਾਰ ਬਾਦਸ਼ਾਹ ਨੇ 'ਬੰਦੇ' ਨੂੰ ਹਾਥੀ ਦੇ ਪੈਰ ਨਾਲ ਬੰਨ੍ਹ ਕੇ ਸ਼ਹਿਰ ਵਿੱਚ ਘਸੀਟਣਾ ਸ਼ੁਰੂ ਕਰਵਾ ਦਿੱਤਾ। ਗਿਆਨੀ ਗਿਆਨ ਸਿੰਘ ਅਨੁਸਾਰ 'ਬੰਦੇ' ਨੇ ਆਪਣੇ ਪ੍ਰਾਣ ਦਸਵੇਂ ਦੁਆਰ ਵਿੱਚ ਖਿੱਚ ਲਏ ਪਰ ਤੁਰਕ ਸੈਨਿਕਾਂ ਨੇ ਉਸਨੂੰ ਮੁਰਦਾ ਸਮਝ ਕੇ ਛੱਡ ਦਿੱਤਾ। ਇਹ ਘਟਨਾ 1778 ਬਿਕਰਮੀ ਸੰਮਤ (1721 ਈ:) ਦੀ ਹੈ। ਬਾਜ ਸਿੰਘ ਅਤੇ ਹੋਰ ਕਈ ਸੂਰਮੇ 'ਬੰਦੇ' ਨਾਲ ਕਤਲ ਕਰ ਦਿੱਤੇ ਗਏ।[105]

ਗਿਆਨੀ ਗਿਆਨ ਸਿੰਘ ਲਿਖਦਾ ਹੈ ਕਿ ਖ਼ਾਫੀ ਖ਼ਾਨ ਤੋਂ ਬਿਨਾ ਹੋਰ ਇਤਿਹਾਸਿਕ ਤਵਾਰੀਖ਼ਾਂ ਅਤੇ ਰਤਨ ਸਿੰਘ ਭੰਗੂ ਦੇ *ਪੰਥ ਪ੍ਰਕਾਸ਼* ਵਿੱਚੋਂ ਜੋ ਕੁਝ ਉਸਨੇ ਦੇਖਿਆ ਅਤੇ ਪੜ੍ਹਿਆ ਹੈ ਉਸ ਅਨੁਸਾਰ ਬੰਦਈ ਸਿੰਘ 'ਬੰਦੇ' ਦੀ ਦੇਹ ਨੂੰ ਚੁੱਕ ਕੇ ਠੱਕਰ ਭੁੱਚੋ ਨਾਂ ਦੇ ਲਾਹੌਰ ਜ਼ਿਲ੍ਹੇ ਦੇ ਪਿੰਡ ਵਿੱਚ ਲੈ ਗਏ ਸਨ। ਇੱਥੇ ਜਾਨਕੀ ਦਾਸ ਨਾਂ ਦੇ ਇੱਕ ਸਾਧੂ ਨੇ ਸਭ ਪ੍ਰਕਾਰ ਦੀਆਂ ਯੋਗ ਵਿਧੀਆਂ ਰਾਹੀਂ 'ਬੰਦੇ' ਦੇ ਸਵਾਸਾਂ ਨੂੰ ਚਲਦਾ ਕਰ ਦਿੱਤਾ ਸੀ ਅਤੇ ਜੀਵਨ ਦੇ ਅੰਤ 1793 ਬਿਕਰਮੀ ਸੰਮਤ (1736 ਈ:)[106] ਤੱਕ ਉਹ ਇੱਥੇ ਹੀ ਰਿਹਾ।[107]

### ਸਿੱਟਾ

ਗਿਆਨੀ ਗਿਆਨ ਸਿੰਘ ਦੀ 19ਵੀਂ ਸਦੀ ਦੇ ਅੰਤ ਵਿੱਚ ਕਵਿਤਾ ਰੂਪ ਵਿੱਚ ਲਿਖੀ ਰਚਨਾ *ਪੰਥ ਪ੍ਰਕਾਸ਼* ਦੀ ਮਹੱਤਤਾ ਇਸ ਗੱਲ ਵਿੱਚ ਹੈ ਕਿ ਉਸਨੇ ਬੰਦਾ ਸਿੰਘ ਬਹਾਦੁਰ ਦਾ ਇਤਿਹਾਸ ਲਿਖਣ ਲਈ ਖ਼ਾਫ਼ੀ ਖ਼ਾਨ ਦੇ ਫ਼ਾਰਸੀ ਵਿੱਚ ਲਿਖੇ ਗ੍ਰੰਥ ਨੂੰ ਵਰਤਿਆ ਹੈ। ਫ਼ਾਰਸੀ ਦਾ ਇਹ ਲੇਖਕ ਬੰਦਾ ਸਿੰਘ ਬਹਾਦੁਰ ਦਾ ਸਮਕਾਲੀਨ ਰਿਹਾ ਹੈ। ਇਸਦੇ ਇਲਾਵਾ ਉਸਨੇ ਆਪਣੇ ਸਮੇਂ ਦੇ ਉਹਨਾਂ ਬਜ਼ੁਰਗ ਲੋਕਾਂ ਤੋਂ ਸੁਣ ਕੇ ਇਤਿਹਾਸ ਰਚਿਆ ਹੈ, ਜਿੰਨ੍ਹਾਂ ਵਿੱਚੋਂ ਇੱਕ ਬਜ਼ੁਰਗ ਦੀ ਉਮਰ ਲੇਖਕ ਨੇ ਆਪਣੇ ਦੂਜੇ ਗ੍ਰੰਥ *ਤਵਾਰੀਖ਼ ਗੁਰੂ ਖ਼ਾਲਸਾ* ਵਿੱਚ 142 ਸਾਲ ਤੱਕ ਦੱਸੀ ਹੈ। ਇਸਦਾ ਭਾਵ ਹੈ ਕਿ ਉਹ ਲੋਕ ਵੀ ਬੰਦਾ ਸਿੰਘ ਬਹਾਦੁਰ ਦੇ ਸੰਘਰਸ਼ ਤੋਂ ਜਲਦੀ ਬਾਅਦ ਜਵਾਨ ਅਵਸਥਾ ਵਿੱਚ ਸਨ ਅਤੇ ਉਸਦੇ ਪਰਿਵਾਰ ਦੇ ਆਪਣੇ ਬਜ਼ੁਰਗ ਵੀ ਜਿਹੜੇ ਕਿ ਸਿੱਖ-ਮੁਗ਼ਲ ਸੰਘਰਸ਼ ਦੇ ਰਾਹ 'ਤੇ ਤੁਰੇ ਹੋਏ ਸਨ। ਇਸਤੋਂ ਲੇਖਕ ਦੀ ਪੰਜਾਬ ਦੇ ਮਾਲਵਾ ਖੇਤਰ ਵਿੱਚ ਮੌਖਿਕ ਸਰੋਤਾਂ ਦੀ ਵਧ ਰਹੀ ਮਹੱਤਤਾ ਦਾ ਪਤਾ ਵੀ ਲੱਗਦਾ ਹੈ ਪਰ ਗਿਆਨੀ ਗਿਆਨ ਸਿੰਘ ਨੇ ਬੰਦਾ ਸਿੰਘ ਬਹਾਦੁਰ ਦੇ ਮੁਗ਼ਲ ਪ੍ਰਸ਼ਾਸਨ ਵਿਰੁੱਧ ਸੰਘਰਸ਼ ਭਰੇ ਜੀਵਨ ਦੇ ਅੱਠ ਕੁ ਸਾਲ (1708 ਈ: ਤੋਂ 1716 ਈ: ਤੱਕ) ਦੇ ਇਤਿਹਾਸ ਨੂੰ ਲਿਖਣ ਦੀ ਬਜਾਇ 1707 ਈ: ਤੋਂ ਲੈ ਕੇ 1736 ਈ: ਤੱਕ ਲਿਖ ਦਿੱਤਾ ਹੈ।

ਗਿਆਨੀ ਗਿਆਨ ਸਿੰਘ ਦੇ *ਪੰਥ ਪ੍ਰਕਾਸ਼* ਨੂੰ ਪੜ੍ਹਨ ਤੋਂ ਪਤਾ ਲੱਗਦਾ ਹੈ ਕਿ 19ਵੀਂ ਸਦੀ ਦੇ ਅੰਤ ਤੱਕ ਬੰਦਾ ਸਿੰਘ ਬਹਾਦੁਰ ਦੇ ਇਤਿਹਾਸ ਵਿੱਚ ਕਈ ਤਰ੍ਹਾਂ ਦੀਆਂ ਮਨਘੜਤ ਕਹਾਣੀਆਂ ਜੁੜ ਚੁੱਕੀਆਂ ਸਨ, ਇੱਥੋਂ ਤੱਕ ਕਿ ਉਸਨੇ ਕਈ ਵਿਚਾਰ ਰਤਨ ਸਿੰਘ ਭੰਗੂ ਤੋਂ ਵੀ ਵਧਾਅ-ਚੜ੍ਹਾਅ ਕੇ ਪ੍ਰਸਤੁਤ ਕਰ ਦਿੱਤੇ ਹਨ, ਜਿੰਨ੍ਹਾਂ ਬਾਬਤ ਵੇਰਵਾ 18ਵੀਂ ਸਦੀ ਦੇ ਨਾ ਤਾਂ ਸਿੱਖ ਸਰੋਤਾਂ ਵਿੱਚ ਅਤੇ ਨਾ ਹੀ ਫ਼ਾਰਸੀ ਅਤੇ ਯੂਰਪੀਅਨ ਲਿਖਤਾਂ ਤੋਂ ਪ੍ਰਾਪਤ ਹੁੰਦਾ ਹੈ। ਜਿਵੇਂ ਕਿ ਗਿਆਨੀ ਗਿਆਨ ਸਿੰਘ ਦਾ ਗੁਰੂ ਗੋਬਿੰਦ

ਸਿੰਘ ਦੇ ਜੀਵਨ ਵਿੱਚ ਹੀ ਉਹਨਾਂ ਦੇ ਇੱਕ ਸਿੱਖ ਵੱਲੋਂ ਨੰਦੇੜ ਪਹੁੰਚ ਕੇ ਉਹਨਾਂ ਨੂੰ ਬੰਦਾ ਸਿੰਘ ਬਹਾਦੁਰ ਦੁਆਰਾ ਸਮਾਣਾ, ਦਾਮਲਾ, ਕੁੰਜਪੁਰਾ, ਸਢੌਰਾ ਅਤੇ ਸਰਹਿੰਦ ਦੀ ਤਬਾਹੀ ਦਾ ਹਾਲ ਦੱਸਣਾ, ਮੁਗ਼ਲ ਬਾਦਸ਼ਾਹ ਬਹਾਦਰ ਸ਼ਾਹ ਦਾ ਗੁਰੂ ਗੋਬਿੰਦ ਸਿੰਘ ਜੀ ਕੋਲ਼ ਬੰਦਾ ਸਿੰਘ ਬਹਾਦੁਰ ਦੀ ਲੁੱਟ-ਮਾਰ ਬੰਦ ਕਰਵਾਉਣ ਲਈ ਉਸਨੂੰ ਜਾਗੀਰ ਦੀ ਪੇਸ਼ਕਸ਼ ਕਰਨਾ, ਲਾਹੌਰ ਦੇ ਨਵਾਬ ਅਸਲਮ ਖ਼ਾਨ ਦਾ ਵੇਰਵਾ ਬਾਦਸ਼ਾਹ ਫ਼ਾਰੁਖ਼ਸੀਅਰ ਦੇ ਰਾਜ ਵਿੱਚ ਦੇਣਾ, ਫ਼ਾਰੁਖ਼ਸੀਅਰ ਦਾ ਤੱਤ ਖ਼ਾਲਸਾ ਨਾਲ ਸਮਝੌਤਾ ਕਰਨਾ, ਗੁਰਦਾਸਪੁਰ ਦੇ ਘੇਰੇ ਵਿੱਚ ਨਵਾਬ ਦੇ ਸੇਵਕਾਂ ਵੱਲੋਂ ਬੰਦਾ ਸਿੰਘ ਬਹਾਦੁਰ ਨੂੰ ਜਾਗੀਰ ਦੇ ਲਾਲਚ ਦਾ ਭਰਮਜਾਲ, ਬੰਦਾ ਸਿੰਘ ਬਹਾਦੁਰ ਨੂੰ ਅੰਤ ਸਮੇਂ ਹਾਥੀ ਦੇ ਪੈਰ ਨਾਲ ਬੰਨ੍ਹ ਕੇ ਦਿੱਲੀ ਸ਼ਹਿਰ ਵਿੱਚ ਘਸੀਟਣਾ ਇਸਤੋਂ ਇਲਾਵਾ ਕਈ ਵਿਚਾਰ ਭੰਗੂ ਦੇ ਆਧਾਰ ‘ਤੇ ਹੀ ਪੇਸ਼ ਕੀਤੇ ਹਨ, ਜਿਵੇਂ ਕਿ ਲੇਖਕ ਨੇ ਫ਼ਾਰਸੀ ਸਰੋਤ ‘ਤੇ ਵਿਸ਼ਵਾਸ ਨਾ ਕਰਕੇ ਰਤਨ ਸਿੰਘ ਭੰਗੂ ਦੁਆਰਾ ਦਿੱਤੇ ਬੰਦਈ ਸਿੱਖਾਂ ਦੇ ਵੇਰਵੇ ਅਨੁਸਾਰ ਇਹ ਲਿਖ ਦਿੱਤਾ ਹੈ ਕਿ ਬੰਦਾ ਸਿੰਘ ਬਹਾਦੁਰ ਦਾ ਦਿੱਲੀ ਵਿੱਚ ਜੂਨ, 1716 ਈ: ਨੂੰ ਦੇਹਾਂਤ ਨਹੀਂ ਹੋਇਆ, ਸਗੋਂ ਉਸਨੇ ਆਪਣੇ ਸਾਹ ਦਸਮ ਦੁਆਰ ਵਿੱਚ ਖਿੱਚ ਲਏ ਸਨ ਅਤੇ ਉਸ ਨੂੰ ਦਿੱਲੀ ਤੋਂ ਜੰਮੂ ਵਿੱਚ ਲਿਆਂਦਾ ਗਿਆ, ਜਿੱਥੇ ਉਹ 1736 ਈ: ਤੱਕ ਜਿਉਂਦਾ ਰਿਹਾ। ਇਸ ਘਟਨਾ ਤੋਂ ਇਲਾਵਾ ਕੁੱਲੂ ਰਾਜ ਤੋਂ ਬੰਦਾ ਸਿੰਘ ਬਹਾਦੁਰ ਪਿੰਜਰੇ ਸਮੇਤ ਉੱਡ ਕੇ ਸੁਧਰ ਸੈਨ ਦੇ ਰਾਜ ਵਿੱਚ ਚਲੇ ਜਾਣਾ, ਬੰਦਈ ਸਿੱਖਾਂ ਦਾ ਗੁਰਦਾਸਪੁਰ ਦੀ ਲੜਾਈ ਸਮੇਂ ਸੋਚਣਾ ਕਿ ਬੰਦਾ ਆਪ ਤਾਂ ਉਡਾਰੀ ਮਾਰ ਸਕਦਾ ਹੈ, ਨੂੰ ਲੇਖਕ ਨੇ ਕਰਾਮਾਤ ਨਾਲ ਜੋੜ ਕੇ ਪੇਸ਼ ਕਰ ਦਿੱਤਾ ਹੈ, ਜਦੋਂ ਕਿ ਸਿੱਖ ਧਰਮ ਵਿੱਚ ਕਰਾਮਾਤ ਨੂੰ ਕੋਈ ਸਥਾਨ ਨਹੀਂ ਦਿੱਤਾ ਜਾਂਦਾ।

ਗਿਆਨੀ ਗਿਆਨ ਸਿੰਘ ਨੇ *ਪੰਥ ਪ੍ਰਕਾਸ਼* ਵਿੱਚ ਮਾਤਾ ਸੁੰਦਰੀ ਵੱਲੋਂ ਬੰਦਾ ਸਿੰਘ ਬਹਾਦੁਰ ਨੂੰ ਹੁਕਮਨਾਮਾ ਭੇਜਣ ਅਤੇ ਸਰਾਪ ਦਿੱਤੇ ਜਾਣ ਦਾ ਬੇਲੋੜਾ ਵਿਸਥਾਰ ਦੇ ਦਿੱਤਾ ਹੈ। ਉਸ ਅਨੁਸਾਰ ਮਾਤਾ ਸੁੰਦਰੀ ਜੀ ਨੇ ਬਾਦਸ਼ਾਹ ਫ਼ਰੁਖ਼ਸੀਅਰ ਦੇ ਸੰਦੇਸ਼ ‘ਤੇ ਬੰਦਾ ਸਿੰਘ ਬਹਾਦੁਰ ਨੂੰ ਜਾਗੀਰ ਪ੍ਰਾਪਤ ਕਰਕੇ ਅੱਗੇ ਤੋਂ ਮੁਗ਼ਲ ਪ੍ਰਸ਼ਾਸਨ ਖ਼ਿਲਾਫ ਸੰਘਰਸ਼ ਰੋਕ ਦੇਣ ਦਾ ਹੁਕਮ ਭੇਜ ਦਿੱਤਾ ਗਿਆ ਸੀ। ਲੇਖਕ ਦੇ ਇਸ ਵਿਚਾਰ ਦੀ ਇਤਿਹਾਸਕ ਗਵਾਹੀ 18ਵੀਂ ਸਦੀ ਦੇ ਸਮਕਾਲੀਨ ਕਿਸੇ ਵੀ ਫ਼ਾਰਸੀ, ਯੂਰਪੀਅਨ, ਇੱਥੋਂ ਤੱਕ ਕਿ ਸਿੱਖ ਸਰੋਤਾਂ ਤੋਂ ਵੀ ਪ੍ਰਾਪਤ ਨਹੀਂ ਹੁੰਦੀ ਹੈ। ਲੇਖਕ ਨੇ ਇਹ ਵਿਚਾਰ ਰਤਨ ਸਿੰਘ ਭੰਗੂ ਦੀ ਲਿਖਤ (1841 ਈ:) ਦੇ ਆਧਾਰ ‘ਤੇ ਦੇ ਦਿੱਤਾ ਹੈ। ਇਸ ਵਿਚਾਰ ਨੂੰ ਇਸ ਪੱਖੋਂ ਵੀ ਇਨਕਾਰਿਆ ਜਾ ਸਕਦਾ ਹੈ ਕਿ ਬੰਦਾ ਸਿੰਘ ਬਹਾਦੁਰ ਨੇ ਜੇ ਸਿੱਖ ਪ੍ਰਭੂਸੱਤਾ ਸੰਪੰਨ ਰਾਜ ਦੀ ਸਥਾਪਨਾ ਸਰਹਿੰਦ ਜਿੱਤ (ਮਈ, 1710 ਈ:) ਤੋਂ ਬਾਅਦ ਸਰਹਿੰਦ ਦੀ ਟਕਸਾਲ ਤੋਂ ਹੀ ਸਿੱਕਾ ਜਾਰੀ ਕਰਕੇ[108] ਕਰ ਦਿੱਤੀ ਸੀ ਤਾਂ ਮਾਤਾ ਸੁੰਦਰੀ ਵੱਲੋਂ ਮੁਗ਼ਲ ਬਾਦਸ਼ਾਹ ਫ਼ਰੁਖ਼ਸੀਅਰ ਦੁਆਰਾ ਤਖ਼ਤ ‘ਤੇ (1713 ਈ:) ਬਿਰਾਜਮਾਨ ਹੋਣ ਤੋਂ ਬਾਅਦ ਬੰਦਾ ਸਿੰਘ ਬਹਾਦੁਰ ਨੂੰ ਹੁਕਮਨਾਮਾ ਭੇਜ ਕੇ ਮੁਗ਼ਲ ਪ੍ਰਸ਼ਾਸਨ ਤੋਂ ਜਾਗੀਰ ਲੈ ਕੇ ਆਰਾਮ ਕਰਕੇ ਬੈਠ ਜਾਣ ਲਈ ਨਹੀਂ ਕਿਹਾ ਜਾ ਸਕਦਾ ਸੀ, ਕਿਉਂਕਿ ਉਹ ਤਾਂ ਆਪ ਮਾਲਕ ਸੀ। ਇਹ ਵਿਚਾਰ 18ਵੀਂ ਸਦੀ ਦੇ ਸਰੋਤਾਂ ਵਿੱਚ ਨਾ ਹੋ ਕੇ 19ਵੀਂ ਸਦੀ ਵਿੱਚ ਪਹਿਲਾਂ ਭੰਗੂ ਦੀ ਲਿਖਤ ਵਿੱਚ ਅਤੇ ਉੱਥੋਂ ਹੀ ਗਿਆਨੀ ਗਿਆਨ ਸਿੰਘ ਦੀ ਰਚਨਾ ਵਿੱਚ ਪ੍ਰਵੇਸ਼ ਕਰ ਗਿਆ ਹੈ, ਜਿਸ ‘ਤੇ ਵਿਸ਼ਵਾਸ ਕਰਨਾ ਅਸੰਭਵ ਜਾਪਦਾ ਹੈ।

ਗਿਆਨੀ ਗਿਆਨ ਸਿੰਘ ਨੇ ਇਤਿਹਾਸਿਕ ਘਟਨਾਵਾਂ ਨੂੰ ਤਾਰੀਖ਼ਾਂ ਸਹਿਤ ਪੇਸ਼ ਕਰਨ ਦਾ ਯਤਨ ਕੀਤਾ ਹੈ ਪਰ ਲੇਖਕ ਦੁਆਰਾ ਦਿੱਤੀਆਂ ਗਈਆਂ ਬਹੁਤੀਆਂ ਤਾਰੀਖ਼ਾਂ ਦੇ ਹਵਾਲੇ ਵਰਤਮਾਨ ਖੋਜ ਦੇ ਆਧਾਰ ‘ਤੇ ਦਰੁਸਤ ਨਹੀਂ ਮੰਨੇ ਜਾ ਸਕਦੇ ਹਨ, ਜਿਵੇਂ ਕਿ ਸਰਹਿੰਦ ਦੀ ਲੜਾਈ ਦੀ ਤਾਰੀਖ਼ ਲੇਖਕ ਨੇ 1765 ਬਿਕਰਮੀ ਸੰਮਤ (1708 ਈ:) ਲਿਖੀ ਹੈ, ਪਰ ਇਸਦਾ ਸਮਾਂ ਮਈ, 1710 ਈ: ਲਿਖਿਆ ਮਿਲਦਾ ਹੈ। ਸੂਰਤ ਸ਼ਹਿਰ ਦੇ ਕੋਤਵਾਲ ਬਦਰ-ਉਦ-ਦੀਨ ਦੇ ਹਵਾਲੇ ਤੋਂ ਗਿਆਨੀ ਗਿਆਨ ਸਿੰਘ ਨੇ ਜੋ ਵੇਰਵਾ ਦਿੱਤਾ ਹੈ ਉਸ ਮੁਤਾਬਿਕ 1768 ਬਿਕਰਮੀ ਸੰਮਤ (1711 ਈ:) ਨੂੰ ਗੁਰੂ ਗੋਬਿੰਦ ਸਿੰਘ ਦੀ

ਮੁਲਾਕਾਤ ਬੰਦਾ ਸਿੰਘ ਬਹਾਦੁਰ ਨਾਲ ਹੋਈ ਪਰ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ-ਜੋਤ ਸਮਾਉਣ ਦੀ ਤਾਰੀਖ਼ 7 ਅਕਤੂਬਰ, 1708 ਈ: ਪ੍ਰਾਪਤ ਹੁੰਦੀ ਹੈ। ਲੋਹਗੜ੍ਹ ਦੀ ਲੜਾਈ ਦੀ ਤਾਰੀਖ਼ ਲੇਖਕ ਨੇ 1712 ਈ: ਲਿਖੀ ਹੈ ਪਰ ਇਸ ਲੜਾਈ ਦੀ ਤਾਰੀਖ਼ ਦਸੰਬਰ, 1710 ਈ: ਦਾ ਪਤਾ ਲੱਗਦਾ ਹੈ। ਮੁਗ਼ਲ ਬਾਦਸ਼ਾਹ ਬਹਾਦਰ ਸ਼ਾਹ ਦੇ ਲਾਹੌਰ ਪਹੁੰਚਣ ਦਾ ਸਮਾਂ ਲੇਖਕ ਨੇ 1769 ਬਿਕਰਮੀ ਸੰਮਤ (1712 ਈ:) ਅੱਸੂ ਮਹੀਨਾ ਲਿਖਿਆ ਹੈ ਅਤੇ ਲਾਹੌਰ ਵਿੱਚ ਉਸਦੀ ਮੌਤ ਦੀ ਤਾਰੀਖ਼ 5 ਨਵੰਬਰ, 1712 ਈ: ਲਿਖੀ ਹੈ ਪਰ ਪਤਾ ਲੱਗਦਾ ਹੈ ਕਿ ਬਹਾਦਰ ਸ਼ਾਹ ਦੀ ਲਾਹੌਰ ਵਿੱਚ ਮੌਤ 18 ਫ਼ਰਵਰੀ, 1712 ਈ: ਨੂੰ ਹੋ ਚੁੱਕੀ ਸੀ। ਫ਼ਾਰੁਖਸੀਅਰ ਦੀ ਤਖ਼ਤ ਨਸ਼ੀਨੀ ਲੇਖਕ ਨੇ 1772 ਬਿਕਰਮੀ ਸੰਮਤ (1715 ਈ:) ਬਿਆਨ ਕੀਤੀ ਹੈ, ਜਿਸਦੀ ਤਾਰੀਖ਼ ਜਨਵਰੀ, 1713 ਈ: ਪ੍ਰਾਪਤ ਹੁੰਦੀ ਹੈ। ਗੁਰਦਾਸਪੁਰ ਦੀ ਲੜਾਈ ਵਿੱਚ ਸਿੱਖ ਸੈਨਾ ਦੀ ਇੱਕ ਟੁਕੜੀ 'ਤੇ ਖੇਤਾਂ ਵਿੱਚ ਤੁਰਕ ਸੈਨਾ ਦੇ ਹਮਲੇ ਦਾ ਵੇਰਵਾ ਲੇਖਕ ਨੇ 1777 ਬਿਕਰਮੀ ਸੰਮਤ (1720 ਈ:) ਦਾ ਦੱਸਿਆ ਹੈ ਪਰ ਇਹ ਘਟਨਾ 1715 ਈ: ਦੀ ਹੈ।[109] ਇਸੇ ਤਰ੍ਹਾਂ ਬੰਦਾ ਸਿੰਘ ਬਹਾਦੁਰ ਦੇ ਕਤਲ ਦਾ ਸਮਾਂ ਜੂਨ, 1716 ਈ: ਮੰਨਿਆ ਜਾਂਦਾ ਹੈ ਪਰ ਲੇਖਕ ਇਸ ਘਟਨਾ ਦੀ ਤਾਰੀਖ਼ 1778 ਬਿਕਰਮੀ ਸੰਮਤ (1721 ਈ:) ਲਿਖਦਾ ਹੈ, ਆਦਿ।

ਇਸ ਲਿਖਤ ਵਿੱਚ ਲੇਖਕ ਨੇ ਅਕਸਰ ਸਿੱਖ ਸ਼ਬਦ ਦੀ ਥਾਂ 'ਤੇ ਸਿੰਘ ਸ਼ਬਦ ਜਾਂ ਉਸਦਾ ਬਹੁਵਚਨ ਸਿੰਘਾਂ ਵਰਤਣ ਦਾ ਯਤਨ ਕੀਤਾ ਹੈ, ਬਹੁਤ ਘੱਟ ਅਜਿਹੇ ਵਾਕ ਹਨ, ਜਿੱਥੇ ਸਿੱਖ ਸ਼ਬਦ ਵਰਤਿਆ ਗਿਆ ਹੋਵੇ। ਇਸਦਾ ਕਾਰਨ ਉੱਪਰ ਦੱਸੇ ਅਨੁਸਾਰ ਇਹ ਹੋ ਸਕਦਾ ਹੈ ਕਿ ਇਸ ਲਿਖਤ ਦਾ ਰਚਨ-ਕਾਲ 1880 ਈ: ਦਾ ਦੌਰ ਸਿੰਘਾਂ ਦੀ ਵੱਖਰੀ ਪਹਿਚਾਣ ਦੇ ਮੁੱਦੇ ਲਈ ਉੱਭਰ ਰਿਹਾ ਸੀ ਅਤੇ ਇਸੇ ਕਰਕੇ ਹੀ ਤਾਂ ਸਿੰਘ ਸਭਾ ਸਿੱਖਾਂ ਦਾ ਸਾਹਿਤ ਲਿਖਵਾਉਣ ਵੱਲ ਰੁਚਿਤ ਹੋ ਰਹੀ ਸੀ। ਸੋ ਗਿਆਨੀ ਗਿਆਨ ਸਿੰਘ ਦਾ ਕੀਤਾ ਇਹ ਉਪਰਾਲਾ ਵੀ ਇਸੇ ਦਾ ਹੀ ਨਤੀਜਾ ਸੀ।

ਇਸ ਵਿੱਚ ਸ਼ੱਕ ਨਹੀਂ ਕਿ ਗਿਆਨੀ ਗਿਆਨ ਸਿੰਘ ਨੇ ਇਸ ਗ੍ਰੰਥ ਵਿੱਚ ਕਵਿਤਾ ਰੂਪ ਵਿੱਚ ਸਿੱਖਾਂ ਦਾ ਚਾਰ ਸਦੀਆਂ ਤੋਂ ਵੱਧ ਇਤਿਹਾਸ ਰਚਿਆ ਹੈ ਅਤੇ ਕਵਿਤਾ ਦਾ ਇਹ ਸੁਭਾਵਿਕ ਗੁਣ ਹੁੰਦਾ ਹੈ ਕਿ ਉਹ ਕਾਲਪਨਿਕ ਉਡਾਣ ਕਿਤੇ ਨਾ ਕਿਤੇ ਜ਼ਰੂਰ ਭਰਦੀ ਹੈ। ਸੋ ਇਸ ਰਚਨਾ ਤੋਂ ਬੰਦਾ ਸਿੰਘ ਬਹਾਦੁਰ ਦੇ ਨਾਲ-ਨਾਲ 19ਵੀਂ ਸਦੀ ਤੱਕ ਦੇ ਸਿੱਖ-ਇਤਿਹਾਸ ਬਾਰੇ ਭਵਿੱਖਤ ਪੀੜ੍ਹੀਆਂ ਆਪਣੀ ਸਮਝ ਬਣਾ ਸਕਣਗੀਆਂ।

## ਹਵਾਲੇ

1. ਜੇ. ਐਸ. ਗਰੇਵਾਲ, *The Sikhs of the Punjab,* ਕੈਂਬਰਿਜ ਯੂਨੀਵਰਸਿਟੀ ਪ੍ਰੈਸ, ਨਵੀਂ ਦਿੱਲੀ, 2014 (ਪਹਿਲੀ ਵਾਰ 1994), ਸਫ਼ਾ 147.

2 *ਪੰਥ ਪ੍ਰਕਾਸ਼*, *ਤਵਾਰੀਖ਼ ਗੁਰੂ ਖ਼ਾਲਸਾ* (ਇਸਦੇ ਪੰਜ ਭਾਗ ਸਨ- ਦਸਾਂ ਸਤਗੁਰਾਂ ਦੇ ਜੀਵਨ ਚ੍ਰਿਤ੍ਰ, ਸ਼ਮਸ਼ੇਰ ਖ਼ਾਲਸਾ, ਰਾਜ ਖ਼ਾਲਸਾ, ਸਰਦਾਰ ਖ਼ਾਲਸਾ, ਪੰਥ ਖ਼ਾਲਸਾ), *ਗੁਰਧਾਮ ਸੰਗ੍ਰਹਿ*, *ਨਿਰਮਲ ਪੰਥ ਪ੍ਰਦੀਪਕਾ*, *ਰਿਪੁਦਮਨ ਪ੍ਰਕਾਸ਼*, *ਭੁਪਿੰਦਰਾਨੰਦ*, *ਇਤਿਹਾਸ ਰਿਆਸਤ ਬਾਗੜੀਆਂ*, *ਤਵਾਰੀਖ਼ ਸ੍ਰੀ ਅੰਮ੍ਰਿਤਸਰ*, *ਤਵਾਰੀਖ਼ ਲਾਹੌਰ*, *ਸੂਰਜ ਪ੍ਰਕਾਸ਼ ਵਾਰਤਿਕ* (ਭਾਗ ਤਿੰਨ), *ਇਤਿਹਾਸ ਭਾਈ ਰੂਪ ਚੰਦ*, *ਰਾਮਾਇਣ ਭਾਈ ਮਨੀ ਸਿੰਘ*, *ਫੂਲ ਮਾਲਾ ਰਮਾਇਣ*, *ਗੁਰਪੁਰਖ ਪ੍ਰਕਾਸ਼*, *ਕੰਵਲ ਫੂਲ ਮਾਲਾ*, *ਅੰਮ੍ਰਿਤ ਪ੍ਰਕਾਸ਼*, *ਨੀਤੀ ਪ੍ਰਕਾਸ਼*, *ਕਥਾ ਪੂਰਨਮਾਸ਼ੀ-ਬਾਰਾਂ ਪੂਰਬਣਾ*, *ਅਨਿਕ ਪ੍ਰਕਾਸ਼*, *ਦੋਹਾਵਲੀ*, *ਪ੍ਰਸ਼ਨੋਤਰੀ*, *ਖ਼ਾਲਸਾ ਧਰਮ-ਪਤਿਤ ਪਾਵਨ*, *ਭੇਖ ਪ੍ਰਭਾਵਕ*, *ਗਿਆਨੀ ਜੀ ਦੀ ਸਵੈ-ਲਿਖਤ ਜੀਵਨੀ*, ਦੇਖੋ ਭਗਤ ਸਿੰਘ, *ਗਿਆਨੀ ਗਿਆਨ ਸਿੰਘ*, ਪੰਜਾਬੀ ਯੂਨੀਵਰਸਿਟੀ ਪਟਿਆਲਾ, 1978, ਸਫ਼ਾ 20

ਡਾ. ਸੁਖਦਿਆਲ ਸਿੰਘ ਨੇ ਆਪਣੇ ਲੇਖ ਵਿੱਚ ਲਿਖਿਆ ਹੈ ਕਿ ਗਿਆਨ ਸਿੰਘ ਨੇ ਕੁੱਲ ਅਠਾਰਾਂ ਪੁਸਤਕਾਂ ਲਿਖਣ ਦੀ ਤਜ਼ਵੀਜ਼ ਉਲੀਕੀ ਸੀ ਪਰ ਉਹ ਗਿਆਰਾਂ ਪੁਸਤਕਾਂ ਹੀ ਪੂਰੀਆਂ ਕਰ ਸਕਿਆ। ਗਿਆਰਾਂ ਪੁਸਤਕਾਂ ਦੇ ਨਾਮ ਇਹ ਲਿਖੇ ਹਨ- *ਸ੍ਰੀ ਗੁਰੂ ਪੰਥ ਪ੍ਰਕਾਸ਼, ਤਵਾਰੀਖ਼ ਗੁਰੂ ਖ਼ਾਲਸਾ, ਤਵਾਰੀਖ਼ ਸ਼ਮਸ਼ੇਰ ਖ਼ਾਲਸਾ, ਤਵਾਰੀਖ਼ ਰਾਜ ਖ਼ਾਲਸਾ, ਤਵਾਰੀਖ਼ ਸ੍ਰੀ ਅੰਮ੍ਰਿਤਸਰ, ਨਿਰਮਲ ਪੰਥ ਪ੍ਰਦੀਪਕਾ, ਇਤਿਹਾਸ ਰਿਆਸਤ ਬਾਗੜੀਆਂ, ਸ੍ਰੀ ਭੁਪੇਂਦ੍ਰਾਨੰਦ, ਗੁਰਧਾਮ*

*ਸੰਗ੍ਰਹਿ, ਰਿਪੁਦਮਨ ਪ੍ਰਕਾਸ਼ ਭਾਗ ਪਹਿਲਾ, ਖ਼ਾਲਸਾ ਧਰਮ ਪਤਿਤ ਪਾਵਨ*। ਦੇਖੋ ਸੁਖਦਿਆਲ ਸਿੰਘ, 'ਗਯਾਨੀ ਗਯਾਨ ਸਿੰਘ ਦੀਆਂ ਲਿਖਤਾਂ ਦਾ ਸਹੀ ਰੂਪ', *ਪੰਜਾਬ ਹਿਸਟਰੀ ਕਾਨਫਰੰਸ*, 25ਵਾਂ ਸੈਸ਼ਨ, ਪੰਜਾਬੀ ਯੂਨੀਵਰਸਿਟੀ ਪਟਿਆਲਾ, ਮਈ 5-7, 1992, ਸਫ਼ਾ 51.

3 ਡਾ. ਸੰਤ ਸਿੰਘ ਸੇਖੋਂ ਲਿਖਦੇ ਹਨ ਕਿ ਤਵਾਰੀਖ਼ ਗੁਰੂ ਖ਼ਾਲਸਾ ਪੰਜ ਹਿੱਸਿਆਂ ਵਿੱਚ ਪ੍ਰਕਾਸ਼ਿਤ ਹੋਇਆ ਸੀ, 1892 ਈ: ਵਿੱਚ ਇਸਦੇ ਪਹਿਲੇ ਤਿੰਨ ਹਿੱਸੇ ਪੱਥਰ ਛਾਪੇ ਵਿੱਚ ਬਾਬਾ ਰਾਜਿੰਦਰ ਸਿੰਘ, ਜੋ ਗੁਰੂ ਗੋਬਿੰਦ ਸਿੰਘ ਪ੍ਰੈਸ, ਸਿਆਲਕੋਟ ਦੇ ਮਾਲਕ ਸਨ, ਦੁਆਰਾ ਛਾਪੇ ਗਏ। ਇਹ ਤਿੰਨ ਹਿੱਸੇ ਸਨ- ਤਵਾਰੀਖ਼ ਗੁਰੂ ਖ਼ਾਲਸਾ, ਸ਼ਮਸ਼ੇਰ ਖ਼ਾਲਸਾ ਅਤੇ ਰਾਜ ਖ਼ਾਲਸਾ ਅਤੇ ਇਹਨਾਂ ਤਿੰਨ ਹਿੱਸਿਆਂ ਨੂੰ ਉਰਦੂ ਭਾਸ਼ਾ ਵਿੱਚ ਵੀ ਛਾਪਿਆ ਗਿਆ ਸੀ। ਸੰਤ ਸਿੰਘ ਸੇਖੋਂ, 'Gian Singh, Giani (1822-1921)', in, *The Encyclopaedia of Sikhism* Vol. II, ਮੁੱਖ ਸੰਪਾਦਕ, ਹਰਬੰਸ ਸਿੰਘ, ਪੰਜਾਬੀ ਯੂਨਵਿਰਸਿਟੀ ਪਟਿਆਲਾ, 2001 (ਪਹਿਲੀ ਵਾਰ 1996), ਸਫ਼ਾ 83.

4 330 ਸਫ਼ੇ ਤੋਂ ਲੈ ਕੇ 524 ਸਫ਼ੇ ਤੱਕ।

5 ਖੰਡ ਨੂੰ ਲੇਖਕ ਨੇ ਨਿਵਾਸ ਸ਼ਬਦ ਲਿਖਿਆ ਹੈ ਜੋ 38 ਤੋਂ 56 ਤੱਕ ਹਨ।

6 ਸਿੱਖ ਸੰਪ੍ਰਦਾਵਾਂ ਵਿੱਚ ਉਦਾਸੀ ਪੰਥ, ਹਿੰਦਾਲੀਏ, ਨਿਰੰਜਨੀਏ, ਗੁਲਾਬ ਦਾਸੀਏ, ਹੀਰਾ ਦਾਸੀਏ, ਗੰਗੂ ਸ਼ਾਹੀਏ ਦਾ ਇਤਿਹਾਸ ਲਿਖਿਆ ਪ੍ਰਾਪਤ ਹੁੰਦਾ ਹੈ।

7 ਗਿਆਨੀ ਗਿਆਨ ਸਿੰਘ, *ਪੰਥ ਪ੍ਰਕਾਸ਼*, ਸਫ਼ਾ 8.

8 ਜੇ. ਐੱਸ. ਗਰੇਵਾਲ ਅਤੇ ਇਰਫ਼ਾਨ ਹਬੀਬ, ਸੰਪਾਦਕ *Sikh History from Persian Sources Translations of Major Texts*, ਨਵੀਂ ਦਿੱਲੀ: ਤੁਲਿਕਾ, 2001, ਸਫ਼ਾ 155 ਅਤੇ ਗਿਆਨੀ ਗਿਆਨ ਸਿੰਘ, *ਪੰਥ ਪ੍ਰਕਾਸ਼*, ਸਫ਼ਾ 410.

9 ਉਹੀ, ਸਫ਼ਾ 21.

10 ਉਹੀ, ਸਫ਼ਾ 21. ਤੇਜਾ ਸਿੰਘ ਅਤੇ ਗੰਡਾ ਸਿੰਘ, *A Short History of The Sikhs* (Punjabi), ਪੰਜਾਬੀ ਯੂਨੀਵਰਸਿਟੀ, ਪਟਿਆਲਾ, 2013 (ਪਹਿਲੀ ਵਾਰ 1950), ਸਫ਼ਾ 180.

11 ਗਿਆਨੀ ਗਿਆਨ ਸਿੰਘ, *ਪੰਥ ਪ੍ਰਕਾਸ਼*, ਸਫ਼ਾ 423. ਲੇਖਕ ਅਨੁਸਾਰ ਹਿੰਦੁਸਤਾਨ ਦੇ ਦੱਖਣ ਵਿੱਚ ਸੂਰਤ ਸ਼ਹਿਰ ਦਾ ਨਵਾਬ ਅਲਾ-ਉਲ-ਦੀਨ ਸੀ, ਜਿਸ ਕੋਲ਼ ਸਹਾਰਨਪੁਰ ਤੋਂ ਬਹੁਤ ਸਾਰੇ ਤੁਰਕ ਨੌਕਰੀ ਕਰਨ ਚਲੇ ਗਏ ਸਨ। ਉਹਨਾਂ ਵਿੱਚ ਇੱਕ ਬਦਰ-ਉਦ-ਦੀਨ ਨਾਂ ਦਾ ਤੁਰਕ ਨਵਾਬ ਦਾ ਕੋਤਵਾਲ ਬਣ ਗਿਆ ਸੀ।

12 ਉਹੀ, ਸਫ਼ਾ 518

13 ਉਹੀ, ਸਫ਼ਾ 518.

14 ਉਹੀ, ਸਫ਼ਾ 522. ਲੇਖਕ ਅਨੁਸਾਰ ਬੰਦਾ ਸਿੰਘ ਬਹਾਦੁਰ ਦੀ ਜਨਮ ਸਾਖੀ ਜੋ ਉਸਦੀ ਸੰਗਤ ਕੋਲ਼ ਸੀ।

15 ਉਹੀ, ਸਫ਼ਾ 21.

ਗਿਆਨੀ ਗਿਆਨ ਸਿੰਘ ਲਿਖਦੇ ਹਨ, ਇਸ ਦਾਸ ਨੇ ਪੰਦਰਾਂ-ਸੋਲਾਂ ਬਰਸ, ਦੇਸ਼ ਦੇਸ਼ ਵਿੱਚ ਫਿਰ ਫਿਰ ਕਰਿ ਵਡੀ ਵਡੀ ਉਮਰ ਦੇ ਲੋਕਾਂ ਪਾਸੋਂ ਪੁਛ ਪੁਛ ਕੇ ਸਾਖੀਆਂ ਲਿਖੀਆਂ ਹਨ। ਆਪਣੇ ਪਰ ਪਿਤਾਮਾ (ਪੜਦਾਦਾ) ਨਗਾਹੀਆ ਸਿੰਘ, ਤੇ ਪਿਤਾਮਾ (ਦਾਦਾ) ਰੁਘਾ ਸਿੰਘ, ਬਖਤਾ ਸਿੰਘ ਆਦਿਕ- ਜੋ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਚਰਨਾਂ ਵਿੱਚ ਤੇ ਬਾਬਾ ਬੰਦਾ ਬਹਾਦਰ ਦੇ ਨਾਲ ਜੰਗਾਂ ਯੁੱਧਾਂ ਵਿੱਚ ਰਹੇ ਸੀ। ਇਸ ਤੋਂ ਇਲਾਵਾ ਪੀਰੋ ਲੁਹਾਰੀ 117 ਬਰਸ ਦੀ ਜੋ ਮੌੜ ਪਿੰਡ ਮਾਲਵੇ ਦੇਸ ਮੈਂ, ਦੂਸਰਾ ਸੂਰਾ ਸਾਂਹਸੀ ਰੱਤੋ ਕੇ ਪਿੰਡ ਮਾਝੇ ਦੇਸ ਮੈਂ 126 ਬਰਸ ਦਾ ਮਸ਼ਹੂਰ ਸੀ, ਤੀਸਰਾ ਭਾਈ ਮੁਕਤਾ ਸਿੰਘ ਨਿਹੰਗ ਕਉਲਸਰ ਦੇ ਕਿਨਾਰੇ ਅੰਮ੍ਰਿਤਸਰ ਜੀ ਮੈਂ 134 ਬਰਸ ਦੀ ਉਮਰ ਭੋਗ ਕੇ ਸੰਮਤ 1942 (1885 ਈ:) ਨੂੰ ਗੁਜਰਿਆ, ਚੌਥਾ ਭਾਈ ਮੁਹਰ ਸਿੰਘ ਕਟਈ ਬਿਬੇਕਸਰ ਦੇ ਕਿਨਾਰੇ ਸ੍ਰੀ ਅੰਮ੍ਰਿਤਸਰ ਵਿੱਚ ਜੋਗੀਰਾਗ 142 ਬਰਸ ਦੀ ਉਮਰ ਪਾਇਕੇ, ਸੰਮਤ 1911 (1854 ਈ:) ਵਿੱਚ ਚੋਲਾ ਛੱਡ ਗਿਆ।... ਦੇਖੋ ਭਗਤ ਸਿੰਘ, *ਗਿਆਨੀ ਗਿਆਨ ਸਿੰਘ*, ਸਫ਼ਾ 19-20.

16 ਉਹੀ, ਸਫ਼ਾ 5-6.

17 ਗਿਆਨੀ ਗਿਆਨ ਸਿੰਘ, *ਪੰਥ ਪ੍ਰਕਾਸ਼*, ਸਫ਼ਾ 323.

18 ਕੇਸਰ ਸਿੰਘ ਛਿੱਬਰ, *ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ*, ਸੰਪਾਦਕ, ਰਾਏਜਸਬੀਰ ਸਿੰਘ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2001, ਸਫ਼ਾ 117.

19 ਬਘੌਰ ਉਦੈਪੁਰ ਰਾਜ (ਰਾਜਸਥਾਨ) ਦਾ ਇੱਕ ਨਗਰ ਹੈ, ਜੋ ਕੋਠਾਰੀ ਨਦੀ ਦੇ ਖੱਬੇ ਕਿਨਾਰੇ ਅਤੇ ਉਦੈਪੁਰ ਤੋਂ 70 ਮੀਲ

ਉੱਤਰ-ਪੂਰਬ ਹੈ। ਦੇਖੋ ਭਾਈ ਕਾਹਨ ਸਿੰਘ ਨਾਭਾ, *ਗੁਰਸ਼ਬਦ ਰਤਨਾਕਰ ਮਹਾਨ ਕੋਸ਼,* ਲਾਹੌਰ ਬੁੱਕਸ, ਲੁਧਿਆਣਾ, 2019 (ਪਹਿਲੀ ਵਾਰ 1930), ਸਫ਼ਾ 720.

20 ਇਸ ਸਮੇਂ ਔਰੰਗਜ਼ੇਬ ਦੇ ਤਿੰਨ ਪੁੱਤਰਾਂ ਵਿੱਚੋਂ ਦੋ ਛੋਟੇ ਪੁੱਤਰ ਕਾਮ ਬਖ਼ਸ਼ ਅਤੇ ਆਜ਼ਮ ਸ਼ਾਹ ਰਾਜਗੱਦੀ ਦੀ ਪ੍ਰਾਪਤੀ ਲਈ ਉਸਦੇ ਵੱਡੇ ਬੇਟੇ ਬਹਾਦਰ ਸ਼ਾਹ (ਮੁਅੱਜ਼ਮ) ਦੇ ਵਿਰੁੱਧ ਹੋ ਗਏ ਸਨ।

21 ਗਿਆਨੀ ਗਿਆਨ ਸਿੰਘ, *ਪੰਥ ਪ੍ਰਕਾਸ਼,* ਸਫ਼ਾ 323.

22 ਉਹੀ, ਸਫ਼ਾ 324.

23 ਉਹੀ, ਸਫ਼ਾ 329.

24 ਸਵਰੂਪ ਸਿੰਘ ਕੌਸ਼ਿਸ਼, *ਗੁਰੂ ਕੀਆਂ ਸਾਖੀਆਂ* (1790 ਈ:), ਸੰਪਾਦਕ, ਪਿਆਰਾ ਸਿੰਘ ਪਦਮ, ਸਿੰਘ ਬ੍ਰਦਰਜ਼, ਅੰਮ੍ਰਿਤਸਰ, 1986, ਸਫ਼ਾ 196–97. ਡਾ. ਗੰਡਾ ਸਿੰਘ ਨੇ ਵੀ ਗੁਰੂ ਗੋਬਿੰਦ ਸਿੰਘ ਜੀ ਅਤੇ ਬੰਦਾ ਸਿੰਘ ਬਹਾਦੁਰ ਵਿੱਚ ਮੁਲਾਕਾਤ 3 ਅੱਸੂ, 1765 ਬਿਕਰਮੀ ਸੰਮਤ (3 ਸਤੰਬਰ, 1708 ਈ:) ਦੱਸੀ ਹੈ। ਦੇਖੋ ਨਥ ਮੱਲ, *ਅਮਰਨਾਮਾ,* ਸਫ਼ਾ ਆਰੰਭਕ ਵਿਚਾਰ 9.

25 ਕੇਸਰ ਸਿੰਘ ਛਿੱਬਰ, *ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ,* ਸਫ਼ਾ 116–117.

26 ਗਿਆਨੀ ਗਿਆਨ ਸਿੰਘ, *ਪੰਥ ਪ੍ਰਕਾਸ਼,* ਸਫ਼ਾ 339.

27 ਉਹੀ, ਸਫ਼ਾ 340.

28 ਕੇਸਰ ਸਿੰਘ ਛਿੱਬਰ, *ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ,* ਸਫ਼ਾ 117.

29 ਰਤਨ ਸਿੰਘ ਭੰਗੂ, *ਸ੍ਰੀ ਗੁਰ ਪੰਥ ਪ੍ਰਕਾਸ਼,* ਸੰਪਾਦਕ ਬਲਵੰਤ ਸਿੰਘ ਢਿੱਲੋਂ, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2004, ਸਫ਼ਾ 79.

30 ਉਹੀ, ਸਫ਼ਾ 77.

31 ਕੇਸਰ ਸਿੰਘ ਛਿੱਬਰ, *ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ,* ਸਫ਼ਾ 130.

32 ਗਿਆਨੀ ਗਿਆਨ ਸਿੰਘ, *ਪੰਥ ਪ੍ਰਕਾਸ਼,* ਸਫ਼ਾ 344.

33 ਗਿਆਨੀ ਗਿਆਨ ਸਿੰਘ ਨੇ *ਪੰਥ ਪ੍ਰਕਾਸ਼* ਵਿੱਚ ਸਰਹਿੰਦ ਦੇ ਫ਼ੌਜਦਾਰ ਵਜ਼ੀਰ ਖ਼ਾਨ ਲਈ ਵਜ਼ੀਦ ਖ਼ਾਨ ਸ਼ਬਦ ਵਰਤਿਆ।

34 ਉਹੀ, ਸਫ਼ਾ 346.

35 ਕਰਮਜੀਤ ਕੌਰ ਮਲਹੋਤਰਾ, *The Eighteenth Century in Sikh History Political Resurgence ,Religious and Social Life , and Cultural Articulation*, ਆਕਸਫੋਰਡ ਯੂਨੀਵਰਸਿਟੀ ਪ੍ਰੈਸ, ਨਵੀਂ ਦਿੱਲੀ, 2016, ਸਫ਼ਾ 25.

36 ਗਿਆਨੀ ਗਿਆਨ ਸਿੰਘ, *ਪੰਥ ਪ੍ਰਕਾਸ਼,* ਸਫ਼ਾ 347.

37 ਰਤਨ ਸਿੰਘ ਭੰਗੂ, *ਸ੍ਰੀ ਗੁਰ ਪੰਥ ਪ੍ਰਕਾਸ਼,* ਸਫ਼ਾ 119.

38 ਗੁਰੂ ਗੋਬਿੰਦ ਸਿੰਘ ਜੀ 'ਤੇ ਵਾਰ ਕਰਨ ਵਾਲੇ ਅਫ਼ਗਾਨ ਦਾ ਨਾਮ ਜਮਸ਼ੇਦ ਖ਼ਾਨ ਪਤਾ ਲੱਗਦਾ ਹੈ। ਦੇਖੋ ਜੇ. ਐਸ. ਗਰੇਵਾਲ, *The Sikhs of the Punjab,* ਸਫ਼ਾ 79.

39 ਗਿਆਨੀ ਗਿਆਨ ਸਿੰਘ, *ਪੰਥ ਪ੍ਰਕਾਸ਼,* ਸਫ਼ਾ 351.

40 ਉਹੀ, ਸਫ਼ਾ 359–60.

41 ਉਹੀ, ਸਫ਼ਾ 363.

42 ਮੁਹੰਮਦ ਸ਼ਫ਼ੀ ਵਾਰਿਦ, *ਮੀਰਾਤ-ਏ-ਵਾਰਿਦਾਤ* (1734 ਈ:), ਸੰਪਾਦਕ, ਬਲਵੰਤ ਸਿੰਘ ਢਿੱਲੋਂ, *ਬੰਦਾ ਸਿੰਘ ਬਹਾਦੁਰ ਫ਼ਾਰਸੀ ਸਰੋਤ,* ਸਫ਼ਾ 209.

43 ਗਿਆਨੀ ਗਿਆਨ ਸਿੰਘ, *ਪੰਥ ਪ੍ਰਕਾਸ਼,* ਸਫ਼ਾ 364.

44 ਉਹੀ, ਸਫ਼ਾ 367.

45 ਡਾ. ਗੰਡਾ ਸਿੰਘ ਅਨੁਸਾਰ ਸਢੌਰੇ ਤੋਂ ਪਹਿਲਾਂ ਸਮਾਣੇ 'ਤੇ ਹਮਲਾ ਹੋਣ ਦੇ ਜ਼ਿਆਦਾ ਪ੍ਰਮਾਣ ਮਿਲਦੇ ਹਨ ਅਤੇ ਸਮਾਣੇ ਦੇ ਹਮਲੇ ਦੀ ਤਾਰੀਖ਼ ਉਹਨਾਂ ਨੇ 26 ਨਵੰਬਰ, 1709 ਈ: ਲਿਖੀ ਹੈ। ਦੇਖੋ ਗੰਡਾ ਸਿੰਘ, *Life of Banda Singh*

*Bahadur*, ਸਿੱਖ ਇਤਿਹਾਸ ਖੋਜ ਵਿਭਾਗ, ਖ਼ਾਲਸਾ ਕਾਲਜ, ਅੰਮ੍ਰਿਤਸਰ, 1935, ਸਫ਼ਾ 39. ਡਾ. ਗੰਡਾ ਸਿੰਘ ਨੇ ਸਮਾਣੇ 'ਤੇ ਹਮਲਾ ਹੋਣ ਦੀ ਇੱਕ ਹੋਰ ਤਾਰੀਖ਼ 11 ਨਵੰਬਰ, 1709 ਈ: ਵੀ ਦਿੱਤੀ ਹੈ। ਦੇਖੋ ਗੰਡਾ ਸਿੰਘ, *ਬੰਦਾ ਸਿੰਘ ਬਹਾਦੁਰ*, ਸਿੱਖ ਇਤਿਹਾਸ ਰਿਸਰਚ ਬੋਰਡ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 2016 (ਪਹਿਲੀ ਵਾਰ 1984 ਈ:), ਸਫ਼ਾ 89.

46 ਉਹੀ, ਸਫ਼ਾ 374.

47 ਉਹੀ, ਸਫ਼ਾ 381.

48 ਗਿਆਨੀ ਗਿਆਨ ਸਿੰਘ, *ਪੰਥ ਪ੍ਰਕਾਸ਼*, ਸਫ਼ਾ 387.

49 ਨੂਰ-ਉਦ-ਦੀਨ-ਫ਼ਾਰੂਕੀ, *ਤਾਰੀਖ਼-ਏ-ਜਹਾਂਦਾਰ ਸ਼ਾਹ* (1713 ਈ:), ਸੰਪਾਦਕ, ਬਲਵੰਤ ਸਿੰਘ ਢਿੱਲੋਂ, *ਬੰਦਾ ਸਿੰਘ ਬਹਾਦੁਰ ਫ਼ਾਰਸੀ ਸਰੋਤ*, ਸਫ਼ਾ 54-55.

50 ਕਾਮਰਾਜ ਬਿਨ ਨੈਣ ਸਿੰਘ, *ਇਬਰਤਨਾਮਾ* (1719 ਈ:), ਸੰਪਾਦਕ, ਬਲਵੰਤ ਸਿੰਘ ਢਿੱਲੋਂ, *ਬੰਦਾ ਸਿੰਘ ਬਹਾਦੁਰ ਫ਼ਾਰਸੀ ਸਰੋਤ*, ਸਫ਼ਾ 81.

51 ਜ਼ਿਲ੍ਹਾ ਪਟਿਆਲਾ ਦਾ ਨਗਰ ਸਰਹਿੰਦ ਜੋ ਮੁਗ਼ਲ ਹਕੂਮਤ ਸਮੇਂ 52 ਪਰਗਣਿਆਂ ਦਾ ਮੁੱਖ ਕੇਂਦਰ ਹੋਣ ਕਰਕੇ ਸਰਹਿੰਦ ਬਾਵਨੀ (52) ਦੇ ਨਾਮ ਨਾਲ ਪ੍ਰਸਿੱਧ ਸੀ। ਫ਼ਿਰੋਜ਼ ਸ਼ਾਹ ਤੁਗ਼ਲਕ (1351-88 ਈ:) ਦੇ ਸਮੇਂ ਇਹ ਨਗਰ ਸਮਾਣੇ ਦੀ ਹਕੂਮਤ ਵਿੱਚ ਸੀ। 13 ਪੋਹ, 1762 ਬਿਕਰਮੀ ਸੰਮਤ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਦੋ ਛੋਟੇ ਸਾਹਿਬਜ਼ਾਦੇ ਜ਼ੋਰਾਵਰ ਸਿੰਘ ਅਤੇ ਫ਼ਤਿਹ ਸਿੰਘ ਸਰਹਿੰਦ ਦੇ ਫ਼ੌਜਦਾਰ ਵਜ਼ੀਰ ਖ਼ਾਨ ਦੇ ਹੁਕਮ ਨਾਲ ਇਸ ਸਥਾਨ 'ਤੇ ਕਤਲ ਕਰਵਾ ਦਿੱਤੇ ਗਏ ਸਨ। ਉਹਨਾਂ ਦੀ ਯਾਦ ਵਿੱਚ ਗੁਰਦੁਆਰਾ ਫ਼ਤਿਹਗੜ੍ਹ ਸਾਹਿਬ, ਸ਼ਹੀਦ ਗੰਜ, ਥੜ੍ਹਾ ਸਾਹਿਬ, ਮਾਤਾ ਗੁਜਰੀ ਦਾ ਬੁਰਜ, ਵਿਮਾਨਗੜ੍ਹ ਅਤੇ ਜੋਤੀ ਸਰੂਪ ਬਣੇ ਹੋਏ ਹਨ। ਦੇਖੋ ਕੋਇਰ ਸਿੰਘ, *ਗੁਰਬਿਲਾਸ ਪਾਤਸ਼ਾਹੀ 10* (1751 ਈ:), ਸੰਪਾਦਕ ਸ਼ਮਸ਼ੇਰ ਸਿੰਘ ਅਸ਼ੋਕ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1999 (ਪਹਿਲੀ ਵਾਰ 1968), ਸਫ਼ਾ 281.

52 ਉਹੀ, ਸਫ਼ਾ 389. ਇਹ ਘਟਨਾ ਮਈ, 1710 ਈ: ਦੀ ਹੈ, ਜਦੋਂ ਵਜ਼ੀਰ ਖ਼ਾਨ ਨੂੰ ਕਤਲ ਕਰਕੇ ਬੰਦਾ ਸਿੰਘ ਬਹਾਦੁਰ ਨੇ ਸਰਹਿੰਦ ਦਾ ਪ੍ਰਸ਼ਾਸਨ ਆਪਣੇ ਹੱਥਾਂ ਵਿੱਚ ਲਿਆ ਸੀ।

53 ਗਿਆਨੀ ਗਿਆਨ ਸਿੰਘ, *ਪੰਥ ਪ੍ਰਕਾਸ਼*, ਸਫ਼ਾ 390.

54 ਮਿਰਜ਼ਾ ਮੁਹੰਮਦ, *ਇਬਰਤਨਾਮਾ* (1719 ਈ:), ਸੰਪਾਦਕ, ਜੇ. ਐੱਸ. ਗਰੇਵਾਲ ਅਤੇ ਇਰਫ਼ਾਨ ਹਬੀਬ, *Sikh History from Persian Sources*, ਸਫ਼ਾ 135.

55 ਮੁਹੰਮਦ ਹਾਦੀ ਕਾਮਵਰ ਖ਼ਾਨ, *ਤਜ਼ਕਿਰਾਤ-ਉਸ-ਸਲਾਤੀਨ ਚਗ਼ਹਤਾ* (1724 ਈ:), ਸੰਪਾਦਕ ਜੇ. ਐੱਸ. ਗਰੇਵਾਲ ਅਤੇ ਇਰਫ਼ਾਨ ਹਬੀਬ, *Sikh History from Persian Sources*, ਸਫ਼ਾ 144.

56 ਗਿਆਨੀ ਗਿਆਨ ਸਿੰਘ, *ਪੰਥ ਪ੍ਰਕਾਸ਼*, ਸਫ਼ਾ 394.

57 ਉਹੀ, ਸਫ਼ਾ 396.

58 ਪਹਾੜ ਦੀਆਂ ਰਿਆਸਤਾਂ ਦੇ ਇਲਾਕੇ ਬਾਈਧਾਰ ਵਜੋਂ ਜਾਣੇ ਜਾਂਦੇ ਸਨ। ਬਾਈ ਦਾ ਅਰਥ 22 ਅਤੇ ਧਾਰ ਦਾ ਅਰਥ ਜਲਧਾਰਾ ਜਾਂ ਨਦੀਆਂ ਤੋਂ ਹੈ। ਇਹਨਾਂ ਵਿੱਚੋਂ 11 ਰਿਆਸਤਾਂ ਜਲੰਧਰ ਦੇ ਹਲਕੇ ਵਿੱਚ ਅਤੇ 11 ਡੂਗਰ (ਭਾਵ ਉੱਚੇ ਪਹਾੜਾਂ ਵੱਲ) ਦੇ ਖੇਤਰ ਵਿੱਚ ਸਨ। ਰਿਆਸਤ ਚੰਬਾ ਦੋਨਾਂ ਹਲਕਿਆਂ ਵਿੱਚ ਗਿਣੀ ਜਾਂਦੀ ਸੀ। ਜਲੰਧਰ ਹਲਕੇ ਦੀਆਂ 11 ਰਿਆਸਤਾਂ ਦੇ ਨਾਮ ਇਸ ਤਰ੍ਹਾਂ ਹਨ- ਚੰਬਾ, ਨੂਰਪੁਰ, ਗੁਲੇਰ, ਦਾਤਾਰਪੁਰ, ਸੀਬਾ, ਜਸਵਾਨ, ਕਾਂਗੜਾ, ਕੋਟਲੈਹਰ, ਮੰਡੀ, ਸੁਕੇਤ ਅਤੇ ਕੁੱਲੂ। ਹਲਕਾ ਡੂਗਰ ਦੀਆਂ ਰਿਆਸਤਾਂ ਦੇ ਨਾਮ- ਚੰਬਾ, ਬਸੋਹਲੀ, ਭੱਡੂ, ਮਾਨਕੋਟ, ਬੇਂਹਦ੍ਰਾਲਟਾ, ਜਸਰੋਟਾ, ਸਾਂਬਾ, ਜੰਮੂ, ਚਨੇਨੀ, ਕਸ਼ਵਾਰ ਅਤੇ ਭਦ੍ਰਵਾਹ। ਗੁਰੂ ਗੋਬਿੰਦ ਸਿੰਘ ਦੇ ਵਿਰੁੱਧ ਜਿਹੜੇ ਪਹਾੜੀ ਰਾਜੇ ਲੜੇ ਉਹਨਾਂ ਰਿਆਸਤਾਂ ਦੇ ਨਾਮ ਇਹ ਸਨ- ਕਹਿਲੂਰ, ਹਿੰਡੂਰ, ਕਾਂਗੜਾ, ਜਸਵਾਨ, ਜਸਰੋਟਾ, ਡਢਵਾਲ, ਸ੍ਰੀ ਨਗਰ। ਰਤਨ ਸਿੰਘ ਭੰਗੂ, *ਸ੍ਰੀ ਗੁਰ ਪੰਥ ਪ੍ਰਕਾਸ਼,* ਸੰਪਾਦਕ ਬਲਵੰਤ ਸਿੰਘ ਢਿੱਲੋਂ, ਸਫ਼ਾ 102. ਅਤੇ ਭਾਈ ਕਾਹਨ ਸਿੰਘ ਨਾਭਾ, *ਗੁਰਸ਼ਬਦ ਰਤਨਾਕਰ ਮਹਾਨ ਕੋਸ਼,* ਲਾਹੌਰ ਬੁੱਕਸ, ਲੁਧਿਆਣਾ, 2019 (ਪਹਿਲੀ ਵਾਰ 1930), ਸਫ਼ਾ 733.

59 ਗਿਆਨੀ ਗਿਆਨ ਸਿੰਘ, *ਪੰਥ ਪ੍ਰਕਾਸ਼*, ਸਫ਼ਾ 404.

60 ਉਹੀ, ਸਫ਼ਾ 406.

61 ਰਤਨ ਸਿੰਘ ਭੰਗੂ, *ਸ੍ਰੀ ਗੁਰ ਪੰਥ ਪ੍ਰਕਾਸ਼,* ਸਫ਼ਾ 113.

62 ਗਿਆਨੀ ਗਿਆਨ ਸਿੰਘ *ਤਵਾਰੀਖ਼ ਗੁਰੂ ਖ਼ਾਲਸਾ* ਭਾਗ-ਦੂਜਾ, ਸੰਪਾਦਕ ਕੇ. ਐੱਸ. ਰਾਜੂ, ਭਾਸ਼ਾ ਵਿਭਾਗ ਪੰਜਾਬ,

ਪਟਿਆਲਾ 1999, ਸਫ਼ਾ 52.

63 ਗਿਆਨੀ ਗਿਆਨ ਸਿੰਘ, *ਪੰਥ ਪ੍ਰਕਾਸ਼*, ਸਫ਼ਾ 410.

64 ਉਹੀ, ਸਫ਼ਾ 412.

65 ਸਿੱਖਾਂ ਨੇ ਸਹਾਰਨਪੁਰ ਅਤੇ ਜਲਾਲਾਬਾਦ (ਗੰਗਾ ਜਮੁਨਾ ਦੁਆਬ) ਵੱਲ ਹਮਲਾ ਸਰਹਿੰਦ ਤੋਂ ਛੇਤੀ ਬਾਅਦ ਕਰ ਦਿੱਤਾ ਅਤੇ ਇਹ ਸਮਾਂ ਜੂਨ-ਜੁਲਾਈ, 1710 ਈ: ਦਾ ਸੀ। ਦੇਖੋ ਗੰਡਾ ਸਿੰਘ, *ਬੰਦਾ ਸਿੰਘ ਬਹਾਦੁਰ*, ਸਫ਼ਾ 70-72.

66 ਗਿਆਨੀ ਗਿਆਨ ਸਿੰਘ, *ਪੰਥ ਪ੍ਰਕਾਸ਼*, ਸਫ਼ਾ 424.

67 ਬਹਾਦਰ ਸ਼ਾਹ 27 ਜੂਨ, 1710 ਈ: ਤੋਂ ਅਜਮੇਰ ਤੋਂ ਉੱਤਰ ਵੱਲ ਰਵਾਨਾ ਹੋਇਆ ਸੀ। ਦੇਖੋ ਤੇਜਾ ਸਿੰਘ ਗੰਡਾ ਸਿੰਘ, *A Short History of the Sikhs* (1469-1765) Punjabi, ਪਟਿਆਲਾ, 2013 (ਪਹਿਲੀ ਵਾਰ, 1950), ਸਫ਼ਾ 92.

68 ਗਿਆਨੀ ਗਿਆਨ ਸਿੰਘ, *ਪੰਥ ਪ੍ਰਕਾਸ਼*, ਸਫ਼ਾ 431.

69 ਇਸ ਅਧਿਕਾਰੀ ਦਾ ਅਸਲੀ ਨਾਮ ਆਸਫ਼-ਉਦ-ਦੌਲਾ ਅਸਦ ਖ਼ਾਨ ਸੀ। ਦੇਖੋ ਬਲਵੰਤ ਸਿੰਘ ਢਿੱਲੋਂ, ਸੰਪਾਦਕ, *ਬੰਦਾ ਸਿੰਘ ਬਹਾਦੁਰ ਫ਼ਾਰਸੀ ਸਰੋਤ*, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2011, ਸਫ਼ਾ 61.

70 ਯਾਰ ਮੁਹੰਮਦ ਖ਼ਾਨ ਅਨੁਸਾਰ ਸਿੱਖਾਂ ਬਾਰੇ ਖ਼ਬਰਾਂ ਪ੍ਰਾਪਤ ਕਰਕੇ ਬਾਦਸ਼ਾਹ ਬਹਾਦਰ ਸ਼ਾਹ ਨੇ ਸਿੱਖਾਂ ਵਿਰੁੱਧ ਰੁਸਤਮ ਦਿਲ ਖ਼ਾਨ ਦੇ ਭਤੀਜੇ ਸੁਲਤਾਨ ਕੁਲੀ ਖ਼ਾਨ ਦੇ ਅਧੀਨ ਇੱਕ ਸੈਨਾ ਦਿੱਲੀ ਵੱਲ ਰਵਾਨਾ ਕੀਤੀ ਅਤੇ ਆਪ ਵੀ ਸ਼ਹਿਜ਼ਾਦਿਆਂ ਤੇ ਅਮੀਰਾਂ ਸਹਿਤ ਉੱਤਰ ਭਾਰਤ ਵੱਲ ਚੱਲ ਪਿਆ ਸੀ। ਦੇਖੋ ਬਲਵੰਤ ਸਿੰਘ ਢਿੱਲੋਂ, ਸੰਪਾਦਕ, *ਬੰਦਾ ਸਿੰਘ ਬਹਾਦੁਰ ਫ਼ਾਰਸੀ ਸਰੋਤ*, ਸਫ਼ਾ 37. ਇਸ ਲੜਾਈ ਦਾ ਜ਼ਿਕਰ ਮੁਹੰਮਦ ਕਾਸਿਮ ਨੇ ਵੀ ਕੀਤਾ ਹੈ ਉਸ ਅਨੁਸਾਰ ਬਾਦਸ਼ਾਹ ਬਹਾਦਰ ਸ਼ਾਹ ਨੇ ਦੱਖਣ ਤੋਂ ਚੱਲ ਕੇ ਫ਼ਿਰੋਜ਼ ਖ਼ਾਨ ਮੇਵਾਤੀ ਅਤੇ ਮਹਾਬਤ ਖ਼ਾਨ ਅਮੀਰਾਂ ਨੂੰ ਸੈਨਾ ਦੇ ਅੱਗੇ ਤੋਰਿਆ, ਜਿੰਨ੍ਹਾਂ ਦੀ ਸਿੱਖਾਂ ਨਾਲ ਲੜਾਈ ਤਾਲੌਰੀ-ਅਜ਼ੀਮਾਬਾਦ ਅਤੇ ਥਾਨੇਸਰ ਦੇ ਨੇੜੇ ਆਈਨਖੇੜਾ (ਅਮੀਨਗੜ੍ਹ) ਨਾਮ ਦੇ ਉੱਚੇ ਪਿੰਡ ਵਿੱਚ ਹੋਈ। ਦੇਖੋ ਮੁਹੰਮਦ ਕਾਸਿਮ, *ਇਬਰਤਨਾਮਾ* (1723), ਸੰਪਾਦਕ ਜੇ. ਐੱਸ. ਗਰੇਵਾਲ ਅਤੇ ਇਰਫ਼ਾਨ ਹਬੀਬ, *Sikh History from Persian Sources*, ਸਫ਼ਾ 121. ਮੁਹੰਮਦ ਹਾਦੀ ਕਾਮਵਰ ਖ਼ਾਨ ਨੇ ਇਸ ਲੜਾਈ ਦੀ ਬਾਦਸ਼ਾਹ ਨੂੰ ਖ਼ਬਰ ਪ੍ਰਾਪਤ ਹੋਣ ਦੀ ਤਾਰੀਖ਼ 27 ਅਕਤੂਬਰ, 1710 ਈ: ਲਿਖੀ ਹੈ। ਦੇਖੋ ਮੁਹੰਮਦ ਹਾਦੀ ਕਾਮਵਰ ਖ਼ਾਨ, *ਤਜ਼ਕਿਰਾਤ-ਉਸ-ਸਲਾਤੀਨ ਚਘਹਤਾ* (1724 ਈ:), ਜੇ. ਐੱਸ. ਗਰੇਵਾਲ ਅਤੇ ਇਰਫ਼ਾਨ ਹਬੀਬ, ਸੰਪਾਦਕ *Sikh History from Persian Sources*, ਸਫ਼ਾ 144.

71 ਗਿਆਨੀ ਗਿਆਨ ਸਿੰਘ, *ਪੰਥ ਪ੍ਰਕਾਸ਼*, ਸਫ਼ਾ 435.

72 ਉਹੀ, ਸਫ਼ਾ 442.

73 ਮੁਹੰਮਦ ਹਾਦੀ ਕਾਮਵਰ ਖ਼ਾਨ ਨੇ ਲੋਹਗੜ੍ਹ ਦੀ ਲੜਾਈ ਦੀ ਤਾਰੀਖ਼ 11 ਦਸੰਬਰ, 1710 ਈ: ਲਿਖੀ ਹੈ।

74 ਗਿਆਨੀ ਗਿਆਨ ਸਿੰਘ, *ਪੰਥ ਪ੍ਰਕਾਸ਼*, ਸਫ਼ਾ 445.

75 ਉਹੀ, ਸਫ਼ਾ 447.

76 ਉਹੀ, ਸਫ਼ਾ 454.

77 ਮੁਗ਼ਲ ਬਾਦਸ਼ਾਹ ਬਹਾਦਰ ਸ਼ਾਹ ਦੀ ਮੌਤ ਬਿਮਾਰੀ ਕਾਰਨ 27-28 ਫ਼ਰਵਰੀ, 1712 ਈ: ਨੂੰ ਹੋਈ। ਦੇਖੋ ਗੰਡਾ ਸਿੰਘ, *Life of Banda Singh Bahadur*, ਸਫ਼ਾ 178.

78 ਖ਼ਾਫ਼ੀ ਖ਼ਾਨ, *ਮੁੰਤਖ਼ਬ-ਉਲ-ਲੁਬਾਬ* (1731 ਈ:), ਸੰਪਾਦਕ ਬਲਵੰਤ ਸਿੰਘ ਢਿੱਲੋਂ, *ਬੰਦਾ ਸਿੰਘ ਬਹਾਦੁਰ ਫ਼ਾਰਸੀ ਸਰੋਤ*, ਸਫ਼ਾ 191.

79 ਗਿਆਨੀ ਗਿਆਨ ਸਿੰਘ, *ਪੰਥ ਪ੍ਰਕਾਸ਼*, ਸਫ਼ਾ 464. ਪਰ ਪਤਾ ਲੱਗਦਾ ਹੈ ਕਿ ਫ਼ਰੁਖ਼ਸੀਅਰ ਨੇ ਜਨਵਰੀ, 1713 ਈ: ਵਿੱਚ ਬਾਦਸ਼ਾਹਤ ਪ੍ਰਾਪਤ ਕੀਤੀ। ਦੇਖੋ ਤੇਜਾ ਸਿੰਘ ਅਤੇ ਗੰਡਾ ਸਿੰਘ, *A Short History of The Sikhs* (Punjabi), ਸਫ਼ਾ 95 ਅਤੇ ਸਤੀਸ਼ ਚੰਦਰ, *Medieval India from Sultnate to Mughals (1526-1748)*, Vol. 2, (Hindi), ਜਵਾਹਰ ਪਬਲਿਸ਼ਰਜ਼ ਐਂਡ ਡਿਸਟਰੀਬਿਊਟਰਜ਼, ਨਵੀਂ ਦਿੱਲੀ, 2001, ਸਫ਼ਾ 481.

80 ਅਸਲ ਨਾਮ ਅਬਦੁਸ ਸਮੱਦ ਖ਼ਾਨ। ਅਬਦੁਸ ਸਮੱਦ ਖ਼ਾਨ ਤੁਰਾਨ (ਸਮਰਕੰਦ) ਦੇ ਰਹਿਣ ਵਾਲੇ ਨਕਸ਼ਬੰਦੀ ਸੰਤ ਖ਼ਵਾਜ਼ਾ ਅਬਦੁੱਲਾ ਅਹਰਾਰ ਦੇ ਖ਼ਾਨਦਾਨ ਵਿੱਚੋਂ ਸੀ ਅਤੇ ਇਤਮਾਦ-ਉਦ-ਦੌਲਾ ਦਾ ਸਾਢੂ ਸੀ। ਉਸਨੇ ਔਰੰਗਜ਼ੇਬ ਦੇ ਸ਼ਾਸਨ ਵਿੱਚ ਦੱਖਣ ਵਿੱਚ ਮੁਗ਼ਲ ਸੇਵਾ ਨਿਭਾਈ ਪਰ ਉਸਨੂੰ ਜ਼ਿਆਦਾ ਪ੍ਰਸਿੱਧੀ ਬਾਦਸ਼ਾਹ ਬਹਾਦਰ ਸ਼ਾਹ ਦੇ ਸ਼ਾਸਨ-ਕਾਲ ਵਿੱਚ ਮਿਲੀ। 22 ਫ਼ਰਵਰੀ, 1713 ਈ: ਨੂੰ ਅਬਦੁਸ ਸਮੱਦ ਖ਼ਾਨ ਨੂੰ ਬਾਦਸ਼ਾਹ ਫ਼ਰੁਖ਼ਸੀਅਰ ਨੇ ਲਾਹੌਰ ਦਾ

ਗਵਰਨਰ ਨਿਯੁਕਤ ਕੀਤਾ ਅਤੇ ਉਸਦੇ ਨਾਲ ਉਸਦੇ ਪੁੱਤਰ ਜ਼ਕਰੀਆ ਖ਼ਾਨ ਨੂੰ ਵੀ ਤੈਨਾਤ ਕਰ ਦਿੱਤਾ। ਦੇਖੋ ਵਿਲੀਅਮ ਇਰਵਿਨ *Later Mughals* Vol. I and II, ਓਰੀਐਂਟਲ ਬੁੱਕਸ ਰੀਪ੍ਰਿੰਟ ਕਾਰਪੋਰੇਸ਼ਨ, ਨਵੀਂ ਦਿੱਲੀ (ਪਹਿਲੀ ਵਾਰ, ਕਲਕੱਤਾ, 1922), ਸਫ਼ਾ 187 ਤੇ 308 ਅਤੇ ਗੰਡਾ ਸਿੰਘ, *Life of Banda Singh Bahadur*, ਸਫ਼ਾ 186.

81 ਸੱਯਦ ਅਸਲਮ ਖ਼ਾਨ ਕਾਬਲ ਦੇ ਮੌਲਵੀਜ਼ਾਦਿਆਂ ਵਿੱਚੋਂ ਸ਼ਫ਼ੀ ਖ਼ਾਨ ਦਾ ਪੁੱਤਰ ਸੀ। ਮੁਗ਼ਲ ਬਾਦਸ਼ਾਹ ਬਹਾਦਰ ਸ਼ਾਹ ਦੇ ਸਮੇਂ ਇਹ ਲਾਹੌਰ ਪ੍ਰਾਂਤ ਦਾ ਗਵਰਨਰ ਸੀ। ਜਦੋਂ ਪੰਜਾਬ ਦੇ ਮੁਲਾਣਿਆਂ ਨੇ ਜਹਾਦ ਕਰਨ ਲਈ ਮੁਸਲਮਾਨਾਂ ਨੂੰ ਹੈਦਰੀ ਝੰਡੇ ਥੱਲੇ ਇਕੱਠੇ ਕੀਤਾ ਤਾਂ ਅਸਲਮ ਖ਼ਾਨ ਵੀ ਉਸ ਵਿੱਚ ਸ਼ਾਮਲ ਹੋਇਆ ਸੀ ਪਰ ਜੁਲਾਈ 1710 ਈ: ਵਿੱਚ ਇਹਨਾਂ ਵੱਲੋਂ ਕੀਤੀ ਲੜਾਈ ਵਿੱਚ ਇਹ ਸਿੱਖ ਸੈਨਾ ਨੂੰ ਹਾਰ ਗਿਆ ਸੀ। ਇਸਦਾ ਦੇਹਾਂਤ ਲਾਹੌਰ ਵਿੱਚ 1768 ਬਿਕਰਮੀ ਸੰਮਤ (1711 ਈ:) ਨੂੰ ਹੋਇਆ। ਕਈ ਲੇਖਕ ਇਸਨੂੰ ਇਸਲਾਮ ਖ਼ਾਨ ਜਾਂ ਮੁਸਲਿਮ ਖ਼ਾਨ ਲਿਖਦੇ ਹਨ। ਦੇਖੋ ਬਲਵੰਤ ਸਿੰਘ ਢਿੱਲੋਂ, ਸੰਪਾਦਕ, *ਬੰਦਾ ਸਿੰਘ ਬਹਾਦੁਰ ਫ਼ਾਰਸੀ ਸਰੋਤ*, ਸਫ਼ਾ 191, ਭਾਈ ਕਾਹਨ ਸਿੰਘ ਨਾਭਾ, *ਗੁਰਸ਼ਬਦ ਰਤਨਾਕਰ ਮਹਾਨ ਕੋਸ਼,* ਸਫ਼ਾ 106 ਅਤੇ ਰਤਨ ਸਿੰਘ ਭੰਗੂ, *ਸ੍ਰੀ ਗੁਰ ਪੰਥ ਪ੍ਰਕਾਸ਼*, ਸੰਪਾਦਕ, ਬਲਵੰਤ ਸਿੰਘ ਢਿੱਲੋਂ, ਸਫ਼ਾ 101.

82 ਗਿਆਨੀ ਗਿਆਨ ਸਿੰਘ, *ਪੰਥ ਪ੍ਰਕਾਸ਼,* ਸਫ਼ਾ 465.

83 ਉਹੀ, ਸਫ਼ਾ 467.

84 ਉਹੀ, ਸਫ਼ਾ 468.

85 ਰਤਨ ਸਿੰਘ ਭੰਗੂ, *ਸ੍ਰੀ ਗੁਰ ਪੰਥ ਪ੍ਰਕਾਸ਼,* ਸਫ਼ਾ 126.

86 ਗਿਆਨੀ ਗਿਆਨ ਸਿੰਘ, *ਪੰਥ ਪ੍ਰਕਾਸ਼*, ਸਫ਼ਾ 472.

87 ਜ਼ਿਕਰਯੋਗ ਹੈ ਕਿ ਰਤਨ ਸਿੰਘ ਭੰਗੂ ਨੇ ਵੀ ਆਪਣੇ *ਪੰਥ ਪ੍ਰਕਾਸ਼* ਵਿੱਚ ਮਾਤਾ ਸੁੰਦਰੀ ਵੱਲੋਂ ਬੰਦਾ ਸਿੰਘ ਬਹਾਦੁਰ ਨੂੰ ਗੁਰੂ ਸਾਹਿਬ ਜੀ ਦੀ ਮੋਹਰ ਲਗਾ ਕੇ ਹੁਕਮਨਾਮਾ ਭੇਜੇ ਜਾਣ ਦਾ ਵਿਚਾਰ ਦਿੱਤਾ ਹੈ (ਸਫ਼ਾ 127) ਪਰ 18ਵੀਂ ਸਦੀ ਦੇ ਸਿੱਖ ਸਰੋਤਾਂ, ਜਿੰਨ੍ਹਾਂ ਵਿੱਚ ਕੇਸਰ ਸਿੰਘ ਛਿੱਬਰ ਦਾ *ਬੰਸਾਵਲੀਨਾਮਾ* (1769 ਈ:), ਸਰੂਪ ਦਾਸ ਭੱਲਾ ਦਾ *ਮਹਿਮਾ ਪ੍ਰਕਾਸ਼* (1776 ਈ:), ਸਵਰੂਪ ਸਿੰਘ ਕੌਸ਼ਿਸ਼ ਦੀ *ਗੁਰੂ ਕੀਆਂ ਸਾਖੀਆਂ* (1790 ਈ:) ਦਾ ਨਾਮ ਲਿਆ ਜਾ ਸਕਦਾ ਹੈ, ਵਿੱਚ ਮਾਤਾ ਸੁੰਦਰੀ ਵੱਲੋਂ ਬੰਦਾ ਸਿੰਘ ਬਹਾਦੁਰ ਨੂੰ ਭੇਜੇ ਅਜਿਹੇ ਕਿਸੇ ਹੁਕਮਨਾਮੇ ਦਾ ਜ਼ਿਕਰ ਨਹੀਂ ਹੈ। ਇੱਥੋਂ ਤੱਕ ਕਿ ਡਾ. ਗੰਡਾ ਸਿੰਘ ਦੁਆਰਾ ਸੰਪਾਦਿਤ *ਹੁਕਮਨਾਮੇ* (1967 ਈ:) ਨਾਮ ਦੀ ਪੁਸਤਕ ਵਿੱਚੋਂ ਵੀ ਮਾਤਾ ਸੁੰਦਰੀ ਦੇ ਕਈ ਹੁਕਮਨਾਮੇ ਸਿੱਖਾਂ ਨੂੰ ਭੇਜੇ ਹੋਏ ਅੰਕਿਤ ਕੀਤੇ ਮਿਲਦੇ ਹਨ ਪਰ ਇਹਨਾਂ ਵਿੱਚੋਂ ਮਾਤਾ ਸੁੰਦਰੀ ਦਾ ਸਭ ਤੋਂ ਪਹਿਲਾ ਹੁਕਮਨਾਮਾ 12 ਅਕਤੂਬਰ, 1717 ਈ: ਦਾ ਪ੍ਰਾਪਤ ਹੋਇਆ ਹੈ, ਜੋ ਮਾਤਾ ਜੀ ਨੇ ਪਟਨੇ ਦੀ ਸਿੱਖ ਸੰਗਤ ਨੂੰ ਭੇਜਿਆ ਸੀ, ਜਦੋਂ ਕਿ ਬੰਦਾ ਸਿੰਘ ਬਹਾਦੁਰ ਇਸ ਸਮੇਂ ਤੱਕ ਚੱਲ ਵਸਿਆ ਸੀ।

88 ਉਹੀ, ਗਿਆਨੀ ਗਿਆਨ ਸਿੰਘ, *ਪੰਥ ਪ੍ਰਕਾਸ਼*, ਸਫ਼ਾ 473.

89 ਉਹੀ, ਸਫ਼ਾ 475.

90 ਉਹੀ, ਸਫ਼ਾ 479-480

91 ਇਸਦਾ ਅਰਥ ਹੈ ਗੁਰੂ ਦਾ ਪ੍ਰਸਤਾਵ। ਦਲ ਖ਼ਾਲਸਾ ਵੱਲੋਂ ਕਿਸੇ ਵਿਸ਼ੇਸ਼ ਮਕਸਦ ਲਈ ਮੁਹਿੰਮ ਨੂੰ ਭੇਜਣ ਤੋਂ ਪਹਿਲਾਂ ਸਿੰਘਾਂ ਦੇ ਜੱਥੇਦਾਰਾਂ ਦੁਆਰਾ ਮੁਹਿੰਮ ਭੇਜੇ ਜਾਣ ਸੰਬੰਧੀ ਵਿਸ਼ੇਸ਼ ਨੁਕਤਿਆਂ 'ਤੇ ਵਿਚਾਰ ਵਟਾਂਦਰਾ ਕੀਤਾ ਜਾਂਦਾ ਸੀ ਅਤੇ ਸਰਬਸੰਮਤੀ ਨਾਲ ਪਾਸ ਕੀਤੇ ਗਏ ਪ੍ਰਸਤਾਵ ਨੂੰ ਗੁਰਮੱਤਾ ਕਹਿੰਦੇ ਸਨ। ਇਸ ਮੀਟਿੰਗ ਵਿੱਚ ਕੋਈ ਵੀ ਸਿੰਘ ਹਿੱਸਾ ਲੈ ਸਕਦਾ ਸੀ। ਆਮ ਤੌਰ 'ਤੇ ਮਹੱਤਵਪੂਰਨ ਗੁਰਮਤੇ ਅੰਮ੍ਰਿਤਸਰ ਵਿੱਚ ਵਿਸਾਖੀ ਅਤੇ ਦੀਵਾਲੀ 'ਤੇ ਇਕੱਤਰ ਹੋਏ ਸਿੰਘਾਂ ਦੁਆਰਾ ਪਾਸ ਕੀਤੇ ਜਾਂਦੇ ਸਨ। ਪਰ ਗੁਰਮੱਤਾ ਕਿਸੇ ਵੀ ਸਥਾਨ 'ਤੇ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਸੰਪੰਨ ਕਰ ਲਿਆ ਜਾਂਦਾ ਸੀ। ਇੱਥੋਂ ਤੱਕ ਕਿ ਇਸਨੂੰ ਲੜਾਈ ਦੇ ਮੈਦਾਨ ਵਿੱਚ ਵੀ ਪਾਸ ਕਰ ਲਿਆ ਜਾਂਦਾ ਸੀ। ਨੈਤਿਕ ਤੌਰ 'ਤੇ ਗੁਰਮੱਤਾ ਸਾਰੇ ਸਿੰਘਾਂ ਨੂੰ ਮੰਨਣਾ ਅਨਿਵਾਰੀ ਸੀ, ਉਹਨਾਂ ਨੂੰ ਵੀ ਜਿਹੜੇ ਨਿੱਜੀ ਤੌਰ 'ਤੇ ਮੀਟਿੰਗ ਵਿੱਚ ਹਾਜ਼ਰ ਨਹੀਂ ਹੁੰਦੇ ਸਨ। ਇਸਦਾ ਕਾਰਨ ਸੀ ਕਿ ਸਿੰਘਾਂ ਦਾ ਗੁਰੂ ਪੰਥ ਦੇ ਸਿਧਾਂਤ ਵਿੱਚ ਵਿਸ਼ਵਾਸ ਸੀ। ਗੁਰਮੱਤਾ ਬਰਾਬਰੀ ਅਤੇ ਸੁਤੰਤਰਤਾ ਦਾ ਪ੍ਰਤੀਕ ਸੀ। ਦੇਖੋ ਜੇ. ਐਸ. ਗਰੇਵਾਲ, *The Sikhs of the Punjab,* ਸਫ਼ਾ 93.

92 ਉਹੀ, ਸਫ਼ਾ 480. ਤੱਤ ਖ਼ਾਲਸੇ ਨਾਲ ਮੱਤ ਭੇਦ ਹੋ ਜਾਣ ਦੇ ਸਦਕਾ ਬੰਦਾ ਸਿੰਘ ਬਹਾਦੁਰ ਨੇ ਆਪਣਾ ਵੱਖਰਾ ਪੰਥ ਸਥਾਪਤ ਕੀਤਾ ਜਿਸਨੂੰ ਬੰਦਈ ਖ਼ਾਲਸਾ ਕਹਿੰਦੇ ਹਨ। ਇਸ ਪੰਥ ਦੇ ਅਨੁਯਾਈ ਮੰਨਦੇ ਹਨ ਕਿ ਬੰਦਾ ਸਿੰਘ ਬਹਾਦੁਰ ਦਿੱਲੀ ਵਿੱਚ ਸ਼ਹੀਦ ਨਹੀਂ ਹੋਇਆ ਸੀ ਸਗੋਂ ਆਪਣੇ ਯੋਗ ਅਭਿਆਸ ਸਦਕਾ ਬਚ ਨਿਕਲਿਆ ਸੀ ਅਤੇ ਬਾਅਦ ਵਿੱਚ ਜੰਮੂ ਦੇ ਖੇਤਰ ਵਿੱਚ ਭੱਬਰ ਪਿੰਡ ਵਿੱਚ ਰਹਿਣ ਲੱਗਾ ਸੀ। ਇੱਥੇ ਉਸਨੇ ਇੱਕ ਹੋਰ ਵਿਆਹ ਕਰਵਾਇਆ ਤੇ ਰਣਜੀਤ

ਸਿੰਘ ਨਾਂ ਦੇ ਪੁੱਤਰ ਨੂੰ ਜਨਮ ਦਿੱਤਾ। ਜਿਸਨੇ ਬੰਦਾ ਸਿੰਘ ਬਹਾਦੁਰ ਦੇ ਡੇਰੇ ਦੀ ਮਹੰਤੀ ਦਾ ਸਿਲਸਿਲਾ ਚਾਲੂ ਕੀਤਾ। ਸਿੱਖਾਂ ਦਾ ਇਹ ਫ਼ਿਰਕਾ ਵੀ ਗੁਰੂ ਗ੍ਰੰਥ ਸਾਹਿਬ ਵਿੱਚ ਵਿਸ਼ਵਾਸ ਰੱਖਦਾ ਹੈ। ਰਤਨ ਸਿੰਘ ਭੰਗੂ, *ਸ੍ਰੀ ਗੁਰ ਪੰਥ ਪ੍ਰਕਾਸ਼,* ਸਫ਼ਾ 131.

93 ਗਿਆਨੀ ਗਿਆਨ ਸਿੰਘ ਦਾ ਇਹ ਵਿਚਾਰ ਵੀ ਵਿਚਾਰਨਯੋਗ ਹੈ ਕਿ ਬਾਦਸ਼ਾਹ ਫ਼ਾਰੁਖ਼ਸੀਅਰ ਵੱਲੋਂ ਤੱਤ ਖ਼ਾਲਸਾ ਨਾਲ ਸਮਝੌਤਾ ਕਰ ਲਿਆ ਗਿਆ ਸੀ, ਕਿਉਂਕਿ ਫ਼ਾਰੁਖਸੀਅਰ ਦਾ ਰਵੱਈਆ ਨਾ ਸਿਰਫ਼ ਬੰਦਾ ਸਿੰਘ ਬਹਾਦੁਰ ਦੇ ਜੀਵਨ ਵਿੱਚ ਹੀ ਸਗੋਂ ਉਸ ਤੋਂ ਬਾਅਦ ਵੀ ਸਿੱਖਾਂ ਪ੍ਰਤੀ ਬਹੁਤ ਕਠੋਰ ਸੀ।

94 ਗਿਆਨੀ ਗਿਆਨ ਸਿੰਘ, *ਪੰਥ ਪ੍ਰਕਾਸ਼,* ਸਫ਼ਾ 488.

95 ਰਤਨ ਸਿੰਘ ਭੰਗੂ, *ਸ੍ਰੀ ਗੁਰ ਪੰਥ ਪ੍ਰਕਾਸ਼,* ਸਫ਼ਾ 128-133.

96 ਗਿਆਨੀ ਗਿਆਨ ਸਿੰਘ, *ਪੰਥ ਪ੍ਰਕਾਸ਼*, ਸਫ਼ਾ 492.

97 ਉਹੀ, ਸਫ਼ਾ 500.

98 ਉਹੀ, ਸਫ਼ਾ 502.

99 ਉਹੀ, ਸਫ਼ਾ 507.

100 ਅਬਦੁਸ ਸਮੱਦ ਖ਼ਾਨ ਨੇ ਸਿੱਖਾਂ ਨੂੰ ਇੱਕ ਸਾਲ ਇਸ ਕਦਰ ਘੇਰੀ ਰੱਖਿਆ ਕਿ ਉਹ ਕਿਸੇ ਪਾਸੇ ਤੋਂ ਵੀ ਭੋਜਨ, ਸਿੱਕਾ ਜਾਂ ਬਰੂਦ ਪ੍ਰਾਪਤ ਨਹੀਂ ਕਰ ਸਕੇ। ਅੰਤ ਸਿੱਖਾਂ ਨੇ ਖ਼ਾਨ ਗਾਜ਼ੀ ਨੂੰ ਵੱਡੀ ਰਕਮ ਰਿਸ਼ਵਤ ਦੇ ਰੂਪ ਵਿੱਚ ਅਦਾ ਕਰਨ ਬਦਲੇ ਭੱਜ ਜਾਣ ਲਈ ਸੁਨੇਹਾ ਭੇਜਿਆ ਪਰ ਅਬਦੁਸ ਸਮੱਦ ਖ਼ਾਨ ਨੇ ਇਸਨੂੰ ਇੱਕ ਵਾਰ ਇਨਕਾਰ ਕਰਕੇ ਸਿੱਖਾਂ ਦੇ ਹਥਿਆਰ ਜ਼ਬਤ ਕਰਕੇ ਉਹਨਾਂ ਨੂੰ ਦਰਬਾਰ ਵਿੱਚ ਭੇਜਣ ਦਾ ਮਨ ਬਣਾ ਕੇ ਸਾਰਿਆਂ ਨੂੰ 18 ਦਸੰਬਰ, 1715 ਈ: ਨੂੰ ਕੈਦ ਕਰ ਲਿਆ। ਦੇਖੋ ਮਿਰਜ਼ਾ ਮੁਹੰਮਦ, *ਇਬਰਤਨਾਮਾ* (1719 ਈ:), ਜੇ. ਐੱਸ. ਗਰੇਵਾਲ ਅਤੇ ਇਰਫ਼ਾਨ ਹਬੀਬ, ਸੰਪਾਦਕ, *Sikh History from Persian Sources*, ਸਫ਼ਾ 138, 139.

101 ਗਿਆਨੀ ਗਿਆਨ ਸਿੰਘ, *ਪੰਥ ਪ੍ਰਕਾਸ਼*, ਸਫ਼ਾ 512.

102 ਖ਼ਾਫ਼ੀ ਖ਼ਾਨ *ਮੁੰਤਖ਼ਬ-ਉਲ-ਲੁਬਾਬ* (1731 ਈ:), ਜੇ. ਐੱਸ. ਗਰੇਵਾਲ ਅਤੇ ਇਰਫ਼ਾਨ ਹਬੀਬ, ਸੰਪਾਦਕ, *Sikh History from Persian Sources,* ਸਫ਼ਾ 158.

103 ਮਿਰਜ਼ਾ ਮੁਹੰਮਦ, *ਇਬਰਤਨਾਮਾ* (1719 ਈ:), ਜੇ. ਐੱਸ. ਗਰੇਵਾਲ ਅਤੇ ਇਰਫ਼ਾਨ ਹਬੀਬ, ਸੰਪਾਦਕ, *Sikh History from Persian Sources,* ਸਫ਼ਾ 141

104 ਗਿਆਨੀ ਗਿਆਨ ਸਿੰਘ, *ਪੰਥ ਪ੍ਰਕਾਸ਼*, ਸਫ਼ਾ 518.

105 ਉਹੀ, ਸਫ਼ਾ 522.

106 ਗਿਆਨੀ ਗਿਆਨ ਸਿੰਘ ਵੱਲੋਂ ਬੰਦਾ ਸਿੰਘ ਬਹਾਦੁਰ ਦੇ ਜੀਵਿਤ ਰਹਿਣ ਦੀ ਜਿਹੜੀ ਤਾਰੀਖ਼ 1736 ਈ: ਲਿਖ ਦਿੱਤੀ ਗਈ ਹੈ, ਇਸਨੂੰ ਇਤਿਹਾਸਿਕ ਪੱਖ ਤੋਂ ਠੀਕ ਨਹੀਂ ਮੰਨਿਆ ਜਾ ਸਕਦਾ, ਕਿਉਂਕਿ ਮੁਹੰਮਦ ਹਾਦੀ ਕਾਮਵਰ ਖ਼ਾਨ ਦੀ ਰਚਨਾ *ਤਜ਼ਕਿਰਾਤ-ਉਸ-ਸਲਾਤੀਨ ਚਘਹਤਾ* (1724 ਈ:) ਅਤੇ ਹੋਰ ਸਮਕਾਲੀਨ ਫ਼ਾਰਸੀ ਦੇ ਸਰੋਤਾਂ ਤੋਂ ਇਹ ਗੱਲ ਜ਼ਾਹਿਰ ਹੋ ਜਾਂਦੀ ਹੈ ਕਿ ਜੂਨ 1716 ਈ: ਨੂੰ ਬੰਦਾ ਸਿੰਘ ਬਹਾਦੁਰ ਦਾ ਕਤਲ ਕਰ ਦਿੱਤਾ ਗਿਆ ਸੀ।

107 ਗਿਆਨੀ ਗਿਆਨ ਸਿੰਘ, *ਪੰਥ ਪ੍ਰਕਾਸ਼*, ਸਫ਼ਾ 523.

108 ਕਰਮਜੀਤ ਕੌਰ ਮਲਹੋਤਰਾ, *The Eighteenth Century in Sikh History,* ਸਫ਼ਾ 26.

109 ਮੁਹੰਮਦ ਹਾਦੀ ਕਾਮਵਰ ਖ਼ਾਨ, *ਤਜ਼ਕਿਰਾਤ-ਉਸ-ਸਲਾਤੀਨ ਚਘਹਤਾ* (1724 ਈ:), ਜੇ. ਐੱਸ. ਗਰੇਵਾਲ ਅਤੇ ਇਰਫ਼ਾਨ ਹਬੀਬ, ਸੰਪਾਦਕ. *Sikh History from Persian Sources*, ਸਫ਼ਾ 152.

# ਸਿੱਖ ਸਿਧਾਂਤਾਂ ਦੀ ਸਿਧਾਂਤਕਾਰੀ ਦੇ ਮਸਲੇ

***ਸੁਖਵਿੰਦਰ ਸਿੰਘ**

---

***Violence and the Sikhs* (2022) Author: Arvind-Pal S. Mandair**
**Publisher: Cambridge University Press (UK)**
**ISBN: 978-1-108-72821-8, DOI: 10.1017/9781108610353, PP: VI + 90**

***Violence and the Sikhs*** ਪੁਸਤਕ ਇਹ ਖਿਆਲ ਕਿ ਸ਼ਸਤਰ ਬਲ ਪ੍ਰਯੋਗ (ਸ੍ਰੀ ਸਾਹਿਬ) ਸਿਰਫ ਲੌਕਿਕ ਅਤੇ ਸੈਕੂਲਰ ਰਾਜ ਸੱਤਾ ਲਈ ਰਾਖਵਾਂ ਵਰਤਾਰਾ ਹੈ, ਦਾ ਉਤਰਬਸਤੀਵਾਦੀ ਪਰਿਪੇਖ ਤੋਂ ਆਲੋਚਨਾਤਮਕ ਵਿਸ਼ਲੇਸ਼ਣ ਪ੍ਰਸਤੁਤ ਕਰਦੀ ਹੋਈ ਇਸ ਦੇ ਤੱਤ-ਮੀਮਾਂਸਕ ਅਤੇ ਅਲੌਕਿਕ ਪਸਾਰ ਨੂੰ ਪ੍ਰਮੁੱਖਤਾ ਸਹਿਤ ਸਮਝਣ ਦਾ ਯਤਨ ਹੈ। ਸ਼ਕਤੀ ਉਪਯੋਗ ਨੂੰ ਸਿਰਫ ਭੌਤਿਕ ਵਰਤਾਰੇ ਵਜੋਂ ਦੇਖਣਾ ਇਤਿਹਾਸਕ ਵਿਧੀ ਅਤੇ ਸੈਕੂਲਰ ਰਾਜ ਸੱਤਾ (ਨੇਸ਼ਨ ਸਟੇਟ), ਜੋ ਸਾਡੇ ਸਮਕਾਲ ਦੀਆਂ ਪ੍ਰਧਾਨ ਸਿਧਾਂਤਕ ਅਤੇ ਰਾਜਨੀਤਿਕ ਪ੍ਰਣਾਲੀਆਂ ਹਨ, ਦੋਹਾਂ ਲਈ ਉਪਯੋਗੀ ਸਿਧ ਹੁੰਦਾ ਹੈ। ਸ਼ਸਤਰ ਬਲ ਪ੍ਰਯੋਗ ਨੂੰ ਸਿਰਫ ਬਾਹਰੀ ਨਕਾਰਾਤਮਕ ਵਿਵਹਾਰ ਵਜੋਂ ਪਰਿਭਾਸ਼ਤ ਕਰਨ ਦੀ ਸੀਮਾਬੱਧ ਨੀਤੀ ਨੂੰ ਇਸ ਪੁਸਤਕ ਰਾਹੀਂ ਪ੍ਰਸ਼ਨ ਅਧੀਨ ਲਿਆਂਦਾ ਗਿਆ ਹੈ। ਲੇਖਕ ਦੀ ਧਾਰਨਾ ਹੈ ਕਿ ਇਸ ਪਰਿਭਾਸ਼ਾ ਕਾਰਨ ਹੀ ਧਰਮ ਅਤੇ ਸ਼ਸਤਰ ਬਲ ਪ੍ਰਯੋਗ ਨੂੰ ਵੱਖ ਵੱਖ ਪਰਸਪਰ ਵਿਰੋਧੀ ਸਮੀਕਰਨਾਂ ਵਜੋਂ ਮਾਨਤਾ ਮਿਲੀ ਹੈ ਅਤੇ ਦੋਹਾਂ ਦੀ ਪ੍ਰੰਪਰਾਗਤ ਅਰਥ ਸੰਬੰਧਿਤਾ ਨੂੰ ਪੂਰਨ ਰੂਪ ਨਾਲ ਨਕਾਰਾਤਮਕ ਪ੍ਰਵਾਨ ਕਰ ਲਿਆ ਗਿਆ ਹੈ। ਇਸ ਨਜ਼ਰੀਏ ਤੋਂ ਇਹ ਰਚਨਾ ਸਿੱਖ-ਅਧਿਐਨ ਦੇ ਅਨੁਸ਼ਾਸਨ ਵਿੱਚ ਉਪਰੋਕਤ ਦੋਵੇਂ ਵਰਤਾਰਿਆਂ ਦੀ ਪੁਨਰ ਪੜ੍ਹਤ ਦਾ ਯਤਨ ਹੈ।

ਅਰਵਿੰਦਪਾਲ ਮੰਡੇਰ ਦਾ ਉਦੇਸ਼ ਸਿੱਖੀ ਅੰਦਰ ਸ਼ਸਤਰ ਬਲ ਪ੍ਰਯੋਗ ਦੀ ਸੰਕਲਪਨਾ ਦਾ ਸੈਕੂਲਰ ਦ੍ਰਿਸ਼ਟੀ ਨਾਲ ਪ੍ਰਸਪਰ ਤਾਲਮੇਲ ਪੈਦਾ ਕਰਨਾ ਨਹੀਂ ਬਲਕਿ ਇਸ ਦੀ ਲੌਕਿਕ ਸੀਮਤਾਈ ਤੋਂ ਇਲਾਵਾ ਬਦਲਵੀਂ (ਅਣਇਤਿਹਾਸਕ ਅਤੇ ਤੱਤ ਮੀਮਾਂਸਕ ਸੰਰਚਨਾ) ਅਰਥ ਜੁਗਤ ਪੈਦਾ ਕਰਨਾ ਅਤੇ ਇਸ ਨੂੰ ਸਿਰਫ ਸੈਕੂਲਰ ਦੀ ਅਧਿਕਾਰ ਸ਼ਕਤੀ ਤੋਂ ਮੁਕਤ ਕਰਦੇ ਹੋਏ ਸ਼ਕਤੀ (ਬਲ) ਦੇ ਧਾਰਮਿਕ (ਮਨੋਵਿਗਿਆਨਕ) ਨੇਮ ਦੀ ਸਿਰਜਨਾ ਕਰਨਾ ਹੈ।ਇਸ ਲਈ ਲੇਖਕ ਦਾ ਮੰਨਣਾ ਹੈ ਸਿੱਖ ਅਨੁਭਵ ਵਿਚ ਸ਼ਸਤਰ ਦਾ ਬਾਹਰੀ ਪ੍ਰਗਟਾਵਾ ਆਪਣੇ ਮੂਲ ਅਲੌਕਿਕ ਦੀ ਪਰਿਵਰਤਨਸ਼ੀਲਤਾ ਅੰਦਰ ਪਿਆ ਹੈ। ਬਾਹਰੀ ਪ੍ਰਗਟਾਵੇ ਦੀ ਉਚਿਤਤਾ ਸਵੈ ਦੀ ਅੰਦਰੂਨੀ ਪਰਿਵਰਤਨਸ਼ੀਲਤਾ ਦੀ ਸੰਬੰਧਿਤਾ ਵਿਚ ਹੀ ਨਿਹਿਤ ਹੈ। ਅਜਿਹਾ ਨਾ ਹੋਣ ਦੀ ਸਥਿਤੀ ਵਿਚ ਉਹ ਸਿੱਖੀ ਦੇ ਉਲਟ ਅਤੇ ਸੈਕੂਲਰ ਮੁੱਲ ਪ੍ਰਬੰਧ ਦੇ ਅਨੁਕੂਲ ਇਤਿਹਾਸਕ ਵਰਤਾਰੇ ਦੇ ਤੱਥ ਵਜੋਂ ਪਰਿਭਾਸ਼ਤ ਹੋ ਜਾਂਦਾ ਹੈ। ਇਹ ਇਸ ਕਰਕੇ ਵੀ ਲਾਜ਼ਮੀ ਹੈ ਕਿਉਂਕਿ ਸੈਕੂਲਰ ਨੇ ਆਧੁਨਿਕ ਕਾਲ ਵਿਚ ਧਰਮ ਅਤੇ ਸ਼ਕਤੀ ਨੇਮ ਦੇ ਖੇਤਰਾਂ ਨੂੰ ਵੱਖ-ਵੱਖ ਮੰਨ ਇਨ੍ਹਾਂ ਨੂੰ ਨਿਰਧਾਰਤ ਕਰਨ ਦੇ ਅਧਿਕਾਰ ਕੇਵਲ ਆਪਣੇ ਆਪ ਤਕ ਸੀਮਿਤ ਕਰ ਲਏ ਹਨ। ਪਰ ਇਹ ਵੀ ਧਿਆਨ ਯੋਗ ਹੈ ਕਿ ਧਰਮ ਅਤੇ ਬਲ ਪ੍ਰਯੋਗ ਦੀ ਵੱਖਰਤਾ ਲਈ ਸਿਰਫ ਸੈਕੂਲਰ ਜ਼ਿੰਮੇਵਾਰ ਨਹੀਂ ਬਲਕਿ ਇਹ ਤੱਤ ਮੂਲ ਰੂਪ ਨਾਲ ਮਾਨਵੀ ਮਨ ਅੰਦਰ ਹਾਜ਼ਰ ਰਹਿੰਦਾ ਹੈ। ਸੈਕੂਲਰ ਨੇ ਆਪਣੇ ਪ੍ਰਕਾਰਜਾਤਮਕ ਅਨੁਕੂਲਨ ਲਈ ਇਸ ਤੱਤ ਨੂੰ ਵਧੇਰੇ ਤੀਖਣ ਕਰ ਸੰਵਿਧਾਨਿਕ/ਕਾਨੂੰਨੀ ਰੂਪ ਦੇ ਦਿੱਤਾ ਹੈ ਜਿਸ ਕਾਰਨ ਇਹ ਸਥਿਰ (normative) ਹੋ ਗਿਆ ਹੈ। ਉਪਰੋਕਤ ਦਵੰਦਤਾਮਕ ਸਥਿਤੀ ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿਚ ਵੀ ਪੇਸ਼ ਹੋਈ ਹੈ (26/24-25 ਵਾਰਾਂ ਭਾਈ ਗੁਰਦਾਸ)।

---

***ਗੁਰੂ ਨਾਨਕ ਸਿੱਖ ਅਧਿਐਨ ਵਿਭਾਗ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ**

ਲੇਖਕ ਸੈਕੂਲਰ ਸੰਰਚਨਾ ਤੋਂ ਮੁਕਤ ਬਲ ਨੇਮ ਦੀ ਜਿਹੜੀ ਅਣਇਤਿਹਾਸਕ ਅਤੇ ਤੱਤ-ਮੀਮਾਂਸਕ ਅਰਥ ਜੁਗਤ ਪੈਦਾ ਕਰਨੀ ਚਾਹੁੰਦਾ ਹੈ ਉਹ ਇਤਿਹਾਸਕ ਅਤੇ ਲੌਕਿਕ ਨੂੰ ਆਪਣੇ ਵਿਚ ਸ਼ਾਮਿਲ ਕਰਵਾਉਂਦੀ ਹੈ ਕਿਉਂਕਿ ਉਹ ਮੂਲ ਰੂਪ ਨਾਲ ਵਾਪਰਦੀ ਤਾਂ ਅਲੌਕਿਕ (ਅਕਾਲ) ਧਰਾਤਲ 'ਤੇ ਹੈ ਪਰ ਸਥੂਲ ਰੂਪ ਨਾਲ ਇਤਿਹਾਸਕ ਤੱਥ ਵਜੋਂ ਪੇਸ਼ ਹੋ ਮੁੜ ਅਣਇਤਿਹਾਸਕ ਅਤੇ ਮਨੋਵਿਗਿਆਨਕ ਪ੍ਰਭਾਵਾਂ ਰਾਹੀਂ ਵਿਆਖਿਆਤਮਕ ਨਵੀਨਤਾ (hermeneutical rupture) ਇਤਿਹਾਸ ਵਿਚ ਪੈਦਾ ਕਰਦੀ ਹੈ, ਦੂਜੇ ਸ਼ਬਦਾਂ ਵਿਚ ਅਲੌਕਿਕ ਅਤੇ ਲੌਕਿਕ ਦੀ ਇਕਸੁਰ ਸੰਤੁਲਿਤ ਕ੍ਰਿਆਸ਼ੀਲਤਾ (non-oppositional logic, bicameral approach) ਵਿਚੋਂ ਸਿੱਖ ਬਲ ਨੇਮ (event) ਪੈਦਾ ਹੁੰਦਾ ਹੈ (ਪੰ.17)। ਗੁਰੂ ਜੀਵਨ ਵਿਚ ਇਨ੍ਹਾਂ ਦਾ ਇਕਸਾਰ ਸੰਤੁਲਨ ਅਤੇ ਬਾਅਦ ਵਾਲੇ ਸਿੱਖ ਇਤਿਹਾਸ ਵਿਚ ਕਦੇ ਸੰਤੁਲਿਤ, ਕਦੇ ਅੰਸ਼ਿਕ ਸੰਤੁਲਿਤ ਅਤੇ ਕਦੇ ਉਲਾਰੂ ਜਾਂ ਸਪਸ਼ਟ ਇਤਿਹਾਸਕ (ਲੌਕਿਕ) ਰੂਪ ਵਿਚ ਹੋਇਆ ਹੈ। ਅਹੰ ਮੁਕਤ ਬਲ ਪ੍ਰਯੋਗ (Sovereign Violence) ਗਿਆਨਾਤਮਕ ਕ੍ਰਿਆਸ਼ੀਲ ਦ੍ਰਿਸ਼ਟੀ ਹੈ ਜੋ ਜੀਵਨ ਨੂੰ ਦੇਖਣ ਦੇ ਹੋਰ ਰਾਹ ਵੀ ਖੋਲਦੀ ਹੈ। ਇਹ ਜੀਵਨ ਊਰਜਾ ਦੀ ਬਹੁਤਾਤ (excess) ਨਾਲ ਜੁੜੇ ਹੋਣ ਕਰਕੇ ਲੌਕਿਕਤਾ ਦੀਆਂ ਵਿਭਿੰਨ ਪਰਤਾਂ ਨੂੰ ਸਮਝ ਸਕਦੀ ਹੈ। ਭਾਵ ਕਾਲ ਦੇ ਅਧੂਰੇਪਣ ਚੋਂ ਅਕਾਲੀ ਜੀਵਨ ਦ੍ਰਿਸ਼ਟੀ ਅਤੇ ਅਕਾਲੀ ਚੇਤਨਾ ਨਾਲ ਕਾਲ ਦੇ ਅਧੂਰੇਪਨ ਵਿਚ ਸਕਾਰਾਤਮਕ ਦਖਲ ਪੈਦਾ ਕਰ ਦੇਣਾ ਜਾਂ ਕਾਲ ਅੰਦਰ ਅਕਾਲੀ ਸੰਪੰਨ ਪ੍ਰਭੂਸੱਤਾ ਦਾ ਅਹਿਸਾਸ ਲੈ ਆਉਣਾ ਹੈ। ਇਹ "ਦੀਨ ਦੁਨੀ ਦਾ ਪਾਤਸਾਹ" "ਅਰਜਨ ਕਾਇਆ ਪਲਟ ਕੈ" ਜਾਂ "ਜੋਤਿ ਓਹਾ ਜੁਗਤਿ ਸਾਇ" ਦੇ ਅੰਦਰ ਗਤੀਸ਼ੀਲ ਵਿਭਿੰਨ ਪਰਤਾਂ ਦਾ ਇਕਸੁਰ ਅਨੁਭਵ ਹੈ ਜੋ ਕਾਲ ਆਸ਼ਰਿਤ ਇਤਿਹਾਸਕ ਪ੍ਰਵਰਗਾਂ ਜਾਂ ਸੈਕੂਲਰ ਰਾਜ ਸੱਤਾ ਦੀ ਪਹੁੰਚ ਵਿਚ ਨਹੀਂ ਆਉਂਦਾ।

ਲੇਖਕ ਲਈ ਅਕਾਲ, ਕਾਲ ਤੋਂ ਦੂਰ ਰਹੱਸਵਾਦੀ, ਇਕਹਿਰੀ ਜਾਂ ਪ੍ਰਧਾਨ ਪ੍ਰਵਿਰਤੀ ਨਹੀਂ ਬਲਕਿ ਦੋਨੋਂ ਆਪਸ ਵਿੱਚ ਗੁੰਦੀਆਂ ਹੋਈਆਂ ਹਨ। ਅਕਾਲ ਕਾਲ ਦੇ ਸਮਾਨ ਹੀ ਇਕ ਹੋਰ ਖੇਤਰ ਹੈ ਜਿਸ ਦੇ ਵਰਤਾਰਿਆਂ ਨੂੰ ਸਮਝਣ ਲਈ ਕਾਲ ਦੀ ਪਹੁੰਚ ਜਾਂ ਵਿਧੀਆਂ ਸਫਲ ਨਹੀਂ ਹੋ ਸਕਦੀਆਂ। ਇਹ ਪਰਾਭੌਤਿਕ/ਧਰਮਸ਼ਾਸਤਰੀ (theo-logic) ਨਹੀਂ ਬਲਕਿ ਕਾਲ ਦੀ ਪਦਾਰਥਕਤਾ ਦਾ ਅਨੁਭਵ ਕਰਦਿਆਂ ਸਥੂਲਤਾ ਦੇ ਸੂਖਮ ਜਾਂ ਤਤ ਮੀਮਾਂਸਕ ਅਰਥਾਂ ਨੂੰ ਜਾਨਣਾ ਹੈ ਜੋ ਮਾਨਵੀ ਚੇਤਨਾ ਨੂੰ ਪ੍ਰਭਾਵਿਤ ਕਰਦੇ ਹਨ। ਇਹ ਪਦਾਰਥਕਤਾ ਦੀ ਸਿਰਜਣ ਸ਼ਕਤੀ ਹੈ (ਪੰ.17) ਜਿਸ ਤਰ੍ਹਾਂ ਲੇਖਕ ਲਈ ਦੋਨੋਂ ਹੀ ਅਸਤਿਤਵੀ ਅਵਸਥਾਵਾਂ ਹਨ, ਇਹ ਪਾਠਕ ਨੂੰ ਪ੍ਰਕਿਰਤੀਵਾਦ ਵੀ ਪ੍ਰਤੀਤ ਹੋਣ ਲੱਗ ਪੈਂਦਾ ਹੈ। ਇਥੇ ਪ੍ਰਕ੍ਰਿਤੀਵਾਦ ਤੋਂ ਭਾਵ ਅਕਾਲ ਤੇ ਕਾਲ ਦੇ ਸਬੰਧਾਂ ਨੂੰ ਤੋੜ ਕੇ ਦੇਖਣਾ ਨਹੀਂ ਬਲਕਿ ਨਿਖੇੜਨਾ ਹੈ। ਜੇ ਅਕਾਲ ਤੇ ਕਾਲ ਸਮਾਨਾਂਤਰ ਸਥਿਤੀਆਂ ਹਨ ਤਾਂ ਸਮੇਂ ਦੇ ਸੰਦਰਭ ਵਿਚ ਅਕਾਲ ਦੇ ਕਰਤਾਰੀ ਸਰੂਪ ਦਾ ਮਹੱਤਵ ਕਿਵੇਂ ਸਿੱਧ ਕੀਤਾ ਜਾਵੇ? ਕੀ ਸਮਾਂ ਤੇ ਅਕਾਲ ਪੁਰਖ ਦੋ ਅਨਾਦੀ ਸੱਚ ਨਹੀਂ ਬਣ ਜਾਂਦੇ? ਅਤੇ ਕੀ ਇਸ ਨਾਲ ਗੁਰਮੁਖਿ ਦੇਹ ਉਪਰ ਅਕਾਲੀ ਪ੍ਰਭਾਵ ਕੇਵਲ ਮਨੋਵਿਗਿਆਨ ਤਕ ਸੀਮਿਤ ਨਹੀਂ ਰਹਿ ਜਾਣਗੇ?

ਲੇਖਕ ਸ਼ਸਤਰ ਸ਼ਕਤੀ ਦੀ ਬਾਹਰੀ ਕਾਰਜਸ਼ੀਲਤਾ ਅਤੇ ਇਸ ਦੇ ਇਤਿਹਾਸਕ/ਰਾਜਨੀਤਿਕ ਪ੍ਰਭਾਵਾਂ ਦੀ ਤੁਲਨਾ ਵਿਚ ਇਸ ਦੇ ਤੱਤ-ਮੀਮਾਂਸਕ/ਗਿਆਨਾਤਮਕ/ਪਰਾਭੌਤਿਕੀ ਅਰਥਾਂ ਨੂੰ ਸਾਡੀ ਚੇਤਨਾ ਦੇ ਕੇਂਦਰ ਵਿਚ ਲਿਆਉਂਦਾ ਹੈ। ਧਰਮ ਅਤੇ ਸ਼ਸਤਰ ਪ੍ਰਯੋਗ (ਸ੍ਰੀ ਸਾਹਿਬ) ਦੀ ਪ੍ਰਸਪਰ ਵਿਰੋਧਤਾ ਨੂੰ ਲੇਖਕ ਸਿਰਫ ਸੈਕੂਲਰ ਰਾਜ ਸੱਤਾ ਦੇ ਸਿਧਾਂਤਕ ਅਤੇ ਸੰਸਥਾਗਤ ਰੂਪ (ਅਕਾਦਮਿਕ ਕੇਸ ਵਿਚ ਮਕਲਿਉਡ ਦੀਆਂ ਲਿਖਤਾਂ ਜਾਂ ਰਾਜਨੀਤਿਕ ਕੇਸ ਵਿਚ ਸਰਕਾਰ ਅਤੇ ਮੀਡੀਆ) ਨਾਲ ਸਬੰਧਿਤ ਕਰਦਾ ਹੈ ਜੋ ਅੰਸ਼ਿਕ ਰੂਪ ਨਾਲ ਸੱਚ ਵੀ ਹੈ ਪਰ ਸਿੱਖ ਸਮਾਜ ਦੀ ਅੰਦਰੂਨੀ ਕ੍ਰਿਆਸ਼ੀਲਤਾ ਉਸ ਕੋਲੋਂ ਅਣਡਿੱਠ ਹੋ ਜਾਂਦੀ ਹੈ। ਉਦਾਹਰਣ ਵਜੋਂ ਪੂਰਵ ਬਸਤੀਵਾਦ ਦੌਰਾਨ ਮਿਸਲ ਕਾਲ ਹੈ ਜਦੋਂ ਤਤਕਾਲੀ ਰਾਜਨੀਤਿਕ ਦਬਾਅ ਤਹਿਤ ਇਤਿਹਾਸਕ ਚੇਤਨਾ ਬਾਣੀਮੁਖਤਾ ਦੇ ਸਮਾਨਾਂਤਰ ਆਪਣਾ ਬਰਾਬਰ ਅਧਿਕਾਰ ਪੈਦਾ ਕਰ

ਰਹੀ ਸੀ। ਮਿਸਲਾਂ ਅੰਦਰ ਸਿੱਖੀ ਭਾਵਨਾ ਦੇ ਸਮਾਨਾਂਤਰ ਜਗੀਰਦਾਰੀ, ਸੱਤਾ ਲਈ ਸੰਘਰਸ਼ ਅਤੇ ਨਸਲੀ ਉਲਾਰਾਂ ਦਾ ਦਖਲ ਵੀ sovereign ਨੂੰ subjective ਬਲ ਨੇਮ ਵਿਚ ਪਰਵਰਤਿਤ ਕਰ ਰਿਹਾ ਸੀ। ਸਿੱਖ ਲੇਖਕਾਂ ਦੁਆਰਾ ਸਿੱਖੀ ਦੇ ਕਾਲਵਰਤੀ ਪ੍ਰਗਟਾਵੇ ਨੂੰ 'ਲਹਿਰ' ਦਾ ਨਾਂ ਦੇਣਾ (ਜਿਵੇਂ ਕਿ ਲੇਖਕ ਖੁਦ ਵੀ ਕਰ ਰਿਹਾ ਹੈ) ਵੀ ਸਿੱਖੀ ਨੂੰ ਇਤਿਹਾਸਕ, ਰਾਜਨੀਤਿਕ, ਸਭਿਆਚਾਰਕ ਜਾਂ ਸਮਾਜਿਕ ਕਾਰਨਾਂ ਦੇ ਪ੍ਰਭਾਵ ਜਾਂ ਜੋੜ (dogmatic image) ਵਜੋਂ ਪੇਸ਼ ਕਰਨ ਲਈ ਜ਼ਿੰਮੇਵਾਰ ਹਨ।ਭਾਵ ਸਿੱਖ ਸਮਾਜ ਦਾ ਅੰਦਰੂਨੀ ਇਤਿਹਾਸਕ ਵਿਕਾਸ ਵੀ ਗੁਰੂ ਨਾਨਕ ਨੂੰ ਭਗਤੀ ਅਤੇ ਗੁਰੂ ਹਰਗੋਬਿੰਦ ਦੀ 'ਨਵੀਂ ਨੀਤੀ' ਜਾਂ ਗੁਰੂ ਗੋਬਿੰਦ ਸਿੰਘ ਦੀ ਖਾਲਸਾ ਸਾਜਣਾ ਨੂੰ ਹਿੰਸਾ 'ਚ ਤਕਸੀਮ ਕਰਨ ਲਈ ਜ਼ਿੰਮੇਵਾਰ ਹੈ। ਸਮੱਸਿਆ ਤੱਤਾਂ ਦੀ ਹਾਜ਼ਰੀ ਨਹੀਂ ਬਲਕਿ ਇਨ੍ਹਾਂ ਦੀ ਇਕਹਿਰੀ ਪ੍ਰਧਾਨਤਾ ਕਾਲ-ਅਕਾਲ ਦੀ ਸਮੁੱਚਤਾ (event as such) ਦੇ ਪ੍ਰਗਟਾਵੇ ਨੂੰ ਰੋਕ ਦਿੰਦੀ ਹੈ। ਇਨ੍ਹਾਂ ਦੇ ਅਰਥਾਂ ਦਾ ਏਕਾਧਿਕਾਰੀ ਰੁਝਾਨ ਮੂਲ ਅਰਥਾਂ (original hermeneutics) ਦੀ ਹਾਜ਼ਰੀ ਨੂੰ ਵਿਕਸਿਤ ਨਹੀਂ ਹੋਣ ਦਿੰਦਾ।

ਲੇਖਕ ਇਹ ਦਰਸਾਉਣ ਵਿਚ ਸਫਲ ਰਿਹਾ ਹੈ ਕਿ ਗੁਰੂ ਨਾਨਕ ਅਤੇ ਬਾਬਰ, ਗੁਰੂ ਅਰਜਨ ਅਤੇ ਜਹਾਂਗੀਰ, ਗੁਰੂ ਤੇਗ ਬਹਾਦਰ ਅਤੇ ਔਰੰਗਜ਼ੇਬ ਦੇ ਆਪਸੀ ਵਿਹਾਰ ਵਿਚ ਵੀ ਸ੍ਰੀ ਸਾਹਿਬ ਜਾਂ ਸ਼ਕਤੀ ਦੀ ਸੰਪੰਨ ਪ੍ਰਭੁਸੱਤਾ (ਅਹੰ ਮੁਕਤ ਸ਼ਸਤਰ ਪ੍ਰਯੋਗ) ਦਾ ਪ੍ਰਗਟਾਵਾ ਹੋਇਆ ਹੈ ਭਾਵੇਂ ਪ੍ਰਗਟਾਵੇ ਦੀ ਵਿਧੀ ਵੱਖ ਹੈ ਪਰ ਸਮੱਸਿਆ ਇਹ ਹੈ ਕਿ ਸਿੱਖ ਵਿਦਵਾਨ ਖੁਦ ਇਸ ਵਿਹਾਰ ਨੂੰ ਤੱਤ-ਮੀਮਾਂਸਕ ਅਰਥਾਂ ਵਿਚ ਨਾ ਦੇਖ ਕੇ ਸਮਾਜਿਕ/ਧਾਰਮਿਕ ਜਾਂ ਰਾਜਨੀਤਿਕ ਦ੍ਰਿਸ਼ਟੀ ਤੋਂ ਸਥਾਪਿਤ ਕਰਨ ਕੋਸ਼ਿਸ਼ ਕਰਦੇ ਹਨ ਜਿਸ ਨਾਲ ਗੁਰੂ ਜੀਵਨ ਦਾ ਸੂਖਮ ਅਰਥ ਪਸਾਰ (lines of flight) ਸਿਰਫ ਬਾਹਰੀ ਜਾਂ ਕਾਲਵਰਤੀ ਵਿਉਂਤ ਤਕ ਸੀਮਿਤ ਹੋ ਜਾਂਦੇ ਹਨ। ਇਨ੍ਹਾਂ ਨੂੰ ਸ਼ਹਾਦਤ ਦਾ ਨਾਂ ਦੇਣ ਦੇ ਬਾਵਜੂਦ ਵੀ ਇਹ ਕਾਲਵਰਤੀ ਵਿਉਂਤ ਤੋਂ ਬਾਹਰ ਨਹੀਂ ਜਾਂਦੀਆਂ। ਇਤਿਹਾਸਕ ਵਿਰੋਧ-ਵਿਕਾਸ ਦਾ ਸਿੱਟਾ ਮੰਨਣ ਜਾਂ ਸੈਕੂਲਰ ਮਾਡਲ ਦੇ ਕਾਲਵਰਤੀ ਵਰਤਾਰਿਆਂ ਵਿਚ ਨਿਪੁੰਨ ਜਾਂ ਅਧਾਰਿਤ ਹੋਣ ਕਾਰਨ ਇਨ੍ਹਾਂ ਦੇ ਤੱਤ-ਮੀਮਾਂਸਕ ਪਸਾਰ ਨੂੰ ਅਣਡਿਠ ਕਰਨਾ ਅਸਾਨ ਹੋ ਜਾਂਦਾ ਹੈ। ਇਸ ਤਰ੍ਹਾਂ ਲੇਖਕ ਲਈ "ਸ਼ਬਦ ਮਰਹੁ" ਜਾਂ "ਪ੍ਰੇਮ ਖੇਲਨ" ਸਿਮਰਨ ਦੁਆਰਾ ਪ੍ਰਕਾਸ਼ਮਾਨ ਮਨੋਵਿਗਿਆਨਕ ਪਰਿਵਰਤਨ ਹੈ ਇਸੇ ਨੂੰ ਗੁਰੂ ਹਰਗੋਬਿੰਦ ਜਾਂ ਗੁਰੂ ਗੋਬਿੰਦ ਸਿੰਘ ਦੁਆਰਾ ਇਤਿਹਾਸਕ ਪੱਧਰ 'ਤੇ ਪ੍ਰਗਟ (Objectified) ਕੀਤਾ ਗਿਆ ਹੈ । ਗੁਰੂ ਨਾਨਕ ਸਾਹਿਬ ਦੁਆਰਾ ਗੁਰੂ ਅੰਗਦ ਸਾਹਿਬ ਨੂੰ ਗੁਰਿਆਈ ਦੇਣਾ ਜਾਂ ਖਾਲਸਾ ਸਾਜਨਾ ਦੀ ਲ੍ਹੀਲਾ ਸ੍ਰੀ ਸਾਹਿਬ ਦੇ ਤੱਤ-ਮੀਮਾਂਸਕ ਪ੍ਰਯੋਗ ਦੇ ਉਦਾਹਰਣ ਹਨ ਜੋ ਇਸ ਰੂਪ ਵਿਚ ਆ ਕੇ ਇਤਿਹਾਸਕ/ਸਥੂਲ ਜਰੂਰ ਹੋ ਜਾਂਦੇ ਹਨ ਪਰ ਕਠੋਰ ਜਾਂ ਸਥਿਰ ਨਹੀਂ। 'ਆਪੇ ਗੁਰ ਚੇਲਾ' ਰਾਹੀਂ ਗੁਰੂ ਸਥਾਪਤੀ-ਵਿਸਥਾਪਤੀ ਦਾ ਅਹੰ-ਮੁਕਤ ਪ੍ਰਵਾਹ ਸਿਰਜਦਾ ਹੈ (ਪੰ.56)। ਗੁਰੂ ਕਿਉਂਕਿ ਸ਼ਸਤਰ ਬਲ ਪ੍ਰਯੋਗ ਦਾ ਸੋਮਾ ਅਹੰ ਮਕਤੀ (Ego-loss) ਨੂੰ ਨਿਸ਼ਚਿਤ ਕਰਦਾ ਹੈ ਇਸ ਤਰ੍ਹਾਂ ਸਿੱਖ ਜਾਂ ਖਾਲਸਾ ਖੁਦ ਨੂੰ ਵੀ ਸਥੂਲਤਾ/ਸ਼ੁੱਧ ਸਥਿਰਤਾ ਅਤੇ ਇਤਿਹਾਸਕਤਾ ਤੋਂ ਮੁਕਤ ਰਖਦਾ ਹੈ। ਉਸਦੀ ਹਸਤੀ ਨਿਰੰਤਰ ਅਕਾਲ-ਕਾਲ ਦੇ ਵਿਭਿੰਨ ਧਰਾਤਲਾਂ ਨਾਲ ਸਮੂਹਿਕ ਸਾਂਝ ਬਣਾਈ ਰਖਦੀ ਹੈ। ਬਲ ਦੇ ਬਾਹਰੀ ਪ੍ਰਯੋਗ ਦੀ ਉਚਿਤਤਾ ਨੂੰ ਅਹੰ ਮੁਕਤੀ ਦਾ ਸਿਧਾਂਤ ਹੀ ਊਰਜਾ ਪ੍ਰਦਾਨ ਕਰਦਾ ਹੈ। ਸੋ ਖਾਲਸਾ ਸ਼ਸ਼ਤਰ ਦੀ ਵਰਤੋਂ ਕਰਦਾ ਹੋਇਆ ਵੀ ਉਸਦਾ ਖੰਡਨ ਕਰ ਰਿਹਾ ਹੁੰਦਾ ਹੈ, ਉਹ ਅਨਿਆਂ ਅਧਾਰਿਤ ਰਾਜ ਸੱਤਾ ਵਿਰੁੱਧ ਲੜਦਾ ਹੋਇਆ ਵੀ ਨਿੱਜੀ ਰਾਜ ਸੱਤਾ ਦਾ ਲਾਲਚ ਨਹੀਂ ਕਰਦਾ ਕਿਉਂਕਿ ਉਹ ਇਸ ਦੀ ਬਾਹਰੀ ਸਥਿਤੀ ਨੂੰ ਅੰਤਿਮ ਨਹੀਂ ਮੰਨਦਾ ਸਗੋਂ ਸੀਮਾਬੱਧ ਮੰਨਦਾ ਹੈ। ਗੁਰੂ ਸਾਹਿਬਾਨ ਨੇ ਤਰਜੀਹ ਅੰਦਰੂਨੀ ਪਰਿਵਰਤਨਸ਼ੀਲਤਾ ਨੂੰ ਦਿੱਤੀ ਹੈ। (ਪੰਨੇ 33, 47, 57)

ਬਾਬਾ ਬੰਦਾ ਸਿੰਘ ਬਹਾਦਰ ਤੋਂ ਬਾਅਦ, ਖਾਸ ਤੌਰ 'ਤੇ, ਕਿਉਂਕਿ ਸਿੱਖਾਂ ਦੇ ਵੱਡੇ ਵਰਗ ਨੇ ਵੀ "ਮਨ ਜੀਤੈ" ਦੀ ਅਵਸਥਾ ਨੂੰ ਰਾਜਨੀਤਿਕ ਉਲਾਰਾਂ ਅਨੁਸਾਰ ਉਲਝਾਇਆ ਹੈ। ਸਿੱਖ ਸ਼ਸਤਰ ਸ਼ਕਤੀ ਦੇ ਪ੍ਰਗਟਾਵੇ ਦੇ ਤੌਰ 'ਤੇ ਮੰਨੇ ਗਏ ਚਾਰ ਵਰਗਾਂ, ਕੁੱਝ ਇੱਕ ਉਦਾਹਰਨਾਂ ਨੂੰ ਛੱਡ ਕੇ, ਵਿਚੋਂ ਤਿੰਨਾਂ ਨੇ

(ਮਿਸਲਾਂ, ਰਣਜੀਤ ਸਿੰਘ ਦੀ ਖਾਲਸਾ ਫੌਜ ਅਤੇ ਅੰਗਰੇਜ ਫੌਜ ਦੇ ਸਿੱਖ ਸਿਪਾਹੀ) ਅਹੰ ਮੁਕਤ ਸਸ਼ਤਰ ਸ਼ਕਤੀ ਨੂੰ ਸੈਕੂਲਰ ਸਟੇਟ ਦੇ ਅਧੀਨ ਕਰਨ ਵਿਚ ਭੂਮਿਕਾ ਨਿਭਾਈ (ਪੰ.62)। ਅੰਗਰੇਜ ਬਸਤੀਵਾਦੀਆਂ ਦੁਆਰਾ ਪੰਜਾਬੀ ਸਿੱਖਾਂ ਨੂੰ ਜੰਗਜੂ ਗੁਣਾਂ ਦੀ ਧਾਰਨੀ ਬਹਾਦਰ ਨਸਲ ਜਾਂ ਵੱਖਰੀ ਕੌਮ ਜਾਂ ਨਸਲੀ ਉਚਤਾ ਦੇ ਉਪਮਾਮਈ ਖਿਤਾਬ, ਜੋ ਤਤਕਾਲੀ ਅਖਬਾਰਾਂ ਰਾਹੀਂ ਕਈ ਵਾਰ ਦੁਹਰਾਏ ਗਏ, ਸਿੱਖੀ ਦੀ ਅਹੰ ਮੁਕਤ ਸ਼ਸਤਰ ਪ੍ਰਯੋਗ ਦੀ ਸ਼ਕਤੀ ਨੂੰ ਆਪਣੀਆਂ ਰਾਜਨੀਤਿਕ/ਕੂਟਨੀਤਿਕ ਲੋੜਾਂ ਲਈ ਵਰਤਣ ਹਿਤ ਦਿੱਤੇ ਗਏ (ਪੰ.60)। ਜਿਸਦਾ ਸਿੱਖ ਅਸਾਨੀ ਨਾਲ ਸ਼ਿਕਾਰ ਹੋ ਗਏ। ਸਿੱਟਾ ਇਹ ਨਿਕਲਦਾ ਹੈ ਕਿ ਰਣਜੀਤ ਸਿੰਘ ਦੀ ਮੌਤ ਦੇ ਬਾਅਦ ਸਿੱਖ 'ਸਟੇਟ' ਦਾ ਪਤਨ ਦੇਖਦਿਆਂ ਖਾਲਸਾ ਫੌਜ ਛੇਤੀ ਹੀ ਸਮਝੌਤੇ ਕਰ ਅੰਗਰੇਜ਼ੀ ਫੌਜ ਵਿਚ ਭਰਤੀ ਹੋ ਜਾਂਦੀ ਹੈ। ਲੇਖਕ ਅਸਿੱਧੇ ਤੌਰ 'ਤੇ ਇਹ ਪ੍ਰਸ਼ਨ ਪੈਦਾ ਕਰਦਾ ਹੈ ਕਿ ਕੀ ਇਸਨੂੰ ਖਾਲਸਾ ਸ਼ਸਤਰ ਸ਼ਕਤੀ ਦਾ ਪ੍ਰਮਾਣਿਕ ਨੇਮ ਪ੍ਰਵਾਨ ਕੀਤਾ ਜਾ ਸਕਦਾ ਹੈ ਜੋ 10-12 ਸਾਲਾਂ 'ਚ ਹੀ ਅੰਗਰੇਜ਼ਾਂ ਦੀ ਤਾਬੇਦਾਰੀ ਲਈ ਰਾਜ਼ੀ ਹੋ ਗਿਆ?

ਇਹ ਪ੍ਰਸ਼ਨ ਇਸ ਕਰਕੇ ਵੀ ਜ਼ਰੂਰੀ ਹੈ ਕਿ ਸਮਕਾਲੀ ਸਿੱਖ ਉਚਾਰਨ ਵਿਚ ਬਾਣੀ ਅਤੇ ਸ਼ਸਤਰ ਦੇ ਅੰਤਰ-ਸੰਬੰਧਾਂ ਬਾਬਤ ਗੱਲ ਪ੍ਰੰਪਰਾਗਤ ਹਵਾਲੇ ਨਾਲ ਤਾਂ ਕੀਤੀ ਜਾਂਦੀ ਪਰ ਰਾਜਨੀਤਿਕ ਅਤੇ ਸਮਾਜਿਕ ਵਿਹਾਰ ਵਿਚ ਸਿਰਫ ਸ਼ਸਤਰ ਸ਼ਕਤੀ ਦੀ ਬਾਹਰੀ ਭੂਮਿਕਾ ਨੂੰ ਕੇਂਦਰ ਵਿਚ ਰੱਖਿਆ ਜਾਦਾ ਹੈ। ਇਹੀ ਬਿੰਦੂ ਹੈ ਜਿਥੋਂ ਇਤਿਹਾਸਕ ਵਿਧੀ ਜਾਂ ਸੈਕੂਲਰ ਸਿੱਖ ਸ਼ਸਤਰ ਸ਼ਕਤੀ ਨੂੰ ਸਿਰਫ ਅਤੇ ਸਿਰਫ ਬਾਹਰੀ ਪ੍ਰਯੋਗ ਤਕ ਸੀਮਿਤ ਕਰਨ ਲਈ ਉਤਸ਼ਾਹਿਤ ਹੋ ਜਾਂਦੇ ਹਨ। ਉਸ ਲਈ ਸ਼ਸਤਰ ਦੀ ਵਰਤੋਂ ਨੂੰ ਅਧਿਆਤਮਕ ਕ੍ਰਿਤਿਤਵ ਤੋਂ ਅਲਹਿਦਾ ਰੱਖ ਨੈਤਿਕ ਵਿਹਾਰ ਤਕ ਸੀਮਾਬੱਧ ਕਰਨ ਨਾਲ ਇਸਨੂੰ ਵਧੇਰੇ ਸੰਗਠਿਤ ਵਿਧੀ ਨਾਲ ਰਾਜਨੀਤਿਕ ਜਾਂ ਮਨੋਵਿਗਿਆਨਕ ਉਲਾਰਾਂ ਲਈ ਪ੍ਰਮਾਣਿਕ ਤੌਰ 'ਤੇ ਪ੍ਰਭਾਸ਼ਿਤ ਕਰਨਾ ਸੌਖਾ ਹੋ ਜਾਂਦਾ ਹੈ। ਅਤੇ ਜਦੋਂ ਉਸ ਨੂੰ ਅਹੰ ਮੁਕਤ ਸ਼ਸਤਰ ਸ਼ਕਤੀ ਦੇ ਪ੍ਰਗਟਾਵੇ ਦਾ ਸਾਹਮਣਾ ਕਰਨਾ ਪੈਂਦਾ ਹੈ ਤਾਂ ਉਸ ਨਾਲ ਨਜਿੱਠਣਾ ਸਮੱਸਿਆਪੂਰਨ ਹੋਣ ਕਰਕੇ ਉਸ ਬਾਬਤ ਸੈਕੂਲਰ ਤਰਕ (ਸ਼ਸਤਰ ਬਲ ਪ੍ਰਯੋਗ ਨੂੰ ਸਿਰਫ ਬਾਹਰੀ ਪ੍ਰਗਟਾਵਾ ਅਤੇ ਰਾਜ ਸੱਤਾ ਲਈ ਰਾਖਵਾਂ ਅਧਿਕਾਰ ਤਸਲੀਮ ਕਰਨਾ) ਪੇਸ਼ ਕੀਤਾ ਜਾਂਦਾ ਹੈ ਜਿਵੇਂ ਗੁਰੂ ਅਰਜਨ ਦੇਵ ਜੀ ਅਤੇ ਗੁਰੂ ਤੇਗ ਬਹਾਦਰ ਸਾਹਿਬ ਦੀਆਂ ਸ਼ਹਾਦਤਾਂ ਅਤੇ ਸ਼ਾਂਤਮਈ ਅਕਾਲੀ ਮੋਰਚਿਆਂ ਵਕਤ ਵੀ ਵਾਪਰਿਆ ਭਾਵ ਉਨ੍ਹਾਂ ਦੀ ਅਧਿਆਤਮਕ ਬਲ ਸੱਤਾ ਨੂੰ ਤਤਕਾਲੀ ਅਨਿਆਂ ਪ੍ਰਣਾਲੀ ਨੇ ਰਾਜਨੀਤਿਕ ਇਲਜ਼ਾਮਾਂ ਵਿਚ ਤਬਦੀਲ ਕਰਕੇ ਸ਼ਕਤੀ ਦੇ ਬਾਹਰੀ ਅਣਅਧਿਕਾਰਤ ਯਤਨ ਵਜੋਂ ਦਰਸਾਇਆ। ਅਕਾਲੀ ਮੋਰਚਿਆਂ ਦੇ ਸ਼ਾਂਤਮਈ/ਅਹਿੰਸਕ ਵਿਵਹਾਰ ਤੋਂ ਮਹਾਤਮਾ ਗਾਂਧੀ ਵੀ ਪ੍ਰਭਾਵਿਤ ਅਤੇ ਹੈਰਾਨ ਹੋਏ ਬਿਨਾ ਨਾ ਰਹਿ ਸਕਿਆ।

20ਵੀਂ ਸਦੀ ਦੇ ਆਖਰੀ ਦਹਾਕਿਆਂ ਦੌਰਾਨ ਵੀ ਰਾਜਨੀਤਿਕ ਅਨਿਆਂ ਪ੍ਰਤੀ ਰੋਸ ਦਰਜ ਕਰਵਾਉਣ ਲਈ ਸ਼ਾਂਤਮਈ ਧਰਮ ਯੁੱਧ ਮੋਰਚਾ (based on sovereign violence) ਵੀ ਰਾਜਨੀਤਿਕ ਸੱਤਾ ਲਈ ਸਮੱਸਿਆਗਤ ਸਾਬਿਤ ਹੋ ਗਿਆ ਤਾਂ ਇਸ ਨੂੰ ਰਾਜਨੀਤਿਕ ਨੁਕਸ/ਇਲਜ਼ਾਮ ਸਾਬਿਤ ਕਰਨ ਅਤੇ ਅਣਅਧਿਕਾਰਿਤ ਸ਼ਕਤੀ ਦਾ ਸਾਧਨ ਦਰਸਾਉਣ ਲਈ ਉਨ੍ਹਾਂ ਸਿੱਖ ਵਿਅਕਤੀਆਂ ਨੂੰ ਮੀਡੀਆ ਰਾਹੀਂ ਵਧੇਰੇ ਉਭਾਰਿਆ ਜਿਨ੍ਹਾਂ ਰਾਹੀਂ ਇਸ ਦੇ ਮੁਕਾਬਲੇ ਸਿੱਖ ਸ਼ਸਤਰ ਪ੍ਰਯੋਗ ਦਾ ਨਕਾਰਾਤਮਕ ਅਕਸ ਸਿਰਜਿਆ ਜਾ ਸਕੇ (ਪੰਨੇ 68-69) ਭਾਵ ਸੰਤ ਲੌਂਗੋਵਾਲ ਦਾ ਸ਼ਾਂਤਮਈ ਮੋਰਚਾ (based on sovereign violence) ਅਜੇ ਪੂਰੀ ਤਰ੍ਹਾਂ ਨਾਲ ਆਪਣੀ ਊਰਜਾ ਦਾ ਨਿਭਾਅ ਨਹੀਂ ਸੀ ਕਰ ਸਕਿਆ ਕਿ ਸਰਕਾਰ ਨੇ ਸੰਤ ਭਿੰਡਰਾਵਾਲਿਆਂ ਦੇ ਹਿੰਸਕ ਅਕਸ ਨੂੰ ਵਧੇਰੇ ਪ੍ਰਮੁੱਖਤਾ ਸਹਿਤ ਉਭਾਰਿਆ (ਪੰ.68)। ਇਸ ਨਾਲ ਇਕ ਤਾਂ ਸਿੱਖ ਸ਼ਸ਼ਤਰ ਦੀ ਭੂਮਿਕਾ ਦੀ ਅਨਿਆਂਯੋਗਤਾ ਦਾ ਪ੍ਰਚਾਰ ਕੀਤਾ। ਸੰਤ ਭਿੰਡਰਾਵਾਲੇ ਤਤਕਾਲੀ ਰਾਜਨੀਤਿਕ ਦੂਰਦਰਸ਼ਤਾ ਤੋਂ ਅਣਭਿੱਜ ਹੋਣ ਕਾਰਨ ਸੈਕੂਲਰ ਦੁਆਰਾ ਸੰਗਠਿਤ ਵਿਉਂਤ ਦਾ ਸ਼ਿਕਾਰ ਬਣ ਗਏ। ਇਸ ਤਰ੍ਹਾਂ ਸਿੱਖ ਸ਼ਸਤਰ ਪ੍ਰਯੋਗ ਨੂੰ ਗੈਰ-ਕਾਨੂੰਨੀ, ਗੈਰ-ਵਾਜਿਬ, ਨੁਕਸਦਾਰ ਅਤੇ ਅਸਫਲ ਸਿੱਧ ਕਰ ਦਿੱਤਾ। ਦੂਜਾ ਸੰਤਾਂ ਦੁਆਰਾ ਅਕਾਲ ਤਖਤ ਨੂੰ ਸੁਰੱਖਿਆ ਟਿਕਾਣਾ ਬਣਾਉਣ ਨਾਲ ਸੈਕੂਲਰ ਨੂੰ

ਆਪਣੇ ਬਲ ਪ੍ਰਯੋਗ ਦੀ ਨਿਆਂਯੋਗਤਾ ਸਿੱਧ ਕਰਨ ਦਾ ਮੌਕਾ ਮਿਲ ਗਿਆ, ਜੇਕਰ ਸੰਤ ਸ਼ਸਤਰ ਸ਼ਕਤੀ ਦਾ ਪ੍ਰਗਟਾਵਾ ਹਰਿਮੰਦਰ ਦੀ ਪ੍ਰੀਕਰਮਾ ਤੋਂ ਬਾਹਰ ਕਰਦੇ ਤਾਂ ਸਿੱਟੇ ਕੁੱਝ ਹੋਰ ਹੋ ਸਕਦੇ ਸਨ। ਇਸ ਸਾਰਾ ਵਰਤਾਰੇ ਨੂੰ ਸ਼ੁੱਧ ਸੋਮਿਆਂ ਤੋਂ ਪ੍ਰੇਰਿਤ ਪਰ ਇਤਿਹਾਸਕ/ਰਾਜਨੀਤਿਕ ਵਿਕ੍ਰਿਤੀਆਂ ਸਹਿਤ ਪੇਸ਼ ਹੋਣ ਕਰਕੇ ਲੇਖਕ ਨੇ *Un*timely ਕਿਹਾ ਹੈ। ਇਹ ਅਸਚਰਜ ਗੱਲ ਹੈ ਕਿ ਅਣਗੌਲੇ (fringe figure) ਅਤੇ 'ਬੇਮੌਕਾ' ਹੋਣ ਦੇ ਬਾਵਜੂਦ ਅਹੰ ਮੁਕਤ ਸ਼ਸਤਰ ਬਲ ਦਾ ਪ੍ਰਗਟਾਵਾ ਉਸਦੇ ਕਰਮ ਰਾਹੀਂ ਹੋ ਰਿਹਾ ਹੈ। ਲੇਖਕ ਅਨੁਸਾਰ ਸੈਕੂਲਰ ਨੇਸ਼ਨ ਸਟੇਟ ਅਤੇ ਗਰਮਖਿਆਲੀ ਵਿਚਾਰਧਾਰਾ ਬਿਲਕੁੱਲ ਇਕੋ ਜਿਹਾ ਵਿਹਾਰ ਧਾਰਨ ਕਰ ਲੈਂਦੇ ਹਨ ਜਦੋਂ ਇਹ ਇਸ ਘਟਨਾ ਨੂੰ ਇਤਿਹਾਸਕ-ਰਾਜਨੀਤਿਕ (ਕਾਲਯੁਕਤ) ਵਰਤਾਰੇ ਵਜੋਂ ਪ੍ਰਭਾਸ਼ਿਤ ਕਰ ਰਹੇ ਹੁੰਦੇ ਹਨ (ਪੰ.72) ਅਤੇ ਉਸਦੇ ਅਹੰ ਮੁਕਤ (ਕਾਲ ਮੁਕਤ, ਅਕਾਲੀ) ਸਰੂਪ ਨੂੰ ਅਣਡਿੱਠ ਕਰਦੇ ਹਨ ਤਾਂ ਇਸ ਨਾਲ ਸਿੱਖ ਸ਼ਸ਼ਤਰ ਬਲ ਪ੍ਰਯੋਗ ਦਾ ਅਰਥ ਪਸਾਰ ਪੂਰਨ ਰੂਪ ਨਾਲ ਪ੍ਰਗਟ ਨਾ ਹੋ ਕੇ ਸੰਕੁਚਿਤ ਹੋ ਜਾਂਦਾ ਹੈ। ਉਹ ਲੁਕਵਾਂ ਅਰਥ ਪਸਾਰ (unactualized) ਇਸ ਸਮੁੱਚੇ ਵਰਤਾਰੇ ਨੂੰ ਸਾਬਤ (sovereign) ਰੂਪ ਸਹਿਤ ਸਿੱਖ ਸਿਮ੍ਰਤੀ ਦੁਆਰਾ ਗ੍ਰਹਿਣ ਕਰਨ ਦੀ ਸ਼ਕਤੀ ਹੈ ਜੋ ਅਦ੍ਰਿਸ਼ਟ ਹੋਣ ਦੇ ਬਾਵਜੂਦ ਬਾਅਦ ਵਿਚ ਪੈਦਾ ਹੋਈ ਸਿੱਖ ਪ੍ਰਤਿਕ੍ਰਿਆ ਨੂੰ ਪ੍ਰਤੱਖ ਰੂਪ ਨਾਲ ਸਾਕਾਰ ਕਰ ਰਿਹਾ ਹੈ (ਪੰ.73)। ਇਸ ਤੋਂ ਇਲਾਵਾ ਦੋ ਸੁਤੰਤਰ ਪ੍ਰਭਸੱਤਾ ਸੰਪੰਨਤਾਵਾਂ ਇਸ ਨਾਲ ਇਕ ਦੂਜੇ ਦੇ ਸਨਮੁੱਖ ਖੜਦੀਆਂ ਹਨ ਅਤੇ ਜਿਸ ਨਾਲ ਸੈਕੂਲਰ ਬਲ ਪ੍ਰਯੋਗ ਦੇ ਏਕਾਧਿਕਾਰ ਨੂੰ ਚੁਣੌਤੀ ਮਿਲਦੀ ਹੈ। ਇਸ ਤਰ੍ਹਾਂ ਕਾਲ ਯੁਕਤ ਚੇਤਨਾ ਅੰਦਰ ਇਕ ਨਵੇਂ ਸਮਾਂ-ਸਥਾਨ (temporality) ਦੀ ਧਾਰਨਾ ਦਾ ਬਦਲ ਪੈਦਾ ਹੁੰਦਾ ਹੈ (ਪੰ.80)। ਸਿੱਖ ਸ੍ਰਿਮਤੀ ਦੀ ਇਹ ਅਦ੍ਰਿਸ਼ਟ ਗ੍ਰਹਿਣ ਸ਼ਕਤੀ ਅਤੇ ਅਹੰ ਮੁਕਤ ਸ਼ਕਤੀ ਪ੍ਰਯੋਗ ਵਿਚਕਾਰ ਅਰਵਿੰਦਪਾਲ ਮੰਡੇਰ ਨੂੰ ਇਕ ਸਾਂਝ ਦਿਖਾਈ ਦੇ ਰਹੀ ਹੈ ਅਤੇ ਇਹੀ ਵਿਆਖਿਆ ਸ਼ਾਸਤਰੀ ਬਹੁਤਾਤ (hermeneutical excess) ਹੈ। ਇਕ ਪਾਸੇ ਅਹੰ ਮੁਕਤ ਵਿਰੋਧ ਰਾਜਨੀਤਿਕ/ਸਮਾਜਿਕ ਕ੍ਰਿਆਸ਼ੀਲਤਾ ਨੂੰ ਊਰਜਿਤ ਕਰਦਾ ਹੈ, ਦੂਜੇ ਪਾਸੇ ਨਵੀਂ ਅਹੰ ਮੁਕਤ ਸ੍ਰਿਮਤੀ ਨੂੰ ਸਿਰਜਦਾ ਹੈ। ਇਸ ਤਰ੍ਹਾਂ ਇਕ event (ਕਾਲ ਅਤੇ ਅਕਾਲ ਦੀ ਅੰਤਰ-ਸੰਬੰਧਤਾ ਦਾ ਗੁੰਦਵਾਂ ਪ੍ਰਗਟਾਵਾ) ਅਨੰਤ ਦੁਹਰਾਓ ਜਾਂ ਵਿਆਖਿਆ ਸਿਰਜਦੀ ਹੈ ਜੋ ਪ੍ਰਚਲਿਤ ਮਿਆਰਾਂ ਨਾਲੋਂ ਭਿੰਨ, ਅਤੇ ਆਪਣੇ ਕਾਰਕ ਤੱਤਾਂ ਜਾਂ ਪਾਤਰਾਂ ਤੋਂ ਸੁਤੰਤਰ ਰਹਿੰਦੀ ਹੈ (ਪੰਨੇ 76-78)।

ਇਸ ਦੇ ਨਾਲ ਹੀ ਮੰਡੇਰ ਇਹ ਵੀ ਮੰਨਦਾ ਹੈ ਕਿ ਗਰਮ ਖਿਆਲੀ ਵਿਚਾਰਧਾਰਾ ਅਹੰ ਮੁਕਤ ਚੇਤਨਾ ਨਾਲ ਨਿਭਾਅ ਤੋਂ ਅਸਮਰੱਥ ਹੋਣ ਕਾਰਨ ਸੈਕੂਲਰ ਰਾਜ ਸੱਤਾ ਵਾਂਗ ਹੀ ਡਰ ਅਤੇ ਦਵੈਖ ਯੁਕਤ ਹੋ ਇਤਿਹਾਸ ਅਤੇ ਇਕਹਿਰੀ ਕਠੋਰ ਪਛਾਣ ਆਸ਼ਰਿਤ ਹੋ ਜਾਂਦੀ ਹੈ (ਪੰ.80) ਜਿਸ ਨਾਲ ਬਾਹਰੀ ਸ਼ਸ਼ਤਰ ਪ੍ਰਯੋਗ ਅਤੇ ਇਸ ਇਕਹਿਰੀ ਕਠੋਰ ਸਥੂਲ ਪਛਾਣ ਨਾਲ ਜੁੜੇ ਪਾਤਰ ਤੇਜ਼ੀ ਨਾਲ ਕੇਂਦਰ ਵਿਚ ਆ ਜਾਂਦੇ ਹਨ। ਭਾਵ ਉਹ ਸੰਪੂਰਨ event ਵਾਂਗ ਪੇਸ਼ ਨਹੀਂ ਹੁੰਦੇ। ਉਦਾਹਰਣ ਵਜੋਂ ਜਿਵੇਂ ਗੁਰੂ ਜੀਵਨ ਵਿਚ ਪੈਂਦੇ ਖਾਨ, ਭਾਈ ਕਨ੍ਹਈਆ ਅਤੇ ਸੈਦ ਖਾਨ ਨਾਲ ਵਾਪਰਦਾ ਹੈ ਇਥੇ ਸ਼ਸਤਰ ਪ੍ਰਯੋਗ ਦੀ ਬਾਹਰੀ ਰੂਪ ਰੇਖਾ ਨਾਲੋਂ ਵਧੇਰੇ ਮਹੱਤਵਪੂਰਨ ਗੁਰੂ ਦੀ ਦ੍ਰਿਸ਼ਟੀ ਨਾਲ ਪੈਂਦੇ ਖਾਨ, ਭਾਈ ਕਨ੍ਹਈਆ ਜਾਂ ਸੈਦ ਖਾਨ ਦੀ ਚੇਤਨਾ ਅੰਦਰ ਵਾਪਰੇ ਤੀਖਣ ਉਤਰਾਅ ਚੜਾਅ ਹਨ। ਜੰਗ ਦੇ ਮੈਦਾਨ ਵਿਚ ਖੜੇ ਹੋਣ ਬਾਵਜੂਦ ਉਥੇ ਸ਼ਸਤਰ ਪ੍ਰਯੋਗ ਦਾ ਨੇਮ ਪ੍ਰਬੰਧ ਵੱਖਰਾ ਹੈ। ਉਨ੍ਹਾਂ ਦੇ ਪ੍ਰਗਟਾਵੇ ਦਾ ਅੰਦਾਜ਼ ਸਰੀਰਿਕ ਨਾਲੋਂ ਪਰਾਭੌਤਿਕ ਵਧੇਰੇ ਹੈ। ਇਸ ਨੂੰ ਅਰਵਿੰਦ ਪਾਲ ਮੰਡੇਰ ਦੀ ਭਾਸ਼ਾ ਵਿਚ event ਜਾਂ sovereign violence ਕਿਹਾ ਜਾ ਸਕਦਾ ਹੈ।

ਅੱਸੀਵਿਆਂ ਦੀਆਂ ਘਟਨਾਵਾਂ ਨੂੰ ਸ਼ਸਤਰ ਪ੍ਰਯੋਗ ਨਾਲ ਸੰਬੰਧਤ ਕਰਦਿਆਂ ਅਰਵਿੰਦਪਾਲ ਮੰਡੇਰ ਦੇ ਅਧਿਐਨ ਵਿਚ ਮਹੱਤਵਪੂਰਨ ਸਿਧਾਂਤਕ ਸਮੱਸਿਆ ਰਹਿ ਜਾਂਦੀ ਹੈ ਕਿ ਉਹ ਸੰਤ ਭਿੰਡਰਾਵਾਲਿਆਂ ਦੀ ਅਕਾਲ ਤਖਤ ਉਪਰ ਹੋਈ ਮੌਤ/ਸ਼ਹਾਦਤ ਨੂੰ ਬੇਮੌਕਾ ਅਹੰ ਮੁਕਤ ਸ਼ਕਤੀ ਪ੍ਰਯੋਗ ਦਾ ਕੇਂਦਰ ਮੰਨ ਲੈਂਦਾ ਹੈ। ਦੋ ਸੁਤੰਤਰ ਸੰਪੰਨ ਪ੍ਰਭੂਸੱਤਾਵਾਂ ਦੇ ਪਰਸਪਰ ਵਿਰੋਧ ਦੀ ਅੰਤਰਕ੍ਰਿਆ (ਪੰ.77) ਵਿਚੋਂ ਸਿੱਖ ਸ੍ਰਿਮਤੀ

ਦੁਆਰਾ ਗ੍ਰਹਿਣ ਕੀਤੀ ਸ਼ਕਤੀ ਦਾ ਸੋਮਾ ਜਾਂ ਕੇਂਦਰ ਅਕਾਲ ਤਖਤ ਬਣਦਾ ਹੈ। ਉਸ ਸਾਂਝੀ ਸਿੱਖ ਚੇਤਨਾ ਨੂੰ ਜੋ ਧਰਵਾਸ ਜਾਂ ਪ੍ਰੇਰਨਾ ਅਕਾਲ ਤਖਤ ਤੋਂ ਮਿਲਦੀ ਸੀ ਉਹ ਸੰਤ ਭਿੰਡਰਾਂਵਾਲਿਆਂ ਦੀ ਮੌਤ/ਸ਼ਹਾਦਤ ਤੋਂ ਨਹੀਂ। ਇਹ ਪ੍ਰਸ਼ਨ ਕੀਤਾ ਜਾ ਸਕਦਾ ਹੈ ਕਿ '84' ਤੋਂ ਬਾਅਦ ਦੀਆਂ ਘਟਨਾਵਾਂ ਦਾ ਪ੍ਰੇਰਨਾ ਸਰੋਤ ਮੂਲ ਰੂਪ ਨਾਲ ਅਕਾਲ ਤਖਤ ਉਪਰ ਸੈਕੂਲਰ ਸਟੇਟ ਦੁਆਰਾ ਕੀਤੀ ਕਾਰਵਾਈ ਸੀ ਜਾਂ ਸੰਤ ਭਿੰਡਰਾਂਵਾਲਿਆਂ ਦੀ ਮੌਤ/ਸ਼ਹਾਦਤ? ਨਿਸ਼ਚਿਤ ਰੂਪ ਨਾਲ ਸਿੱਖ ਚੇਤਨਾ ਨੇ ਸੰਤ ਭਿੰਡਰਾਂਵਾਲਿਆਂ ਦੀ ਮੌਤ/ਸ਼ਹਾਦਤ ਨਾਲੋਂ ਜ਼ਿਆਦਾ ਦਰਦ ਅਕਾਲ ਤਖਤ ਉਪਰ ਫੌਜੀ ਕਾਰਵਾਈ ਨਾਲ ਮਹਿਸੂਸ ਕੀਤਾ। ਅਜਿਹਾ ਨਿਖੇੜਾ ਇਸ ਕਰਕੇ ਵੀ ਲਾਜ਼ਮੀ ਹੋ ਜਾਂਦਾ ਹੈ ਕਿਉਂਕਿ ਸਮਕਾਲੀ ਰਾਜਨੀਤਿਕ ਵਿਵਹਾਰ ਵਿਚ ਸਿੱਖ ਸ਼ਸਤਰ ਬਲ ਪ੍ਰਯੋਗ ਦੇ ਅਧਿਕਾਰ ਨੂੰ ਸੀਮਿਤ ਹਵਾਲੇ ਵਜੋਂ ਵਿਸ਼ੇਸ਼ ਰਾਜਨੀਤਿਕ ਉਦੇਸ਼ਾਂ ਲਈ ਤਾਂ ਵਰਤ ਲਿਆ ਜਾਂਦਾ ਹੈ ਪਰ ਉਸ ਨਾਲ ਜੁੜੇ ਅਧਿਆਤਮਕ ਪ੍ਰਵਿਰਤਨ ਜਾਂ ਤੱਤ-ਮੀਮਾਂਸਕ ਅਰਥ ਪਾਸਾਰ ਨੂੰ ਨਹੀਂ। ਅਸੀਂ ਇਥੇ ਮਾਨਵੀ ਹੋਂਦ/ਵਿਹਾਰ/ਪ੍ਰਕ੍ਰਿਤੀ ਦੀਆਂ ਮੂਲ ਸੀਮਾਵਾਂ ਤੋਂ ਮੁਨਕਰ ਨਹੀਂ ਹੋ ਰਹੇ ਬਲਕਿ ਇਨ੍ਹਾਂ ਦੈਵੀ ਸੰਸਥਾਵਾਂ ਅੰਦਰ ਗੈਰ ਜਰੂਰੀ ਕਾਲਯੁਕਤ ਦਖਲਅੰਦਾਜ਼ੀ ਦੀ ਪਛਾਣ ਕਰਨ ਨੂੰ ਧਿਆਨ ਵਿਚ ਲਿਆਉਣਾ ਚਾਹੁੰਦੇ ਹਾਂ। ਇਸ ਤੱਥ ਦਾ ਅਧਿਐਨ ਵੀ ਰਣਜੀਤ ਸਿੰਘ ਦੀ ਜਾਂ ਬਸਤੀਵਾਦੀ ਰਾਜ ਦੀ ਖਾਲਸਾ ਫੌਜ ਵਾਂਗ ਕੀਤਾ ਜਾ ਸਕਦਾ ਹੈ ਕਿ ਇਸ ਘਟਨਾਕ੍ਰਮ ਵਿਚ ਸਿੱਖ ਸ਼ਸਤਰ ਪ੍ਰਯੋਗ ਦਾ ਸਿਧਾਂਤ ਅਹੰ ਮੁਕਤ ਚੇਤਨਾ ਦੇ ਸਨਮੁੱਖ ਕਿੰਨੀ ਕੁ ਤੀਖਣਤਾ ਨਾਲ ਹੋ ਰਿਹਾ ਹੈ। ਕਹਿਣ ਦਾ ਭਾਵ ਹੈ ਕਿ ਅਕਾਲ ਤਖਤ ਦੀ ਪਰੰਪਰਾ ਅਤੇ ਅਨੁਭਵ, ਅਤੇ ਸੈਕੂਲਰ ਸਟੇਟ ਚੋਂ ਸਿਰਜਿਤ ਸ਼ਸਤਰ ਬਲ ਪ੍ਰਯੋਗ ਅਤੇ ਸੰਤ ਭਿੰਡਰਾਂਵਾਲਿਆਂ ਦੀ ਰਾਜਨੀਤਿਕ ਸਮਝ 'ਚੋਂ ਉਪਜੇ ਖਾਲਿਸਤਾਨ ਦੀ ਅੰਤਰ ਸਬੰਧਿਤਾ ਨੂੰ ਸਮਝਣ ਲਈ ਇਨ੍ਹਾਂ ਦੇ ਵੱਖ ਵੱਖ ਕਰਕੇ ਵੇਖੇ ਜਾਣ ਦੀ ਲੋੜ ਹੈ। ਸਮਕਾਲ ਵਿਚ ਇਨ੍ਹਾਂ ਨੂੰ ਸਮਾਨਾਰਥੀ ਰੂਪ ਲਏ ਜਾਣ ਨਾਲ ਸਿੱਖ ਸਸ਼ਤਰ ਬਲ ਪ੍ਰਯੋਗ ਦੀ ਨਿਆਇਸ਼ੀਲਤਾ ਪੂਰਨ ਰੂਪ ਨਾਲ ਪ੍ਰਗਟ ਨਹੀਂ ਹੁੰਦੀ ਸਗੋਂ ਵਿਕ੍ਰਿਤ ਪੰਜਾਬੀ ਸਭਿਆਚਾਰਕ ਮਾਨਸਿਕਤਾ ਦੁਆਰਾ ਰਣਜੀਤ ਸਿੰਘ ਅਤੇ ਬਸਤੀਵਾਦੀ ਰਾਜ ਦੀ ਖਾਲਸਾ ਫੌਜ ਵਾਂਗ ਰਾਜਨੀਤਿਕ ਉਲਾਰਾਂ ਲਈ ਦੁਰਉਪਯੋਗ ਦੀ ਸੰਭਾਵਨਾ ਵੱਧ ਜਾਂਦੀ ਹੈ। ਸੋ ਸਿਖ ਪੰਥ ਨੂੰ ਅਹੰ ਮੁਕਤ ਸ਼ਸਤਰ ਸ਼ਕਤੀ ਦੇ ਸ਼ੁੱਧ ਪ੍ਰਗਟਾਵੇ, ਸਮਾਜਿਕ-ਸੱਭਿਆਚਾਰਕ-ਮਨੋਵਿਗਿਆਨਕ ਉਦੇਸ਼ਾਂ ਤੋਂ ਪ੍ਰੇਰਿਤ ਹਿੰਸਾ ਅਤੇ, ਰੂਪ ਅਤੇ ਉਚਾਰਨ ਪੱਖੋਂ ਸਿੱਖ ਭਾਸਦੀ ਪਰ ਅੰਤਰੀਵੀ ਪੱਧਰ ਤੇ ਸਮਾਜਿਕ-ਸੱਭਿਆਚਾਰਕ-ਮਨੋਵਿਗਿਆਨਕ ਵਿਕ੍ਰਿਤੀਆਂ ਤੋਂ ਉਤਪੰਨ ਹਿੰਸਾ ਵਿਚਕਾਰ ਨਿਖੇੜਾ ਕਰਨ ਦੀ ਲੋੜ ਹੈ।

ਅੰਤ ਵਿਚ ਕਿਹਾ ਜਾ ਸਕਦਾ ਹੈ ਕਿ ਅਰਵਿੰਦ-ਪਾਲ ਸਿੰਘ ਮੰਡੇਰ ਦੀ ਇਹ ਪੁਸਤਕ ਨੇ ਸਿੱਖ ਸ਼ਸਤਰ ਬਲ ਦੇ ਪ੍ਰਯੋਗ ਅਤੇ ਇਸ ਪ੍ਰਯੋਗ ਨਾਲ ਜੁੜੇ ਪਾਤਰਾਂ ਅਤੇ ਸੰਸਥਾਵਾਂ ਦਾ ਤੱਤ-ਮੀਮਾਂਸਕ/ਸਿਧਾਂਤਕ ਨਿਰੀਖਣ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਜੋ ਸਮਕਾਲੀ ਸਿੱਖ ਅਧਿਐਨ ਦੇ ਅਨੁਸ਼ਾਸਨ ਲਈ ਵਿਲੱਖਣ ਚਿੰਤਨਸ਼ੀਲ ਉਦਮ ਹੈ।

# ਸਹਿਜੇ ਰਚਿਓ ਖਾਲਸਾ ਤੇ ਸ਼ਹਾਦਤ ਦਾ ਸਿੱਖ ਸੰਕਲਪ

**ਪਰਮਵੀਰ ਸਿੰਘ***

ਗੁਰਮਤਿ ਅਤੇ ਖਾਲਸਾ ਪੰਥ ਵਿਚ ਦਾਰਸ਼ਨਿਕ ਅਤੇ ਸਮਾਜ-ਅਧਿਆਤਮਕ ਵਰਤਾਰਿਆਂ ਦੀ ਵਿਆਖਿਆ ਤੇ ਪੁਨਰ-ਵਿਆਖਿਆ ਦੀ ਲੰਮੀ ਪਰੰਪਰਾ ਹੈ। ਇਸ ਲੜੀ ਵਿਚ ਭਾਈ ਗੁਰਦਾਸ ਜੀ ਦੀਆਂ ਵਾਰਾਂ, ਗੁਰਬਿਲਾਸ ਤੇ ਪੰਥ ਪ੍ਰਕਾਸ਼ ਆਦਿ 'ਗ੍ਰੰਥ' ਰਚੇ ਗਏ ਹਨ। ਪ੍ਰੋ. ਹਰਿੰਦਰ ਸਿੰਘ ਮਹਿਬੂਬ ਵੱਲੋਂ ਲਿਖੀ ਗਈ ਪੁਸਤਕ 'ਸਹਿਜੇ ਰਚਿਓ ਖਾਲਸਾ' ਇਸ ਲੜੀ ਵਿਚ ਰਚੀ ਗਈ ਮਹਤਵਪੂਰਣ ਰਚਨਾ ਹੈ।ਇਹ ਰਚਨਾ ਅਸਲ ਵਿਚ ਅੱਠ ਪੁਸਤਕਾਂ ਦਾ ਸੰਗ੍ਰਹਿ ਹੈ ਜੋ ਸਮਕਾਲੀ ਗਿਆਨ ਚਿੰਤਨ, ਚਿੰਤਕ ਅਤੇ ਅਕਾਦਮਿਕ ਪ੍ਰਵਚਨਾਂ ਦੇ ਹਵਾਲੇ ਨਾਲ ਗੁਰਮਤਿ, ਸਿੱਖ ਧਰਮ ਅਤੇ ਪਰੰਪਰਾਵਾਂ ਦੇ ਭਿੰਨ-ਭਿੰਨ ਵਿਸ਼ਿਆਂ ਅਤੇ ਸੰਕਲਪਾਂ ਜਿਵੇਂ ਕਿ ਗੁਰਮੁਖ, ਸ਼ਹਾਦਤ, ਅਰਦਾਸ, ਸੰਗਤ, ਸ਼ਬਦ, ਕਰਾਮਾਤ ਅਤੇ ਮੀਰੀ-ਪੀਰੀ ਆਦਿ ਬਾਰੇ ਦਾਰਸ਼ਨਿਕ ਚਰਚਾ ਕੀਤੀ ਗਈ ਹੈ।ਵਰਤਮਾਨ ਲੇਖ ਵਿਚ ਪ੍ਰੋ. ਹਰਿੰਦਰ ਸਿੰਘ ਮਹਿਬੂਬ ਰਾਹੀਂ ਪੁਨਰ ਰੂਪ ਵਿਚ ਵਿਚਾਰੇ ਤੇ ਸੰਕਲਪ ਬਧ ਕੀਤੇ ਗਏ ਭਿੰਨ ਭਿੰਨ ਸੰਕਲਪਾਂ ਨੂੰ ਵਿਸ਼ਲੇਸ਼ਣ ਦਾ ਆਧਾਰ ਬਣਾਇਆ ਜਾਵੇਗਾ।

**ਸ਼ਹਾਦਤ**

ਸ਼ਹਾਦਤ ਦਾ ਵਰਤਾਰਾ ਹਰ ਥਾਂ ਉਤੇ ਹੈ, ਹਰੇਕ।ਲੋਕ-ਪ੍ਰਿਅ ਸਿਧਾਂਤਕਾਰੀ ਵਿਚ **'ਸ਼ਹਾਦਤ'** ਦੇ ਅਰਥ ਹਨ ਗਵਾਹੀ, ਸੱਚ ਦੀ ਗਵਾਹੀ, ਧਰਮ-ਯੁੱਧ ਵਿਚ ਜਾਨ ਦੇ ਦੇਣਾ ਪਰ ਵਿਸ਼ਵਾਸ਼ ਨਾ ਛੱਡਣਾ। ਸ਼ਹੀਦ ਉਹ ਹੈ ਜੋ ਆਪਣੇ ਵਿਸ਼ਵਾਸ਼ ਲਈ ਸੀਸ ਦੇ ਦੇਵੇ ਪਰ ਸਿਰੜ ਨਾ ਛੱਡੇ, ਸ਼ਹੀਦ ਉਹ ਹੈ ਜੋ ਤਸੀਹਾਂ ਦੀ ਹਾਲਤ ਵਿਚ ਆਪਣੀ ਜਾਨ ਨਾ ਬਚਾਵੇ ਤੇ ਵਿਸ਼ਵਾਸ਼ ਨਾ ਛੱਡੇ।"[1] ਦੂਜਿਆਂ ਦੇ ਹਿਤ ਵਿਚ ਜੀਵਨ ਦੇਣ ਵਾਲੇ ਵਿਅਕਤੀ ਨੂੰ ਸ਼ਹੀਦ ਕਿਹਾ ਜਾਂਦਾ ਹੈ, ਪਰ ਅਸਲ ਵਿਚ ਸ਼ਹੀਦ ਉਹ ਹੁੰਦਾ ਹੈ ਜਿਸ ਕੋਲ ਬਚ ਜਾਣ ਦੇ ਸਾਰੇ ਵਸੀਲੇ ਮੌਜੂਦ ਹੋਣ ਪਰ ਬਾਵਜੂਦ ਇਸਦੇ ਉਹ ਸ਼ਹੀਦ ਹੋਣਾ ਹੀ ਚੁਣਦਾ ਹੈ। 'ਸ਼ਹੀਦਾਂ ਨੂੰ ਪਾਏ ਪਰਚਿਆਂ ਤੋਂ ਪਤਾ ਲੱਗਦਾ ਹੈ ਕਿ ਜੇ ਉਹ ਚਾਹੁੰਦੇ ਤਾਂ ਸਦਾ ਆਪਣੀ ਜਾਨ ਬਚਾਅ ਸਕਦੇ ਸਨ। ਉਹਨਾਂ ਨੂੰ ਚੋਣ ਦਾ ਮੌਕਾ ਦਿੱਤਾ ਜਾਂਦਾ ਸੀ ਅਤੇ ਉਹ ਹਮੇਸ਼ਾ ਆਪਣੇ ਧਰਮ, ਆਪਣੀ ਅਣਖ, ਆਪਣੇ ਦਾਈਏ ਅਤੇ ਸਵੈਮਾਣ ਨੂੰ ਚੁਣਦੇ ਹਨ; ਫੋਕੀ ਸ਼ੁਹਰਤ, ਗੈਰਾਂ ਦਾ ਧਰਮ ਅਤੇ ਸਰਕਾਰੀ ਰੁਤਬੇ ਸੰਗਤ ਦੇ ਚਰਨਾਂ ਦੀ ਧੂੜ ਉਤੋਂ ਵਗਾਹ ਮਾਰਦੇ ਸਨ।"[2] ਹਕੂਮਤਾਂ ਹਮੇਸ਼ਾਂ ਆਪਣੀ ਗੱਲ ਮਨਾਉਣ ਲਈ ਡਰ ਤੇ ਭੈਅ ਦਾ ਸਹਾਰਾ ਲੈਂਦੀਆਂ ਹਨ। ਜੋ ਨਿਰਭਉ ਹੁੰਦੇ ਹਨ, ਉਹ ਅਪਣੀ ਦੇਹ ਉਤੇ ਤਸ਼ੱਦਦ ਸਹਿ ਬਾਕੀ ਲੋਕਾਂ ਲਈ ਮਿਸਾਲ ਬਣਦੇ ਹਨ। ਇਤਿਹਾਸ ਵਿਚ ਸ਼ਹਾਦਤ ਉਹ ਚੇਤੰਨ ਦਖਲ ਹੈ, ਜਿਸ ਨਾਲ ਇਤਿਹਾਸ ਵਿਚ ਵੱਡੀਆਂ ਤਬਦੀਲੀਆਂ ਆਈਆਂ ਹਨ। ਸ਼ਹਾਦਤ ਨੇ ਹਮੇਸ਼ਾ ਹੀ ਰੰਗ ਲਿਆਂਦਾ ਹੈ। ਸ਼ਹੀਦਾਂ ਦੇ ਨਾਂ 'ਮਾਂ ਦੇ ਸ਼ੀਰ' (ਦੁੱਧ) ਨਾਲ ਚੇਤਨਾ ਦਾ ਹਿੱਸਾ ਬਣਦੇ ਹਨ। ਸਾਹਿਤਕਾਰ ਵੀ ਉਨ੍ਹਾਂ ਦੇ ਜੱਸ ਗਾਉਂਦੇ ਹਨ। ਹਰ ਕੌਮ ਦੇ ਲੋਕਾਂ ਦਾ ਇਹ ਵਿਸ਼ਵਾਸ ਹੈ ਕਿ ਸ਼ਹੀਦ ਦਾ ਖ਼ੂਨ ਕਦੇ ਵਿਅਰਥ ਨਹੀਂ ਜਾਂਦਾ। ਕਿਸੇ ਦੀ ਸ਼ਹਾਦਤ ਦੀ ਮਹਾਨਤਾ ਬਾਰੇ ਟਿੱਪਣੀ ਨਹੀਂ ਹੋ ਸਕਦੀ, ਸਾਰੇ ਸ਼ਹੀਦ ਮਹਾਨ ਹੁੰਦੇ ਹਨ। "ਕਿਸੇ ਵੀ ਮਨੁੱਖ ਹਿਤੈਸ਼ੀ ਲਖਸ਼ ਲਈ ਦਿੱਤੀ ਕੁਰਬਾਨੀ- ਸ਼ਹਾਦਤ ਹੈ, ਪਰ ਜਿਸ ਕੁਰਬਾਨੀ ਪਿਛੇ ਕੰਮ ਕਰ ਰਹੀ ਚੇਤੰਨਤਾ ਇੰਨੀ ਵਿਸ਼ਾਲ ਹੋਵੇ ਕਿ ਉਹ ਸਮੁੱਚੇ ਬ੍ਰਹਿਮੰਡ ਦੇ ਜੀਵਨ ਨੂੰ ਕਲਾਵੇ ਵਿਚ ਲੈ ਲਵੇ, ਜੋ ਕੁਝ ਸਿਰਜਨਾ ਵਿਚ ਹੈ, ਸਭ ਨੂੰ ਇਕ ਭਰਾਤਰੀਅਤਾ ਜਾਣੇ, ਉਹ ਉੱਦਾਤ ਸ਼ਹਾਦਤ ਹੈ, ਅੰਗਰੇਜੀ ਵਿਚ ਇਸ ਨੂੰ 'ਸਬਲਾਇਮ ਮਾਰਟੀਡਮ' ਆਖਾਂਗੇ।"[3]

* **ਖੋਜਾਰਥੀ, ਗੁਰੂ ਨਾਨਕ ਸਿੱਖ ਅਧਿਐਨ ਵਿਭਾਗ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ।**

### ਸ਼ਹਾਦਤ ਦਾ ਸਿੱਖ-ਸੰਕਲਪ

'ਸ਼ਹੀਦ' ਅਤੇ 'ਸ਼ਹਾਦਤ' ਭਾਰਤੀ ਇਤਿਹਾਸ ਜਾਂ ਸੰਸਕ੍ਰਿਤੀ ਦੇ ਸੰਕਲਪ ਨਹੀਂ ਹਨ। ਇਹ ਦੋਵੇਂ ਇਸਲਾਮਕ ਸੰਕਲਪ ਹਨ। ਭਾਰਤ ਵਿਚ ਇਨ੍ਹਾਂ ਸ਼ਬਦਾਂ ਦੀ ਵਰਤੋਂ ਅਰਬਾਂ ਦੇ ਆਉਣ ਨਾਲ ਹੀ ਸ਼ੁਰੂ ਹੋਈ ਹੈ ਪਰ ਭਾਰਤੀ ਅਤੇ ਸਾਮੀ ਪਰੰਪਰਾਵਾਂ ਤੋਂ ਵੱਖ ਸਿੱਖ ਧਰਮ ਵਿਚ 'ਸ਼ਹੀਦ' ਅਤੇ 'ਸ਼ਹਾਦਤ' ਦਾ ਸੰਕਲਪ ਵੱਖਰੇ ਰੂਪ ਵਿਚ ਪ੍ਰਸਤੁਤ ਹੋਇਆ ਹੈ। ਸ਼ਹਾਦਤ ਨੂੰ ਇਕ ਸੰਕਲਪ ਵਾਂਗੂੰ, ਕੌਮ ਵਾਸਤੇ, ਗੁਰੂ ਵਾਸਤੇ, ਸੱਚ ਵਾਸਤੇ, ਨਿਆਂ ਵਾਸਤੇ, ਮਰਣ ਮਿਟਣ ਦੇ ਜ਼ਜਬੇ ਵਾਲ ਭਰਪੂਰ ਇਨਸਾਨ ਪੈਦਾ ਕਰਨ ਵਾਲਾ ਵਰਤਾਰਾ ਕੇਵਲ ਸਿੱਖਾਂ ਵਿਚ ਹੈ:

> Never before in Indian History has pure love of death manifested so gloriously as in Sikh History.[4]

ਗੁਰੂ-ਪੰਥ ਨੇ ਸ਼ਹਾਦਤ ਦੇ ਸੰਕਲਪ ਨੂੰ ਪੁਨਰ-ਪਰਿਭਾਸ਼ਤ ਕੀਤਾ ਹੈ, ਇਸਦੇ ਨਵੇਂ ਪ੍ਰਤੀਮਾਨ ਸਿਰਜੇ ਹਨ। ਆਮ ਇਨਸਾਨ ਲਈ ਸਭ ਤੋਂ ਵਧੇਰੇ ਕੀਮਤੀ ਚੀਜ਼ ਜਿੰਦਗੀ ਹੁੰਦੀ ਹੈ ਪਰ ਸਿੱਖ ਆਪਣੀ ਜਿੰਦਗੀ ਨੂੰ ਗੁਰੂ ਦੀ ਬਖਸ਼ਿਸ਼/ਦਾਤ ਸਮਝਦੇ ਹਨ। ਸਿੱਖ ਸ਼ਹਾਦਤ ਨੂੰ ਇਕ ਸੰਕਲਪ ਵਾਂਗ ਮੰਨਦਾ ਹੈ, ਇਹ ਇਹਨਾਂ ਦਾ ਜਿੰਦਗੀ ਜਿਉਣ ਦਾ ਢੰਗ ਅਤੇ ਮੂਲ ਆਧਾਰ ਹੈ। ਸਿੱਖਾਂ ਦਾ ਕੋਈ ਵੀ ਸੰਕਲਪ ਧਰਮ ਦੀ ਮੁੱਖ ਧਾਰਾ ਤੋਂ ਵੱਖਰੇ ਜਾਂ ਅੱਡਰੇ ਰੂਪ ਵਿਚ ਪ੍ਰਭਾਵਿਤ ਨਹੀਂ ਹੈ।"ਸਿੱਖ ਧਰਮ ਦਾ ਪੰਜਵਾਂ ਰੂਹਾਨੀ ਨਿਸ਼ਾਨ **ਸ਼ਹਾਦਤ** ਕਿਸੇ ਮਕਾਨਕੀ ਰਸਮ ਦੀ ਪੈਦਾਵਾਰ ਨਹੀਂ, ਸਗੋਂ ਇਸਦੀ ਜੀਵਨ- ਦਾਤੀ ਜੜ੍ਹ ਗੁਰੂ ਗ੍ਰੰਥ ਸਾਹਿਬ ਦੇ ਬਹੁ ਤੈਹਾਂ ਵਾਲੇ ਸਿਦਕ ਵਿਚ ਨਿਸਚਿਤ ਤੌਰ 'ਤੇ ਲਗੀ ਹੋਈ ਹੈ ਜਿਹੜੀ ਮੌਤ ਦੀ ਦਰਗਾਹ ਤਕ ਉਸਦੇ ਪੈਗਾਮ ਨੂੰ ਪਹੁੰਚਾਉਂਦੀ ਹੈ। ਗੁਰੂ ਅਤੇ ਸਿੱਖ ਨੇ ਆਪਣੇ ਧਰਮ ਦੀ ਸੂਰਤ, ਸੀਰਤ, ਇਖਲਾਕ ਅਤੇ ਗੁਰੂ ਗ੍ਰੰਥ ਸਾਹਿਬ ਦੇ ਸਹੀ ਅਨੁਪਾਤ ਵਿਚ ਸਮਾਈ ਹੋਈ ਅਧਿਆਤਮਕਤਾ ਨੂੰ ਮੌਤ ਤੱਕ ਅਡੋਲ ਰੱਖਣਾ ਹੈ। ਸੋ ਇਸੇ ਚੜ੍ਹਦੀ ਕਲਾ ਵਿਚੋਂ ਸ਼ਹਾਦਤ ਦਾ ਹੁਸਨ, ਵਿਸਮਾਦ ਅਤੇ ਅਜਿੱਤ ਚਾਅ ਉਪਜਦੇ ਹਨ।"[5] ਸਿੱਖ ਸ਼ਹਾਦਤ ਦਾ ਆਧਾਰ ਗੁਰਬਾਣੀ ਹੈ, ਗੁਰਬਾਣੀ ਵਿਚ ਫ਼ੁਰਮਾਨ ਹੈ:

ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ॥

ਪੁਰਜਾ ਪੁਰਜਾ ਕਟਿ ਮਰੈ ਕਬਹੂ ਨਾ ਛਾਡੈ ਖੇਤੁ॥

"ਸਿੱਖੀ ਵਿਚ ਸ਼ਹੀਦੀ ਦਰਜਾ ਪ੍ਰਾਪਤ ਕਰਨ ਸੰਬੰਧੀ ਇਕ ਹੋਰ ਵਚਿੱਤਰ ਗੱਲ ਇਹ ਹੈ ਕਿ ਇਸ ਦੀ ਸੰਭਾਵਨਾ ਨੇ ਗਹਿਰ ਗੰਭੀਰ ਬਜ਼ੁਰਗਾਂ ਤੋਂ ਲੈ ਕੇ ਮਨਚਲੇ ਨੌਜਵਾਨਾਂ, ਬੱਚਿਆਂ ਅਤੇ ਸਿੰਘਣੀਆਂ ਤਕ ਨੂੰ ਇਉਂ ਆਪਣੇ ਵੱਲ ਖਿਚਿਆ, ਜਿਵੇਂ ਮਿਕਨਾਤੀਸ ਲੋਹੇ ਨੂੰ ਖਿੱਚਦਾ ਹੈ।"[6] ਜਦੋਂ ਸਿੱਖ 'ਤੇ ਗੁਰ-ਬਖਸ਼ਿਸ਼ ਹੁੰਦੀ ਹੈ ਤਾਂ ਉਸ ਨੂੰ ਸਿਮਰਨ ਦੀ ਰੂਹਾਨੀ-ਬਖਸ਼ਿਸ਼ ਮਿਲਦੀ ਹੈ, ਸਿਮਰਨ ਨਾਲ ਸਿੱਖ ਦੀ ਦੇਹ ਸ਼ੁੱਧ ਹੋ ਜਾਂਦੀ ਹੈ। ਉਸ ਦੀਆਂ ਬਿਰਤੀਆਂ ਇਕਾਗਰ ਤੇ ਉਹ ਨਿਰਭਉ ਹੋ ਜਾਂਦਾ ਹੈ, ਆਮ ਮਨੁੱਖਾਂ ਲਈ ਸਭ ਤੋਂ ਵੱਡਾ ਡਰ; ਮੌਤ ਦਾ ਡਰ ਵੀ, ਗੁਰ-ਬਖਸ਼ਿਸ਼ ਅੱਗੇ ਉਸਨੂੰ ਕਿਸੇ ਲਘੂ-ਦ੍ਰਿਸ਼ ਜਿਹਾ ਜਾਪਦਾ ਹੈ। ਇਸ ਬਾਰੇ ਪ੍ਰੋ. ਪੂਰਨ ਸਿੰਘ ਕਹਿੰਦੇ ਹਨ ਕਿ,

> But the spirit of the Khalsa that despises comfort and pleasure and welcome suffering, sorrow and death is unique. This passion for death, infused by the Guru in the Sikh, is the only form of that renunciation of which Goethe and Carlyle say: "It is only with renunciation (Entsagar) that life, properly speaking, can be said to begin."[7]

ਸਿੱਖ ਦੀ ਸ਼ਹਾਦਤ ਰੁਦਨ ਨਹੀਂ, ਸਗੋਂ ਚਾਅ ਹੈ, ਸ਼ਹਾਦਤ ਦਾ ਚਾਅ ਮੌਤ ਦੇ ਭੈਅ ਤੋਂ ਅੱਗੇ ਵਰਤਦਾ ਹੈ। ਸਿੱਖਾਂ ਲਈ ਮਰਨ ਤੋਂ ਬਚ ਜਾਣਾ ਹੀ ਸ਼ਹਾਦਤ ਹੈ, ਅੰਤਮ ਵੇਲੇ ਤੱਕ ਸਿੱਖ ਸ਼ਹੀਦ, ਗੁਰੂ-ਲਿਵ ਦੇ ਵਿਚ ਵਿਚਰਦਾ ਹੈ ਅਤੇ ਇਲਾਹੀ ਜੋਤ ਵਿਚ ਹੀ ਸਮਾ ਜਾਂਦਾ ਹੈ: "ਆਖਰੀ ਵਕਤ ਤਕ ਸ਼ਹੀਦ ਦੇ ਸਮੁੱਚੇ ਅਸਤਿੱਤਵ (being) ਵਿਚੋਂ ਵਿਸਮਾਦੀ ਸੰਗੀਤ ਝਰਦਾ ਹੈ, ਰੌਸ਼ਨੀ ਫੁੱਟਦੀ ਹੈ। ਜੋਤ ਹੋ ਕੇ ਸ਼ਹੀਦ ਹੋਣਾ, ਸਿੱਖ ਸ਼ਹਾਦਤ ਦਾ ਨਿਵੇਕਲਾਪਣ ਹੈ।"[8]

ਸ਼ਹਾਦਤ ਹੀ ਇਸ ਗੱਲ ਦਾ ਪ੍ਰਮਾਣ ਹੈ ਕਿ ਸ਼ਹੀਦ ਆਮ ਮਨੁੱਖ ਨਹੀਂ ਹੈ, ਸ਼ਹੀਦ ਕੋਲ ਕੁਝ ਵਿਸ਼ੇਸ਼ ਹੈ, ਉਹ ਵਿਸ਼ੇਸ਼ ਗੁਰੂ ਦੀਆਂ ਬਰਕਤਾਂ ਹਨ ਤੇ ਗੁਰੂ ਵਾਂਗ ਆਪਾ ਵਾਰ ਦੇਣ ਦਾ ਜ਼ਜ਼ਬਾ ਹੈ। ਸ਼ਹਾਦਤ ਜਿਥੇ ਸੁਰਤ ਦੀ ਅਡੋਲਤਾ ਨੂੰ ਨਿਰੰਤਰਤਾ ਪ੍ਰਦਾਨ ਕਰਦੀ ਹੈ, ਉਥੇ ਇਹ ਵੀ ਪ੍ਰਗਟ ਕਰਦੀ ਕਿ ਸਿੱਖ ਤੇ ਗੁਰੂ 'ਚ ਵੀ ਕੋਈ ਫ਼ਰਕ ਨਹੀਂ ਹੈ। ਸਿੱਖ ਇਤਿਹਾਸ ਤੋਂ ਪਹਿਲਾਂ ਸਾਨੂੰ ਸ਼ਹਾਦਤਾਂ ਦੀ ਅਜਿਹੀ ਲੜੀ ਕਿਤੇ ਵੀ ਦੇਖਣ ਨੂੰ ਨਹੀਂ ਮਿਲਦੀ, ਮਿਥਿਹਾਸ 'ਚ ਪ੍ਰਹਿਲਾਦ ਤੇ ਇਕ-ਦੋ ਹੋਰ ਗਥਾਵਾਂ ਤੋਂ ਛੁੱਟ, ਇਸ ਭੂ-ਖੰਡ 'ਤੇ ਸਿੱਖ-ਸ਼ਹਾਦਤ ਨੇ ਹੀ ਸ਼ਹੀਦੀਆਂ ਦਾ ਦੌਰ ਆਰੰਭ ਕੀਤਾ ਹੈ। ਜਿਸ ਤਰ੍ਹਾਂ ਸਿੱਖ, ਸ਼ਹਾਦਤ ਨੂੰ ਰੋਜ਼ਾਨਾ ਯਾਦ ਕਰਦੇ ਨੇ ਇਸ ਤਰ੍ਹਾਂ ਦਾ ਜ਼ਜ਼ਬਾ ਕਿਸੇ ਹੋਰ ਕੌਮ ਕੋਲ ਨਹੀਂ ਹੈ। ਸਿੱਖ ਤਨਖਾਹਦਾਰ ਫੌਜੀਆਂ ਦੇ ਮਰ ਜਾਣ ਦੇ ਅਰਥਾਂ ਵਿਚ ਆਪਣੀ ਸ਼ਹਾਦਤ ਦਾ ਜਲਵਾ ਨਹੀਂ ਪ੍ਰਗਟ ਕਰਦਾ, ਆਪਣੇ ਨਿਆਰੇਪਣ ਦੀ ਤਰ੍ਹਾਂ ਖਾਲਸੇ ਦੀ ਸ਼ਹਾਦਤ ਵੀ ਨਿਆਰੀ ਹੈ। ਸਿੱਖ ਕਿਸੇ ਵੱਡੇ ਨਿਆਂ ਲਈ ਤੇ ਧਰਮ ਲਈ ਆਪਣਾ ਆਪ ਪੇਸ਼ ਕਰਦਾ ਹੈ। "ਸਿੱਖ ਸ਼ਹਾਦਤ ਮੌਤ ਦੇ ਦੇਸ਼ ਵਿਚ ਵਿਸ਼ਵ ਹਯਾਤੀ ਦੇ ਪਰਚਮ ਨੂੰ ਚਿਰੰਜੀਵ ਅਤੇ ਅਟੱਲ ਰੱਖਣ ਦਾ ਨਾਮ ਹੈ। ਸਿੱਖ ਧਰਮ ਦਾ ਅਕਾਲ ਤਖਤ ਦੀ ਮੀਰੀ ਪੀਰੀ ਦਾ ਛੇਵਾਂ ਰੂਹਾਨੀ ਨਿਸ਼ਾਨ ਸ਼ਹਾਦਤ ਵਿਚੋਂ ਹੀ ਖਿੜਦਾ ਹੈ ਅਤੇ ਸ਼ਹਾਦਤ ਤੋਂ ਪਹਿਲਾਂ ਉਸਦੀ ਹੋਂਦ ਸੰਭਵ ਨਹੀਂ। ਸ਼ਹਾਦਤ ਤੋਂ ਪਹਿਲਾਂ ਖਿਆਲੀ ਪੀਰੀ ਤਾਂ ਹੋ ਸਕਦੀ ਹੈ, ਪਰ ਰੂਹਾਨੀ ਮੀਰੀ ਨਹੀਂ। ਹਾਂ, ਹਿੰਸਕ ਮੀਰੀ ਹੋ ਸਕਦੀ ਹੈ। ਸ਼ਹਾਦਤ (ਜਿਵੇਂ ਗੁਰੂ ਅਰਜਨ ਸਾਹਿਬ ਦੀ ਸ਼ਹਾਦਤ) ਪਿਛੋਂ ਹੀ ਰੂਹਾਨੀਅਤ ਦੇ ਧਰਾਤਲ ਉਤੇ ਮੀਰੀ ਅਤੇ ਪੀਰੀ ਦੀਆਂ ਤਲਵਾਰਾਂ ਮਿਲਦੀਆਂ ਹਨ।"[9]

ਹਥਲੇ ਪਰਚੇ ਵਿੱਚ ਅਸੀਂ ਪ੍ਰੋ. ਹਰਿੰਦਰ ਸਿੰਘ ਮਹਿਬੂਬ ਰਚਿਤ 'ਸਹਿਜੇ ਰਚਿਓ ਖਾਲਸਾ' ਪੁਸਤਕ ਸੰਗ੍ਰਿਹ ਵਿਚ ਪੇਸ਼ ਹੋਈ ਸਿੱਖ ਸ਼ਹਾਦਤ ਦੇ ਸੰਕਲਪ ਦੀ ਵਿਆਖਿਆ ਨੂੰ ਸਮਝਣ ਦਾ ਯਤਨ ਕਰਾਂਗੇ।

**'ਸਹਿਜੇ ਰਚਿਓ ਖਾਲਸਾ'** ਵਿਚ ਪ੍ਰੋ. ਹਰਿੰਦਰ ਸਿੰਘ ਮਹਿਬੂਬ ਵੱਲੋਂ ਪੇਸ਼ ਕੀਤੇ ਗਏ ਸ਼ਹਾਦਤ ਦੇ ਸਿੱਖ ਸੰਕਲਪ ਨੂੰ ਅਸੀਂ ਚਾਰ ਪ੍ਰਮੁੱਖ ਨੁਕਤਿਆਂ ਤਹਿਤ ਵਿਚਾਰਦੇ ਹਾਂ:

1. ਸਿਦਕ-ਪ੍ਰਬਲਤਾ ਦੇ ਜਲੌਅ ਲਈ
2. ਨਿਆਂ ਦੇ ਵੱਡੇ ਨਿਯਮ ਸਥਾਪਿਤ ਕਰਨ ਲਈ
3. ਹਾਕਮਾਂ ਨੂੰ ਉਹਨਾਂ ਦੇ ਰੂਹਾਨੀ ਸੰਕਟਾਂ ਨਾਲ ਰੂ-ਬ-ਰੂ ਕਰਾਉਣ ਲਈ
4. ਨਿਆਰੇ ਸਿੰਘ-ਆਦਰਸ਼ ਨੂੰ ਕਾਇਮ ਰੱਖਣ ਲਈ

ਸਿੱਖ ਇਤਿਹਾਸ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਸਿੱਖ ਸ਼ਹਾਦਤ ਦੇ ਦੋ ਰੂਪ ਹਨ: ਸ਼ਾਂਤਮਈ ਸ਼ਹਾਦਤ ਤੇ ਜੰਗ ਵਿਚ ਜੂਝਦੀ ਹੋਈ ਸ਼ਹਾਦਤ, ਪਰ ਸੋਮਾ ਦੋਵਾਂ ਦਾ ਇਕ ਹੀ ਹੈ। ਸਿੱਖ ਦੀ ਸ਼ਹਾਦਤ ਦੇ ਇਹ ਦੋ ਰੂਪ ਸਾਨੂੰ ਸਮਝਣੇ ਪੈਣਗੇ, ਸਿੱਖ ਸ਼ਾਂਤੀ ਅਤੇ ਜੰਗ ਦੋਵਾਂ ਦੀ ਸਿਖਰ ਨੂੰ ਹੰਢਾਉਂਦਾ ਹੈ।

## 1. ਸਿਦਕ-ਪ੍ਰਬਲਤਾ ਦੇ ਜਲੌਅ ਲਈ:

ਸਿੱਖ ਸ਼ਹਾਦਤ ਦਾ ਪਹਿਲਾ ਉਦੇਸ਼ ਸਿਦਕ-ਪ੍ਰਬਲਤਾ ਦੇ ਜਲੌਅ ਲਈ ਆਪਾ ਵਾਰ ਦੇਣਾ ਹੁੰਦਾ ਹੈ। ਸਿਦਕ-ਪ੍ਰਬਲਤਾ ਪ੍ਰੋ. ਹਰਿੰਦਰ ਸਿੰਘ ਮਹਿਬੂਬ ਦੁਆਰਾ ਦਿੱਤਾ ਮੌਲਿਕ ਸੰਕਲਪ ਹੈ। ਜਿਸਨੂੰ ਉਹ ਖਾਲਸ-ਕੁਦਰਤ ਵਿਚਲੀਆਂ ਛੇ ਨੁਹਾਰਾਂ 'ਚੋਂ ਚੌਥੀ ਨੁਹਾਰ ਵਜੋਂ ਪੇਸ਼ ਕਰਦੇ ਹਨ। ਸ਼ਹਾਦਤ ਇਕ ਸਿਦਕ ਹੈ, ਸਿੱਖ ਦੀ ਸੁਰਤਿ ਜਦੋਂ ਗੁਰੂ-ਲਿਵ ਨਾਲ ਜੁੜਦੀ ਹੈ ਤਾਂ ਉਸਨੂੰ 'ਸਿਦਕ' ਗੁਰ-ਬਖਸ਼ਿਸ਼ ਰਾਹੀਂ ਪ੍ਰਾਪਤ ਹੁੰਦਾ ਹੈ। ਸਿਦਕ-ਪ੍ਰਬਲਤਾ ਸਿੱਖ ਦੀ ਲਿਵ ਦਾ ਹਿੱਸਾ ਹੈ। ਸਿੱਖ ਸਿਦਕ-ਪ੍ਰਬਲਤਾ ਨੂੰ ਸ਼ਹਾਦਤਾਂ ਤੋਂ ਪਾਰ ਜਾਕੇ ਦਰਸਾਉਂਦਾ ਹੈ। ਰੂਹਾਨੀਅਤ ਆਪਣੇ ਆਪ ਨੂੰ ਪ੍ਰਗਟ ਕਰਨ ਲਈ ਕਈ ਤਰ੍ਹਾਂ ਦੇ ਚੋਜ਼ ਕਰਦੀ ਹੈ, ਜਿਸ ਵਿਚ ਸਿਦਕ ਪ੍ਰਬਲਤਾ ਵੀ ਹੈ। ਇਹ ਦ੍ਰਿੜਤਾ ਦੱਸਦੀ ਹੈ ਕਿ ਸਿੱਖ ਅਤੇ ਗੁਰੂ ਵਿਚ ਕੋਈ ਫ਼ਰਕ ਨਹੀਂ ਹੈ। ਸਿੱਖ-ਯਾਦ ਇਸ ਗੱਲ ਦੀ ਸਾਖੀ ਭਰਦੀ ਹੈ ਕਿ ਆਪਣੇ ਵਿਆਹ ਦੀ ਰਸਮ ਵਿਚ ਜੜ੍ਹ ਸਮੇਤ ਕਿੱਲਾ ਪੁੱਟਣ ਵਾਲਾ ਮਹਾਂਬਲੀ ਯੋਧੇ ਗੁਰੂ ਅਰਜਨ ਦੇਵ ਜੀ, ਕਿਸ ਸਬਰ ਤੇ ਸਿਦਕ ਨਾਲ ਤੱਤੀ ਤਵੀ ਤੇ ਚੌਕੜਾ ਮਾਰ ਕੇ ਬੈਠੇ ਸਨ। ਇਸੇ ਸਬਰ ਤੇ ਸਿਦਕ ਨੇ ਸਿੱਖ ਸ਼ਹਾਦਤ ਦੇ ਪਿਛੇ ਅਸਮਾਨ ਸਿਰਜਿਆ, ਜਿਸ 'ਚ ਸਿੱਖ ਸ਼ਹੀਦ ਆਪਣੇ ਗੁਰੂ ਦੀ ਢੋਈ ਲਈ ਖੜਾ ਹੁੰਦਾ ਹੈ। "ਦੁਨੀਆ ਦੇ ਅਨੇਕ ਸ਼ਹੀਦਾਂ ਦੀ ਸ਼ਕਤੀ ਆਪਣੇ ਅਸੂਲਾਂ ਦੀ ਸੰਸਾਰਕ ਸੁਰੱਖਿਆ ਦਾ ਇਕਹਿਰਾ ਧਿਆਨ ਹੀ ਧਰਦੀ ਹੈ, ਅਤੇ ਇਕ ਇਕਹਿਰੇ ਹੱਠ ਉੱਤੇ ਖਲੋ ਜਾਂਦੀ ਹੈ, ਪਰ ਗੁਰੂ ਅਰਜਨ ਸਾਹਿਬ ਨਿਰੇ ਆਪਣੇ ਅਸੂਲਾਂ ਦੀ ਸੁਰਖਿਆ ਲਈ ਸ਼ਹੀਦ ਨਹੀਂ ਹੋ ਰਹੇ, ਸਗੋਂ ਜ਼ਿੰਦਗੀ ਅਤੇ ਮੌਤ ਨੂੰ ਵਿਗਾਸ ਨਾਲ ਇਕ ਕਰ ਰਹੇ ਹਨ।" [10] ਇਸ ਸ਼ਹਾਦਤ ਨੇ ਸਿੱਖਾਂ ਨੂੰ ਸਿਦਕ ਪ੍ਰਬਲਤਾ ਦੇ ਜਲੌਅ ਦੇ ਸਿਖਰ ਦਾ ਪ੍ਰਤੱਖ ਦੀਦਾਰ ਕਰਵਾਇਆ, ਜਿਸਨੂੰ ਸਿੱਖ ਇਤਿਹਾਸ ਵਿਚ ਸਿੱਖ-ਸ਼ਹੀਦ ਅਨੇਕਾਂ ਵਾਰ ਦੁਹਰਾਉਂਦੇ ਆ ਰਹੇ ਹਨ।

ਸਿੱਖ ਰੋਜ਼ਾਨਾ ਉਹਨਾਂ ਸਿੱਖ-ਸ਼ਹੀਦਾਂ ਨੂੰ ਯਾਦ ਕਰਦੇ ਹਨ, ਅਕਾਲ ਪੁਰਖ ਤੋਂ ਉਹਨਾਂ ਸ਼ਹੀਦਾਂ/ਸਿੰਘਾਂ ਵਰਗੇ ਸਿਦਕ ਦੀ ਬਖਸ਼ਿਸ਼ ਲਈ ਅਰਦਾਸ ਕਰਦੇ ਹਨ। ਕਈ ਵਾਰ ਗੁਰੂ-ਬਖਸ਼ਿਸ਼ ਸਿੱਖ ਨੂੰ ਸਹਿਜ ਰੂਪ 'ਚ ਮਿਲਦੀ ਹੈ ਤੇ ਕਈ ਵਾਰ ਉਸ ਲਈ ਆਪਣੀ ਪਾਤਰਤਾ ਸਿੱਧ ਕਰਨੀ ਪੈਂਦੀ ਹੈ, ਪਾਤਰਤਾ ਦਾ ਕੋਈ ਦਾਅਵਾ ਨਹੀਂ ਹੁੰਦਾ। ਗੁਰ ਪ੍ਰਸਾਦਿ ਸਦਕਾ ਆਪਣੀ ਸੁਰਤਿ ਨੂੰ ਗੁਰੂ-ਲਿਵ ਨਾਲ ਜੋੜਨ ਦੇ ਉਚੇਚ ਕਰਮ ਤੋਂ ਬਾਅਦ ਗੁਰੂ ਬਖਸ਼ਿਸ਼ ਰਾਹੀਂ ਆਪਣੇ ਸਿੱਖ ਨੂੰ ਸਿਦਕ-ਅਡੋਲਤਾ ਬਖਸ਼ ਦਿੰਦਾ ਹੈ। ਮੀਰ ਮੰਨੂੰ ਦੀਆਂ ਜੇਲਾਂ ਵਿਚ ਖੰਨੀ-ਖੰਨੀ ਰੋਟੀ ਦੇ ਸਹਾਰੇ ਸਾਰਾ ਦਿਨ ਅਕਹਿ-ਅਸਹਿ ਤਸੀਹੇ ਝੱਲ, ਆਪਣੇ ਬੱਚਿਆਂ ਦੇ ਸਰੀਰ ਦੇ ਟੋਟਿਆਂ ਦੇ ਹਾਰ ਗਲਾਂ 'ਚ ਪਵਾ, ਮੁੱਖੋਂ "ਤੇਰਾ ਕੀਆ ਮੀਠਾ ਲਾਗੈ॥" ਕਹਿ ਸ਼ੁਕਰਾਨੇ ਦੀ ਅਰਦਾਸ ਕਰ ਸਿੱਖ-ਬੀਬੀਆਂ, ਗੁਰ-ਬਖਸ਼ਿਸ਼ ਦੇ ਹਾਣ ਦੀਆਂ ਹੋ ਗਈਆਂ ਸਨ, ਜਿਨ੍ਹਾਂ ਦੀ ਸ਼ਹੀਦੀ ਦੇਖ ਦੁਨਿਆਵੀ ਲੋਕਾਂ ਦੀ ਰੂਹ ਤੱਕ ਕੰਬ ਜਾਵੇ। ਸਿੱਖ ਤਵਾਰੀਖ 'ਚ ਅਜੀਹੇ ਬਹਾਦਰ ਸੂਰਬੀਰਾਂ ਸ਼ਹੀਦਾਂ ਦੇ ਬੇਸ਼ੁਮਾਰ ਨਾਂ ਮਿਲਦੇ ਹਨ, ਜਿਨ੍ਹਾਂ ਵਿਚ ਭਾਈ ਤਾਰੂ ਸਿੰਘ, ਸ਼ਹਿਬਾਜ਼ ਸਿੰਘ, ਸ਼ੁਬੇਗ ਸਿੰਘ ਵਰਗੇ ਅਨੇਕ ਸਿੱਖ ਸ਼ਹੀਦਾਂ ਨੇ ਸਿਦਕ-ਪ੍ਰਬਲਤਾ ਦੇ ਜਲੌਅ ਦਾ ਸਿਖਰ ਹੰਢਾਇਆ ਹੈ।

ਸਿੰਘ ਸ਼ਹਾਦਤ ਪਾਉਂਦਿਆਂ ਦੁਨਿਆਵੀ ਹੱਠ ਵਿਚ ਨਹੀਂ ਹੁੰਦਾ, ਸਗੋਂ ਮੌਤ ਦੇ ਸਾਹਮਣੇ ਉਹ ਪੂਰਨ ਵਿਗਾਸ ਦਾ ਰੂਪ ਹੁੰਦਾ ਹੈ। ਸਿੱਖ ਸ਼ਹੀਦ ਜੱਲਾਦਾਂ ਦੀ ਤੇਗ ਸਾਹਮਣੇ ਅਪਾਰ ਸੁਹਿਰਦਤਾ ਵਿਚ ਮੁਸਕਰਾਉਂਦੇ ਸਨ। ਸਿੱਖ ਸ਼ਹਾਦਤ ਦੀ ਸਿਦਕ ਪ੍ਰਬਲਤਾ ਬਾਰੇ ਪ੍ਰੋ. ਮਹਿਬੂਬ ਆਖਦੇ ਹਨ, "ਸਿੱਖ ਸ਼ਹਾਦਤਾਂ ਦੀ ਅਹਿੰਸਾ ਦਾ ਪਰਾ-ਸ਼ਕਤੀ ਦੇ ਦੈਵੀ ਸੋਮਿਆਂ ਨਾਲ ਜੁੜੇ ਹੋਣਾ, ਉਹਨਾਂ ਨੂੰ ਮਿੱਥ ਦਾ ਰੁਤਬਾ ਬਖਸ਼ਦਾ ਹੈ। ਸਿੱਖ-ਸ਼ਹਾਦਤਾਂ ਮੂਕ ਅਹਿੰਸਾ ਦੇ ਸ਼ਾਂਤ ਖੇੜੇ ਬਖੇਰਦੀਆਂ ਹਨ, ਤਾਂ ਉਹਨਾਂ ਦੀ ਪਰਾ-ਤੀਬਰਤਾ ਸਾਰੇ ਕਾਲ ਨੂੰ ਗੁਰੂ ਅਰਜਨ ਸਾਹਿਬ ਦੀ ਤੱਤੀ ਤਵੀ ਵਿਚ ਬਦਲ ਦਿੰਦੀ ਹੈ, ਅਤੇ ਸਾਮੂਹਿਕ ਸਿੱਖ ਚੇਤਨਾ ਨੂੰ ਉਹਨਾਂ ਦੀ ਖਿਮਾ-ਭਰਪੂਰ ਸੁਹਿਰਦਤਾ ਦਾ ਜਾਮਾ ਪਹਿਨਾ ਦਿੰਦੀ ਹੈ।"[11] ਆਮ ਤੌਰ ਤੇ ਇਕਹਿਰੇ ਵਿਸ਼ਲੇਸ਼ਣ ਨਾਲ ਸਿਦਕ-ਪ੍ਰਬਲਤਾ ਨੂੰ ਉਸਦੇ ਰੂਹਾਨੀ ਪਸਾਰਾਂ ਤੋਂ ਨਿਖੇੜ ਕੇ ਦੇਖਣ ਦੀ ਕੋਸ਼ਿਸ਼ ਕਰਦੀ ਹੋਈ, ਸਿੱਖ-ਸ਼ਹਾਦਤ ਦੀ ਬਹੁਤ ਹਲਕੀ ਵਿਆਖਿਆ ਕੀਤੀ ਜਾਂਦੀ ਹੈ ਪਰ ਸਿੱਖ ਸ਼ਹਾਦਤ ਦੀ

ਅਹਿੰਸਾ ਕੋਈ ਗਾਂਧੀਵਾਦੀ ਮੂਕ ਅਹਿੰਸਾ ਨਹੀਂ ਹੈ, ਸਗੋਂ ਕਿਸੇ ਅਥਾਹ-ਧਰਵਾਸ ਵਿਚੋਂ ਇਸ ਸਿਦਕ ਦੀ ਬਖਸ਼ਿਸ਼ ਹੋਈ ਹੈ, ਜਿਸ ਦੇ ਸਦਕਾ ਸਿੱਖ-ਸ਼ਹੀਦ ਮੌਤ ਦੇ ਡਰ ਤੋਂ ਵੀ ਨਿਰਭਉ ਹੋ ਜਾਂਦਾ ਹੈ, "ਸਿੱਖ ਸ਼ਹਾਦਤ ਦੀ ਵੱਡੀ ਸਿਫ਼ਤ ਇਹ ਹੈ, ਕਿ ਇਸਨੂੰ ਮੌਤ ਦਾ ਸੇਕ ਸਹਿਣ ਦੀ ਲੋੜ ਨਹੀਂ ਪੈਂਦੀ, ਸਗੋਂ ਇਹ ਸਹਿਣ ਦੀ ਸਾਰੀ ਪ੍ਰਕਿਰਿਆ ਤੋਂ ਉਪਰ ਉੱਠ ਕੇ ਮੌਤ ਦੇ ਸਾਰੇ ਸੇਕ ਪੀ ਜਾਂਦੀ ਹੈ। ਅੱਗੋਂ ਜੇ ਸ਼ਹਾਦਤ ਅਹਿੰਸਾ ਦੇ ਰੂਪ ਵਿਚ ਹੋਵੇ, ਤਾਂ ਇਸਦਾ ਨਤੀਜਾ ਇਹ ਨਿਕਲੇਗਾ ਕਿ ਅਹਿੰਸਾ ਵਿਚ ਮੌਤ ਦੀ ਪਰਾ-ਤੀਬਰਤਾ ਆ ਜਾਵੇਗੀ। ਅਹਿੰਸਾ ਦੇ ਨਿਯਮ ਨੂੰ ਅਪਣਾ ਰਹੀ ਸਿੱਖ-ਸ਼ਹੀਦ ਦੀ ਚੇਤਨਾ ਨੂੰ ਮੌਤ ਦੀ ਪਰਾ-ਤੀਬਰਤਾ ਅਮਰਤਾ ਦੇ ਅਜਿਹੇ ਸਿਦਕ ਨਾਲ ਜੋੜ ਦੇਵੇਗੀ:

ਆਪਨ ਕੋ ਗਣਤ ਅਬਿਨਾਸੀ। ਔਰਨ ਕੋ ਜੀਵ ਚੌਰਾਸੀ। (ਪੰਥ ਪ੍ਰਕਾਸ਼)"[12]

## 2. ਨਿਆਂ ਦੇ ਵੱਡੇ ਨਿਯਮ ਸਥਾਪਿਤ ਕਰਨ ਲਈ:

ਨਿਆਂ ਦੇ ਵੱਡੇ ਨਿਯਮ ਸਥਾਪਿਤ ਕਰਨ ਦਾ ਅਕੀਦਾ ਸਿੱਖੀ ਦੇ ਮੂਲ ਵਿਚ ਪਿਆ ਹੈ, ਗੁਰੂ ਨਾਨਕ ਸਾਹਿਬ ਤੋਂ ਲੈ ਕੇ ਅੱਜ ਤੱਕ ਸਿੱਖਾਂ ਨੇ ਹਰ ਜ਼ੁਲਮ-ਧੱਕੇ ਦੇ ਖਿਲਾਫ ਆਪਣੀ ਆਵਾਜ਼ ਬੁਲੰਦ ਕੀਤੀ ਹੈ, ਸਿੱਖਾਂ ਨੇ ਗੁਰੂ ਹੁਕਮ ਦੇ ਅਨੁਸਾਰ ਆਪਣੇ ਕਾਰਜ ਕਰਨੇ ਹਨ। ਕੂੜ ਦੇ ਰਾਜ ਨੂੰ ਦੂਰ ਕਰਨਾ ਤੇ ਧਰਮ ਦੇ ਰਾਜ ਦੀ ਸਥਾਪਨਾ ਕਰਦੇ ਹੋਏ ਇਸਦੀ ਵਾਸ਼ਨਾ ਤੋਂ ਦੂਰ ਰਹਿਣਾ ਹੀ ਸਿੱਖਾਂ ਦਾ ਆਦਰਸ਼ ਹੈ। ਸਿੱਖ ਅਨਿਆਈ ਰਾਜ ਦੀ ਭਗਤੀ ਨਹੀਂ ਕਰਦੇ ਸਗੋਂ ਧੰਗੋ-ਜ਼ੋਰੀ ਤੇ ਅਨਿਆਈ ਵਾਲੇ ਰਾਜ ਦੀ ਗੁਰੂ-ਆਸਰੇ ਸਦਕਾ ਜੜ੍ਹ ਉਖੇੜ ਦੇਣਾ ਆਪਣਾ ਅਹਿਮ ਫ਼ਰਜ ਮੰਨਦੇ ਹਨ। ਜਦੋਂ ਹਕੂਮਤਾਂ ਧਰਮ ਨਿਆਂ ਦੇ ਰਾਹ ਤੋਂ ਥਿੜਕ ਜਾਂਦੀਆਂ ਹਨ ਤਾਂ ਸਿੱਖ ਉਸ ਵਕਤ ਸ਼ਹਾਦਤ ਦਿੰਦਾ ਹੈ, 'ਜਦੋਂ ਮਾਨਵਤਾ ਨੂੰ ਇਤਿਹਾਸਕ ਪ੍ਰਬੰਧ ਵਿਚ ਚਲਾਉਂਦੀਆਂ ਰੂਹਾਨੀ ਕੀਮਤਾਂ ਦਾ ਸਿਲਸਿਲਾ ਟੁੱਟ ਜਾਂਦਾ ਹੈ, ਤਾਂ ਸ਼ਹੀਦ ਦੇ ਇਸ਼ਕ ਦੀ ਇੰਤਹਾ ਦੁਨੀਆਂ ਦੇ ਸਭ ਤਬਕੇ ਦੇ ਇਨਸਾਨਾਂ ਨੂੰ ਆਪਣੀ ਵਿਸ਼ਾਲ ਬੁੱਕਲ ਵਿਚ ਘੁੱਟ ਲੈਂਦੀ ਹੈ। ਉਸ ਦੀ ਸਰੀਰਕ ਹਸਤੀ ਮਿਟ ਕੇ ਮਾਨਵਤਾ ਦਾ ਅਨੰਤ ਸਰੀਰ ਹੋ ਜਾਂਦੀ ਹੈ। ਉਦੋਂ ਉਸ ਦੀ ਅਰਦਾਸ ਨਾਲ ਪੈਗੰਬਰ, ਧਰਮ ਅਤੇ ਕਬੀਲੇ ਕਤਾਰਾਂ ਬੰਨ੍ਹ ਕੇ ਖਲੋ ਜਾਂਦੇ ਹਨ।"[13] ਨਿਆਂ ਸਾਜਨ ਲਈ ਜੰਗੀ ਰੂਪ ਧਾਰਨ ਕਰਨਾ ਪੈਂਦਾ ਹੈ, ਪੰਜਵੇਂ ਗੁਰੂ ਦੀ ਸ਼ਹਾਦਤ ਤੋਂ ਪਿਛੋਂ ਛੇਵੇਂ ਗੁਰੂ ਜੀ ਵੱਲੋਂ ਮੀਰੀ-ਪੀਰੀ ਦੀਆਂ ਕ੍ਰਿਪਾਨਾਂ ਧਾਰਨ ਕਰਨ ਦਾ ਇਕ ਕਾਰਣ ਇਹ ਵੀ ਸੀ। ਗੁਰੂ-ਜੰਗਾਂ ਦੇ ਦੈਵੀ ਨਿਜ਼ਾਮ ਪਿਛੇ ਨਿਆਂ ਦੇ ਵੱਡੇ ਨਿਯਮ ਨੂੰ ਸਾਜਨ ਦਾ ਵਰਤਾਰਾ ਸਹਿਜ ਰੂਪ ਵਿਚ ਚਲਦਾ ਹੈ। ਮਾਲਵੇ ਵਿਚ ਮਹਿਰਾਜ ਦੀ ਜੰਗ ਵੇਲੇ ਸ਼ਾਹੀ ਫੌਜਾਂ ਜਦੋਂ ਰਾਤ ਨੂੰ ਰੇਤਲੇ ਇਲਾਕੇ ਵਿਚ ਆਈ ਹਨੇਰੀ ਤੇ ਪੁਰਜ਼ੋਰ ਸਰਦੀ ਕਾਰਨ ਬੇਬਸ ਹੋ ਚੁੱਕੀਆਂ ਸਨ ਤਾਂ ਉਸ ਵੇਲੇ "ਭਾਈ ਬਿਧੀ ਚੰਦ ਨੇ ਐਸੀ ਦਸ਼ਾ ਵਿਚ ਫਸੀ ਫੌਜ ਨੂੰ ਰਾਤ ਹੀ ਮੁਕਾਉਣ ਦੀ ਆਗਿਆ ਮੰਗੀ ਪਰ ਗੁਰੂ ਜੀ ਨੇ ਕਿਹਾ, ਡਿਗ ਪਏ, ਹਥਿਆਰ-ਹੀਨ, ਬਾਲਕ, ਬਿਰਧ, ਰੋਗੀ, ਸ਼ਰਨਾਗਤ, ਇਸਤ੍ਰੀ ਇਨ੍ਹਾਂ ਸੱਤਾਂ ਉਤੇ ਵਾਰ ਕਰਨ ਵਾਲੇ ਦਾ ਸਭ ਤੇਜ ਪ੍ਰਤਾਪ ਨਸ਼ਟ ਹੋ ਜਾਂਦਾ ਹੈ।"[14] ਗੁਰੂ ਹਰਗੋਬਿੰਦ ਸਾਹਿਬ ਜੀ ਵੱਲੋਂ ਭਾਈ ਬਿਧੀ ਚੰਦ ਨੂੰ ਹੁਕਮ ਕੀਤੀ ਇਹ ਸੱਤ ਪ੍ਰਕਾਰ ਦੀ ਅਹਿੰਸਾ ਵੀ ਨਿਆਂ ਦੇ ਕਿਸੇ ਵੱਡੇ ਨਿਯਮ ਦਾ ਹੀ ਇਕ ਰੂਪ ਹੈ ਕਿ ਕਿਵੇਂ ਜੰਗ ਦੌਰਾਨ ਵੀ ਸਿੱਖ ਆਪਣੇ ਨਿਆਰੇ ਸਿੰਘ-ਆਦਰਸ਼ ਦੀ ਪਾਲਣਾ ਕਰੇ। ਇਸ ਨਿਆਂ ਦੇ ਵੱਡੇ ਨਿਯਮ ਨੂੰ ਸਿੱਖ-ਤਵਾਰੀਖ ਨੇ ਬਰਕਰਾਰ ਰੱਖਿਆ, ਜਦੋਂ ਵੀ ਹਕੂਮਤਾਂ ਨੇ ਕੋਈ ਧੱਕਾ ਕੀਤਾ ਤਾਂ ਸਿੱਖਾਂ ਨੇ ਉਸਦੇ ਜ਼ਬਰ ਨੂੰ ਠੱਲ ਪਾਈ ਹੈ। 18ਵੀਂ ਸਦੀ ਵਿਚ ਨਾਦਰ ਸ਼ਾਹ ਕੋਲੋਂ ਹਿੰਦੁਸਤਾਨ ਦੀਆਂ ਕੁੜੀਆਂ ਨੂੰ ਛੁਡਾਉਣ ਲਈ ਵਾਰੀਆਂ ਜਾਨਾਂ, ਮੁਸਲਮਾਨ ਮਾਛੀ ਦੀ ਧੀ ਦੇ ਚੁੱਕ ਕੇ ਲਿਜਾਣ ਦੀ ਕੰਨਸੋਅ ਜੰਗਲਾਂ ਵਿਚਲੇ ਸਿੰਘਾਂ ਤੱਕ ਪਹੁੰਚਾਉਣ ਦੇ ਸਿੱਟੇ ਵਜੋਂ ਹੋਈ ਭਾਈ ਤਾਰੂ ਸਿੰਘ ਦੀ ਸ਼ਹਾਦਤ ਅਤੇ ਸਿੱਖ ਇਤਿਹਾਸ ਵਿਚ ਸਾਵੀਆਂ ਘਟਨਾਵਾਂ ਵਿਚਲੀਆਂ ਅਨੇਕਾਂ ਹੀ ਸ਼ਹਾਦਤਾਂ ਨਿਆਂ ਦੇ ਵੱਡੇ ਨਿਯਮ ਹੇਠਾਂ ਹੋਈਆਂ ਹਨ।

ਸਿੱਖਾਂ ਨੇ ਸਿਰਫ਼ ਹਾਕਮਾਂ ਦੇ ਜ਼ੁਲਮ ਨੂੰ ਠੱਲ੍ਹ ਪਾਉਣ ਲਈ ਸ਼ਹਾਦਤਾਂ ਹੀ ਨਹੀਂ ਦਿੱਤੀਆਂ ਸਗੋਂ

ਬਹੁਤ ਵਾਰ ਰਾਜ-ਪ੍ਰਬੰਧ ਦੇ ਨਿਜ਼ਾਮ ਨੂੰ ਬਦਲ ਉਥੋਂ ਦੇ ਲੋਕਾਂ ਨੂੰ 'ਹਲੇਮੀ ਰਾਜ' ਦਾ ਅਹਿਸਾਸ ਵੀ ਕਰਵਾਇਆ। ਬਾਬਾ ਬੰਦਾ ਸਿੰਘ ਬਹਾਦਰ ਸਮੇਂ ਜਿਥੇ ਕਿਤੇ ਵੀ ਹਾਕਮ ਤੋਂ ਲੋਕ ਤੰਗ ਸਨ ਤਾਂ ਉਥੋਂ ਦੇ ਨਿਜ਼ਾਮ ਨੂੰ ਬਦਲਣਾ ਸਿੱਖਾਂ ਦਾ ਪ੍ਰਮੁੱਖ ਕਾਰਜ ਹੋਇਆ ਕਰਦਾ ਸੀ, ਫਿਰ ਭਾਵੇਂ ਉਹ ਕਪੂਰੀ ਜਿਲ੍ਹੇ ਦਾ ਨਵਾਬ ਹੋਵੇ ਜਾਂ ਸਰਹਿੰਦ ਦਾ ਨਵਾਬ। ਨਿਆਂ ਦੇ ਵੱਡੇ ਨਿਯਮ ਸਥਾਪਿਤ ਕਰਨ ਲਈ ਕੀਤੇ ਯਤਨ ਤੇ ਦਿੱਤੀਆਂ ਸ਼ਹਾਦਤਾਂ ਦਾ ਸਿਲਸਿਲਾ ਸਿੱਖ ਮਿਸਲਾਂ ਤੋਂ ਬਾਅਦ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਵੀ ਲਗਾਤਾਰ ਜਾਰੀ ਰਿਹਾ। ਸਿੱਖ-ਯਾਦ ਦੱਸਦੀ ਹੈ ਕਿ ਜਦੋਂ ਸਰਦਾਰ ਹਰੀ ਸਿੰਘ ਨਲੂਆ ਨੂੰ ਕਸ਼ਮੀਰ ਦਾ ਗਵਰਨਰ ਲਾਇਆ ਗਿਆ ਤਾਂ ਪਠਾਣਾਂ ਵੱਲੋਂ ਹਿੰਦੂਆਂ ਨੂੰ ਜੁੱਤੀ ਪਾਉਣ 'ਤੇ ਲੱਗੀ ਰੋਕ ਨੂੰ ਹਟਾਉਣਾ ਅਤੇ ਉਥੇ ਪ੍ਰਚਲਤ ਬੇਗਾਰ (ਬਿਨਾਂ ਤਨਖਾਹ ਤੋਂ ਧੱਕੇ ਨਾਲ ਕੰਮ ਕਰਾਉਣਾ) ਨੂੰ ਖਤਮ ਕੀਤਾ। ਇਸ ਤੋਂ ਇਲਾਵਾ ਧਾਰਮਿਕ ਸਥਾਨਾਂ ਦੀ ਰਾਖੀ ਤੇ ਸੇਵਾ-ਸੰਭਾਲ ਲਈ ਵੀ ਅਨੇਕਾ ਸਿੱਖਾਂ ਨੇ ਜੂਝ ਕੇ ਸ਼ਹਾਦਤਾਂ ਦਿੱਤੀਆਂ। ਅਜਿਹੀਆਂ ਨਿਆਂ ਦੇ ਵੱਡੇ ਨਿਯਮ ਸਾਜਣ ਲਈ ਕੀਤੀਆਂ ਜੰਗਾਂ ਵਿਚ ਸਰੀਰ ਦੀ ਆਹੂਤੀ ਦੇਣ ਵਾਲੇ ਸਿੱਖ-ਸ਼ਹੀਦ ਇਕ ਖਾਸ ਰੁਤਬਾ ਰੱਖਦੇ ਹਨ। "ਭਖਦੇ ਮੈਦਾਨਿ-ਜੰਗਾਂ ਵਿਚ ਸਿਦਕ-ਜਲਾਲ ਸਿੱਖ-ਸ਼ਹੀਦ ਦੀ ਖੂਬਸੂਰਤੀ ਹੈ; ਉਸਦੀ ਉਹ ਅਡੋਲਤਾ ਹੈ, ਜਿਥੇ ਅੰਤਮ-ਨਾਂਹ ਦਾ ਪ੍ਰਭਾਵ ਪਹੁੰਚੇਗਾ ਹੀ ਨਹੀਂ।"[15]

### 3. ਹਾਕਮਾਂ ਨੂੰ ਉਹਨਾਂ ਦੇ ਰੂਹਾਨੀ ਸੰਕਟਾਂ ਨਾਲ ਰੂ-ਬ-ਰੂ ਕਰਾਉਣ ਲਈ:

ਜਦੋਂ ਗੁਰੂ ਜਾਂ ਗੁਰਸਿੱਖ ਸ਼ਹਾਦਤ ਦੇਣ ਜਾਦੇ ਹਨ ਤਾਂ ਉਹਨਾਂ ਕੋਲ ਕੋਮਲਤਾ, ਜਲਾਲ, ਸੰਵੇਦਨਾ ਤੇ ਕ੍ਰਿਪਾ ਹੁੰਦੀ ਹੈ। ਉਹ ਆਤਮਘਾਤੀ ਜਾਂ ਸੁੰਨ ਨਹੀਂ ਹੁੰਦੇ ਸਗੋਂ ਜਾਗ੍ਰਿਤ/ਸੁਚੇਤ ਹੁੰਦੇ ਹਨ ਅਤੇ ਉਨ੍ਹਾਂ ਨੂੰ ਪਤਾ ਹੁੰਦਾ ਹੈ ਕਿ ਉਹ ਐਸੇ ਵੱਡੇ ਕਾਰਜ ਲਈ ਜਾ ਰਹੇ ਹਨ ਜਿਸ ਵਿਚ ਉਨ੍ਹਾਂ ਦੇ ਸਰੀਰ ਲੇਖੇ ਲੱਗਣੇ ਹਨ। ਅਲਾਮਾ ਇਕਬਾਲ ਅਨੁਸਾਰ "I tell you that the sign of a true believer, when death draws near, there is a smile on his lips."[16] ਕਈ ਹਾਲਾਤਾਂ 'ਚ ਸਰੀਰ ਲੇਖੇ ਲਾਏ ਬਿਨਾਂ ਦੂਸਰੇ ਬੰਦੇ ਨੂੰ ਗੱਲ ਨਹੀਂ ਸਮਝਾਈ ਜਾ ਸਕਦੀ। ਬਾਬਰ ਦੇ ਆਉਣ ਤੋਂ ਪਹਿਲਾਂ ਹੀ ਇਸਲਾਮੀ ਸ਼ਰ੍ਹਾ ਨੂੰ ਆਧਾਰ ਬਣਾਕੇ ਰਾਜ-ਸ਼ਾਸ਼ਨ ਚਲਾਉਣ ਦੀ ਕੋਸ਼ਿਸ਼ ਹੁੰਦੀ ਰਹੀ ਹੈ, ਪਰ ਮੁਗਲਾਂ ਮਗਰੋਂ ਬਿਨਾਂ ਤਲਵਾਰ ਵਰਤਿਆਂ ਅਤੇ ਬਿਨਾਂ ਇਸਲਾਮ ਕਬੂਲਣ 'ਤੇ ਵੀ ਹਿੰਦੂਆਂ ਨੂੰ ਹਿੰਦੁਸਤਾਨ ਦੀ ਨਾਗਰਿਕਤਾ ਦੇ, ਮਿਲਵਰਤਨੀ ਰਾਜ ਸਥਾਪਤ ਕਰਨ ਦਾ ਝੁਕਾਅ ਹੋ ਗਿਆ ਸੀ। ਇਹ 'ਸੈਕੁਲਰ' ਝੁਕਾਅ ਅਕਬਰ ਵੇਲੇ ਪ੍ਰਬਲ ਸੀ ਪਰ ਫਿਰ ਇਹ ਢਿੱਲਾ ਪੈਂਦਾ-ਪੈਂਦਾ ਔਰੰਗਜੇਬ ਵੇਲੇ ਤੀਕ ਅਲੋਪ ਹੀ ਹੋ ਗਿਆ। ਸਿੱਖ ਇਤਿਹਾਸ ਦੱਸਦਾ ਹੈ ਕਿ ਜਦੋਂ ਔਰੰਗਜ਼ੇਬ ਦੇ ਜ਼ੁਲਮਾਂ ਤੋਂ ਭੈ-ਭੀਤ ਹੋਏ, ਉਦਾਸੀ ਭਰੇ ਦਿਲ ਲੈ ਕਸ਼ਮੀਰੀ ਪੰਡਿਤ, ਕ੍ਰਿਪਾ ਰਾਮ ਦੀ ਅਗਵਾਈ ਵਿਚ ਆਨੰਦਪੁਰ ਫ਼ਰਿਆਦ ਲੈ ਕੇ ਆਏ ਉਦੋਂ ਗੁਰੂ ਜੀ ਨੇ ਔਰੰਗਜ਼ੇਬ ਨੂੰ ਇਹ ਸੁਨੇਹਾ ਲਾਉਣ ਲਈ ਕਿਹਾ ਕਿ ਜੇ ਹਿੰਦੁਸਤਾਨ ਨੂੰ ਦਾਰ-ਉਲ-ਇਸਲਾਮ ਵਿਚ ਬਦਲਣਾ ਹੈ ਤਾਂ ਗੁਰੂ ਤੇਗ ਬਹਾਦਰ ਨੂੰ ਮੁਸਲਮਾਨ ਬਣਾ ਲਵੇ। ਇਸਦੇ ਨਤੀਜੇ, ਗੁਰੂ ਜੀ ਦੀ ਸ਼ਹਾਦਤ ਵਜੋਂ ਇਤਿਹਾਸ ਦੇ ਵਰਕਿਆਂ ਉਤੇ ਉਕਰੇ ਗਏ। ਗੁਰੂ ਜੀ ਦੀ ਸ਼ਹਾਦਤ ਤੋਂ ਅਣਜਾਣ ਇਤਿਹਾਸਕਾਰ ਆਖਦੇ ਕਿ ਉਹ ਕਿਸੇ ਵਿਸ਼ੇਸ਼ (ਹਿੰਦੂ ਧਰਮ) ਧਰਮ ਦੀ ਰਾਖੀ ਲਈ ਸ਼ਹੀਦ ਹੋਏ ਪਰ ਪ੍ਰੋ. ਮਹਿਬੂਬ ਇਸ ਗੱਲ ਨਾਲ ਬਿਲਕੁਲ ਵੀ ਸਹਿਮਤ ਨਹੀਂ। ਨੌਵੇਂ ਨਾਨਕ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਬਾਰੇ ਉਹ ਲਿਖਦੇ ਹਨ ਕਿ "ਗੁਰੂ ਤੇਗ ਬਹਾਦਰ ਜੀ ਦੀ ਦੀ ਸ਼ਹੀਦੀ ਚਾਰ ਅਸਲੀਅਤਾਂ ਨੂੰ ਪ੍ਰਕਾਸ਼ਮਾਨ ਕਰਦੀ ਹੈ:

1) ਉਹਨਾਂ ਰਾਹਾਂ ਨੂੰ ਬਚਾਉਣਾ, ਜੋ ਕਿ ਪੂਰਨ ਸਨ।
2) ਔਰੰਗਜ਼ੇਬ ਜਿਸ ਇਸਲਾਮੀ ਜਨੂੰਨ ਦਾ ਪੁਜਾਰੀ ਸੀ, ਉਸ ਨਾਲ ਆਖ਼ਰੀ ਮਰਦ ਦੇ ਸੁਪਨੇ ਨੂੰ ਜ਼ਰਬ ਪਹੁੰਚਦੀ ਸੀ; ਸੋ ਗੁਰੂ ਜੀ ਨੇ ਇਸ ਨੂੰ ਰੋਕਣਾ ਸੀ।
3) ਤੀਸਰੇ ਰਾਹ ਦਾ ਸਪੱਸ਼ਟ ਐਲਾਨ ਕਰਨਾ।

4) ਸਿੱਖ ਸ਼ਹੀਦੀ ਨੂੰ ਨਵੇਂ ਅਰਥਾਂ ਨਾਲ ਭਰਪੂਰ ਕਰਨਾ, ਅਤੇ ਮੌਤ ਦੇ ਅਧਿਆਤਮਕ ਸਰੂਪ ਵਿਚ ਇਕ ਨਵੀਂ ਤਾਸੀਰ ਪੈਦਾ ਕਰਨੀ।" [17]

ਸਿੱਖ ਵੀ ਇਹੋ ਮੰਨਦੇ ਹਨ ਕਿ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਕਿਸੇ ਇਕ ਖਾਸ ਧਰਮ ਦੀ ਰਾਖੀ ਲਈ ਨਹੀਂ ਹੋਈ ਸਗੋਂ ਉਹਨਾਂ ਨੇ ਖਾਲਸਾ-ਵਿਧਾਨ ਦੇ ਮੂਲ ਆਧਾਰ ਹਲੇਮੀ ਰਾਜ ਦੇ ਸਿਧਾਂਤ ਨੂੰ ਜਾਹਰਾ ਰੂਪ ਵਿਚ ਪ੍ਰਗਟ ਕੀਤਾ:

ਹੁਣਿ ਹੁਕਮੁ ਹੋਆ ਮਿਹਰਵਾਣ ਦਾ॥

ਪੈ ਕੋਇ ਨ ਕਿਸੈ ਰਞਾਣਦਾ॥

ਸਭ ਸੁਖਾਲੀ ਵੁਠੀਆ ਇਹੁ ਹੋਆ ਹਲੇਮੀ ਰਾਜੁ ਜੀਉ॥

ਗੁਰੂ ਅਰਜਨ ਸਾਹਿਬ ਵਲੋਂ ਹਲੇਮੀ ਰਾਜ ਦੇ ਮੂਲ ਫਲਸਫੇ ਵਿਚ ਵਿਅਕਤੀ ਨੂੰ ਸਾਰੇ ਹੱਕ ਮਿਲਣ ਤੇ ਸੁਖੀ ਵਸਣ ਦੀ ਤਾਕੀਦ ਕੀਤੀ ਗਈ ਹੈ। ਹਲੇਮੀ ਰਾਜ ਵਿਚ ਰਾਜਨੀਤਕ ਜ਼ਬਰ, ਆਰਥਿਕ ਸ਼ੋਸ਼ਣ ਤੇ ਸਮਾਜੀ ਦਮਨ ਦੀ ਕੋਈ ਥਾਂ ਨਹੀਂ ਹੈ। ਇਨਸਾਨੀ ਹੱਕਾਂ ਵਿਚ ਆਪਣੀ ਮਰਜ਼ੀ ਨਾਲ ਮਜ਼੍ਹਬੀ ਅਕੀਦਾ ਤੇ ਧਾਰਮਿਕ ਚਿੰਨ੍ਹ ਧਾਰਨ ਕਰਨ ਦੀ ਵੀ ਸੁਤੰਤਰਤਾ ਹੈ। ਪੰਚਮ ਪਾਤਸ਼ਾਹ ਵੱਲੋਂ ਬਖਸ਼ੇ ਇਸ ਇਲਾਹੀ ਮੈਨੀਫੈਸਟੋ ਅਨੁਸਾਰ ਹੀ ਗੁਰੂ ਤੇਗ ਬਹਾਦਰ ਜੀ ਨੇ ਸਗਲ ਜਗਤ ਦੀ ਮਨੁੱਖੀ ਆਜ਼ਾਦੀ ਨੂੰ ਬਹਾਲ ਰੱਖਣ ਲਈ ਸ਼ਹਾਦਤ ਦਿੱਤੀ ਸੀ। ਉਨ੍ਹਾਂ ਦੀ ਸ਼ਹਾਦਤ ਦੀ ਵੇਦਨਾ ਨੇ ਸਮਕਾਲੀ ਸਿੱਖ-ਚੇਤਨਾ ਨੂੰ ਤੀਬਰ ਇਕਾਗਰਤਾ ਦਿੱਤੀ। ਗੁਰੂ ਜੀ ਖਾਲਸਾ ਪੰਥ ਦੇ ਪ੍ਰਗਟ ਹੋਣ ਦੀ ਗਵਾਹੀ ਦਿੰਦੇ ਹਨ ਕਿ ਹੁਣ ਆਰੀਆ ਤੇ ਸਾਮੀ ਪ੍ਰੰਪਰਾ ਇਨਸਾਨ ਦੇ ਵੱਡੇ ਅਧਿਆਤਮਕ ਸਰੂਪ ਨੂੰ ਨਹੀਂ ਸਾਂਭ ਸਕਣਗੀਆਂ।

'ਬਾਬਰੀ ਜਲਾਲ' ਦੀਆਂ ਕੁੱਝ ਖੂਬੀਆਂ ਅਤੇ ਖਾਸੀਅਤਾਂ 'ਸਿੱਖ-ਯਾਦ' ਨੇ ਸਾਂਭੀਆਂ ਹੋਈਆ ਹਨ। ਔਰੰਗਜ਼ੇਬ ਦੇ ਪੜਾਅ ਉੱਤੇ ਪਹੁੰਚ ਕੇ ਬਾਬਰੀ ਜਲਾਲ ਅਜੀਬ ਸੰਕਟ ਵਿਚ ਘਿਰ ਗਿਆ ਸੀ। ਗੁਰੂ ਜੀ ਦੀ ਸ਼ਹਾਦਤ ਮੁਗਲ ਬਾਦਸ਼ਾਹਾਂ ਨੂੰ ਉਹਨਾਂ ਦੇ ਰੂਹਾਨੀ ਸੰਕਟਾਂ ਦੇ ਰੂ-ਬ-ਰੂ ਕਰਾਉਦੀ ਹੈ। "ਜਦੋਂ ਵਲੀ-ਹਉਮੈ ਆਪਣੇ ਹਰ ਦੈਵੀ ਅੰਸ਼ ਤੋਂ ਮੁਨਕਰ ਹੋ ਜਾਂਦੀ ਹੈ, ਅਤੇ ਆਪਣੇ ਸੰਸਾਰੀ ਰੂਪ ਤੋਂ ਸਿਵਾ ਹੋਰ ਕੁਝ ਨਹੀਂ ਰਹਿੰਦੀ। ਇਸ ਪੜਾਅ ਉੱਤੇ ਬਾਬਰੀ ਜਲਾਲ ਨਿਰੋਲ ਹਉਮੈ ਹੁੰਦਾ ਹੈ, ਅਤੇ ਮਜ਼੍ਹਬਾਂ ਦੇ ਉੱਚੇ-ਸੁੱਚੇ ਧਿਆਨੀ ਸੱਚ ਉੱਤੇ ਵਾਰ ਕਰਨੇ ਸ਼ੁਰੂ ਕਰ ਦਿੰਦਾ ਹੈ। ਤਦੋਂ ਗੁਰੂ ਨਾਨਕ-ਅਮਲ ਕਾਲ ਦੇ ਬਾਹਰਮੁਖੀ ਧਰਾਤਲ ਉੱਤੇ ਬਾਬਰੀ ਜਲਾਲ ਦੀ ਹਉਮੈ ਨਾਲ ਟਕਰਾਉਂਦਾ ਹੈ, ਸ਼ਹੀਦ ਹੋ ਕੇ ਜ਼ਿੰਦਗੀ ਵਿਚ ਉੱਚੀ ਸੁਰਤਿ ਦੀ ਅਟੱਲਤਾ ਨੂੰ ਸਥਾਪਤ ਕਰ ਦਿੰਦਾ ਹੈ। ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਬਾਬਰੀ ਜਲਾਲ ਦੇ ਅਜਿਹੇ ਰੂਹਾਨੀ ਸੰਕਟ ਸਮੇਂ ਹੀ ਹੋਈ। ਸ਼ਹੀਦੀ ਨੇ ਵਲੀ-ਹਉਮੈ ਦੇ ਬੱਜਰ ਪ੍ਰਤੀਕਰਮ ਨੂੰ ਤੋੜਨਾ ਸੀ।" [18] ਗੁਰੂ ਅਰਜਨ ਜੀ ਦੀ ਸ਼ਹਾਦਤ ਤੋਂ ਬਾਅਦ ਖਾਲਸਾ ਹਥਿਆਰਬੰਦ ਹੋਇਆ ਤੇ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਤੋਂ ਬਾਅਦ ਖਾਲਸਾ ਸੰਪੂਰਨ ਰੂਪ ਵਿਚ ਪ੍ਰਗਟ ਹੋ ਗਿਆ। ਗੁਰੂ ਜੀ ਦੀ ਸ਼ਹਾਦਤ ਖਾਲਸੇ ਦੇ ਪ੍ਰਗਟ ਹੋਣ ਦੀ ਅੰਤਿਮ ਨਿਸ਼ਾਨੀ ਸੀ।

### 4. ਨਿਆਰੇ ਸਿੰਘ-ਆਦਰਸ਼ ਨੂੰ ਕਾਇਮ ਰੱਖਣ ਲਈ:

ਸਿੱਖ ਸ਼ਹਾਦਤ ਦਾ ਚੌਥਾ ਅਮਲ ਨਿਆਰੇ ਸਿੰਘ-ਆਦਰਸ਼ ਨੂੰ ਕਾਇਮ ਰੱਖਣਾ ਹੁੰਦਾ ਹੈ। ਭਾਈ ਗੁਰਦਾਸ ਜੀ ਦੇ ਕਥਨ

ਇਉਂ ਤੀਸਰ ਮਜਹਬ ਖਾਲਸਾ ਉਪਜਿਓ ਪਰਧਾਨਾ॥

ਭਾਵ, ਖਾਲਸਾ; ਜੋ ਅਕਾਲ ਪੁਰਖ ਦੀ ਫੌਜ ਹੈ ਤੇ ਪ੍ਰਮਾਤਮਾ ਦੀ ਮੌਜ ਵਿਚੋਂ ਪ੍ਰਗਟ ਹੋਇਆ ਹੈ। ਆਪਣੇ ਨਿਆਰੇਪਣ ਦੀ ਤਰ੍ਹਾਂ ਖਾਲਸੇ ਦੇ ਆਦਰਸ਼ ਵੀ ਨਿਆਰੇ ਹਨ ਜਿਸ ਨੂੰ ਹਰਿੰਦਰ ਸਿੰਘ ਮਹਿਬੂਬ ਨੇ

ਨਿਆਰੇ ਸਿੰਘ-ਆਦਰਸ਼ ਦਾ ਨਾਮ ਦਿੱਤਾ ਹੈ। ਸਿੱਖਾਂ ਦੇ ਸਮੂਹਿਕ ਅਵਚੇਤਨ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮ ਦੈਵੀ-ਇਕਰਾਰ ਵਾਂਗਰਾਂ ਉਕਰੇ ਹੋਏ ਹਨ:

ਜਬ ਲਗ ਖਾਲਸਾ ਰਹੇ ਨਿਆਰਾ।

ਤਬ ਲਗ ਤੇਜ ਦੀਉ ਮੈਂ ਸਾਰਾ।

ਜਬ ਇਹ ਗਹੈਂ ਬਿਪ੍ਰਨ ਕੀ ਰੀਤ।

ਮੈਂ ਨ ਕਰੋਂ ਇਨ ਕੀ ਪ੍ਰਤੀਤ। [19]

ਸਿੱਖ ਇਹਨਾਂ ਸਤਰਾਂ ਪਿਛਲੇ ਨੁਕਤੇ ਨੂੰ ਬਹੁਤ ਬਾਰੀਕੀ ਨਾਲ ਸਮਝਦੇ ਹਨ ਭਾਵ ਕਿ ਜਦੋਂ ਤੱਕ ਅਸੀਂ ਆਪਣੇ ਨਿਆਰੇਪਣ ਨੂੰ ਕਾਇਮ ਰੱਖਾਂਗੇ, ਉਦੋਂ ਤੱਕ ਇਹ ਨਿਆਰਾਪਣ ਗੁਰੂ-ਬਖਸ਼ਿਸ਼ ਨਾਲ ਲਬਰੇਜ਼ ਰਹੇਗਾ। ਇਸ ਨਿਆਰੇਪਣ ਨੂੰ ਬਰਕਰਾਰ ਰੱਖਣ ਲਈ ਨਿਆਰੇ ਸਿੰਘ-ਆਦਰਸ਼ ਨੂੰ ਆਪਣੀ ਲਿਵ ਦਾ ਅਟੁੱਟ ਹਿੱਸਾ ਬਣਾਉਣਾ ਪਵੇਗਾ। ਇਹ ਨਿਆਰਾਪਣ ਕੋਈ ਵੱਖਰਾਪਣ ਨਹੀਂ ਹੈ।

ਸਿੱਖ ਸ਼ਹੀਦ ਹਮੇਸ਼ਾ ਹੀ ਨਿਆਂ ਵਿਚ ਖੜਾ ਹੁੰਦਾ ਹੈ, ਉਸਦੇ ਸਾਰੇ ਕਾਰਜ ਨਿਆਰੇ ਸਿੱਖ ਆਦਰਸ਼ ਦੇ ਸਾਹਮਣੇ ਖੜ੍ਹੇ ਹੁੰਦੇ ਹਨ, ਜਿਹਨਾਂ ਲਈ ਗੁਰੂ ਨੇ ਉਸਨੂੰ ਸਾਜਿਆ ਹੈ। ਸਿੱਖ ਸ਼ਾਂਤੀ ਤੇ ਜੰਗ ਦੋਵਾਂ ਦੀ ਸਿਖਰ ਨੂੰ ਹੰਢਾਉਂਦਾ ਹੈ। ਗੁਰੂ ਦਾ ਵੱਡਾ ਨੈਤਿਕ ਨਿਯਮ ਹਰ ਸਮੇਂ ਸਿੱਖ-ਸੁਰਤਿ ਦੇ ਵਿਚ ਸਦੀਵੀ ਵਰਤਦਾ ਹੈ। ਚੇਤਨਾ ’ਤੇ ਪਏ ਜਾਲਿਆਂ ਕਾਰਣ ਜਦੋਂ ਇਸ ਦੁਆਰਾ ਕੀਤਾ ਕੋਈ ਵੀ ਕਾਰਜ ਨਿਆਰੇ ਸਿੰਘ-ਆਦਰਸ਼ ਤੋਂ ਬਾਹਰ ਹੁੰਦਾ ਹੈ ਤਾਂ ਇਸਦੀ ਉੱਚੀ ਸੁਰਤਿ, ਜੋ ਇਸਦੇ ਅਮਲ ਦੇ ਖੇਤਰ ਨੂੰ ਗੁਰੂ-ਮਾਹੌਲ ਅਨੁਸਾਰ ਵਿਸ਼ਾਲ ਕਰਦੀ ਹੈ, ਇਸਨੂੰ ਅੰਤਰ-ਆਤਮਾ ਸਾਵੇਂ ਆਪਣੀ ਗਲਤੀ ਦਾ ਅਹਿਸਾਸ ਕਰਵਾ ਕੇ ਪਛਤਾਵੇ ਵਿਚ ਲੈ ਜਾਂਦੀ ਹੈ ਤੇ ਇਸਦਾ ਮਨ ਗੁਰੂ-ਬਰਕਤ ਨਾਲ ਫਿਰ ਨਿਰਮਲ ਹੋ ਜਾਂਦਾ ਹੈ। ਇਸ ਬਾਰੇ ਪ੍ਰੋ. ਮਹਿਬੂਬ ਦਾ ਕਥਨ ਹੈ “ਜੋ ਜੰਗ ਚੇਤਨਾ ਦੇ ਆਤਮਕ ਮਾਹੌਲ ਤੋਂ ਬਾਹਰ ਹੋ ਕੇ ਲੜੀ ਗਈ ਹੋਵੇ, ਸਿੰਘ-ਆਦਰਸ਼ ਮਨੁੱਖ ਦੇ ਕੋਮਲ ਅਨੁਭਵ ਅਤੇ ਨਿਰਪੱਖ ਨਿਆਂ ਦੀ ਭਾਵਨਾ ਕੋਲੋਂ ਉਸ ਵਿਚ ਮੋਏ ਹਰ ਇਨਸਾਨ ਦੀ ਕੀਮਤ ਪਛਤਾਵੇ ਅਤੇ ਕੁਰਬਾਨੀ ਦੀ ਸ਼ਕਲ ਵਿਚ ਮੰਗਦਾ ਹੈ।” [20]

ਸਿੱਖ ਇਤਿਹਾਸ ਵਿਚ ਵੀ ਕਈ ਸਾਖੀਆਂ ਮਿਲਦੀਆਂ ਜਦੋਂ ਨਿਆਰੇ ਸਿੰਘ-ਆਦਰਸ਼ ਦੇ ਅਮਲ ਤੋਂ ਭਟਕੇ ਸਿੱਖ ਦੀ ਉਚੀ-ਸੁਰਤਿ ਉਸਨੂੰ ਪਛਤਾਵੇ ਵਿਚ ਲੈ ਜਾਂਦੀ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਦੀ ਇਹ ਸਾਖੀ ਇਸਦੀ ਗਵਾਹੀ ਭਰਦੀ ਹੈ ਜਦੋਂ ਆਨੰਦਪੁਰ ਦੀ ਧਰਤੀ ਤੋਂ ਬੇਦਾਵਾ ਲਿਖ ਆਏ ਚਾਲੀ ਸਿੰਘ ਖਿਦਰਾਣੇ ਦੀ ਢਾਬ (ਹੁਣ ਸ੍ਰੀ ਮੁਕਤਸਰ ਸਾਹਿਬ) ਵਿਖੇ ਗੁਰੂ ਜੀ ਦੇ ਪਿਛੇ-ਪਿਛੇ ਆ ਪਹੁੰਚੇ। ਇਹ ਸਿੱਖ ਆਨੰਦਪੁਰ ਨੂੰ ਛੱਡਣ ਤੋਂ ਬਾਅਦ ਤੁਰ ਹੀ ਰਹੇ ਸਨ, ਗੁਰੂ-ਵਿਛੋੜੇ ਅਤੇ ਪਰਿਵਾਰ ਦੀਆਂ ਫਟਕਾਰਾਂ ਨੇ ਇਹਨਾਂ ਦੇ ਦਿਲ ਘੋਰ ਉਦਾਸੀ ਨਾਲ ਭਰ ਦਿੱਤੇ ਸਨ। ਇਹ ਸਿੰਘ ਨਿਆਰੇ ਸਿੰਘ-ਆਦਰਸ਼ ਦੇ ਅਮਲ ਨੂੰ ਮੁੜ ਹਾਸਲ ਕਰਨ ਲਈ ਆਪਣੇ ਬਖ਼ਸ਼ੇ ਜਾਣ ਲਈ ਦਿਨ-ਰਾਤ ਬਖ਼ਸ਼ਣਹਾਰ ਅੱਗੇ ਤਰਲੇ ਪਾਉਣ ਲੱਗੇ। ਖਿਦਰਾਣੇ ਦੀ ਜੰਗ ਵਿਚ ਇਹਨਾਂ ਚਾਲੀ ਸਿੰਘਾਂ ਨੇ ਕਮਾਲ ਦੇ ਜੌਹਰ ਦਿਖਾਉਂਦੇ ਹੋਏ ਸ਼ਹਾਦਤ ਪ੍ਰਾਪਤ ਕੀਤੀ। ਇਸ ਸਾਖੀ ਨੂੰ ਬਿਆਨ ਕਰਦੇ ਹੋਏ ਪ੍ਰੋ. ਹਰਿੰਦਰ ਮਹਿਬੂਬ ਲਿਖਦੇ ਹਨ, “ਕੁੱਝ ਚਿਰ ਪਿੱਛੋਂ ਗੁਰੂ ਜੀ ਕੁੱਝ ਸਿੰਘਾਂ ਸਮੇਤ ਉਸ ਥਾਂ ਉਤੇ ਪਹੁੰਚੇ, ਜਿਥੇ ਚਾਲੀ ਸਿੰਘਾਂ ਨੇ ਸ਼ਹੀਦੀਆਂ ਪਾਈਆਂ ਸਨ। ਹਾਂ! ਸ਼ਹੀਦ ਹੋਣ ਵਾਲੇ ਸਿਰਫ਼ ਉਹੋ ਸਨ, ਜਿਨ੍ਹਾਂ ਨੇ ਕਿ ਹਜ਼ੂਰ ਨੂੰ ਬੇਦਾਵਾ ਲਿਖ ਕੇ ਦਿੱਤਾ ਸੀ। ਬੇ-ਦਾਵੇ ਦਾ ਕਾਗ਼ਜ਼ ਹੁਣ ਤੱਕ ਗੁਰੂ ਜੀ ਦੇ ਨਾਲ ਸੀ, ਅਤੇ ਉਹ ਬੜੇ ਚਿਰ ਤੋਂ ਇਸ ਦਿਨ ਦਾ ਇੰਤਜ਼ਾਰ ਕਰ ਰਹੇ ਸਨ। ਗੁਰੂ ਜੀ ਨੇ ਵਾਰ ਵਾਰ ਉਹਨਾਂ ਦੇ ਹੱਥਾਂ ਨੂੰ ਮੱਥੇ ਨਾਲ ਛੁਹਾਇਆ, ਕਈਆਂ ਨੂੰ ਗੋਦ ਵਿਚ ਲਿਆ, ਅਤੇ ਕਈਆਂ ਦੇ ਮੱਥੇ ਨੂੰ ਚੁੰਮਿ੍ਆ...ਧਰਤੀ ਨੇ ਪਹਿਲੀ ਵਾਰ ਹਜ਼ੂਰ ਦੀਆਂ ਅੱਖਾਂ ਵਿਚ ਐਨੇ ਅੱਥਰੂ ਵੇਖੇ। ਗੁਰੂ ਜੀ ਦੇ ਫ਼ਜ਼ਲ ਨੇ ਇਹਨਾਂ ਸ਼ਹੀਦਾਂ ਨੂੰ ਆਪਣੇ ਜੇਹੇ ਬਣਾ ਦਿੱਤਾ। ਗੁਰੂ ਜੀ ਖੁਦ

ਸ਼ਹਾਦਤ ਸਨ: ਇਹਨਾਂ ਸ਼ਹੀਦਾਂ ਦੇ ਲਹੂ ਵਿਚ ਸੁੱਤੀ ਸ਼ਹਾਦਤ। ਸਭ ਸ਼ਹੀਦ ਹਜ਼ੂਰ ਦੇ ਰਹਿਮ ਦੀ ਛੋਹ ਵਿਚ ਸਨ, ਅਤੇ ਉਦੋਂ ਤੋਂ ਸਨ, ਜਦੋਂ ਤੋਂ ਇਹ ਤੇਗਾਂ ਉਠਾ ਕੇ ਦੁਸ਼ਮਣ ਦੀਆਂ ਸਫ਼ਾਂ ਨੂੰ ਚੀਰਣ ਲਈ ਵਧੇ ਸਨ। ਸ਼ਹੀਦ ਹੋਣ ਤੋਂ ਪਹਿਲਾਂ ਸਿੰਘਾਂ ਦੀ ਉਚੀ ਸੁਰਤਿ ਉਥੇ ਪਹੁੰਚ ਗਈ ਸੀ, ਜਿਥੇ ਉਹਨਾਂ ਵੇਖਿਆ ਸੀ, ਕਿ ਹਜ਼ੂਰ ਦੇ ਰਹਿਮ ਦੇ ਪਾਣੀਆਂ ਵਿਚ ਕਿਤੇ ਵੀ ਕਿਨਾਰਾ ਨਹੀਂ ਆਉਂਦਾ।"[21] ਥਿੜਕ ਜਾਣ ਤੋਂ ਬਾਅਦ ਵੀ ਉਚੀ ਸੁਰਤਿ ਨੇ ਪਛਤਾਵੇ ਤੋਂ ਅਗੇਰੀ ਮੰਜ਼ਿਲ ਸ਼ਹਾਦਤ ਨੂੰ ਪ੍ਰਾਪਤ ਕੀਤਾ। ਗੁਰੂ ਬਖ਼ਸ਼ਿਸ਼ ਦੀ ਪ੍ਰਾਪਤੀ ਹੋਣ ਦਾ ਪ੍ਰਮਾਣ ਇਹ ਹੈ ਕਿ ਸਿੱਖ ਇਤਿਹਾਸ ਉਹਨਾਂ ਨੂੰ ਬੇਦਾਵੀਏ ਨਹੀਂ ਸਗੋਂ 'ਚਾਲੀ ਮੁਕਤਿਆਂ' ਵਜੋਂ ਸਿਮਰਦਾ ਹੈ।

ਸਿੱਖ-ਯਾਦ ਅਨੁਸਾਰ ਬੰਦਾ ਸਿੰਘ ਬਹਾਦਰ ਵੱਲੋਂ ਪ੍ਰਚਲਿਤ ਫਤਹਿ (ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ) ਦੀ ਥਾਂ 'ਫਤਹਿ ਦਰਸ਼ਨ', ਅਣਸੁਖਾਵੇਂ ਮਾਹੌਲ ਵਿਚ ਦੋ ਵਿਆਹ ਕਰਵਾਉਣੇ, ਸ਼ਖ਼ਸੀਅਤ-ਪ੍ਰਸਤੀ ਦੀ ਇੱਛਾ ਪੂਰਤੀ ਲਈ ਯਤਨ ਕਰਨੇ ਅਤੇ ਅਕਤੂਬਰ 1713 ਤੋਂ ਫਰਵਰੀ 1715 ਤੱਕ ਪੰਥ ਨੂੰ ਪਿੱਠ ਦਿਖਾ ਕੁੱਲੂ-ਚੰਬਾਂ ਦੀਆਂ ਪਹਾੜੀਆਂ ਵਿਚ ਐਸ਼-ਪ੍ਰਸਤੀ ਦਾ ਜੀਵਨ ਬਤੀਤ ਕਰਨ ਜਿਹੀਆਂ ਗੁਸਤਾਖੀਆਂ ਕੀਤੀਆਂ ਗਈਆਂ।[22] ਇੰਝ ਬੰਦਾ ਸਿੰਘ ਬਹਾਦਰ ਨੇ ਸਿੰਘ-ਆਦਰਸ਼ ਦੀ ਉਲੰਘਣਾ ਕੀਤੀ ਗਈ ਪਰ ਹਰ ਸਿੱਖ ਵਾਂਗ ਗੁਰੂ ਸਾਹਿਬ ਵੱਲੋਂ ਬਖਸ਼ਿਆ ਵੱਡਾ ਨੈਤਿਕ ਨਿਯਮ ਸਦਾ ਬੰਦਾ ਸਿੰਘ ਦੀ ਸੁਰਤਿ ਵਿਚ ਵਰਤਦਾ ਰਿਹਾ, ਜਿਸ ਦੀ ਪਹਿਲ-ਤਾਜ਼ਗੀ ਨੂੰ ਮਾਨਣ ਲਈ ਉਹ (ਬੰਦਾ ਸਿੰਘ ਬਹਾਦਰ) ਸਿੰਘ-ਆਦਰਸ਼ ਵੱਲ ਆਪਣੀ ਵਫ਼ਾ ਮੁੜ ਸਾਬਤ ਕਰ ਸਕਦਾ ਸੀ।"ਉਸ ਸਾਹਮਣੇ ਅਜਿਹਾ ਕਰਨ ਲਈ ਸ਼ਹਾਦਤ, ਜਿਸ ਰਾਹੀਂ ਕਿ ਉਹ ਆਪਣੇ ਇਸ਼ਕ ਦੀ ਮੁਕੰਮਲ ਤਰਜ਼ ਅਤੇ ਸਿਦਕ ਦਾ ਅਮੋੜ ਹੜ੍ਹ ਪੈਦਾ ਕਰਕੇ ਵਿਖਾ ਸਕਦਾ ਸੀ, ਦੇਣ ਤੋਂ ਸਿਵਾ ਹੋਰ ਕੋਈ ਰਾਹ ਨਹੀਂ ਸੀ।"[23] ਗੁਰੂ ਵੱਲੋਂ ਬਖਸ਼ੇ ਵੱਡੇ ਨੈਤਿਕ ਨਿਯਮ ਨੇ ਬੰਦਾ ਸਿੰਘ ਬਹਾਦਰ ਦੀ ਉਚੀ-ਸੁਰਤਿ ਵਿਚ ਸਦੀਵੀ ਸਥਾਨ ਬਣਾਈ ਰੱਖਿਆ, ਇਸ ਦੇ ਫ਼ਲਸਰੂਪ ਅੱਠ ਮਹੀਨੇ ਲਗਾਤਾਰ ਕਿਲੇ ਵਿਚ ਰਹਿਣ ਤੋਂ ਬਾਅਦ ਵੀ ਉਹ ਕਮਾਲ ਦੀ ਚੜ੍ਹਦੀਕਲਾ ਵਿਚ ਬਾਹਰ ਆਏ। ਕੁਝ ਇਤਿਹਾਸਕਾਰ ਬੰਦਾ ਸਿੰਘ ਬਹਾਦਰ ਅਤੇ ਉਹਨਾਂ ਦੇ ਸਾਥੀਆਂ ਦੀ ਸ਼ਹਾਦਤ ਨੂੰ ਵੱਖ ਕਰਕੇ ਦੇਖਦੇ ਹਨ ਪਰ ਸਾਡਾ ਮੰਨਣਾ ਇਹ ਹੈ ਕਿ ਬੰਦਾ ਸਿੰਘ ਬਹਾਦਰ ਤੇ ਉਸਦੇ ਸਾਥੀਆਂ ਦੀ ਸ਼ਹਾਦਤ ਕੋਈ ਵੱਖ-ਵੱਖ ਵਰਤਾਰੇ ਨਹੀਂ ਹਨ "ਬੰਦਾ ਸਿੰਘ ਅਤੇ ਉਸਦੇ ਸਾਥੀਆਂ ਦੀ ਸ਼ਹਾਦਤ ਇਕ ਜਿਸਮ ਵਾਂਗ ਹੋਈ। ਸਭ ਸ਼ਹੀਦਾਂ ਨੇ ਸਿੰਘ-ਆਦਰਸ਼ ਨਾਲ ਕੋਈ ਰਹੱਸਮਈ ਇਕਸੁਰਤਾ ਪ੍ਰਾਪਤ ਕੀਤੀ ਹੋਈ ਸੀ। ਇਸ ਕਾਰਨ ਇਸ ਸ਼ਹਾਦਤ ਅੰਦਰ ਕੋਈ ਬਲਵਾਨ ਰੂਹਾਨੀ ਪ੍ਰਭਾਵ ਸੀ।"[24] ਬੰਦਾ ਸਿੰਘ ਦੀ ਗੁਰੂ-ਲਿਵ ਪਹਿਲਾਂ ਵਾਂਗ ਹੀ ਇਕਾਗਰ ਹੋ ਗਈ, ਉਸ ਦੀ ਪ੍ਰਤਿਭਾ ਬਲਵਾਨ ਕਾਲ ਵਿਚ ਬਦਲ ਗਈ, ਸਿੰਘ-ਆਦਰਸ਼ ਦੀ ਸ਼ਿੱਦਤ ਆਪਣੇ ਸਿਖਰ ਉੱਤੇ ਪਹੁੰਚ ਗਈ। ਗੁਰੂਆਂ ਦੁਆਰਾ ਬਖਸ਼ੇ ਮਾਰਗ 'ਤੇ ਚਲਦਿਆਂ,"ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਨੇ ਆਪਣੇ ਨੇੜ-ਭਵਿੱਖ ਦੇ ਸਿੱਖ-ਧਿਆਨ ਨੂੰ ਵਿਗਾਸਮਈ ਅਹਿੰਸਾ ਅਤੇ ਮੌਤ ਦੀ ਪਰਾ-ਤੀਬਰਤਾ ਦੇ ਆਪਸੀ ਰਿਸ਼ਤੇ ਵਿਚੋਂ ਉਪਜਣ ਵਾਲੀ ਮਿੱਥ-ਰੂਪ ਸ਼ਹਾਦਤ ਤੋਂ ਜਾਣੂ ਕਰਵਾ ਦਿੱਤਾ ਸੀ। ਸਿੱਟੇ ਵਜੋਂ, ਸਮੇਂ ਦੀ ਲੋੜ ਮੁਤਾਬਕ ਸਿੰਘ-ਆਦਰਸ਼ ਦੀ ਅਥਾਹ-ਸ਼ਕਤੀ ਨੇ ਖਾਲਸੇ ਦੇ ਸਮੂਹਿਕ ਅਮਲ ਨੂੰ ਸ਼ਹਾਦਤ ਦੇ ਅਜਿਹੇ ਰੂਪ ਵਿਚ ਢਾਲਿਆ ਅਤੇ ਅਹਿੰਸਾ ਦੀ ਮਿੱਥ ਹੋਂਦ ਵਿਚ ਆਈ।"[25]

ਬਾਬਾ ਬੰਦਾ ਸਿੰਘ ਬਹਾਦਰ ਅਤੇ ਸਾਥੀਆਂ ਦੀ ਸ਼ਹਾਦਤਾਂ ਦੇ ਪ੍ਰਸੰਗ ਨੇ ਇਕ ਅਲੌਕਿਕ ਰੰਗਣ ਪ੍ਰਾਪਤ ਕਰ ਲਿਆ। ਬੰਦਾ ਸਿੰਘ ਬਹਾਦਰ ਦੇ ਸਾਥੀਆਂ ਦੀ ਸ਼ਹਾਦਤ ਦੀ ਗੱਲ ਕਰਦਿਆਂ ਖ਼ਾਫ਼ੀ ਖ਼ਾਂ ਇਕ ਸਿੱਖ ਬੱਚੇ ਦਾ ਅੱਖੀਂ ਵੇਖਿਆ ਬਿਰਤਾਂਤ ਭੈ-ਭਰੀ ਹੈਰਾਨੀ ਵਿਚ ਬਿਆਨ ਕਰਦਾ ਹੈ। ਉਸਦੀ ਅੱਖੀਂ ਵੇਖੀ ਸਾਖੀ ਤੋਂ ਸਾਫ਼ ਪ੍ਰਗਟ ਹੈ ਕਿ ਬਾਦਸ਼ਾਹ ਫ਼ਰੁਖ਼ਸੀਅਰ ਵੱਲੋਂ ਬਰੀ ਕੀਤਾ ਸਿੰਘ-ਬੱਚਾ ਮਾਂ ਦੇ ਤਰਲੇ ਕਰਦਿਆਂ ਆਪਣੇ ਲਹੂ ਦੇ ਰਿਸ਼ਤੇ ਨੂੰ ਠੁਕਰਾ ਦਿੰਦਾ ਹੈ, ਅਤੇ ਬੜੇ ਜੋਸ਼ ਤੇ ਵਜਦ ਵਿਚ ਜੱਲਾਦ ਦੀ ਤੇਗ ਕੋਲੋਂ ਮਲੋਂ-ਮੱਲੀ ਸ਼ਹਾਦਤ ਦਾ ਇਲਾਹੀ ਸੁਆਦ ਚੱਖ ਲੈਂਦਾ ਹੈ। ਉਸਦੀ ਜਾਨ ਬਚਾਉਣ ਲਈ ਤਰਲੇ

ਘੱਤਦੀ ਮਾਂ ਬੱਚੇ ਦੇ ਅਨੁਭਵ ਵਿਚ ਸਿੰਘ-ਆਦਰਸ਼ ਦੇ ਸਾਹਮਣੇ ਕਿਸੇ ਸੰਸਾਰੀ ਸੁਆਰਥ ਦੀ ਪ੍ਰਤੀਕ ਬਣ ਕੇ ਰਹਿ ਗਈ ਸੀ।[26]

ਇਹਨਾਂ ਸ਼ਹਾਦਤਾਂ ਤੋਂ ਇਲਾਵਾ ਵੀ ਅਨੇਕਾਂ ਸਿੱਖ ਸ਼ਹਾਦਤਾਂ ਹੋਈਆਂ ਜੋ ਨਿਆਰੇ ਸਿੰਘ-ਆਦਰਸ਼ ਨੂੰ ਕਾਇਮ ਰੱਖਦੀਆਂ ਹਨ, ਜਦੋਂ 18ਵੀਂ ਸਦੀ ਵਿਚ ਲਾਹੌਰ ਦੇ ਸੂਬੇਦਾਰ ਜ਼ਕਰੀਆ ਖਾਂ ਨੇ ਇਹ ਧੁਮਾ ਦਿੱਤਾ ਸੀ ਕਿ ਸਿੱਖਾਂ ਦਾ ਖਾਤਮਾ ਕਰ ਦਿੱਤਾ ਹੈ ਤਾਂ ਉਸ ਖਬਰ ਦੀ ਕੰਨਸੋਅ ਮਿਲਦਿਆਂ ਹੀ ਬਾਬਾ ਬੋਤਾ ਸਿੰਘ ਤੇ ਬਾਬਾ ਗਰਜ਼ਾ ਸਿੰਘ ਨੇ ਨੂਰਦੀਨ ਦੀ ਸਰਾਂ ਕੋਲ ਨਾਕਾ ਲਾ ਕੇ, ਚਿੱਠੀ ਲਿਖ ਡੰਕੇ ਦੀ ਚੋਟ 'ਤੇ ਕਿਹਾ ਕਿ ਪ੍ਰਮਾਤਮਾ ਦੀ ਮੌਜ ਵਿਚ ਪ੍ਰਗਟ ਹੋਈ, ਉਸ ਵਾਹਿਗੁਰੂ ਦੀ ਇਹ ਫੌਜ ਕਿਸੇ ਤੁੱਛ ਹੀਣ-ਭਾਵਨਾ ਦੇ ਗ੍ਰਸੇ ਸੂਬੇਦਾਰ/ਬਾਦਸ਼ਾਹ ਵੱਲੋਂ ਖਤਮ ਨਹੀਂ ਕੀਤੀ ਜਾ ਸਕਦੀ। ਇਸ ਤੋਂ ਬਿਨਾਂ ਸਿੱਖਾਂ ਨੇ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ ਵਿਚਲੇ ਦੀਵੇ ਨੂੰ ਜਗਾਉਣ ਲਈ ਹਰ-ਰੋਜ਼ ਸਰੋਵਰ ਨੂੰ ਪਾਰ ਕਰਕੇ ਜਾਣਾ ਅਤੇ ਸ਼ਹੀਦ ਹੋਣਾ, ਭਾਈ ਤਾਰੂ ਸਿੰਘ ਜੀ ਦਾ ਕੇਸ ਕਤਲ ਕਰਾਉਣ ਦੀ ਬਜਾਏ ਖੋਪੜ ਲਹਾਉਣਾ, ਅਕਾਲ ਤਖਤ ਸਾਹਿਬ ਅਤੇ ਹੋਰ ਗੁਰਦੁਆਰਿਆਂ ਦੀ ਮਰਿਆਦਾ ਕਾਇਮ ਰੱਖਣ ਲਈ ਦਿੱਤੀਆਂ ਸ਼ਹਾਦਤਾਂ ਵੀ ਨਿਆਰੇ ਸਿੰਘ-ਆਦਰਸ਼ ਨੂੰ ਕਾਇਮ ਰੱਖਣ ਲਈ ਹੀ ਸਨ। ਪਿਛਲੇ 550 ਸਾਲਾਂ ਦੇ ਇਤਿਹਾਸ ਵਿਚ ਸ਼ਹੀਦਾਂ ਦੀ ਕੌਮ: ਸਿੱਖ ਕੌਮ ਨੇ ਅਨੇਕਾਂ ਹੀ ਸ਼ਹਾਦਤਾਂ ਦਿੱਤੀਆਂ, ਸਾਰੀਆਂ ਸ਼ਹਾਦਤਾਂ ਦਾ ਵਰਣਨ ਇਕ ਲਘੂ-ਪਰਚੇ ਨਹੀਂ ਕੀਤਾ ਜਾ ਸਕਦਾ, ਇਸ ਪਰਚੇ ਰਾਹੀਂ ਅਸੀਂ ਕੁਝ ਕੁ ਹਵਾਲਿਆਂ ਨਾਲ ਸਿੱਖ-ਸ਼ਹਾਦਤ ਦੇ ਕੁਝ ਪੱਖਾਂ ਨੂੰ ਬਿਆਨ ਕਰਨ ਦੀ ਕੋਸ਼ਿਸ਼ ਕੀਤੀ ਹੈ।

ਸਿੱਖ-ਸ਼ਹੀਦ ਦੁਆਰਾ ਕੀਤੀ ਅਰਦਾਸ ਇਹਨਾਂ ਸਾਰੇ ਉਦੇਸ਼ਾਂ ਦੇ ਪਿਛੇ ਸਾਂਝੇ ਰੂਪ ਵਿਚ ਵਰਤਦੀ ਹੈ, ਅਰਦਾਸ ਅਣਹੋਂਦ ਸ਼ਹੀਦ ਨੂੰ ਮਹਾਨਤਾ ਵੱਲ ਨਹੀਂ ਜਾਣ ਦਿੰਦੀ, ਜਿਸ ਬਾਰੇ ਪ੍ਰੋ. ਮਹਿਬੂਬ ਲਿਖਦੇ ਹਨ, "ਮੇਰੇ ਖਿਆਲ ਵਿਚ ਸ਼ਹੀਦ ਅਤੇ ਅਰਦਾਸ ਮੌਤ ਵੱਲ ਇਕੱਠਿਆਂ ਹੀ ਜਾਂਦੇ ਹਨ। ਮੌਤ ਦੇ ਬਿਖੜੇ ਪੈਂਡੇ ਉੱਤੇ ਜਿਹੜੇ ਸ਼ਹੀਦ ਅਰਦਾਸ ਨਾਲ ਨਹੀਂ ਤੁਰਦੇ, ਉਹਨਾਂ ਦੇ ਆਦਰਸ਼ ਨੂੰ ਸ਼ੁਹਰਤਾਂ ਦੀ ਦੁਨਿਆਵੀ ਲਾਲਸਾ ਸਮੁੱਚੀ ਜ਼ਿੰਦਗੀ ਉੱਤੇ ਫੈਲਣ ਨਹੀਂ ਦਿੰਦੀ, ਅਤੇ ਇਸ ਦੀ ਪਵਿੱਤਰਤਾ ਦੇ ਅਨੇਕ ਪ੍ਰਕਾਸ਼ਾਂ ਤਕ ਇਹਨਾਂ ਸ਼ਹੀਦਾਂ ਦੀ ਪਹੁੰਚ ਨਾਂਹ ਹੋਣ ਕਾਰਨ ਇਹਨਾਂ ਦਾ ਰੁਤਬਾ ਅਸਲੀ ਮਹਾਨਤਾ ਨੂੰ ਨਹੀਂ ਛੋਂਹਦਾ।" [27] ਅਰਦਾਸ ਸਿੱਖ ਦੇ ਅਮਲ ਦਾ ਅਹਿਮ ਹਿੱਸਾ ਹੈ, ਅਰਦਾਸ ਰਾਹੀਂ ਸਿੱਖ ਰੋਜ਼ਾਨਾ ਇਤਿਹਾਸ ਨੂੰ ਚਿਤਵਦੇ ਹਨ। ਸਿੱਖਾਂ ਦੀ ਅਰਦਾਸ ਨਾ ਕੇਵਲ ਪੰਥ ਦੇ ਗੌਰਵ ਭਰਪੂਰ ਇਤਿਹਾਸ ਦਾ ਖੁਲਾਸਾ ਹੀ ਹੈ, ਗੁਰਮਤਿ ਧਰਮ-ਵਿਗਿਆਨ ਦਾ ਨਿਚੋੜ ਵੀ ਹੈ। "ਅਰਦਾਸ ਖਾਲਾਸਾ ਜੀ ਦੇ ਸਿਦਕ ਦੀ ਸਜੀਵ ਦਾਸਤਾਨ ਹੈ। ਉਸਦੇ ਆਤਮਕ ਉਮਾਹ ਦਾ ਸੰਖੇਪਿਤ ਇਤਿਹਾਸ ਹੈ। ਉਸਦੀ ਇਖਲਾਕੀ ਸੁੰਦਰਤਾ ਦੀ ਮੌਲਿਕ ਦਸਤਾਵੇਜ਼ ਹੈ। ਪ੍ਰਭੂ ਦੀ ਸਾਖਿਆਤ ਸਿੱਧੀ ਵਿਚ ਅਰਦਾਸ ਦਾ ਸਭ ਤੋਂ ਵੱਡਾ ਹੱਥ ਹੈ।"[28] ਜਦੋਂ ਸ਼ਹੀਦ ਦੀ ਉਚੀ-ਸੁਰਤਿ, ਗੁਰੂ-ਲਿਵ ਦੇ ਪਰਾ-ਮੰਡਲਾਂ ਵਿਚ ਪਰਵਾਜ਼ ਕਰਦੀ ਹੈ, ਤਾਂ ਉਸਦੇ ਬੋਲ ਅਰਦਾਸ ਬਣ ਜਾਂਦੇ ਹਨ, ਸ਼ਹਾਦਤ ਦੇਣ ਵੇਲੇ ਸਿੱਖ ਦੇ ਬੋਲ ਅਟੱਲ ਹੋ ਜਾਂਦੇ ਹਨ:

ਰਣ ਵਿਚ ਦੂਰ ਦੀਆਂ ਪਰਵਾਜ਼ਾਂ, ਅਥਰੂ ਘੁੰਮਨ ਖਾਰੇ।
ਅਣਸੋਚੇ ਨੁਕਤੇ ਜੋ ਰੂਹ ਵਿਚ, ਝੁਕ-ਝੁਕ ਵੇਖਣ ਤਾਰੇ।
ਭੋਲੇ ਭਾਅ ਮੈਂ ਬ੍ਰਿਛ ਲਗਾਵਾਂ, ਦੇਣ ਅਸੀਸ ਪੈਗੰਬਰ;
ਕਿਸੇ ਸ਼ਹੀਦ ਦੀਆਂ ਅਰਦਾਸਾਂ, ਚੌਦਾਂ ਤਬਕ ਖਿਲਾਰੇ। [29]

ਪ੍ਰੋ. ਮਹਿਬੂਬ ਨੇ ਅਰਦਾਸ ਦੇ ਇਸ ਪ੍ਰਕਰਣ ਨੂੰ ਆਪਣੀ ਕਾਵਿ-ਸੰਗ੍ਰਹਿ 'ਝਨਾਂ ਦੀ ਰਤਾ' ਦੀ ਛੇਵੀਂ ਕਾਵਿ-ਪੁਸਤਕ 'ਸ਼ਹੀਦ ਦੀ ਅਰਦਾਸ' ਵਿਚ ਕਮਾਲ ਦਾ ਬਿਆਨ ਕੀਤਾ ਹੈ। ਇਸ ਕਿਤਾਬ ਵਿਚ "ਸ਼ਹੀਦ ਦੀ ਰਾਤ, ਸ਼ਹੀਦ ਦਾ ਉਲਾਹਮਾ, ਸ਼ਹੀਦ ਸੰਤਾਂ ਦੀ ਅਰਦਾਸ, ਸ਼ਹੀਦਾਂ ਦੀ ਬਰਕਤ, ਸ਼ਹੀਦ ਦੀ

ਉਡੀਕ, ਸ਼ਹੀਦ ਦੀ ਵਾਟ ਤੇ ਜਿਉਂਦੇ ਸ਼ਹੀਦਾਂ ਨੂੰ" ਆਦਿ ਕਾਵਿ-ਸਿਰਲੇਖ ਰਾਹੀਂ ਪੇਸ਼ ਕੀਤੀਆਂ ਕਵਿਤਾਵਾਂ ਵਿਚ ਉਹਨਾਂ ਸਿੱਖ-ਸ਼ਹਾਦਤ ਦੇ ਅਨੇਕਾਂ ਪਸਾਰਾਂ ਨੂੰ ਬਾਖੂਬੀ ਬਿਆਨ ਕੀਤਾ ਹੈ। ਸਿੱਖ-ਸ਼ਹਾਦਤ ਦੇ ਸੰਦਰਭ ਵਿਚ ਇਸ ਕਾਵਿ-ਪੁਸਤਕ ਦਾ ਵਿਸਤਾਰਿਤ ਅਧਿਐਨ ਇਕ ਵੱਖਰੇ ਖੋਜ-ਪਰਚੇ ਦੀ ਮੰਗ ਕਰਦਾ ਹੈ।

ਪ੍ਰੋ. ਮਹਿਬੂਬ ਕਹਿੰਦੇ ਹਨ, "ਕੌਮਾਂ ਕਾਲ ਦੇ ਪ੍ਰਭਾਵ ਕਰਕੇ, ਆਪਣੇ ਸੋਮਿਆਂ ਤੋਂ ਕੁਝ ਦੂਰ ਹੋ ਜਾਂਦੀਆਂ, ਉਹਨਾਂ ਵੱਲੋਂ ਗੁਰੂਆਂ ਦੀ ਬਖਸ਼ੀ ਹੋਈ ਪਹਿਲ ਤਾਜ਼ਗੀ ਸੁੱਕ ਜਾਂਦੀ ਹੈ।" ਲੋੜ ਸਿਰਫ਼ ਆਪਣੀ ਚੇਤਨਾ 'ਤੇ ਲੱਗੇ ਜਾਲੇ ਨੂੰ ਉਤਾਰਨ ਦੀ ਹੈ, ਜਦੋਂ ਵੀ ਖਾਲਸਾ ਆਪਣੇ ਅੰਦਰਲੇ ਗੁਰੂ ਰੂਪ ਨੂੰ ਜਾਣਦਾ ਹੈ ਤੇ ਉਸਨੂੰ ਪ੍ਰਗਟ ਕਰਦਾ ਹੈ ਤਾਂ ਦੱਸਦਾ ਹੈ ਕਿ ਮੈਂ ਉਸੇ ਗੁਰੂ-ਜੋਤ ਦਾ ਅੰਸ਼ ਹਾਂ ਜੋ ਤੱਤੀ ਤਵੀ ਅਤੇ ਚਾਂਦਨੀ ਚੌਂਕ ਵਿਚ ਸ਼ਹੀਦ ਹੋਏ ਸਨ। ਉਹ ਆਪਣੇ ਆਪ ਨੂੰ ਸਿੱਖ-ਇਤਿਹਾਸ ਦੇ ਚਿਤਰਪਟ ਤੇ ਹੋਈਆਂ ਸਖਸ਼ੀਅਤਾਂ ਦਾ ਵਾਰਸ ਸਿੱਧ ਕਰਦਾ ਹੈ ਤੇ ਉਸਦੀ ਇਸੇ ਗੱਲ ਨੂੰ ਸ਼ਹਾਦਤ ਕਿਹਾ ਜਾਂਦਾ ਹੈ। 'ਸਿੱਖ-ਸ਼ਹਾਦਤ' ਇਸ ਗੱਲ ਦੀ ਗਵਾਹੀ ਹੈ ਕਿ ਸਿੱਖ ਅੰਦਰ ਗੁਰੂ-ਜੋਤ ਬਰਕਰਾਰ ਹੈ, ਜਿਸਨੂੰ ਬਿਆਨ ਨਹੀਂ ਕੀਤਾ ਜਾ ਸਕਦਾ ਬਲਕਿ ਸਿਰਫ਼ ਸ਼ਹਾਦਤ ਰਾਹੀਂ ਪ੍ਰਗਟ ਕੀਤਾ ਜਾ ਸਕਦਾ ਹੈ। ਗੁਰੂ ਦਾ ਸਿੱਖ ਸ਼ਹਾਦਤ ਦੇ ਵੱਡੇ ਨਿਯਮ ਪੈਦਾ ਕਰਨ ਲਈ ਸ਼ਹਾਦਤ ਦਿੰਦਾ ਹੈ। ਜਦੋਂ ਹਕੂਮਤਾਂ ਨਿਆਂ ਦੇ ਰਾਹੋਂ ਥਿੜਕ ਜਾਂਦੀਆਂ ਹਨ ਤੇ ਆਪ ਹੁਦਰੀਆਂ ਕਰਦੇ ਵੰਡ ਦੇ ਰੂਪ ਪੈਦਾ ਕਰ ਹੱਕਾਂ ਨੂੰ ਮਾਰ, ਜ਼ਿਆਦਤੀਆਂ ਕਰਦੀਆਂ ਨੇ ਤਾਂ ਖਾਲਸਾ ਉਸ ਵਕਤ ਸ਼ਹਾਦਤ ਦਿੰਦਾ ਹੈ। ਨਿਆਂ ਦੇ ਵੱਡੇ ਨਿਯਮ ਵਾਸਤੇ ਪਹਿਲਾਂ ਵੀ ਸ਼ਹਾਦਤਾਂ ਦਿੱਤੀਆਂ ਜਾਂਦੀਆਂ ਰਹੀਆਂ ਨੇ ਤੇ ਆਉਣ ਵਾਲੇ ਸਮੇਂ ਵਿਚ ਵੀ ਦਿੱਤੀਆਂ ਜਾਣਗੀਆਂ।

**ਹਵਾਲੇ:**


1. ਰੂਪ ਸਿੰਘ. (ਸੰਪਾ.). (2016), *ਸਿੱਖ ਸਕੰਲਪ ਸਿਧਾਂਤ ਤੇ ਸੰਸਥਾਵਾਂ.* ਅੰਮ੍ਰਿਤਸਰ: ਧਰਮ ਪ੍ਰਚਾਰ ਕਮੇਟੀ (SGPC), ਪੰ.496
2. ਗੁਰਤੇਜ ਸਿੰਘ.(2011), *ਸਿੰਘ ਨਾਦ.* ਅੰਮ੍ਰਿਤਸਰ: ਸਿੰਘ ਬ੍ਰਦਰਜ਼ ਪੰ.20. ।
3. ਗੁਰਭਗਤ ਸਿੰਘ (2019), *ਸਿੱਖ ਦ੍ਰਿਸ਼ਟੀ ਦਾ ਗੌਰਵ.* ਅੰਮ੍ਰਿਤਸਰ: ਸਿੰਘ ਬ੍ਰਦਰਜ਼ ਪੰ.70. ।
4. Puran Singh (2017), *Spirit of Sikh (Part II - Vol II).* Patiala: Publication bureau, Punjabi University Patiala P.162.
5. ਹਰਿੰਦਰ ਸਿੰਘ ਮਹਿਬੂਬ.(ਸੰਪਾ.). ਚੇਤਨ ਸਿੰਘ (2018), *ਸਿੱਖ ਸੁਰਤਿ ਦੀ ਪ੍ਰਵਾਜ਼.* ਅੰਮ੍ਰਿਤਸਰ: ਸਿੰਘ ਬ੍ਰਦਰਜ਼ ਪੰ. 395 ।
6. ਗੁਰਤੇਜ ਸਿੰਘ.(2011), *ਸਿੰਘ ਨਾਦ.* ਅੰਮ੍ਰਿਤਸਰ: ਸਿੰਘ ਬ੍ਰਦਰਜ਼ ਪੰ.20. ।
7. Puran Singh (2017), *Spirit of Sikh (Part II - Vol II).* Patiala: Publication bureau, Punjabi University P.158.
8. ਗੁਰਭਗਤ ਸਿੰਘ.(2019), *ਸਿੱਖ ਦ੍ਰਿਸ਼ਟੀ ਦਾ ਗੌਰਵ.* ਅੰਮ੍ਰਿਤਸਰ: ਸਿੰਘ ਬ੍ਰਦਰਜ਼ ਪੰ.71. ।
9. ਕੁਲਦੀਪ ਸਿੰਘ {ਮੁਖਬੰਦ, ਹਰਿੰਦਰ ਸਿੰਘ ਮਹਿਬੂਬ}. (2008), *ਮੌਲਿਕ ਸਿੱਖ ਇਤਿਹਾਸ.* ਲੁਧਿਆਣਾ: ਸੰਤ ਈਸ਼ਰ ਸਿੰਘ ਰਾੜੇਵਾਲਾ ਐਜੁਕੇਸ਼ਨ ਟ੍ਰਸਟ ਪੰ.15 ।
10. ਹਰਿੰਦਰ ਸਿੰਘ ਮਹਿਬੂਬ.(2015), *ਸਹਿਜੇ ਰਚਿਓ ਖਾਲਸਾ.* ਅੰਮ੍ਰਿਤਸਰ: ਸਿੰਘ ਬ੍ਰਦਰਜ਼ ਪੰ. 174 ।
11. ਉਹੀ, ਪੰ.1011
12. ਉਹੀ, ਪੰ.1010
13. ਹਰਿੰਦਰ ਸਿੰਘ ਮਹਿਬੂਬ. (1990), *ਝਨਾਂ ਦੀ ਰਾਤ.* ਜਲੰਧਰ: ਸਵੈਨ ਪ੍ਰਿੰਟਿੰਗ ਪ੍ਰੈਸ ਪੰ.726 ।
14. ਸਤਿਬੀਰ ਸਿੰਘ. (1970), *ਗੁਰੂ ਹਰਗੋਬਿੰਦ.* ਪਟਿਆਲਾ: ਪੰਜਾਬੀ ਯੂਨੀਵਰਸਿਟੀ ਪੰ.106. ।

15. ਹਰਿੰਦਰ ਸਿੰਘ ਮਹਿਬੂਬ. (2015), *ਸਹਿਜੇ ਰਚਿਓ ਖਾਲਸਾ*. ਅੰਮ੍ਰਿਤਸਰ: ਸਿੰਘ ਬ੍ਰਦਰਜ਼ ਪੰ.187 ।
16. Abdulla Anwar Beg. (1939), *The Poet of the East*. Lahore: Quami Kutub Khana P.290. ਹਰਿੰਦਰ ਸਿੰਘ ਮਹਿਬੂਬ. (2015), *ਸਹਿਜੇ ਰਚਿਓ ਖਾਲਸਾ*. ਅੰਮ੍ਰਿਤਸਰ: ਸਿੰਘ ਬ੍ਰਦਰਜ਼ ਪੰ.227
17. ਉਹੀ, ਪੰ.589.
18. ਸਰਬਲੋਹ ਗ੍ਰੰਥ, ਪੰ. 532
19. ਹਰਿੰਦਰ ਸਿੰਘ ਮਹਿਬੂਬ. (2015), *ਸਹਿਜੇ ਰਚਿਓ ਖਾਲਸਾ*. ਅੰਮ੍ਰਿਤਸਰ: ਸਿੰਘ ਬ੍ਰਦਰਜ਼ ਪੰ.1007 ।
20. ਉਹੀ, ਪੰ. 422
21. ਉਹੀ, ਪੰ.1002-03
22. ਉਹੀ, ਪੰ.1004
23. ਉਹੀ, ਪੰ.1005
24. ਉਹੀ, ਪੰ.1011
25. ਉਦਰਤ, *The History of India (Vol. VII),* Elliot & Dowson (Khafi Khan), P. 458
26. ਹਰਿੰਦਰ ਸਿੰਘ ਮਹਿਬੂਬ. (1990), *ਝਨਾਂ ਦੀ ਰਾਤ*. ਜਲੰਧਰ: ਸਵੈਨ ਪ੍ਰਿੰਟਿੰਗ ਪ੍ਰੈਸ ਪੰ.XLII ।
27. ਜਸਵੰਤ ਸਿੰਘ ਨੇਕੀ.(2012), *ਅਰਦਾਸ (ਦਰਸ਼ਨ, ਰੂਪ ਤੇ ਅਭਿਆਸ).* ਅੰਮ੍ਰਿਤਸਰ: ਸਿੰਘ ਬ੍ਰਦਰਜ਼ ਪੰ.39 ।
28. ਹਰਿੰਦਰ ਸਿੰਘ ਮਹਿਬੂਬ. (1990), *ਝਨਾਂ ਦੀ ਰਾਤ*. ਜਲੰਧਰ: ਸਵੈਨ ਪ੍ਰਿੰਟਿੰਗ ਪ੍ਰੈਸ ਪੰ.782 ।

# Manuscript Submission Guidelines

1. Manuscripts and all editorial correspondence, including comments on the contents of the Journal, should be addressed to the Chief Editor, *Panjab Journal of Sikh Studies* Vol.V.
   Name and e-mail address of the Chief Editor: Professor Gurpal Singh, Department of Guru Nanak Sikh Studies, Panjab University, Chandigarh; Professor Reeta Grewal, Department of History, Panjab University Chandigarh, reeta112011@hotmail.com; Professor Sheena Pall, University School of Open Learning, Panjab University, Chandigarh, deeyasheena@yahoo.co.in; Professor Gurpreet Kaur, Department of Evening Studies-Multi Disciplinary Research Centre, Panjab University, Chandigarh and Professor Jagtej Kaur Grewal, Department of Art History & Visual Arts, Panjab University, Chandigarh, jagtejgrewal@hotmail.com.
2. Contributors must provide their affiliations and complete postal and e-mail address with their papers.
3. Papers submitted for consideration for publication in the Journal, should be original and not published elsewhere earlier.
4. Contributors to PJSS are advised to be careful as not to violate any provisions of the Copyright Act and the rules made there under as regards the material/maps used in articles or their sources and/or of the computer software used by them. The Journal is not responsible for any violations or lapses, in this regard, on the part of the contributors.
5. The copy right of the papers, published in PJSS rests solely with the journal; any reproduction of the contents of the Journal will have to be done with written permission of the PJSS.
6. Contributions should be submitted electronically through email.
7. Papers should not be more than 9,000 words. The word limit is inclusive of all notes, reference tables, annexures and appendices.
8. Notes should be numbered serially and presented as endnotes. Notes, other than website sources, must contain more than a mere reference.
9. The Journal reserves its right to make stylistic changes or other editorial changes in the article (s) submitted and accepted for publication.
10. PJSS is a **peer reviewed/referred journal** and all manuscripts will be subjected to a **double blind peer review system.**
11. US spellings throughout; universal 'z' in '-ize' and 'ization' words.
12. Single quotes throughout. Double quotes within single quotes. Spelling of

words in quotations should not be changed. Quotations of 45 words or more should be separated from the text and indented with one line space above and below.

13. Use ‘twentieth century’, ‘1990s’. Spell out numbers from one to ninety-nine, 100 and above to remain in figures. However, for exact measurements, use only figures (3k.,9 per cent, not%). Use thousands and millions, not lakhs and crores.
14. All contributions should be on A4 format, with 1.5 line spacing. Matter should be left-aligned, with a one-and- a half inch margin on the right and typed in 10-point font size in Time New Roman.
15. Use of italic and diacriticals should be minimized, but consistent.
16. Graphs, Tables and charts prepared in MS Office (Word/Excel Format) or equivalent format are preferred.
17. Tables and figures should be indicated by number separately (see Table 1), not by placement (see Table below). Present each table and figure on a separate sheet of a paper, gathering them together at the end of the article.
18. A consolidated alphabetical list of all books, articles, essays, theses and documents referred to (including any referred to in the tables, graphs and maps) should be provided at the end of the article. All articles, books and theses should be listed in alphabetical order of author, giving the author’s surname first followed by first name. if more than one publication by the same author is listed, the items should be given in chronological order.

The detailed style of referencing is as follows:

**Article**

Wang, Y. (2004). Offensive Realism and the Rise of China', *Issues and Studies*, 40(1):173-201.

**Book**

Seth, S. (2013). *Postcolonial Theory and International Relations A Critical Introduction*, London and New York: Routledge.

**Edited Book**

Shilliam, R., Anievas, A. and Manchanda, N. (eds) (2014). *Race and Racism in International Relations: Confronting the Global Color Line,* London: Routledge.

**Chapter in Edited Book**

Mastanduno M. (2014) 'Realism and Asia' in Pekannen, S. M., Ravenhill, J. and Foot, R. (eds) *The Oxford Handbook of the International Relations of Asia,* Oxford: Oxford University Press, 25-44.

**Internet Source**

Thayer, B. A. (2006). 'In Defense of Primacy, *The National Interest* available at http://nationalinterest.org/print/article/in-defense-of-primacy-1300 (accessed 19 August 2016).

**Newspaper**

Pradhan, B. (2006) India's Foreign Policy, Hindu, 26 June. *New York Times* (2005). 'US-NATO Alliance', 5 April (for news items)

**Reports**

Ghuman, R.S., Singh, S, and Brar, JS. (2005) *Unit Cost of Higher Education in Rural Punjab: A Case Study of Universities and their Affiliated Colleges*, New Delhi. A Report Association of Indian Universities (AIU).

**Thesis**

Arora, Sachna (2016). China and India in Global Climate Change Negotiations: Domestic Imperatives and International Obligations. PhD thesis (unpublished) Chandigarh: Panjab University.

Book reviews must contain name of author and book reviewed, place of publication and publisher, year of publication, number of pages and price.

Submitted papers must be accompanied by (a) a declaration that it has not been previously published nor is being considered for publication elsewhere, and (b) a brief biographical sketch of the author giving current/recent institutional affiliation, major publications and present research interests.

Manuscripts not accepted for publication will not be returned to the authors(s) Please keep copies for your own record.

| **Subscription** | Inland | Foreign |
|---|---|---|
| Annual Subscription | 300/- | $ 50 |
| Subscription of Volume VIII Year 2021 | 300/- | $ 50 |

All payments should be made through a Bank Draft drawn in favor of Registrar, Panjab University Chandigarh. The subscription request along with the draft may be sent to the Chief Editor, *Panjab Journal of Sikh Studies*, Panjab University, Chandigarh.

Address and e-mail
Department of Guru Nanak Sikh Studies
Guru Tegh Bahadur Bhawan, First Floor,
Panjab University, Chandigarh.
Email: gnss@pu.ac.in
Webpage: www.gnss.puchd.ac.in

## Form- IV

**(SEE RULE 8)**

| | | | |
|---|---|---|---|
| 1. | Registration No. | : | ISSN 2231-2757 |
| 2. | Place of Publication | : | Panjab University, Chandigarh (India) |
| 3. | Periodicity of its Publication | : | Annual |
| 4. | Publisher & Editor-in-Chief's Name | : | Gurpal Singh |
| | Nationality | : | Indian |
| | Address | : | Department of Guru Nanak Sikh Studies, Panjab University, Chandigarh |
| 5. | Printer's Name | : | Jatinder Moudgil |
| | Nationality | : | Indian |
| | Address | : | Manager, Panjab University Press |
| 6. | Names and addresses of Individuals who own the Newspapers and partners of Share holders holding more than One per cent of the total capital | : | Panjab University, Chandigarh |

I, Gurpal Singh, hereby declare that the particulars given above are true to the best of my knowledge and belief.

**(Gurpal Singh)**
Signature of Publisher

ISSN: 2231-2757

**Published by:** Department of Guru Nanak Sikh Studies, Panjab University, Chandigarh
**Printed by:** Jatinder Moudgil, Manager Press, Panjab University, Chandigarh